
# ਫ਼ਿਊਰਬਾਖ਼:
# ਪਦਾਰਥਵਾਦੀ ਅਤੇ ਵਿਚਾਰਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ



**ਕਾ. ਮਾਰਕਸ**
**ਫ਼. ਏਂਗਲਜ਼**

ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

# ਕਾ. ਮਾਰਕਸ
# ਫ਼. ਏਂਗਲਜ਼

## *ਫ਼ਿਉਰਬਾਖ਼:*
## *ਪਦਾਰਥਵਾਦੀ ਅਤੇ ਵਿਚਾਰਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ*

*(ਜਰਮਨ ਵਿਚਾਰਧਾਰਾ ਦੇ*
*ਪਹਿਲੇ ਕਾਂਡ ਦਾ ਨਵਾਂ ਪ੍ਰਕਾਸ਼ਨ)*



**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)**

ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ,
ਮਾਸਕੋ, ਸੋਵੀਅਤ ਯੂਨੀਅਨ ਵਿੱਚ
1979 ਵਿੱਚ ਛਪਿਆ।

| | | |
|---|---|---|
| ਪਹਿਲੀ ਵਾਰ | — | 1979 |
| ਇਹ ਐਡੀਸ਼ਨ | — | ਸਤੰਬਰ 2011 |
| ਟਾਈਟਲ ਕਵਰ | — | ਰਾਮਬਾਬੂ |

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 60 ਰੁਪਏ**

# ਤਤਕਰਾ

ਪ੍ਰਗਤੀ ਪ੍ਰਕਾਸ਼ਨ ਵੱਲੋਂ ਭੂਮਿਕਾ ........ 7
ਮੁਖਬੰਧ ........ 18
ਕਾ. ਮਾਰਕਸ ਅਤੇ ਫ਼. ਏਂਗਲਜ਼ ਫ਼ਿਉਰਬਾਖ਼।
ਪਦਾਰਥਵਾਦੀ ਅਤੇ ਵਿਚਾਰਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ ........ 20
("ਜਰਮਨ ਵਿਚਾਰਧਾਰਾ" ਦਾ ਪਹਿਲਾ ਕਾਂਡ) ........ 20
[I] ........ 20
[1. ਵਿਚਾਰਧਾਰਾ ਆਮ ਤੌਰ 'ਤੇ ਅਤੇ ਵਿਸ਼ੇਸ਼ ਤੌਰ 'ਤੇ ਜਰਮਨ ਦਰਸ਼ਨ] ........ 22
[2. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੇ ਆਧਾਰ] ........ 24
[3. ਉਤਪਾਦਨ ਅਤੇ ਵਰਤੋਂ-ਵਿਹਾਰ। ਕਿਰਤ ਦੀ ਵੰਡ ਅਤੇ ਜਾਇਦਾਦ ਦੇ ਰੂਪ—ਕਬਾਇਲੀ, ਪ੍ਰਾਚੀਨ, ਸਾਮੰਤੀ] ........ 26
[4. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦਾ ਤੱਤ। ਸਮਾਜੀ ਹੋਂਦ ਅਤੇ ਸਮਾਜੀ ਚੇਤਨਤਾ] ........ 30
II ........ 34
[1. ਮਨੁੱਖ ਦੀ ਅਸਲੀ ਮੁਕਤੀ ਲਈ ਪੂਰਬਲੀਆਂ ਸ਼ਰਤਾਂ] ........ 34
[2. ਫ਼ਿਉਰਬਾਖ਼ ਦੇ ਅੰਤਰ-ਧਿਆਨੀ ਅਤੇ ਆਪਾ-ਵਿਰੋਧੀ ਪਦਾਰਥਵਾਦ ਦੀ ਪੜਚੋਲ] ........ 35
[3. ਬੁਨਿਆਦੀ ਇਤਿਹਾਸਕ ਸੰਬੰਧ, ਜਾਂ ਸਮਾਜੀ ਸਰਗਰਮੀ ਦੇ ਬੁਨਿਆਦੀ ਪੱਖ: ਉਪਜੀਵਕਾ ਦੇ ਸਾਧਨਾਂ ਦਾ ਉਤਪਾਦਨ, ਨਵੀਆਂ ਲੋੜਾਂ ਦਾ ਪੈਦਾ ਹੋਣਾ, ਮਨੁੱਖਾਂ ਦਾ ਮੁੜ-ਪੈਦਾ ਹੋਣਾ (ਟੱਬਰ), ਸਮਾਜੀ ਵਰਤੋਂ-ਵਿਹਾਰ, ਚੇਤਨਤਾ] ........ 38
[4. ਕਿਰਤ ਦੀ ਸਮਾਜੀ ਵੰਡ ਅਤੇ ਇਹਦੇ ਸਿੱਟੇ: ਨਿੱਜੀ

ਜਾਇਦਾਦ, ਰਾਜ, ਸਮਾਜੀ ਸਰਗਰਮੀ ਦੀ "ਵਿਰਕੱਤਤਾ"] .......... 43
[5. ਕਮਿਊਨਿਜ਼ਮ ਦੇ ਇੱਕ ਪਦਾਰਥਕ ਆਧਾਰ ਵਜੋਂ
ਉਤਪਾਦਕ ਸ਼ਕਤੀਆਂ ਦਾ ਵਿਕਾਸ] .................................. 46
[6. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਤੋਂ ਸਿੱਟੇ: ਇਤਿਹਾਸ
ਇੱਕ ਲਗਾਤਾਰ ਅਮਲ ਵਜੋਂ, ਇਤਿਹਾਸ ਸੰਸਾਰ ਇਤਿਹਾਸ ਬਣਦੇ
ਜਾਣ ਵਜੋਂ, ਕਮਿਊਨਿਸਟ ਇਨਕਲਾਬ ਦੀ ਲੋੜ] ..................... 48
[7. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦਾ ਸਾਰ] ................ 52
[8. ਆਮ ਤੌਰ 'ਤੇ ਇਤਿਹਾਸ ਅਤੇ ਵਿਸ਼ੇਸ਼ ਤੌਰ 'ਤੇ ਹੀਗਲ-ਉਪਰੰਤ
ਜਰਮਨ ਦਰਸ਼ਨ ਦੇ ਵਿਚਾਰਵਾਦੀ ਸੰਕਲਪ ਦੀ ਨਿਰਆਧਾਰਤਾ] ...... 54
[9. ਫ਼ਿਉਰਬਾਖ਼ ਦੀ, ਉਹਦੇ ਇਤਿਹਾਸ ਦੇ ਵਿਚਾਰਵਾਦੀ
ਸੰਕਲਪ ਦੀ ਵਧੇਰੇ ਪੜਚੋਲ] ........................................... 57
III ........................................................................................ 60
[1. ਹਾਕਮ ਸ਼੍ਰੇਣੀ ਅਤੇ ਹਾਕਮ ਚੇਤਨਤਾ। ਇਤਿਹਾਸ ਵਿੱਚ ਆਤਮਾ ਦੀ
ਪ੍ਰਬਲਤਾ ਦਾ ਹੀਗਲਵਾਦੀ ਸੰਕਲਪ ਕਿਵੇਂ ਹੋਂਦ ਵਿੱਚ ਆਇਆ] .... 60
[IV] ..................................................................................... 65
[1. ਉਤਪਾਦਨ ਦੇ ਸੰਦ ਅਤੇ ਜਾਇਦਾਦ ਦੇ ਰੂਪ] .................... 65
[2. ਸਰੀਰਕ ਅਤੇ ਦਿਮਾਗ਼ੀ ਕਿਰਤ ਦੀ ਵੰਡ। ਸ਼ਹਿਰ ਅਤੇ ਪਿੰਡ
ਵਿੱਚ ਵਖੇਵਾਂ। ਕਿਰਤ ਬਰਾਦਰੀ-ਪ੍ਰਣਾਲੀ] ........................... 66
[3. ਕਿਰਤ ਦੀ ਹੋਰ ਵੰਡ। ਵਣਜ ਅਤੇ ਸਨਅਤ ਦਾ ਵਖੇਵਾਂ।
ਵੱਖ ਵੱਖ ਸ਼ਹਿਰਾਂ ਵਿਚਕਾਰ ਕਿਰਤ ਦੀ ਵੰਡ। ਕਾਰਖਾਨੇਦਾਰੀ] ....... 69
[4. ਕਿਰਤ ਦੀ ਅਤਿ-ਅੰਤ ਵਿਸ਼ਾਲ ਵੰਡ। ਵਡ-ਪੱਧਰੀ ਸਨਅਤ] . 76
[5. ਸਮਾਜਕ ਇਨਕਲਾਬ ਦੇ ਆਧਾਰ ਵਜੋਂ ਉਤਪਾਦਕ ਸ਼ਕਤੀਆਂ
ਅਤੇ ਵਰਤੋਂ-ਵਿਹਾਰ ਦੇ ਰੂਪ ਵਿੱਚ ਵਿਰੋਧ] ........................... 79
[6. ਵਿਅਕਤੀਆਂ ਦਾ ਮੁਕਾਬਲਾ ਅਤੇ ਜਮਾਤਾਂ ਦਾ ਬਣਨਾ।
ਵਿਅਕਤੀਆਂ ਅਤੇ ਉਹਨਾਂ ਦੀਆਂ ਜੀਵਨ ਪ੍ਰਸਥਿਤੀਆਂ ਵਿਚਕਾਰ
ਵਿਰੋਧ ਬੁਰਜੂਆ ਸਮਾਜ ਵਿੱਚ ਵਿਅਕਤੀਆਂ ਦਾ ਭਰਮਾਵੀ ਭਾਈਚਾਰਾ
ਅਤੇ ਕਮਿਊਨਿਜ਼ਮ ਅਧੀਨ ਵਿਅਕਤੀਆਂ ਦਾ ਯਥਾਰਥਕ ਏਕਾ।
ਇੱਕਮੁੱਠ ਹੋਏ ਵਿਅਕਤੀਆਂ ਦੀ ਸ਼ਕਤੀ ਅੱਗੇ ਜੀਵਨ ਦੀਆਂ

ਸਮਾਜੀ ਪ੍ਰਸਥਿਤੀਆਂ ਦੀ ਅਧੀਨਗੀ।] ................................ 79
[7. ਵਿਅਕਤੀਆਂ ਅਤੇ ਉਹਨਾਂ ਦੀਆਂ ਜੀਵਨ ਪ੍ਰਸਥਿਤੀਆਂ ਵਿਚਕਾਰ ਵਿਰੋਧ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਵਿਚਕਾਰ ਵਿਰੋਧ ਵਜੋਂ। ਉਤਪਾਦਕ ਸ਼ਕਤੀਆਂ ਦਾ ਵਿਕਾਸ ਅਤੇ ਲੈਣ-ਦੇਣ ਦੇ ਤਬਦੀਲ ਹੋ ਰਹੇ ਰੂਪ] ................................ 87
[8. ਇਤਿਹਾਸ ਵਿੱਚ ਹਿੰਸਾ (ਜਿੱਤ) ਦਾ ਰੋਲ] ........................ 89
[9. ਵਡ-ਪੱਧਰੀ ਸਨਅਤ ਅਤੇ ਆਜ਼ਾਦ ਮੁਕਾਬਲੇ ਦੀਆਂ ਪ੍ਰਸਥਿਤੀਆਂ ਅਧੀਨ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਰੂਪ ਵਿਚਕਾਰ ਵਿਰੋਧ। ਕਿਰਤ ਅਤੇ ਸਰਮਾਏ ਵਿਚਕਾਰ ਵਿਰੋਧ] ...................... 91
[10. ਨਿੱਜੀ ਜਾਇਦਾਦ ਦੇ ਅੰਤ ਦੀ ਲੋੜ, ਇਸ ਲਈ ਮੁਢਲੀਆਂ ਸ਼ਰਤਾਂ ਅਤੇ ਸਿੱਟੇ] ................................................ 93
[11. ਜਾਇਦਾਦ ਵੱਲ ਰਾਜ ਅਤੇ ਕਨੂੰਨ ਦਾ ਵਤੀਰਾ] ............... 96
[12. ਸਮਾਜੀ ਚੇਤਨਤਾ ਦੇ ਰੂਪ] ..................................... 99
ਜ਼ਮੀਮੇ ........................................................................ 101
ਕਾ. ਮਾਰਕਸ .................................................................. 101
ਲੁਡਵਿਗ ਫ਼ਿਉਰਬਾਖ਼ ਸਬੰਧੀ ਥੀਸਿਸ ........................................ 101
I. ........................................................................ 101
II. ....................................................................... 101
III. ...................................................................... 102
IV. ....................................................................... 102
V. ........................................................................ 103
VI. ....................................................................... 103
VII. ...................................................................... 103
VIII. ..................................................................... 103
IX. ....................................................................... 103
X. ........................................................................ 104
XI. ....................................................................... 104
ਫ਼ਿਉਰਬਾਖ਼ .................................................................... 105

ਏਂਗਲਜ਼ ਵੱਲੋਂ ਬਰਸਲਜ਼ ਵਿਖੇ ਮਾਰਕਸ ਨੂੰ ਇੱਕ ਖ਼ਤ ਵਿੱਚੋਂ .................... 109
ਪ. ਵ. ਅਨੈਨਕੋਵ ਦੇ ਨਾਂ ਪੈਰਿਸ ਵਿਖੇ ਮਾਰਕਸ ਦੇ ਖ਼ਤ ਵਿਚੋਂ .................. 104
"ਰਾਜਨੀਤਕ ਆਰਥਕਤਾ ਦੀ ਪੜਚੋਲ ਨੂੰ ਇੱਕ ਦੇਣ"
ਦੀ ਪਹਿਲੀ ਛਾਪ ਲਈ ਮਾਰਕਸ ਦੇ ਮੁਖਬੰਧ ਵਿਚੋਂ ............................. 115
"ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ"
ਲਈ ਏਂਗਲਜ਼ ਦੇ ਮੁਖਬੰਧ ਵਿਚੋਂ ................................................ 118
ਨੋਟ ........................................................................ 119
ਨਾਮਾਵਲੀ ................................................................. 126

# ਪ੍ਰਗਤੀ ਪ੍ਰਕਾਸ਼ਨ ਵੱਲੋਂ ਭੂਮਿਕਾ

ਇਸ ਪੁਸਤਕ ਵਿੱਚ ਦਿੱਤਾ "ਜਰਮਨ ਵਿਚਾਰਧਾਰਾ" ਦੇ ਪਹਿਲੇ ਕਾਂਡ ਦਾ ਅਨੁਵਾਦ ਇਸ ਪੁਸਤਕ ਦੇ ਉਸ ਨਵੇਂ ਸੰਸਕਰਣ ਨੂੰ ਪੇਸ਼ ਕਰਦਾ ਹੈ ਜਿਹੜਾ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੀ ਮਾਰਕਸਵਾਦ-ਲੈਨਿਨਵਾਦ ਸੰਸਥਾ ਨੇ 1965 ਵਿੱਚ "ਵੋਪ੍ਰੋਸੀ ਫ਼ਿਲੋਸੋਫ਼ੀਈ" ("ਦਰਸ਼ਨ ਦੇ ਪ੍ਰਸ਼ਨ") ਰਸਾਲੇ ਦੇ ਅੰਕ 10 ਅਤੇ 11 ਵਿੱਚ ਅਤੇ 1966 ਵਿੱਚ ਵੱਖਰੀ ਪੁਸਤਕ ਵਜੋਂ ਛਾਪਿਆ।

1965-66 ਦਾ ਸੰਸਕਰਣ ਮਾਰਕਸ ਅਤੇ ਏਂਗਲਜ਼ ਦੇ ਖਰੜੇ ਦਾ, ਜਿਵੇਂ ਉਹ ਸਾਡੇ ਤੱਕ ਅਪੜਿਆ ਹੈ, ਸਭ ਤੋਂ ਮੁਕੰਮਲ ਰੂਪ ਹੈ। ਇਹ ਪਹਿਲਾਂ ਦੇ ਸੰਸਕਰਣਾਂ ਤੋਂ ਇਸ ਗੱਲੋਂ ਵੀ ਵੱਖਰਾ ਹੈ ਕਿ ਪਾਠ ਨੂੰ ਇਉਂ ਮੁੜ-ਜੋੜਿਆ ਅਤੇ ਵੰਡਿਆ ਗਿਆ ਹੈ ਕਿ ਇਹ ਖਰੜੇ ਦੀ ਬਣਤਰ ਅਤੇ ਸਮੱਗਰੀ ਦਾ ਵੱਧ ਤੋਂ ਵੱਧ ਨੇੜਵੀਂ ਹਦ ਤੱਕ ਅਨੁਸਾਰੀ ਹੈ।

ਮਾਰਕਸ ਅਤੇ ਏਂਗਲਜ਼ ਦੀ "ਜਰਮਨ ਵਿਚਾਰਧਾਰਾ" ਨੇ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੀ ਪਹਿਲੀ ਵਿਆਪਕ ਵਿਆਖਿਆ ਪੇਸ਼ ਕੀਤੀ, ਅਰਥਾਤ, ਵਿਗਿਆਨਕ ਕਮਿਊਨਿਜ਼ਮ ਦੇ ਸਿਧਾਂਤ ਦੇ ਦਾਰਸ਼ਨਿਕ ਆਧਾਰ ਵਜੋਂ ਇਤਿਹਾਸਕ ਪਦਾਰਥਵਾਦ।

"ਜਰਮਨ ਵਿਚਾਰਧਾਰਾ" ਦੀ ਪਹਿਲੀ ਸੈਂਚੀ ਦੇ ਪਹਿਲੇ ਕਾਂਡ ਦਾ ਇਸ ਦੋ ਸੈਂਚੀਆਂ ਵਾਲੀ ਕਿਰਤ ਵਿੱਚ ਵਿਸ਼ੇਸ਼ ਸਥਾਨ ਹੈ। ਬਾਕੀ ਦੇ ਕਾਂਡਾਂ ਦੇ ਉਲਟ, ਜਿਹੜੇ ਵਧੇਰੇ ਵਿਵਾਦੀ ਹਨ, ਇਹ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੀ ਆਮ ਉਥਾਨਕਾ ਵਜੋਂ ਵਿਚਾਰਿਆ ਗਿਆ ਅਤੇ ਅਸਲ ਵਿੱਚ ਸਮੁੱਚੀ ਕਿਰਤ ਦੇ ਮੁੱਖ ਸਿਧਾਂਤਕ ਤੱਤ ਨੂੰ ਪੇਸ਼ ਕਰਦਾ ਹੈ। ਪਹਿਲਾ ਕਾਂਡ "ਜਰਮਨ ਵਿਚਾਰਧਾਰਾ" ਦਾ ਸਭ ਤੋਂ ਮਹੱਤਵਪੂਰਨ ਭਾਗ ਹੈ ਅਤੇ ਆਪਣੇ ਆਪ ਵਿੱਚ ਮਾਰਕਸਵਾਦੀ ਸਿਧਾਂਤ ਵਿੱਚ ਇੱਕ ਲਖਾਇਕ ਹਿੱਸੇ ਦੀ ਪ੍ਰਤਿਨਿਧਤਾ ਕਰਦਾ ਹੈ।

ਜਿਹਾ ਕਿ ਏਂਗਲਜ਼ ਨੇ ਅਨੇਕ ਮੌਕਿਆਂ ਉੱਤੇ ਕਿਹਾ, ਸੋਸ਼ਲਿਜ਼ਮ ਦੀ ਖ਼ਿਆਲੀ ਦੁਨੀਆਂ ਤੋਂ ਇੱਕ ਵਿਗਿਆਨ ਵਿੱਚ ਕਾਇਆ-ਪਲਟ ਦਾ ਆਧਾਰ ਮਾਰਕਸ ਦੀਆਂ ਦੋ ਲਭਤਾਂ ਵਿੱਚ ਵੇਖਿਆ ਜਾ ਸਕਦਾ ਹੈ: ਇਤਿਹਾਸ ਦਾ ਪਦਾਰਥਵਾਦੀ ਸੰਕਲਪ ਅਤੇ ਵਾਧੂ-ਕਦਰ ਦਾ ਸਿਧਾਂਤ। ਪਹਿਲੇਰੇ ਨੂੰ ਪਹਿਲਾਂ ਪਹਿਲ 1845-46 ਵਿੱਚ "ਜਰਮਨ ਵਿਚਾਰਧਾਰਾ" ਵਿੱਚ ਵਿਸਥਾਰਿਆ ਗਿਆ, ਜਿਸ ਵਿੱਚ ਮਾਰਕਸ ਅਤੇ ਏਂਗਲਜ਼ ਨੇ

ਵਿਗਿਆਨਕ ਕਮਿਊਨਿਜ਼ਮ ਦਾ ਪਹਿਲਾ ਦਾਰਸ਼ਨਿਕ ਸਿੱਧੀਕਰਣ ਪੇਸ਼ ਕੀਤਾ।

* * *

"ਜਰਮਨ ਵਿਚਾਰਧਾਰਾ" ਵਿੱਚ ਮਾਰਕਸ ਅਤੇ ਏਂਗਲਜ਼ ਪਹਿਲੀ ਵਾਰ ਆਪਣੇ ਆਦਿ ਬਿੰਦੂ ਦਾ ਸੂਤਰੀਕਰਣ ਕਰਕੇ ਆਪਣੇ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦਾ ਬਿਆਨ ਸ਼ੁਰੂ ਕਰਦੇ ਹਨ। ਇਹ ਆਧਾਰ ਹਨ: ਲੋਕ, ਉਹਨਾਂ ਦੀ ਸਰਗਰਮੀ ਅਤੇ ਉਹਨਾਂ ਦੀ ਸਰਗਰਮੀ ਦੀਆਂ ਪਦਾਰਥਕ ਪ੍ਰਸਥਿਤੀਆਂ। ਮਨੁੱਖੀ ਸਰਗਰਮੀ ਦੇ ਦੋ ਪੱਖ ਹਨ: ਉਤਪਾਦਨ (ਲੋਕਾਂ ਦੇ ਪ੍ਰਕਿਰਤੀ ਨਾਲ਼ ਸਬੰਧ) ਅਤੇ ਵਰਤੋਂ-ਵਿਹਾਰ (ਲੋਕਾਂ ਦਾ ਇੱਕ ਦੂਜੇ ਵਲ ਵਤੀਰਾ)। ਉਤਪਾਦਨ ਅਤੇ ਵਰਤੋਂ-ਵਿਹਾਰ ਪ੍ਰਸਪਰ ਇੱਕ ਦੂਜੇ ਨੂੰ ਮਿਥਦੇ ਹਨ, ਜਿਸ ਵਿੱਚ ਉਤਪਾਦਨ ਨਿਰਣਾਇਕ ਤੱਥ ਹੈ।

ਮਾਰਕਸ ਅਤੇ ਏਂਗਲਜ਼ ਨੇ ਸਮਾਜ ਦੇ ਜੀਵਨ ਵਿੱਚ ਪਦਾਰਥਕ ਉਤਪਾਦਨ ਦੇ ਨਿਰਣਾਇਕ ਰੋਲ ਸਬੰਧੀ ਇਤਿਹਾਸਕ ਪਦਾਰਥਵਾਦ ਦੀ ਅਤਿਅੰਤ ਮਹਤਵਪੂਰਨ ਧਾਰਾ ਦਾ ਸਰਬੰਗੀ ਵਿਕਾਸ ਕੀਤਾ। ਉਤਪਾਦਨ ਮਨੁੱਖ ਨੂੰ ਪਸ਼ੂਆਂ ਤੋਂ ਵੱਖ ਕਰਦਾ ਹੈ। ਮਨੁੱਖੀ ਇਤਿਹਾਸ ਦਾ ਪਹਿਲਾ ਮੁਢਲਾ ਆਧਾਰ ਇਹ ਹੈ "ਇਤਿਹਾਸ ਘੜਨ" ਯੋਗ ਹੋਣ ਲਈ ਇਹ ਲਾਜ਼ਮੀ ਹੈ ਕਿ ਮਨੁੱਖ ਜਿਊਣ, ਅਰਥਾਤ, ਉਹਨਾਂ ਕੋਲ ਜ਼ਰੂਰ ਹੀ ਖਾਣਾ, ਪੀਣਾ, ਸਿਰ ਲੁਕਾਉਣ ਦੀ ਥਾਂ, ਕੱਪੜੇ ਆਦਿ ਹੋਣ। ਉਤਪਾਦਨ ਦਾ ਢੰਗ ਕਿਸੇ ਸਪਸ਼ਟ ਸਮਾਜ ਦੇ ਸਾਰੇ ਜੀਵਨ ਨੂੰ ਮਿਥਦਾ ਹੈ। ਸਮਾਜੀ ਸਰਗਰਮੀ ਦੇ ਮੁੱਖ ਪੱਖ ਉਤਪਾਦਨ ਦੀਆਂ ਵੱਖ ਵੱਖ ਕਿਸਮਾਂ ਵਜੋਂ ਅਮਲ ਕਰਦੇ ਹਨ: ਉਤਪਾਦਨ ਦੇ ਸੰਦਾਂ, ਲੋੜਾਂ, ਖ਼ੁਦ ਲੋਕਾਂ, ਸਮਾਜੀ ਸੰਬੰਧਾਂ ਅਤੇ ਚੇਤਨਤਾਵਾਂ ਦੇ ਉਤਾਪਦਨ ਵਜੋਂ।

"ਜਰਮਨ ਵਿਚਾਰਧਾਰਾ" ਵਿੱਚ ਮਾਰਕਸ ਅਤੇ ਏਂਗਲਜ਼ ਨੇ ਸਮਾਜ ਦੇ ਜੀਵਨ ਵਿੱਚ ਉਤਪਾਦਨ ਦੇ ਨਿਰਣਾਇਕ ਰੋਲ ਦੀ ਪੂਰਬਲੀ ਮਿਥ ਦਾ ਨਾ ਕੇਵਲ ਸਰਬੰਗੀ ਵਿਕਾਸ ਕੀਤਾ ਸਗੋਂ ਅੱਗੇ ਵੱਲ ਇੱਕ ਬਹੁਤ ਵੱਡਾ ਕਦਮ ਚੁੱਕਿਆ। ਤੱਥ ਤਾਂ ਇਹ ਹੈ ਕਿ ਇਸ ਕਿਰਤ ਵਿੱਚ ਉਹਨਾਂ ਪਹਿਲੀ ਵਾਰ ਉਤਪਾਦਕ ਸ਼ਕਤੀਆਂ ਅਤੇ ਉਤਪਾਦਨ ਦੇ ਸਬੰਧਾਂ ਦੇ ਵਿਕਾਸ ਦਾ ਦਵੰਦਵਾਦ ਪ੍ਰਗਟ ਕੀਤਾ। ਇਹ ਅਤਿਅੰਤ ਮਹੱਤਵਪੂਰਨ ਲੱਭਤ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਰੂਪਾਂ ਦੇ ਦਵੰਦਵਾਦ ਵਜੋਂ ਸੂਤਰਬੱਧ ਕੀਤੀ ਗਈ।

ਉਤਪਾਦਕ ਸ਼ਕਤੀਆਂ ਲੈਣ ਦੇਣ ਦੇ ਰੂਪ (ਸਮਾਜੀ ਸਬੰਧ) ਮਿਥਦੀਆਂ ਹਨ। ਉਤਪਾਦਕ ਸ਼ਕਤੀਆਂ ਦੇ ਵਿਕਾਸ ਦਾ ਸਿੱਟਾ ਇੱਕ ਅਜਿਹੀ ਪ੍ਰਸਥਿਤੀ ਹੁੰਦਾ ਹੈ ਜਿਸ ਵਿੱਚ ਲੈਣ ਦੇਣ ਦਾ ਪਹਿਲਾ ਰੂਪ ਵਧੇਰੇ ਵਿਕਸਤ ਉਤਪਾਦਕ ਸ਼ਕਤੀਆਂ ਦੇ ਅਨੁਸਾਰ ਨਹੀਂ ਰਹਿੰਦਾ ਅਤੇ ਉਹਨਾਂ ਲਈ ਸੰਗਲ ਬਣ ਜਾਂਦਾ ਹੈ। ਉਤਪਾਦਕ ਸ਼ਕਤੀਆਂ ਅਤੇ ਲੈਣ ਦੇਣ ਦੇ ਰੂਪ ਵਿਚਕਾਰ ਇਸ ਵਿਰੋਧ ਦਾ, ਜਿਹੜਾ ਕੁਲ ਇਤਿਹਾਸਕ ਟਕਰਾਵਾਂ ਨੂੰ ਮਿੱਥਦਾ ਹੈ, ਖ਼ਾਸਾ ਸਮਾਜਕ ਇਨਕਲਾਬ ਰਾਹੀਂ ਮਿਥਿਆ ਜਾਂਦਾ ਹੈ। ਲੈਣ ਦੇਣ ਦੇ ਪਹਿਲੀਆਂ ਦੇ ਰੂਪ ਦੀ ਥਾਂ, ਜਿਹੜਾ ਸੰਗਲ ਬਣ ਗਿਆ ਹੈ, ਇੱਕ ਨਵਾਂ ਰੂਪ ਲੈਂਦਾ ਹੈ ਜਿਹੜਾ ਵਧੇਰੇ ਵਿਕਸਤ ਉਤਪਦਨ ਸਬੰਧਾਂ ਦਾ ਅਨੁਸਾਰੀ ਹੁੰਦਾ ਹੈ, ਅਤੇ ਇਤਿਆਦਿ। ਇਉਂ ਸਮੁੱਚੇ ਇਤਿਹਾਸਕ

ਯੁਗ ਵਿੱਚ ਇੱਕ ਤੋਂ ਪਿੱਛੋਂ ਦੂਜਾ ਆਉਂਦੇ ਪੜਾਆਂ ਵਿਚਕਾਰ ਲੜੀਵਾਰ ਸਬੰਧ ਬਣਦਾ ਹੈ।

ਇਸ ਲੱਭਤ ਨੇ ਸਮੁੱਚੇ ਇਤਿਹਾਸਕ ਅਮਲ ਨੂੰ ਸਮਝਣ ਦੀ ਕੁੰਜੀ ਦਿੱਤੀ ਅਤੇ ਇਹ ਸੰਭਵ ਬਣਾਇਆ ਕਿ ਇਤਿਹਾਸ ਦੀ ਪਦਾਰਥਕ ਸੂਝ ਨੂੰ ਇੱਕ ਸਮੂਲੇ ਮਨੋਭਾਵ ਵਜੋਂ ਵਿਕਸਤ ਕੀਤਾ ਜਾਵੇ। ਇਸ ਨਾਲ਼ ਇਤਿਹਾਸ ਦੇ ਵਿਗਿਆਨਕ ਯੁਗੀਕਰਣ ਦਾ, ਸਮਾਜੀ ਬਣਤਰਾਂ ਦੇ ਸਿਧਾਂਤ ਦਾ ਮੁੱਢ ਬੱਝਾ ਅਤੇ ਇੱਕ ਪ੍ਰੋਲਤਾਰੀ, ਕਮਿਊਨਿਸਟ ਇਨਕਲਾਬ ਦੀ ਅਟੱਲਤਾ ਨੂੰ ਵਿਗਿਆਨਕ ਤੌਰ 'ਤੇ ਸਿੱਧ ਕਰਨਾ ਸੰਭਵ ਬਣਾਇਆ।

"ਜਰਮਨ ਵਿਚਾਰਧਾਰਾ" ਵਿੱਚ ਮਾਰਕਸ ਅਤੇ ਏਂਗਲਜ਼ ਉਤਪਾਦਨ ਦੇ, ਜਿਹੜਾ ਉਤਪਾਦਕ ਸ਼ਕਤੀਆਂ ਦੇ ਵਿਕਾਸ ਉੱਤੇ ਨਿਰਭਰ ਹੈ, ਵਿਕਾਸ ਦੇ ਮੁੱਖ ਪੜਾਅ ਪ੍ਰਗਟ ਕਰਦੇ ਹਨ। ਉਤਪਾਦਕ ਸ਼ਕਤੀਆਂ ਦੇ ਵਿਕਾਸ ਦੀ ਪੱਧਰ ਦਾ ਬਾਹਰਲਾ ਸੂਚਕ ਕਿਰਤ ਦੀ ਵੰਡ ਦੀ ਪੱਧਰ ਹੈ। ਕਿਰਤ ਦੀ ਵੰਡ ਦਾ ਹਰ ਪੜਾਅ ਮਾਲਕੀ ਦਾ ਇੱਕ ਅਨੁਸਾਰੀ ਰੂਪ ਮਿਥਦਾ ਹੈ (ਉਤਪਾਦਨ ਦੇ ਸਬੰਧਾਂ ਦਾ ਕਨੂੰਨੀ ਪ੍ਰਗਟਾਅ)। ਇਉਂ "ਜਰਮਨ ਵਿਚਾਰਧਾਰਾ" ਵਿੱਚ ਮਾਰਕਸ ਅਤੇ ਏਂਗਲਜ਼ ਦੇ ਮੁਢਲੇ ਆਧਾਰਾਂ ਦੇ ਪਿੱਛੇ ਅਸਲ ਵਿੱਚ ਮਨੁੱਖ ਇਹ ਵਿਚਾਰ ਵੇਖ ਸਕਦਾ ਹੈ ਕਿ ਉਤਪਾਦਕ ਸ਼ਕਤੀਆਂ ਉਤਪਾਦਨ ਦੇ ਸਬੰਧ ਮਿਥਦੀਆਂ ਹਨ।

ਉਤਪਾਦਕ ਸ਼ਕਤੀਆਂ ਅਤੇ ਕਿਰਤ ਦੀ ਵੰਡ ਰਾਹੀਂ ਸਮਾਜ ਦੇ ਵਿਕਾਸ ਦੇ ਬੁਨਿਆਦੀ ਇਤਿਹਾਸਕ ਸਬੰਧਾਂ ਤੋਂ ਅਗਲੇ ਪੜਾਅ ਵੱਲ ਵਾਧਾ, ਅਰਥਾਤ, ਕਿਰਤ ਦੀ ਆਦਿ, ਪ੍ਰਕਿਰਤਕ ਵੰਡ ਤੋਂ ਇਹਦੇ ਉਸ ਰੂਪ ਵੱਲ ਵਾਧਾ ਜਿਹੜਾ ਸਮਾਜ ਦੀ ਜਮਾਤਾਂ ਵਿੱਚ ਵੰਡ ਵਿੱਚ ਪ੍ਰਗਟ ਹੁੰਦਾ ਹੈ। ਇਹ ਸੀ ਪੂਰਵ-ਜਮਾਤੀ ਤੋਂ ਜਮਾਤੀ ਸਮਾਜ ਵਲ ਤਬਦੀਲੀ।

ਕਿਰਤ ਦੀ ਅਜਿਹੀ ਸਮਾਜੀ ਵੰਡ ਦੇ ਨਾਲ਼ ਨਾਲ਼ ਅਜਿਹੇ ਇਤਿਹਾਸਕ ਵਰਤਾਰੇ ਵੀ ਵਿਕਸਤ ਹੁੰਦੇ ਹਨ, ਜਿਹਾ ਕਿ ਨਿੱਜੀ ਜਾਇਦਾਦ, ਰਾਜ ਅਤੇ ਸਮਾਜੀ ਸਰਗਰਮੀ ਵਿੱਚ ਪਾੜ। ਜਿੱਥੇ ਆਦਿ-ਕਾਲੀਨ ਸਮਾਜ ਵਿੱਚ ਜਾਇਦਾਦ ਦਾ ਕਬਾਇਲੀ (ਕੁਟੰਬ) ਰੂਪ ਪ੍ਰਕਿਰਤਕ ਤੌਰ 'ਤੇ ਉਗਮ ਰਹੀ ਕਿਰਤ ਦੀ ਵੰਡ ਦੇ ਅਨੁਸਾਰੀ ਸੀ, ਉੱਥੇ ਕਿਰਤ ਦੀ ਸਮਾਜੀ ਵੰਡ ਨੇ ਜਾਇਦਾਦ ਦੇ ਰੂਪਾਂ ਦੇ ਹੋਰ ਵਿਕਾਸ ਅਤੇ ਤਬਦੀਲੀ ਨੂੰ ਮਿਥਿਆ। ਜਾਇਦਾਦ ਦਾ ਦੂਜਾ ਰੂਪ ਕਦੀਮੀ ਜਾਇਦਾਦ ਹੈ, ਤੀਜਾ—ਸਾਮੰਤੀ ਜਾਇਦਾਦ ਅਤੇ ਚੌਥਾ—ਬੁਰਜੂਆ ਜਾਇਦਾਦ। ਇੱਥੇ ਅਸੀਂ ਸਮਾਜੀ ਬਣਤਰਾਂ ਦਾ ਮੁੱਢ ਵੇਖਦੇ ਹਾਂ। ਮਾਰਕਸ ਅਤੇ ਏਂਗਲਜ਼ ਨੇ ਪੂਰਵ-ਇਤਿਹਾਸ ਅਤੇ ਨਿੱਜੀ ਜਾਇਦਾਦ ਦੇ ਵਿਕਾਸ ਦੇ ਮੁੱਖ ਪੜਾਆਂ ਦਾ—ਕਿਰਤ ਬ੍ਰਾਦਰੀ ਪ੍ਰਣਾਲੀ ਤੋਂ ਕਾਰਖਾਨੇਦਾਰੀ ਅਤੇ ਪਿਛਲੇਰੀ ਤੋਂ ਵੱਡ-ਪੱਧਰੀ ਸਨਅਤ ਤੱਕ ਵਿਕਾਸ ਦਾ ਵਿਆਪਕ ਵਿਸ਼ਲੇਸ਼ਣ ਕੀਤਾ।

ਬੁਰਜੂਆ ਸਮਾਜ ਦੀ ਡੂੰਘਾਈ ਵਿੱਚ ਉਤਪਾਦਕ ਸ਼ਕਤੀਆਂ ਦੇ ਵਿਕਾਸ ਨੇ ਪ੍ਰੋਲੇਤਾਰੀ ਕਮਿਊਨਿਸਟ ਇਨਕਲਾਬ ਲਈ ਦੋ ਬੁਨਿਆਦੀ ਪਦਾਰਥਕ ਪੂਰਬਲੇ-ਅਧਾਰ ਪੈਦਾ ਕੀਤੇ: ਪਹਿਲੇ, ਸਨਅਤੀ ਵਿਕਾਸ ਦੀ ਉੱਚੀ ਪੱਧਰ ਜਿਹੜੀ ਨਿੱਜੀ ਜਾਇਦਾਦ ਦੇ ਸੰਗਲਾਂ ਨਾਲ਼ ਬੇਮੇਲ ਹੈ ਅਤੇ ਨਾਲ਼ ਹੀ ਨਾਲ਼, ਸਮਾਜ ਦੀ ਕਮਿਊਨਿਸਟ ਆਧਾਰ ਉੱਤੇ ਜਥੇਬੰਦੀ ਕਰਨ ਦੀ ਲੋੜ ਅਤੇ ਦੂਜੇ, ਜਨਤਕ ਪੱਧਰ ਉੱਤੇ ਪ੍ਰੋਲੇਤਾਰੀਕਰਨ, ਜਿਸਦੇ ਸਿੱਟੇ

ਵਜੋਂ ਇਨਕਲਾਬੀ ਜਮਾਤ ਬਣਦੀ ਹੈ। ਕਮਿਊਨਿਸਟ ਇਨਕਲਾਬ ਸਮਾਜ ਦੀ ਜਮਾਤਾਂ ਵਿੱਚ ਵੰਡ ਦਾ ਅੰਤ ਕਰਦਾ ਹੈ ਅਤੇ ਇਹਦੇ ਨਾਲ਼ ਹੀ ਨਾਲ਼ ਨਿੱਜੀ ਜਾਇਦਾਦ, ਰਾਜਸੀ ਪ੍ਰਬਲਤਾ ਅਤੇ ਲੋਕਾਂ ਦੀ ਨਿੱਜੀ ਜਾਇਦਾਦ ਦੇ ਉਹਨਾਂ ਤੋਂ ਕੱਟੀ ਹੋਈ ਸ਼ਕਤੀ ਵਿੱਚ ਤਬਦੀਲੀ ਦਾ ਅੰਤ ਕਰ ਦੇਂਦਾ ਹੈ। ਬਾਹਰਲੀ ਮਜਬੂਰੀ ਰਾਹੀਂ ਕਿਰਤ, ਅਰਥਾਤ ਭਾੜੇ ਦੀ ਕਿਰਤ ਦੀ ਥਾਂ ਵਿਅਕਤੀਆਂ ਦੀ ਸੱਚ ਮੁਚ ਆਜ਼ਾਦ ਕਿਰਤ ਲੈ ਲੈਂਦੀ ਹੈ।

ਉਤਪਾਦਨ ਦੇ ਵਿਸ਼ਲੇਸ਼ਣ ਤੋਂ ਮਾਰਕਸ ਅਤੇ ਏਂਗਲਜ਼ ਲੈਣ ਦੇਣ ਦੇ ਖੇਤਰ ਦੇ, ਅਰਥਾਤ ਸਮਾਜੀ ਸਬੰਧਾਂ, ਸਮਾਜੀ ਪ੍ਰਣਾਲੀ, ਸਮਾਜ ਦੀ ਜਮਾਤੀ ਬਣਤਰ, ਵਿਅਕਤੀਆਂ, ਜਮਾਤਾਂ ਅਤੇ ਸਮਾਜ ਦੇ ਵਿਸ਼ਲੇਸ਼ਣ ਵੱਲ ਆਉਂਦੇ ਹਨ।

ਇਸ ਤੋਂ ਪਿੱਛੋਂ ਉਹਨਾਂ ਰਾਜਸੀ ਪਰਾ-ਬਣਤਰ ਦਾ—ਰਾਜ ਅਤੇ ਕਨੂੰਨ ਦੇ ਜਾਇਦਾਦ ਵਲ ਵਤੀਰੇ ਦਾ ਵਿਸ਼ਲੇਸ਼ਣ ਕੀਤਾ। ਇੱਥੇ ਉਹਨਾਂ ਰਾਜ ਦਾ ਆਮ ਤੌਰ ’ਤੇ ਅਤੇ ਬੁਰਜੂਆ ਰਾਜ ਦਾ ਖ਼ਾਸ ਤੌਰ ’ਤੇ ਵਿਸ਼ਲੇਸ਼ਣ ਕੀਤਾ। ਮਾਰਕਸ ਅਤੇ ਏਂਗਲਜ਼ ਲਿਖਦੇ ਹਨ ਕਿ ਰਾਜ ਉਹ ਰੂਪ ਹੈ ਜਿਸ ਰਾਹੀਂ ਹਾਕਮ ਜਮਾਤ ਦੇ ਵਿਅਕਤੀ ਆਪਣੇ ਸਾਂਝੇ ਹਿਤ ਚਲਾਉਂਦੇ ਹਨ ਅਤੇ ਜਿਸ ਵਿੱਚ ਕਿਸੇ ਵਿਸ਼ੇਸ਼ ਯੁਗ ਦੇ ਕੁੱਲ ਸ਼ਹਿਰੀ ਸਮਾਜ ਨੂੰ (ਅਰਥਾਤ ਆਰਥਕ ਸਬੰਧਾਂ ਨੂੰ) ਆਪਣਾ ਸੰਘਣਾਇਆ ਪ੍ਰਗਟਾਅ ਪ੍ਰਾਪਤ ਹੁੰਦਾ ਹੈ। ਬੁਰਜੂਆ ਰਾਜ ਜਥੇਬੰਦੀ ਦੇ ਉਸ ਰੂਪ ਤੋਂ ਬਿਨਾਂ ਕੁੱਝ ਨਹੀਂ ਜਿਹੜਾ ਰਾਜ ਦੇ ਅੰਦਰ ਅਤੇ ਬਾਹਰ ਦੁਹੀਂ ਥਾਈਂ ਆਪਣੇ ਹਿਤਾਂ ਦੀ ਜ਼ਾਮਨੀ ਲਈ ਬੁਰਜੂਆਜ਼ੀ ਲਈ ਕਬੂਲਣਾ ਲਾਜ਼ਮੀ ਹੈ।

ਅੰਤ, ਮਾਰਕਸ ਅਤੇ ਏਂਗਲਜ਼ ਸਮਾਜੀ ਚੇਤਨਤਾ ਦਾ, ਇਹਦੇ ਵੱਖ ਵੱਖ ਰੂਪਾਂ ਦਾ, ਵਿਚਾਰਧਾਰਕ ਪਰਾ-ਬਣਤਰ ਦਾ ਵਿਸ਼ਲੇਸ਼ਣ ਕਰਦੇ ਹਨ। ਉਹ ਵਿਸ਼ੇਸ਼ ਤੌਰ ’ਤੇ ਪ੍ਰਬਲ ਚੇਤਨਤਾ ਅਤੇ ਹਾਕਮ ਸ਼੍ਰੇਣੀ ਵਿਚਕਾਰ ਸਬੰਧਾਂ ਨੂੰ ਪ੍ਰਗਟ ਕਰਦੇ ਹਨ। ਇੱਥੇ ਦਰਸ਼ਨ ਦੇ ਮੁੱਖ ਪ੍ਰਸ਼ਨ ਦੇ ਪਦਾਰਥਵਾਦੀ ਹੱਲ ਕਲਾਸੀਕੀ ਸੂਤਰ ਦੀ ਵਿਸ਼ੇਸ਼ ਮਹੱਤਤਾ ਹੈ: ਚੇਤਨਤਾ ਪ੍ਰਾਪਤ ਕੀਤੀ ਹੋਂਦ ਤੋਂ ਬਿਨਾਂ ਹੋਰ ਕੁੱਝ ਨਹੀਂ ਹੋ ਸਕਦੀ ਜਿੱਥੇ ਕਿ ਲੋਕਾਂ ਦੀ ਹੋਂਦ ਜੀਵਨ ਦਾ ਅਸਲ ਹੈ, ਚੇਤਨਤਾ ਜੀਵਨ ਨੂੰ ਨਹੀਂ ਮਿਥਦੀ ਸਗੋਂ ਜੀਵਨ ਚੇਤਨਤਾ ਨੂੰ ਮਿਥਦਾ ਹੈ।

ਇਤਿਹਾਸ ਦੀ ਪਦਾਰਥਵਾਦੀ ਸੂਝ ਦਾ ਸਾਰ ਪੇਸ਼ ਕਰਦੇ ਹੋਏ ਮਾਰਕਸ ਅਤੇ ਏਂਗਲਜ਼ ਨੇ ਲਿਖਿਆ: "ਇਤਿਹਾਸ ਦਾ ਇਹ ਸੰਕਲਪ ਉਤਪਾਦਨ ਦੇ ਵਾਸਤਵਿਕ ਅਮਲ ਦੀ ਵਿਆਖਿਆਕਰਨ—ਖ਼ੁਦ ਜੀਵਨ ਦੇ ਪਦਾਰਥਕ ਉਤਪਾਦਨ ਤੋਂ ਮੁੱਢ ਬੰਨ੍ਹ ਕੇ—ਅਤੇ ਉਤਪਾਦਨ ਦੇ ਇਸ ਢੰਗ ਨਾਲ਼ ਸਬੰਧਤ ਅਤੇ ਉਸ ਵੱਲੋਂ ਸਿਰਜੇ ਵਰਤੋਂ-ਵਿਹਾਰ ਦੇ ਢੰਗ, ਅਰਥਾਤ ਇਹਦੇ ਵੱਖ ਵੱਖ ਪੜਾਆਂ ਉੱਤੇ ਸ਼ਹਿਰੀ ਸਮਾਜ ਨੂੰ ਸਮੁੱਚੇ ਇਤਿਹਾਸ ਦੇ ਆਧਾਰ ਜਾਣਨ ਉੱਤੇ ਟੇਕ ਰੱਖਦਾ ਹੈ; ਰਾਜ ਦੇ ਰੂਪ ਵਿੱਚ ਇਹਦੇ ਅਮਲਾਂ ਨੂੰ ਬਿਆਨ ਕਰਦੇ ਹੋਏ ਅਤੇ ਇਹ ਵਿਆਖਿਆ ਵੀ ਕਰਦੇ ਹੋਏ ਕਿ ਚੇਤਨਤਾ ਦੀਆਂ ਵੱਖ ਵੱਖ ਉਪਜਾਂ ਅਤੇ ਰੂਪ, ਧਰਮ, ਦਰਸ਼ਨ, ਸਦਾਚਾਰ ਇਤਿ-ਆਦਿ, ਸਭ ਇਸ ਤੋਂ ਪੈਦਾ ਹੁੰਦੇ ਹਨ ਅਤੇ ਇਸ ਆਧਾਰ ਉੱਤੇ ਉਹਨਾਂ ਦੇ ਰੂਪ ਧਾਰਨ ਦੇ ਅਮਲ ਨੂੰ ਖੋਜਦਿਆਂ; ਇਉਂ ਸਮੁੱਚੀ ਗੱਲ ਨੂੰ ਉਹਦੇ ਸੰਪੂਰਨ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ (ਅਤੇ ਇਸੇ ਲਈ ਇਹਨਾਂ ਵੱਖੋ ਵੱਖ ਪੱਖਾਂ ਦੇ ਇੱਕ ਦੂਜੇ

ਉੱਤੇ ਆਪਸੀ ਅਮਲ ਵਜੋਂ ਵੀ)। ਇਤਿਹਾਸ ਦੇ ਆਦਰਸ਼ਵਾਦੀ ਵਿਚਾਰ ਦੇ ਉਲਟ ਇਹਨੂੰ ਹਰ ਯੁਗ ਵਿੱਚ ਕਿਸੇ ਪ੍ਰਾਵਰਗ ਦੀ ਭਾਲ ਨਹੀਂ ਕਰਨੀ ਪੈਂਦੀ ਸਗੋਂ ਇਹ ਸਦਾ ਇਤਿਹਾਸ ਦੀ ਵਾਸਤਵਿਕ **ਭੂਮੀ** ਉੱਤੇ ਰਹਿੰਦਾ ਹੈ; ਇਹ ਅਮਲ ਦੀ ਵਿਚਾਰ ਤੋਂ ਵਿਆਖਿਆ ਨਹੀਂ ਕਰਦਾ ਸਗੋਂ ਪਦਾਰਥਕ ਅਮਲ ਤੋਂ ਵਿਚਾਰਾਂ ਦਾ ਰੂਪ ਧਾਰਨਾ ਬਿਆਨ ਕਰਦਾ ਹੈ ਅਤੇ ਇਸ ਅਨੁਸਾਰ ਇਸ ਸਿੱਟੇ ਉੱਤੇ ਅਪੜਦਾ ਹੈ ਕਿ ਪੜਚੋਲ ਨਹੀਂ ਸਗੋਂ ਇਨਕਲਾਬ ਇਤਿਹਾਸ ਦੀ ਚਾਲਕ ਸ਼ਕਤੀ ਹੈ, ਧਰਮ ਦੀ ਵੀ, ਦਰਸ਼ਨ ਦੀ ਵੀ ਅਤੇ ਹੋਰ ਹਰ ਤਰ੍ਹਾਂ ਦੇ ਸਿਧਾਂਤ ਦੀ ਵੀ। (ਵੇਖੋ ਹਥਲੀ ਪੁਸਤਕ, ਪੰਨੇ 64–65, ਪੰਨੇ 36–40 ਨਾਲ ਵੀ ਮੁਕਾਬਲਾ ਕਰੋ।)

ਪਿੱਛੋਂ ਜਾਕੇ ਮਾਰਕਸ ਨੇ ਆਪਣੀ ਪੁਸਤਕ "ਰਾਜਨੀਤਕ ਆਰਥਕਤਾ ਦੀ ਪੜਚੋਲ ਨੂੰ" ਦੇ ਮੁਖਬੰਧ ਵਿੱਚ ਇਤਿਹਾਸ ਦੀ ਪਦਾਰਥਵਾਦੀ ਸੂਝ ਦਾ ਇੱਕ ਕਲਾਸਿਕੀ ਸੂਤਰ ਦਿੱਤਾ। (ਪੰਨੇ 139–142)।

"ਜਰਮਨ ਵਿਚਾਰਧਾਰਾ" ਵਿੱਚ ਇਤਿਹਾਸਕ-ਪਦਾਰਥਵਾਦੀ ਮਨੋਭਾਵ ਤੋਂ ਵਿਕਸਤ ਕੀਤਾ ਸਭ ਤੋਂ ਵੱਧ ਮਹਤਵ-ਪੂਰਨ ਮਨੋਭਾਵ ਪ੍ਰੋਲੇਤਾਰੀ ਕਮਿਊਨਿਸਟ ਇਨਕਲਾਬ ਦੀ ਇਤਿਹਾਸਕ ਲੋੜ ਅਤੇ ਅਟੱਲਤਾ ਦਾ ਮਨੋਭਾਵ ਹੈ।

ਆਪਣੇ ਤੋਂ ਪਹਿਲਾਂ ਦੇ ਯੂਟੋਪੀਆਈਆਂ ਦੇ ਉਲਟ ਮਾਰਕਸ ਅਤੇ ਏਂਗਲਜ਼ ਵਿਗਿਆਨਕ ਕਮਿਊਨਿਜ਼ਮ ਦੀ ਬੁਨਿਆਦੀ ਸਿਫ਼ਤ ਉੱਤੇ ਜ਼ੋਰ ਦੇਂਦੇ ਹਨ: "ਸਾਡੇ ਲਈ ਕਮਿਊਨਿਜ਼ਮ **ਪ੍ਰਸਥਿਤੀ** ਨਹੀਂ, ਜਿਸਨੂੰ ਸਥਾਪਤ ਕਰਨਾ ਪਵੇਗਾ, ਕੋਈ ਅਜਿਹਾ **ਆਦਰਸ਼** ਨਹੀਂ ਜਿਸ ਨਾਲ਼ ਯਥਾਰਥ ਨੂੰ ਆਪਣੇ ਆਪ ਨੂੰ ਮੇਲਣਾ ਪਵੇ (ਗਾ)। ਅਸੀਂ ਕਮਿਊਨਿਜ਼ਮ ਨੂੰ **ਅਸਲੀ** ਹਰਕਤ ਕਹਿੰਦੇ ਹਾਂ, ਜਿਹੜੀ ਅਜੋਕੀ ਪ੍ਰਸਥਿਤੀ ਨੂੰ ਖ਼ਤਮ ਕਰ ਦੇਂਦੀ ਹੈ।" (ਪੰਨੇ 58–59)

"ਜਰਮਨ ਵਿਚਾਰਧਾਰਾ" ਵਿੱਚ ਮਾਰਕਸ ਅਤੇ ਏਂਗਲਜ਼ ਨੇ ਪਹਿਲੀ ਵਾਰ ਪ੍ਰੋਲੇਤਾਰੀ ਲਈ ਰਾਜਸੀ ਸ਼ਕਤੀ ਜਿੱਤਣ ਦੀ ਲੋੜ ਨੂੰ ਸੂਤਰਤ ਕੀਤਾ; ਪਹਿਲੀ ਵਾਰ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਦਾ ਵਿਚਾਰ ਪ੍ਰਗਟ ਕੀਤਾ; "ਹਰ ਉਹ ਜਮਾਤ ਜਿਹੜੀ ਪ੍ਰਬਲਤਾ ਪ੍ਰਾਪਤੀ ਦਾ ਯਤਨ ਕਰ ਰਹੀ ਹੈ, ਭਾਵੇਂ, ਜਿਹਾ ਕਿ ਪ੍ਰੋਲੇਤਾਰੀ ਦੀ ਹਾਲਤ ਵਿੱਚ ਹੁੰਦਾ ਹੈ, ਉਹਦੀ ਪ੍ਰਬਲਤਾ ਦਾ ਸਿੱਟਾ ਸਮਾਜ ਦੇ ਪੁਰਾਣੇ ਰੂਪ ਦਾ ਇਹਦੇ ਸਮੁੱਚੇ ਰੂਪ ਅਤੇ ਆਮ ਤੌਰ 'ਤੇ ਪ੍ਰਬਲਤਾ ਦਾ ਅੰਤ ਹੋਣਾ ਹੁੰਦਾ ਹੈ, ਉਹਦੇ ਲਈ ਇਹ ਲਾਜ਼ਮੀ ਹੈ ਕਿ ਉਹ ਪਹਿਲਾਂ ਰਾਜਸੀ ਸੱਤਾ ਜਿੱਤੇ।" (ਪੰਨੇ 54–55) ਮਾਰਕਸ ਅਤੇ ਏਂਗਲਜ਼ ਦੀ ਇਸ ਪ੍ਰਸਤਾਵਨਾ ਵਿੱਚ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਬਾਰੇ ਉਹਨਾਂ ਦਾ ਸਿਧਾਂਤ ਭਰੂਣ ਰੂਪ ਵਿੱਚ ਪਹਿਲਾਂ ਹੀ ਮੌਜੂਦ ਹੈ।

"ਫ਼ਿਉਰਬਾਖ਼ ਬਾਰੇ ਥੀਸਸ" ਵਿੱਚ ਮਾਰਕਸ ਨੇ ਪਹਿਲਾਂ ਹੀ ਇਹ ਧਾਰਨਾ ਸੂਤਰਤ ਕੀਤੀ ਸੀ ਕਿ ਇਨਕਲਾਬੀ ਅਮਲ ਵਿੱਚ ਪ੍ਰਸਥਿਤੀਆਂ ਅਤੇ ਖ਼ੁਦ ਲੋਕਾਂ ਦੀ ਕਾਇਆ-ਪਲਟ ਸਗਵੀਂ ਹੁੰਦੀ ਹੈ। "ਜਰਮਨ ਵਿਚਾਰਧਾਰਾ" ਵਿੱਚ ਮਾਰਕਸ ਅਤੇ ਏਂਗਲਜ਼ ਨੇ ਕਮਿਊਨਿਸਟ ਇਨਕਲਾਬ ਦੀ ਲੋੜ ਨੂੰ ਸਿੱਧ ਕੀਤਾ ਅਤੇ ਇਸ ਅਤਿਅੰਤ ਮਹੱਤਵਪੂਰਨ ਧਾਰਨਾ ਨੂੰ ਹੋਰ ਵਿਕਸਤ ਕੀਤਾ: "ਇਨਕਲਾਬ ਸਿਰਫ਼ ਇਸ ਲਈ ਹੀ ਜ਼ਰੂਰੀ ਨਹੀਂ ਕਿ

**ਹਾਕਮ** ਜਮਾਤ ਦਾ ਤਖ਼ਤਾ ਕਿਸੇ ਹੋਰ ਤਰ੍ਹਾਂ ਉਲਟਾਇਆ ਨਹੀਂ ਜਾ ਸਕਦਾ ਸਗੋਂ ਇਸ ਲਈ ਵੀ ਕਿ ਇਹਦਾ **ਤਖ਼ਤਾ ਉਲਟਾਉਣ ਵਾਲੀ** ਜਮਾਤ ਸਦੀਆਂ ਦੇ ਮਲ੍ਹੜ ਤੋਂ ਆਪਣਾ ਛੁਟਕਾਰਾ ਕਰਵਾ ਲੈਂਦੀ ਹੈ ਅਤੇ ਸਮਾਜ ਦੀ ਨਵੇਂ ਸਿਰਿਉਂ ਨੀਂਹ ਰੱਖਣ ਦੇ ਯੋਗ ਹੋ ਜਾਂਦੀ ਹੈ।" (ਪੰਨਾਂ 63)

ਇਹ "ਜਰਮਨ ਵਿਚਾਰਧਾਰਾ" ਦੀ ਮੁੱਖ ਧਾਰਨਾਵਾਂ ਹਨ ਜਿਹੜੀਆਂ ਇਹਦੇ ਪਹਿਲੇ ਕਾਂਡ ਵਿੱਚ ਕੇਂਦਰਿਤ ਕੀਤੀਆਂ ਹੋਈਆਂ ਹਨ।

* * *

"ਜਰਮਨ ਵਿਚਾਰਧਾਰਾ" ਜਿਹੀ ਕਿਰਤ ਸਿਰਜਣ ਦੀ ਲੋੜ ਨੂੰ ਮਾਰਕਸ ਅਤੇ ਏਂਗਲਜ਼ ਦੇ ਮੁੱਖ ਕਾਰਜ—ਜੁਝਾਰੂ ਪ੍ਰੋਲੇਤਾਰੀ ਨੂੰ ਇੱਕ ਵਿਗਿਆਨਕ ਸਿਧਾਂਤ ਨਾਲ਼ ਲੈਸ ਕਰਨਾ—ਨੇ ਮਿਥਿਆ।

1844 ਦੀ ਬਸੰਤ ਰੁਤੇ "ਜਰਮਨ-ਫਰਾਂਸੀਸੀ ਸਾਲਵਾਰ" ਪੈਰਿਸ ਵਿੱਚ ਛਪੀ। ਮਾਰਕਸ ਅਤੇ ਏਂਗਲਜ਼ ਦੇ ਜਿਹੜੇ ਲੇਖ ਉਸ ਵਿੱਚ ਛਪੇ, ਉਹਨਾਂ ਵਿੱਚ ਉਹਨਾਂ ਦੀ ਆਦਰਸ਼ਵਾਦ ਅਤੇ ਇਨਕਲਾਬੀ ਜਮਹੂਰੀਅਤਵਾਦ ਵੱਲੋਂ ਪਦਾਰਥਵਾਦ ਅਤੇ ਕਮਿਊਨਿਜ਼ਮ ਵਲ ਤਬਦੀਲੀ ਵੇਖੀ ਜਾ ਸਕਦੀ ਹੈ। 1848 ਦੇ ਸ਼ੁਰੂ ਤੱਕ ਮਾਰਕਸਵਾਦ ਦੀ ਬਣਤਰ ਦੀ ਸਿਖਰ "ਕਮਿਊਨਿਸਟ ਮੈਨੀਫ਼ੈਸਟੋ" ਦੀ ਸਿਰਜਣਾ ਵਿੱਚ ਹੋਈ। "ਜਰਮਨ ਵਿਚਾਰਧਾਰਾ" ਉਸ ਸਮੇਂ ਦੀ ਇੱਕ ਮੁੱਖ ਕਿਰਤ ਹੈ।

ਸਤੰਬਰ 1844 ਵਿੱਚ, "ਪਵਿੱਤਰ ਪਰਿਵਾਰ" ਦੀ ਭੂਮਿਕਾ ਵਿੱਚ ਮਾਰਕਸ ਅਤੇ ਏਂਗਲਜ਼ ਨੇ ਆਪਣੇ ਸਿਧਾਂਤਕ ਵਿਚਾਰ ਸਮਕਾਲੀ ਦਾਰਸ਼ਨਿਕ ਅਤੇ ਸਮਾਜੀ ਮਤਾਂ ਦੇ ਉਲਟ ਵਿਕਸਤ ਕਰਨ ਦੀ ਆਪਣੀ ਨੀਅਤ ਦਾ ਐਲਾਨ ਕੀਤਾ। 1844 ਦੇ ਅਖ਼ੀਰ ਉੱਤੇ ਮ. ਸ਼ਟਿਰਨਰ ਦੀ ਪੁਸਤਕ, "ਅਦੁੱਤੀ ਅਤੇ ਉਹਦਾ ਖ਼ਾਸਾ" ਛਪਣ ਪਿੱਛੋਂ ਇਹ ਨੀਅਤ ਜਰਮਨ ਆਦਰਸ਼ਵਾਦੀ ਦਰਸ਼ਨ ਦੇ ਅਖ਼ੀਰੀ ਵਰਤਾਰੇ, ਇਹਦੇ ਅੰਜੋ-ਅੰਜ ਹੋਣ ਦੀ ਅਖ਼ੀਰੀ ਉਪਜ ਨੂੰ ਪੜਚੋਲ ਦਾ ਵਿਸ਼ਾ ਬਣਾਉਣ ਬਾਰੇ ਫ਼ੈਸਲਾ ਬਣ ਗਈ। ਅੰਤ 1845 ਦੀ ਬਸੰਤ ਰੁਤੇ ਮਾਰਕਸ ਅਤੇ ਏਂਗਲਜ਼ ਨੇ ਹੀਗਲ-ਉਪਰੰਤ ਜਰਮਨ ਦਰਸ਼ਨ ਦੀ ਪੜਚੋਲ ਦੇ ਰੂਪ ਵਿੱਚ ਆਪਣੇ ਨਵੇਂ ਸੰਸਾਰ ਦ੍ਰਿਸ਼ਟੀਕੋਣ ਨੂੰ ਵਿਕਸਤ ਕਰਨ ਦਾ ਫੈਸਲਾ ਕੀਤਾ।

ਫਰਵਰੀ 1845 ਦੇ ਸ਼ੁਰੂ ਵਿੱਚ ਮਾਰਕਸ ਨੂੰ ਪੈਰਿਸ ਤੋਂ ਬਦਰ ਕਰ ਦਿੱਤਾ ਗਿਆ ਅਤੇ ਉਹ ਬਰਸੇਲਜ਼ ਵਿਖੇ ਮੁੜ ਵਸ ਗਿਆ। ਅਪ੍ਰੈਲ ਦੇ ਸ਼ੁਰੂ ਵਿੱਚ ਏਂਗਲਜ਼ ਬਰਸਲਜ਼ ਵਿਖੇ ਮਾਰਕਸ ਕੋਲ ਆ ਗਿਆ। ਉਸ ਸਮੇਂ ਤੱਕ ਮਾਰਕਸ ਨੇ ਇਤਿਹਾਸ ਦੀ ਪਦਾਰਥਵਾਦੀ ਸੂਝ ਦਾ ਮੁੱਖ ਵਿਚਾਰ ਪਹਿਲਾਂ ਹੀ ਵਿਸਥਾਰ ਲਿਆ ਸੀ ਅਤੇ ਉਹਨੇ ਇਹ ਏਂਗਲਜ਼ ਅੱਗੇ ਉਸ ਰੂਪ ਵਿੱਚ ਬਿਆਨ ਕੀਤਾ ਜਿਸ ਵਿੱਚ ਇਹ ਲਗਭਗ ਮੁਕੰਮਲ ਸੀ। ਐਨ ਉਸੇ ਸਮੇਂ ਮਾਰਕਸ ਨੇ ਆਪਣੀ ਨੋਟ ਬੁੱਕ ਵਿੱਚ ਫ਼ਿਉਰਬਾਖ਼ ਬਾਰੇ ਗਿਆਰਾਂ ਥੀਸਿਸ ਲਿਖੇ। ਇਹਨਾਂ ਥੀਸਿਸਾਂ ਨੇ ਪਹਿਲਾਂ ਦੇ ਕੁੱਲ ਦਰਸ਼ਨ ਨਾਲ਼ ਤੋੜ-ਵਿਛੋੜੇ ਦਾ ਅਮਲ ਮੁਕੰਮਲ ਕਰ ਦਿੱਤਾ। ਏਂਗਲਜ਼ ਦੀ ਵਿਆਖਿਆ ਅਨੁਸਾਰ ਉਹ "ਪਹਿਲੀ ਦਸਤਾਵੇਜ਼ ਵਜੋਂ ਜਿਸ ਵਿੱਚ ਨਵੇਂ ਸੰਸਾਰ

ਦ੍ਰਿਸ਼ਟੀਕੋਣ ਦਾ ਸ਼ਾਨਦਾਰ ਮਾਣਕ ਰੱਖਿਆ ਗਿਆ।(ਕਾ. ਮਾਰਕਸ, ਫ਼. ਏਂਗਲਜ਼, ਕਿਰਤਾਂ, ਦੂਜੀ ਛਾਪ, ਸੈਂਚੀ 21, ਪੰਨਾ 371।) ਮਾਰਕਸ ਅਤੇ ਏਂਗਲਜ਼ ਨੇ ਆਪਣੇ ਨਵੇਂ ਸੰਸਾਰ ਦ੍ਰਿਸ਼ਟੀਕੋਣ ਦੀ ਇੱਕ ਸਰਬ-ਪੱਖੀ ਵਿਆਖਿਆ ਪੇਸ਼ ਕਰਨ ਦਾ ਨਿਰਣਾ ਕੀਤਾ। ਪਿੱਛੋਂ ਜਾਕੇ, ਇਸ ਫ਼ੈਸਲੇ ਦੇ ਸਿੱਟੇ ਵਜੋਂ "ਜਰਮਨ ਵਿਚਾਰਧਾਰਾ" ਲਿਖੀ ਗਈ।

"ਜਰਮਨ ਵਿਚਾਰਧਾਰਾ" ਦੇ ਵਿਚਾਰ ਅਤੇ ਉਹਦੇ ਉੱਤੇ ਅਮਲ ਬਾਰੇ ਇਹਦੇ ਲੇਖਕਾਂ ਦੀਆਂ ਸ਼ਹਾਦਤਾਂ ਸਾਡੇ ਸਮੇਂ ਤੱਕ ਮੌਜੂਦ ਹਨ।

"1845 ਦੀ ਬਸੰਤ ਰੁੱਤੇ ਜਦੋਂ ਅਸੀਂ ਬਰਸਲਜ਼ ਵਿਖੇ ਮੁੜ ਮਿਲੇ", ਏਂਗਲਜ਼ ਨੇ 1885 ਵਿੱਚ ਲਿਖਿਆ, "ਮਾਰਕਸ ਨੇ ਪਹਿਲਾਂ ਹੀ ਇਤਿਹਾਸ ਦੇ ਆਪਣੇ ਪਦਾਰਥਵਾਦੀ ਸਿਧਾਂਤ ਦਾ ਵਿਸਥਾਰਨਾ ਮੁੱਖ ਤੌਰ 'ਤੇ ਮੁਕੰਮਲ ਕਰ ਲਿਆ ਸੀ ਅਤੇ ਅਸਾਂ ਅਤਿਅੰਤ ਬਹੁਪੱਖੀ ਸੇਧਾਂ ਵਿੱਚ ਇਹਨਾਂ ਨਵੇਂ ਵਿਚਾਰਾਂ ਨੂੰ ਵਿਸਥਾਰ ਨਾਲ਼ ਵਿਸਥਾਰਨਾ ਸ਼ੁਰੂ ਕੀਤਾ।" (ਉਪ੍ਰੋਕਤ, ਪੰਨਾ 200)

"ਫ਼ਰੈਡਰਿਕ ਏਂਗਲਜ਼"... 1859 ਵਿੱਚ ਮਾਰਕਸ ਨੇ ਲਿਖਿਆ... "ਉਸੇ ਸਿੱਟੇ ਉੱਤੇ ਅਪੜਿਆ ਜਿਸ ਉੱਤੇ ਮੈਂ, ਅਤੇ ਜਦੋਂ 1845 ਦੀ ਬਸੰਤ ਰੁੱਤੇ ਉਹ ਬਰਸਲਜ਼ ਵਿਖੇ ਆਕੇ ਰਹਿਣ ਲੱਗ ਪਿਆ ਤਾਂ ਅਸਾਂ ਜਰਮਨ ਦਰਸ਼ਨ ਦੇ ਆਦਰਸ਼ਵਾਦੀ ਸੰਕਲਪ ਦੇ ਵਿਰੁੱਧ ਆਪਣਾ ਸੰਕਲਪ ਲਿਖਣ ਦਾ, ਅਸਲ ਵਿੱਚ ਆਪਣੇ ਪਹਿਲੀਆਂ ਦੇ ਦਾਰਸ਼ਨਿਕ ਅੰਤਹਕਰਣ ਨਾਲ਼ ਲੇਖਾ ਚੁਕਾਉਣ ਦਾ ਨਿਰਣਾ ਕੀਤਾ। ਇਹ ਇਰਾਦਾ ਹੀਗਲ-ਉਪਰੰਤ ਦਰਸ਼ਨ ਦੀ ਪੜਚੋਲ ਦੇ ਰੂਪ ਵਿੱਚ ਪੂਰਾ ਕੀਤਾ ਗਿਆ। ਇਹ ਖਰੜਾ, ਦੋ ਵੱਡੀਆਂ ਅੱਠ-ਵਰਕੀ ਸੈਂਚੀਆਂ, ਬੜੇ ਸਮੇਂ ਤੋਂ ਵੈਸਟਫ਼ਾਲੀਆ ਵਿਖੇ ਪ੍ਰਕਾਸ਼ਕਾਂ ਕੋਲ ਪਹੁੰਚ ਚੁੱਕਾ ਸੀ, ਜਦੋਂ ਸਾਨੂੰ ਦੱਸਿਆ ਗਿਆ ਕਿ ਬਦਲੀਆਂ ਪ੍ਰਸਥਿਤੀਆਂ ਕਾਰਨ ਇਹ ਛਾਪਿਆ ਨਹੀਂ ਜਾ ਸਕਦਾ। ਅਸਾਂ ਖਰੜੇ ਨੂੰ ਚੂਹਿਆਂ ਦੀ ਕੁਤਰਵੀਂ ਪੜਚੋਲ ਦੇ ਹਵਾਲੇ ਇਸ ਲਈ ਵੀ ਵਧੇਰੇ ਰਜ਼ਾਮੰਦੀ ਨਾਲ਼ ਕਰ ਦਿੱਤਾ ਕਿ ਅਸੀਂ ਆਪਣਾ ਮੁੱਖ ਮੰਤਵ—ਸਵੈ-ਸਪੱਸ਼ਟਤਾ—ਪ੍ਰਾਪਤ ਕਰ ਲਿਆ ਸੀ" (ਉਪਰੋਕਤ ਪੰਨਾਂ 8)

ਮਾਰਕਸ ਅਤੇ ਏਂਗਲਜ਼ ਨੇ "ਜਰਮਨ ਵਿਚਾਰਧਾਰਾ" ਵਿੱਚ ਆਪਣੇ ਲਈ ਜੋ ਕੁੱਝ ਪ੍ਰਾਪਤ ਕੀਤਾ ਉਹ ਉਹਨਾਂ ਦੇ ਸਿਧਾਂਤ ਦੇ ਹੋਰ ਵਿਸਥਾਰਨ ਦਾ ਆਧਾਰ ਬਣ ਗਿਆ। ਉਹ "ਜਰਮਨ ਵਿਚਾਰਧਾਰਾ" ਵਿੱਚ ਜਿਨ੍ਹਾਂ ਮੁੱਖ ਸਿੱਟਿਆਂ ਉੱਤੇ ਅੱਪੜੇ ਉਹ ਪਹਿਲੀ ਵਾਰ ਮਾਰਕਸ ਦੀ ਪੁਸਤਕ "ਦਰਸ਼ਨ ਦੀ ਕੰਗਾਲੀ" ਅਤੇ "ਕਮਿਊਨਿਸਟ ਮੈਨੀਫ਼ੈਸਟੋ" ਵਿੱਚ ਪ੍ਰਕਾਸ਼ਤ ਕੀਤੇ ਗਏ। ਇਉਂ, "ਫ਼ਿਉਰਬਾਖ਼ ਬਾਰੇ ਥੀਸਿਸ" ਨਵੇਂ ਸੰਸਾਰ ਦ੍ਰਿਸ਼ਟੀਕੋਣ ਦਾ ਭਰੂਣ ਹੈ, "ਜਰਮਨ ਵਿਚਾਰਧਾਰਾ" —ਇਹਦਾ ਸਰਬੰਗੀ ਆਧਾਰ ਹੈ, ਉੱਥੇ "ਦਰਸ਼ਨ ਦੀ ਕੰਗਾਲੀ" ਅਤੇ "ਕਮਿਊਨਿਸਟ ਮੈਨੀਫ਼ੈਸਟੋ" ਪ੍ਰਕਾਸ਼ਤ ਰੂਪ ਵਿੱਚ ਇਹਦੀਆਂ ਮੁੱਖ ਧਾਰਾਵਾਂ ਦਾ ਪਹਿਲਾ ਬਿਆਨ ਹੈ। ਜਿਸ ਫ਼ੌਰੀ ਕਾਰਨ ਨੇ ਮਾਰਕਸ ਅਤੇ ਏਂਗਲਜ਼ ਨੂੰ "ਜਰਮਨ ਵਿਚਾਰਧਾਰਾ" ਉੱਤੇ, ਖ਼ਾਸ ਤੌਰ 'ਤੇ ਪਹਿਲੇ ਕਾਂਡੇ ਉੱਤੇ, ਕੰਮ ਕਰਨ ਲਈ ਪ੍ਰੇਰਿਆ ਉਹ ਸੀ ਲੁਡਵਿਗ ਫ਼ਿਉਰਬਾਖ਼ ਦੇ ਲੇਖ «Ueber das 'Wesen des Christenthums' in

Beziehung auf den 'Einzigen und Sein Eigenthum'» ("ਅਦੁੱਤੀ ਅਤੇ ਉਹਦੇ ਖ਼ਾਸੇ" ਦੇ ਸਬੰਧ ਵਿੱਚ 'ਇਸਾਈ ਧਰਮ ਦੇ ਤੱਤ' ਬਾਰੇ) ਦਾ ਰਸਾਲੇ «Wigand's Vierteljahrsschrift» ਸੈਂਚੀ 2, 1845 ਅਤੇ ਵਿਸ਼ੇਸ਼ ਤੌਰ 'ਤੇ ਉਸੇ ਰਸਾਲੇ ਦੀ ਸੈਂਚੀ 3, 1845 ਵਿੱਚ ਬਰੂਨੋ ਬਾਵੇਰ ਦੇ «Characteristik Ludwig Feuerbach» ("ਲੁਡਵਿਗ ਫ਼ਿਉਰਬਾਖ਼ ਦਾ ਲੱਛਣੀਕਰਣ") ਅਤੇ ਮੈਕਸ ਸ਼ਟਿਰਨਰ ਦੇ ਲੇਖ «Recensenten Stirners» ("ਸ਼ਟਿਰਨਰ ਦੇ ਪੜਚੋਲੀਏ") ਦਾ ਛਪਣਾ। ਸੈਂਚੀ 3, 16 ਅਤੇ 18 ਅਕਤੂਬਰ ਦੇ ਵਿਚਕਾਰ ਪ੍ਰਕਾਸ਼ਤ ਹੋਈ ਅਤੇ ਲਗ ਭਗ ਪਹਿਲੀ ਨਵੰਬਰ ਨੂੰ ਵਿਕ ਰਹੀ ਸੀ। ਸੋ ਮਾਰਕਸ ਅਤੇ ਏਂਗਲਜ਼ ਨਵੰਬਰ 1845 ਵਿੱਚ "ਜਰਮਨ ਵਿਚਾਰਧਾਰਾ" ਦਾ ਪਹਿਲਾ ਕਾਂਡ ਲਿਖਣ ਦੇ ਕੰਮ ਵਿੱਚ ਲੱਗੇ। ਅਪ੍ਰੈਲ 1846 ਵਿੱਚ ਪੁਸਤਕ ਮੁੱਖ ਤੌਰ 'ਤੇ ਮੁਕੰਮਲ ਹੋ ਗਈ ਸੀ ਪਰ ਪਹਿਲੇ ਕਾਂਡ ਉੱਤੇ ਕੰਮ ਕਦੀ ਖ਼ਤਮ ਨਾ ਹੋਇਆ। ਅਨੇਕ ਯਤਨਾਂ ਦੇ ਬਾਵਜੂਦ ਲੇਖਕ ਆਪਣੇ ਜੀਵਨ ਕਾਲ ਵਿੱਚ ਪੂਰੀ ਪੁਸਤਕ ਛਾਪਣ ਵਿੱਚ ਅਸਫਲ ਰਹੇ। ਨਾ ਹੀ ਪਹਿਲਾ ਕਾਂਡ, ਇਹਦਾ ਸਭ ਤੋਂ ਵੱਧ ਮਹੱਤਵ-ਪੂਰਨ ਹਿੱਸਾ, ਉਹਨਾਂ ਦੇ ਜੀਵਨ-ਕਾਲ ਵਿੱਚ ਛਪਿਆ। ਏਂਗਲਜ਼ ਦੀ ਮੌਤ ਤੋਂ ਪਿੱਛੋਂ "ਜਰਮਨ ਵਿਚਾਰਧਾਰਾ" ਦਾ ਖਰੜਾ ਸੱਜੇ-ਪੱਖੀ ਜਰਮਨ ਸੋਸ਼ਲ-ਡੈਮੋਕ੍ਰੈਟਾਂ ਦੇ ਹੱਥ ਪੈ ਗਿਆ (ਇਹ ਲਗ ਭਗ ਐਡਊਆਰਡ ਬਰਨਸ਼ਟਾਈਨ ਦੇ ਹਵਾਲੇ ਸੀ), ਜਿਨ੍ਹਾਂ ਲਗ ਭਗ 37 ਵਰ੍ਹਿਆਂ ਵਿੱਚ ਅੱਧ ਤੋਂ ਘੱਟ ਪਾਠ ਛਾਪਿਆ।

* * *

"ਜਰਮਨ ਵਿਚਾਰਧਾਰਾ" ਦਾ ਪਹਿਲਾ ਕਾਂਡ ਪਹਿਲੀ ਵਾਰ ਸੋਵੀਅਤ ਯੂਨੀਅਨ ਵਿੱਚ ਛਾਪਿਆ ਗਿਆ। ਇਹ ਮਾਰਕਸ ਅਤੇ ਏਂਗਲਜ਼ ਦੀ ਸੰਸਥਾ ਨੇ ਰੂਸੀ ਵਿੱਚ 1924 ਵਿੱਚ ਛਪਿਆ (ਮਾਰਕਸ-ਏਂਗਲਜ਼ ਮੁਹਾਫ਼ਜ਼ਖ਼ਾਨੇ, ਸੈਂਚੀ 1) ਅਤੇ ਮੂਲ ਲਿਖਤ ਦੀ ਭਾਸ਼ਾ, ਜਰਮਨ, ਵਿੱਚ 1926 ਵਿੱਚ (Marx-Engels Archiv, Bd. I)। ਇਨ੍ਹਾਂ ਪ੍ਰਕਾਸ਼ਨਾਂ ਨੇ, ਜਿਹੜੀ ਸੰਸਥਾ ਵੱਲੋਂ ਖਰੜੇ ਦੀ ਫ਼ੋਟੋ-ਨਕਲ ਪ੍ਰਾਪਤ ਕਰ ਲੈਣ ਵਿੱਚ ਸਫਲ ਹੋਣ ਤੋਂ ਛੇਤੀ ਹੀ ਪਿੱਛੋਂ ਛਾਪੀ ਗਈ, ਪਹਿਲੀ ਵਾਰ ਮਾਰਕਸਵਾਦ ਦੇ ਮੋਢੀਆਂ ਦੀ ਇੱਕ ਮੁੱਖ ਕਿਰਤ ਅਕਾਦਮਿਕ ਹਲਕਿਆਂ ਅਤੇ ਆਮ ਜਨਤਾ ਦੀ ਪਹੁੰਚ ਵਿੱਚ ਲਿਆਂਦੀ। ਇਸ ਪ੍ਰਕਾਸ਼ਨਾ ਦੇ ਆਧਾਰ 'ਤੇ ਵੱਖ ਵੱਖ ਹੋਰਨਾਂ ਦੇਸ਼ਾਂ ਵਿੱਚ ਪਹਿਲੇ ਕਾਂਡ ਦੇ ਕਈ ਸੰਸਕਰਣ ਛਾਪੇ ਗਏ।

ਪਰ ਲੇਖਕਾਂ ਦੇ ਖਰੜੇ, ਇਹਦੀ ਤਰਤੀਬ ਅਤੇ ਸਮੱਗਰੀ ਦਾ ਅਜੇ ਚੋਖੇ ਵਿਸਥਾਰ ਨਾਲ਼ ਅਧਿਐਨ ਨਹੀਂ ਸੀ ਕੀਤਾ ਗਿਆ ਅਤੇ ਉਸ ਪਹਿਲੇ ਸੰਸਕਰਣ ਵਿੱਚ ਕਈ ਗੰਭੀਰ ਊਣਤਾਈਆਂ ਸਨ। ਪਾਠ ਦੀ ਤਰਤੀਬ ਘੱਟ ਵੱਧ ਖਰੜੇ ਦੀ ਤਰਤੀਬ ਵਾਲੀ ਹੀ ਸੀ ਪਰ ਉਸ ਪੜਾਅ ਉੱਤੇ ਇਸ ਠੀਕ ਅਸੂਲ ਉੱਤੇ ਸਾਰੀ ਕਿਤਾਬ ਵਿੱਚ ਅਮਲ ਨਹੀਂ ਸੀ ਕੀਤਾ ਗਿਆ। ਪਾਠ, ਜਿਹੜਾ ਆਪਣੇ ਆਪ ਵਿੱਚ ਕੁੱਝ ਪੇਚਦਾਰ ਸੀ, ਅਮਲੀ ਤੌਰ 'ਤੇ ਵੰਡਾਂ ਤੋਂ ਬਗ਼ੈਰ ਪੇਸ਼ ਕੀਤਾ ਗਿਆ ਸੀ ਅਤੇ ਖਰੜਾ ਉਠਾਲਣ ਵਿੱਚ ਵੀ ਗ਼ਲਤੀਆਂ ਕੀਤੀਆਂ ਗਈਆਂ ਸਨ। ਇਸ ਸਭ ਕੁੱਝ ਨੇ ਇਸ ਕਿਰਤ ਦੇ ਅਧਿਐਨ ਅਤੇ ਵਿਆਖਿਆ ਨੂੰ ਬਹੁਤ

ਜ਼ਿਆਦਾ ਗੁੰਝਲਦਾਰ ਬਣਾ ਦਿੱਤਾ।

ਜਿਸ ਰੂਪ ਵਿੱਚ ਇਹ ਖਰੜੇ ਦੀ ਹਾਲਤ ਵਿੱਚ ਸਾਡੇ ਤੱਕ ਅੱਪੜੀ ਹੈ, ਉਹ ਰੂਪ ਵਿੱਚ "ਜਰਮਨ ਵਿਚਾਰਧਾਰਾ" ਦਾ ਪਹਿਲਾ ਪੂਰਾ ਸੰਸਕਰਣ ਮਾਰਕਸ-ਏਂਗਲਜ਼-ਲੈਨਿਨ ਸੰਸਥਾ ਨੇ ਜਰਮਨ ਵਿੱਚ 1932 ਵਿੱਚ ਅਤੇ ਰੂਸੀ ਵਿੱਚ 1933 ਵਿੱਚ ਛਾਪਿਆ। ਸੋਵੀਅਤ ਯੂਨੀਅਨ ਅਤੇ ਉਸ ਤੋਂ ਪਿੱਛੋਂ ਉਸ ਪ੍ਰਕਾਸ਼ਨ ਦੇ ਆਧਾਰ 'ਤੇ ਹੋਰਨਾਂ ਦੇਸ਼ਾਂ ਵਿੱਚ ਅਨੇਕ ਸੰਸਕਰਣ ਛਾਪੇ ਗਏ ਹਨ।

1932-33 ਦੇ ਸੰਸਕਰਣ ਵਿੱਚ ਪਹਿਲਾ ਕਾਂਡ ਇੱਕ ਨਵੇਂ ਰੂਪ ਵਿੱਚ ਪੇਸ਼ ਕੀਤਾ ਗਿਆ। ਖਰੜੇ ਦੇ ਉਠਾਲਣ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਗਈ ਸੀ ਜਿਸ ਦਾ ਸਿੱਟਾ ਤਸੱਲੀਬਖ਼ਸ਼ ਸ਼ੁੱਧ ਪਾਠ ਵਿੱਚ ਨਿਕਲਿਆ। ਮੂਲ ਜਰਮਨ ਛਾਪ ਵਿੱਚ ਖਰੜੇ ਦਾ ਵਿਸਥਾਰ ਨਾਲ਼ ਵਿਸ਼ਲੇਸ਼ਣ ਕੀਤਾ ਗਿਆ। ਪਾਠ ਦਾ ਅਧਿਐਨ ਸੌਖਾ ਬਣਾਉਣ ਲਈ ਪ੍ਰਕਾਸ਼ਕਾਂ ਵੱਲੋਂ ਦਿੱਤੇ ਸਿਰਲੇਖਾਂ ਰਾਹੀਂ ਇਹਨੂੰ ਹਿਸਿਆਂ ਵਿੱਚ ਵੰਡਿਆ ਗਿਆ ਸੀ।

ਇਹਦੇ ਨਾਲ਼ ਹੀ ਨਾਲ਼ ਪਾਠ ਦੇ ਵੱਖ ਵੱਖ ਹਿੱਸਿਆਂ ਦੀ ਬੀੜ ਤਬਦੀਲ ਕਰਕੇ ਇੱਕ ਅਪੂਰਨ ਖਰੜੇ ਨੂੰ ਇੱਕ ਪੂਰਨ ਕਿਰਤ ਵਿੱਚ ਤਬਦੀਲ ਕਰਨ ਦਾ ਯਤਨ ਕੀਤਾ ਗਿਆ ਸੀ। ਪਰ ਇਉਂ ਪ੍ਰਾਪਤ ਕੀਤੇ ਸਿੱਟਿਆਂ ਦੇ ਪਿੱਛੋਂ ਜਾਕੇ ਕੀਤੇ ਵਿਸ਼ਲੇਸ਼ਣ ਅਤੇ ਖਰੜੇ ਦੇ ਹੋਰ ਅਧਿਐਨ ਨੇ ਦਰਸਾਇਆ ਕਿ ਅਜਿਹੀ ਨਵੀਂ ਤਰਤੀਬ ਲਈ ਚੋਖਾ ਆਧਾਰ ਮੌਜੂਦ ਨਹੀਂ ਸੀ।

ਪਹਿਲੇ ਕਾਂਡ ਦੇ 1965-66 ਦੇ ਸੰਸਕਰਣ ਵਿੱਚ ਤਰਤੀਬ ਅਤੇ ਵੰਡ ਸਬੰਧੀ ਪਹਿਲੇ ਸੰਕਰਣਾਂ ਦੇ ਉਪ੍ਰੋਕਤ ਨੁਕਸ ਦੂਰ ਕਰ ਦਿੱਤੇ ਗਏ ਸਨ। ਪਾਠ ਖਰੜੇ ਵਿੱਚ ਦਿੱਤੀ ਤਰਤੀਬ ਅਨੁਸਾਰ ਛਾਪਿਆ ਗਿਆ ਅਤੇ ਇਹਦੀ ਸਮੱਗਰੀ ਅਨੁਸਾਰ ਵੰਡਿਆ ਗਿਆ। ਨਾਲ਼ੇ ਇਹਦੇ ਵਿੱਚ ਖਰੜੇ ਦੇ ਪਹਿਲਾਂ ਅਣਜਾਣੇ ਦੋ ਹਿੱਸੇ ਸ਼ਾਮਲ ਸਨ, ਜਿਹੜੇ ਪਹਿਲਾਂ ਪਹਿਲ 1962 ਵਿੱਚ ਐਮਸਟਰਡਮ ਦੀ ਸਮਾਜਕ ਇਤਿਹਾਸ ਦੀ ਕੌਮਾਂਤਰੀ ਸੰਸਥਾ ਨੇ ਛਾਪੇ (International Review of Social History, vol. VII, part I)। ਸੋ ਪੂਰਨਤਾ, ਤਰਤੀਬ ਅਤੇ ਪਾਠ ਦੀ ਵੰਡ ਦੇ ਪਖੋਂ 1965-66 ਦਾ ਸੰਸਕਰਣ ਪਹਿਲੇ ਸੰਸਕਰਣਾਂ ਤੋਂ ਚੋਖਾ ਵੱਖ ਹੈ।

* * *

"ਜਰਮਨ ਵਿਚਾਰਧਾਰਾ" ਦਾ ਪਹਿਲਾ ਕਾਂਡ ਕਈ ਵੱਖ ਵੱਖ ਹਿੱਸਿਆਂ ਤੋਂ ਬਣਦਾ ਹੈ ਜਿਹੜੇ ਵੱਖ ਵੱਖ ਸਮਿਆਂ ਅਤੇ ਵੱਖ ਵੱਖ ਘਟਨਾਵਾਂ ਦੇ ਸਬੰਧ ਵਿੱਚ ਲਿਖੇ ਗਏ। ਇਸ ਅਨੁਸਾਰ ਇਸ ਪ੍ਰਕਾਸ਼ਨਾ ਵਿੱਚ ਇਸ ਕਾਂਡ ਦਾ ਪਾਠ ਚਾਰ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਖਰੜੇ ਦਾ ਹਰ ਹਿੱਸਾ ਇੱਕ ਸੁਮੇਲੀ ਇਕਾਈ ਹੈ, ਜਿਹੜਾ ਅੰਤ੍ਰੀਵ ਤਰਕ ਰਾਹੀਂ ਜੁੜਿਆ ਹੋਇਆ ਹੈ। ਇਹ ਹਿੱਸੇ ਇੱਕ ਦੂਜੇ ਦੇ ਪੂਰਕ ਹਨ ਅਤੇ ਸਮੁੱਚੇ ਰੂਪ ਵਿੱਚ, ਉਸ ਰੂਪ ਵਿੱਚ ਇਤਿਹਾਸ ਦੀ ਮਾਰਕਸਵਾਦੀ ਸੂਝ ਦਾ ਸੁਮੇਲਿਆ ਚਿੱਤਰ ਪੇਸ਼ ਕਰਦੇ ਹਨ, ਜਿਸ ਵਿੱਚ 1845-46 ਵਿੱਚ ਮਾਰਕਸ ਅਤੇ ਏਂਗਲਜ਼ ਨੇ ਇਹਨੂੰ ਘੜਿਆ।

ਸਮੁੱਚੇ ਪਾਠ ਨੂੰ ਸੰਪਾਦਕੀ ਸਿਰਲੇਖਾਂ ਰਾਹੀਂ (ਕੇਵਲ ਦੋ ਸਿਰਲੇਖ—ਪਹਿਲਾ ਅਤੇ ਅੰਤਲੇ ਤੋਂ ਪਹਿਲਾ, ਮਾਰਕਸ ਅਤੇ ਏਂਗਲਜ਼ ਦੇ ਹਨ) ਸਿਰਲੇਖ ਤੋਂ ਬਿਨਾਂ ਮੁੱਖ-ਬੰਧਕ ਪੈਰੇ ਸਮੇਤ 27 ਪੈਰਿਆਂ ਵਿੱਚ ਵੰਡਿਆ ਗਿਆ ਹੈ। ਇਹ ਵੰਡ ਅੰਤ੍ਰੀਵ ਤਰਕ ਨੂੰ ਪ੍ਰਗਟ ਕਰਨ ਅਤੇ ਉਲੀਕਣ ਵਿੱਚ ਸਹਾਇਤਾ ਦੇਂਦੀ ਹੈ। ਇਤਿਹਾਸ ਦੀ ਪਦਾਰਥਵਾਦੀ ਸੂਝ, ਜਿਹੜੀ ਪਹਿਲਾਂ ਹੀ "ਜਰਮਨ ਵਿਚਾਰਧਾਰਾ" ਵਿੱਚ ਵਿਕਸਤ ਕੀਤੀ ਗਈ ਹੈ, ਵਿਚਾਰਾਂ ਦੀ ਇੱਕ ਸੁਮੇਲੀ ਪ੍ਰਣਾਲੀ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਪ੍ਰਣਾਲੀ ਦਾ ਤਰਕ ਪਹਿਲੇ ਕਾਂਡ ਵਿੱਚ ਸਮੱਗਰੀ ਦੀ ਬੀੜ ਨੂੰ ਮਿਥਦਾ ਹੈ।

ਖਰੜੇ ਦੇ ਵਿਸ਼ਲੇਸ਼ਣ ਤੋਂ ਮਾਰਕਸ ਅਤੇ ਏਂਗਲਜ਼ ਵੱਲੋਂ ਇਸ ਕਾਂਡ ਬਾਰੇ ਕੀਤੇ ਕੰਮ ਦੇ ਤਿੰਨ ਪੜਾਅ ਪ੍ਰਗਟ ਕਰਦਾ ਹੈ: ਪਹਿਲੇ ਪੜਾਅ ਦਾ ਸਿੱਟਾ ਕਾਂਡ ਦੇ ਦੂਜੇ ਹਿੱਸੇ ਵਿੱਚ ਨਿਕਲਿਆ, ਦੂਜੇ ਪੜਾਅ ਦਾ—ਤੀਜੇ ਅਤੇ ਚੌਥੇ ਹਿੱਸਿਆਂ ਵਿੱਚ ਅਤੇ ਤੀਜੇ ਪੜਾਅ ਦਾ ਕਾਂਡ ਦੇ ਪਹਿਲੇ (ਸਾਫ਼ ਹਿੱਸੇ ਵਿੱਚ।

ਖਰੜੇ ਦੇ ਵੱਖ ਵੱਖ ਹਿੱਸਿਆਂ ਦਾ ਮੁਕਾਬਲਾ ਇਹ ਸੰਭਵ ਬਣਾਉਂਦਾ ਹੈ ਕਿ ਇਹਦੇ ਤਰਕ ਨੂੰ ਪ੍ਰਗਟ ਕੀਤਾ ਜਾਵੇ, ਵਿਚਾਰ ਨੂੰ ਸਮਝਿਆ ਜਾਵੇ ਅਤੇ "ਜਰਮਨ ਵਿਚਾਰਧਾਰਾ" ਦੇ ਪਹਿਲੇ ਕਾਂਡ ਦੀ ਸੰਖੇਪ ਪਲਾਨ ਨੂੰ ਮੁੜ-ਘੜਿਆ ਜਾਵੇ। ਅਸੀਂ ਮਾਰਕਸ ਅਤੇ ਏਂਗਲਜ਼ ਦੇ ਆਮ ਵਿਚਾਰ ਨੂੰ ਹੇਠ ਲਿਖੇ ਅਨੁਸਾਰ ਵੇਖ ਸਕਦੇ ਹਾਂ: ਪਹਿਲੇ, ਪਹਿਲਾਂ ਉਹ ਜਰਮਨ ਵਿਚਾਰਧਾਰਾ ਦਾ ਆਮ ਲੱਛਣ ਬਿਆਨ ਕਰਦੇ ਹਨ, ਫਿਰ ਉਹ ਆਦਰਸ਼ਵਾਦ ਦਾ ਇਤਿਹਾਸ ਦੀ ਪਦਾਰਥਵਾਦੀ ਸੂਝ ਦੇ ਬਿਆਨ ਨਾਲ਼ ਟਾਕਰਾ ਕਰਦੇ ਹਨ ਅਤੇ ਅੰਤ ਉਹ ਇਤਿਹਾਸ ਦੀ ਆਦਰਸ਼ਵਾਦ ਸੂਝ ਉੱਤੇ ਪੜਚੋਲ ਕਰਦੇ ਹਨ। ਕਾਂਡ ਦੇ ਮੁੱਖ ਹਿੱਸੇ ਦੀ ਬਣਤਰ ਇਸ ਅਨੁਸਾਰ ਹੈ: ਉਹ ਆਧਾਰ ਜਿਨ੍ਹਾਂ ਤੋਂ ਮਾਰਕਸ ਅਤੇ ਏਂਗਲਜ਼ ਨੇ ਮੁੱਢ ਬੰਨ੍ਹਿਆ, ਉਹਨਾਂ ਦੀ ਇਤਿਹਾਸ ਦੀ ਪਦਾਰਥਵਾਦੀ ਸੂਝ ਅਤੇ ਉਹ ਸਿੱਟੇ ਜਿਨ੍ਹਾਂ ਤੱਕ ਇਹ ਸਿਧਾਂਤ ਪੁਚਾਉਂਦਾ ਹੈ। ਅੰਤ, ਇਤਿਹਾਸ ਦਾ ਪਦਾਰਥਾਵਦੀ ਸੰਕਲਪ ਹੇਠ ਲਿਖੀ ਤਰਤੀਬ ਅਨੁਸਾਰ: ਉਤਪਾਦਨ ਦਾ ਵਿਕਾਸ — ਵਰਤੋਂ-ਵਿਹਾਰ (ਸਮਾਜੀ ਸੰਬੰਧ) — ਰਾਜਸੀ ਪਰਾ-ਬਣਤਰਾਂ — ਸਮਜੀ ਚੇਤਨਤਾ ਦੇ ਰੂਪ। ਸਮੁੱਚੇ ਤੌਰ 'ਤੇ ਮਾਰਕਸ ਅਤੇ ਏਂਗਲਜ਼ ਦੇ ਵਿਚਾਰਾਂ ਅਨੁਸਾਰ "ਜਰਮਨ ਵਿਚਾਰਧਾਰਾ" ਦੇ ਪਹਿਲੇ ਕਾਂਡ ਦਾ ਮੁੜ-ਘੜਨਾ ਹੇਠ ਲਿਖੇ ਅਨੁਸਾਰ ਜਾਪਦਾ ਹੈ:

1) ਜਰਮਨ ਵਿਚਾਰਧਾਰਾ ਦੇ ਆਮ ਲੱਛਣ (ਹਿੱਸਾ ਪਹਿਲਾ, ਮੁਖਬੰਦਕ ਪੈਰਾ ਅਤੇ ਪੈਰਾ 1; ਹਿੱਸਾ 2, ਪੈਰਾ 1)।

2) ਇਤਿਹਾਸ ਦੀ ਪਦਾਰਥਵਾਦੀ ਸੂਝ ਦੀਆਂ ਮੁਢਲੀਆਂ ਸ਼ਰਤਾਂ (ਹਿੱਸਾ 1, ਪੈਰਾ 2)।

3) ਉਤਪਾਦਨ (ਹਿੱਸਾ 2, ਪੈਰਾ 3-5; ਹਿੱਸਾ 1, ਪੈਰਾ 3; ਹਿੱਸਾ 4, ਪੈਰਾ 1-5), ਵਰਤੋਂ-ਵਿਹਾਰ (ਹਿੱਸਾ 4, ਪੈਰਾ 6-10), ਰਾਜਸੀ ਪਰਾ-ਬਣਤਰ (ਹਿੱਸਾ 4, ਪੈਰਾ 11), ਸਮਾਜੀ ਚੇਤਨਤਾ ਦੇ ਰੂਪ (ਹਿੱਸਾ 3, ਪੈਰਾ 1; ਹਿੱਸਾ 4, ਪੈਰਾ 12)।

4) ਸਿੱਟੇ ਅਤੇ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੇ ਤੱਤ ਦਾ ਸਾਰ (ਹਿੱਸਾ 2, ਪੈਰਾ 6-

7; ਹਿੱਸਾ 1, ਪੈਰਾ 4)।
5) ਇਤਿਹਾਸ ਦੇ ਆਦਰਸ਼ਵਾਦੀ ਸੰਕਲਪ ਦੀ ਆਮ ਤੌਰ ’ਤੇ ਅਤੇ ਨੌਜਵਾਨ ਹੀਗਲਵਾਦੀਆਂ ਅਤੇ ਫ਼ਿਉਰਬਾਖ਼ ਦੀ ਖ਼ਾਸ ਤੌਰ ’ਤੇ ਪੜਚੋਲ (ਹਿੱਸਾ 2, ਪੈਰਾ 8–9; ਹਿੱਸਾ 3, ਪੈਰਾ 1)।

ਇਹ ਨਵੀਂ ਪ੍ਰਕਾਸ਼ਨਾ “ਜਰਮਨ ਵਿਚਾਰਧਾਰਾ” ਦੇ ਸਭ ਤੋਂ ਭਰਪੂਰ ਤੱਤ ਦਾ ਅਧਿਐਨ ਕਰਨਾ ਚੋਖਾ ਸੌਖਾ ਬਣਾ ਦੇਂਦੀ ਹੈ, ਮਨੁੱਖ ਨੂੰ ਇਤਿਹਾਸ ਦੇ ਪਦਾਰਥਵਾਦੀ ਸਿਧਾਂਤ ਦੀ ਡੂੰਘੇਰੀ ਸੂਝ ਪ੍ਰਾਪਤ ਕਰਨ ਅਤੇ ਇਹਦੀ ਬਣਤਰ ਦੇ ਨਿਰਣਾਇਕ ਪੜਾਅ ਉੱਤੇ ਇਹਦੀਆਂ ਮੁੱਖ ਧਾਰਨਾਵਾਂ ਦੇ ਵਿਕਾਸ ਨੂੰ ਉਲੀਕਣ ਯੋਗ ਬਣਾਉਂਦੀ ਹੈ।

ਤਿਆਰੀ ਦੇ ਦੌਰਾਨ ਸੰਪਾਦਕ ਵਧੇਰੇ ਸ਼ੁੱਧਤਾ ਨਾਲ਼ ਉਹ ਠੀਕ ਠੀਕ ਸਮਾਂ ਮਿੱਥਣ ਵਿੱਚ ਸਫ਼ਲ ਹੋ ਗਏ ਜਦੋਂ ਮਾਰਕਸ ਅਤੇ ਏਂਗਲਜ਼ ਨੇ “ਜਰਮਨ ਵਿਚਾਰਧਾਰਾ” ਉੱਤੇ ਕੰਮ ਸ਼ੁਰੂ ਕੀਤਾ ਸੀ: ਇਹ ਸਾਬਤ ਕੀਤਾ ਗਿਆ ਕਿ ਇਹ ਕੰਮ ਸਤੰਬਰ 1845 ਵਿੱਚ ਨਹੀਂ, ਜਿਵੇਂ ਕਿ ਉਦੋਂ ਤੱਕ ਯਕੀਨ ਕੀਤਾ ਜਾਂਦਾ ਸੀ, ਸਗੋਂ ਉਸੇ ਵਰ੍ਹੇ ਦੇ ਨਵੰਬਰ ਵਿੱਚ ਸ਼ੁਰੂ ਕੀਤਾ ਗਿਆ ਸੀ।

“ਜਰਮਨ ਵਿਚਾਰਧਾਰਾ” ਦੇ ਪਹਿਲੇ ਕਾਂਡ ਤੋਂ ਬਿਨਾਂ ਇਸ ਪੁਸਤਕ ਵਿੱਚ ਇਸ ਕਿਰਤ ਦੀ ਪਹਿਲੀ ਸੈਂਚੀ ਲਈ ਲੇਖਕਾਂ ਵਲੋਂ ਲਿਖਿਆ ਮੁਖ–ਬੰਧ ਸ਼ਾਮਲ ਹੈ। ਜ਼ਮੀਮੇ ਵਿੱਚ ਮਾਰਕਸ ਦੇ “ਫ਼ਿਉਰਬਾਖ਼ ਬਾਰੇ ਥੀਸਿਸ” ਦੇ ਦੋ ਪਾਠ ਅਤੇ ਏਂਗਲਜ਼ ਦੇ ਫ਼ਿਉਰਬਾਖ਼ ਬਾਰੇ ਨੋਟ ਸ਼ਾਮਲ ਹਨ, ਜਿਹੜੇ ਇਸ ਪਹਿਲੇ ਕਾਂਡ ਲਈ ਤਿਆਰੀ ਦੀ ਅਤੇ ਪੂਰਕ ਸਮੱਗਰੀ ਸਮਝੇ ਜਾ ਸਕਦੇ ਹਨ। ਜ਼ਮੀਮੇ ਵਿੱਚ ਮਾਰਕਸ ਅਤੇ ਏਂਗਲਜ਼ ਦੀਆਂ ਕਿਰਤਾਂ ਅਤੇ ਖ਼ਤਾਂ ਵਿੱਚੋਂ ਟੋਟੇ ਸ਼ਾਮਲ ਹਨ, ਜਿਨ੍ਹਾਂ ਵਿੱਚ “ਜਰਮਨ ਵਿਚਾਰਧਾਰਾ” ਦੇ ਇਤਿਹਾਸ ਅਤੇ ਮਹੱਤਤਾ ਬਾਰੇ ਸਭ ਤੋਂ ਵੱਧ ਮਹੱਤਵ–ਪੂਰਨ ਟਿੱਪਣੀਆਂ ਹਨ। ਪੁਸਤਕ ਦੇ ਨਾਲ਼ ਨੋਟ, ਅਤੇ ਨਾਮਾਵਲੀ ਸ਼ਾਮਲ ਹਨ।

“ਜਰਮਨ ਵਿਚਾਰਧਾਰਾ” ਦੇ ਪਹਿਲੇ ਕਾਂਡ ਦਾ ਨਵਾਂ ਰੂਸੀ ਸੰਸਕਰਣ ਗਿਆਰਗੀ ਬਾਗਾਤੂਰੀਆ ਨੇ ਤਿਆਰ ਕੀਤਾ ਅਤੇ ਵਲਾਦੀਮੀਰ ਬਰੂਸ਼ਲਿੰਸਕੀ ਨੇ ਇਹਦਾ ਸੰਪਾਦਨ ਕੀਤਾ।

## ਕਾ. ਮਾਰਕਸ ਅਤੇ ਫ਼. ਏਂਗਲਜ਼

# ਮੁਖ-ਬੰਧ

ਹੁਣ ਤੱਕ ਮਨੁੱਖਾਂ ਨੇ ਸਦਾ ਹੀ ਆਪਣੇ ਬਾਰੇ ਗ਼ਲਤ ਵਿਚਾਰ ਬਣਾਏ ਹਨ, ਇਸ ਬਾਰੇ ਕਿ ਉਹ ਕੀ ਹਨ ਅਤੇ ਉਹਨਾਂ ਨੂੰ ਕੀ ਹੋਣਾ ਚਾਹੀਦਾ ਹੈ। ਉਹਨਾਂ ਆਪਣੇ ਸਬੰਧ ਰੱਬ ਬਾਰੇ, ਸਾਧਾਰਨ ਮਨੁੱਖ ਬਾਰੇ ਆਦਿ, ਆਪਣੇ ਵਿਚਾਰਾਂ ਅਨੁਸਾਰ ਬੀੜੇ। ਉਹਨਾਂ ਦੇ ਦਿਮਾਗ਼ਾਂ ਦੀਆਂ ਉਪਜਾਂ ਉਹਨਾਂ ਦੇ ਹੱਥੋਂ ਨਿਕਲ ਗਈਆਂ ਹਨ। ਉਹ, ਰਚਣਹਾਰੇ ਆਪਣੀਆਂ ਰਚਨਾਵਾਂ ਸਾਹਮਣੇ ਝੁਕ ਗਏ ਹਨ। ਆਓ ਅਸੀਂ ਉਹਨਾਂ ਨੂੰ ਉਹਨਾਂ ਵਹਿਮਾਂ, ਵਿਚਾਰਾਂ, ਮੱਤਾਂ, ਕਾਲਪਨਿਕ ਜੀਵਾਂ ਤੋਂ ਮੁਕਤ ਕਰਾਈਏ ਜਿਨ੍ਹਾਂ ਦੇ ਜੂਲੇ ਹੇਠ ਉਹ ਘੁਲ਼ਦੇ ਜਾ ਰਹੇ ਹਨ। ਆਓ ਅਸੀਂ ਮਨੋਬਾਵਾਂ ਦੀ ਹਕੂਮਤ ਵਿਰੁੱਧ ਬਗ਼ਾਵਤ ਕਰੀਏ। ਇੱਕ ਕਹਿੰਦਾ ਹੈ*, ਆਓ ਅਸੀਂ ਮਨੁੱਖਾਂ ਨੂੰ ਸਿਖਾਈਏ ਕਿ ਉਹ ਆਪਣੀਆਂ ਕਲਪਨਾਵਾਂ ਦਾ ਉਹਨਾਂ ਵਿਚਾਰਾਂ ਨਾਲ਼ ਵਟਾਂਦਰਾ ਕਿਵੇਂ ਕਰਨ ਜਿਹੜੇ ਮਨੁੱਖ ਦੇ ਤੱਤ ਦੇ ਅਨੁਸਾਰੀ ਹਨ; ਇੱਕ ਹੋਰ** ਕਹਿੰਦਾ ਹੈ, ਇਹ ਸਿਖਾਈਏ ਕਿ ਉਹਨਾਂ ਵੱਲ ਪੜਚੋਲੀ ਵਤੀਰਾ ਕਿਵੇਂ ਧਾਰਨ ਕਰਨਾ ਹੈ; ਤੀਜਾ*** ਕਹਿੰਦਾ ਹੈ, ਇਹ ਉਹਨਾਂ ਦੇ ਸਿਰਾਂ ਵਿਚੋਂ ਕਿਵੇਂ ਕੱਢੇ ਜਾਣ; ਅਤੇ ਵਿਦਮਾਨ ਯਥਾਰਥ ਦਾ ਪਤਨ ਹੋ ਜਾਵੇਗਾ।

ਇਹ ਮਾਸੂਮ ਅਤੇ ਬੱਚਿਆਂ ਜਿਹੀਆਂ ਖਿਆਲੀ-ਉਡਾਰੀਆਂ ਨਵੀਨ ਨੌਜਵਾਨ-ਹੀਗਲਵਾਦੀ ਦਰਸ਼ਨ ਦਾ ਤੱਤ ਹਨ, ਜਿਸਦਾ ਨਾ ਕੇਵਲ ਜਰਮਨ ਜਨਤਾ ਕਰਾਹਤ ਅਤੇ ਭੈਅ ਨਾਲ਼ ਸਵਾਗਤ ਕਰਦੀ ਹੈ ਸਗੋਂ ਸਾਡੇ **ਦਾਰਸ਼ਨਿਕ ਸੂਰਮੇ** ਇਹਦੇ ਯੁਗ-ਪਲਟਾਊ ਖ਼ਤਰੇ ਅਤੇ ਮੁਜਰਮਾਨਾ ਬੇਕਿਰਕੀ ਦੀ ਗੰਭੀਰ ਚੇਤਨਤਾ ਨਾਲ਼ ਐਲਾਨ ਕਰਦੇ ਹਨ। ਇਸ ਪ੍ਰਕਾਸ਼ਨਾ ਦੀ ਪਹਿਲੀ ਸੈਂਚੀ ਦਾ ਮੰਤਵ ਇਹਨਾਂ ਭੇਡਾਂ ਦਾ ਪਾਜ ਉਘੇੜਨਾ ਹੈ, ਜਿਹੜੀਆਂ ਆਪਣੇ ਆਪ ਨੂੰ ਬਘਿਆੜ ਸਮਝਦੀਆਂ ਹਨ ਅਤੇ ਸਮਝੀਆਂ ਜਾਂਦੀਆਂ ਹਨ; ਇਹ ਵਿਖਾਉਣਾ ਹੈ ਕਿ ਉਹਨਾਂ ਦਾ ਮਿਮਿਆਉਣਾ ਕੇਵਲ ਦਾਰਸ਼ਨਿਕ ਰੂਪ ਵਿੱਚ ਜਰਮਨ ਮੱਧ-ਵਰਗ ਦੇ ਸੰਕਲਪਾਂ ਦੀ ਨਕਲ ਹੀ ਹੈ; ਕਿ ਇਹਨਾਂ ਦਾਰਸ਼ਨਿਕ ਟਿੱਪਣੀਕਾਰਾਂ ਦੀਆਂ ਫੜ੍ਹਾਂ ਕੇਵਲ ਜਰਮਨੀ ਵਿੱਚ ਅਸਲ ਪ੍ਰਸਥਿਤੀਆਂ ਦੀ ਦੁਰਦਸ਼ਾ ਨੂੰ ਪ੍ਰਗਟ ਕਰਦੀਆਂ ਹਨ। ਇਹਦਾ ਮੰਤਵ ਹੈ ਯਥਾਰਥ ਦੇ ਪਰਛਾਵਿਆਂ ਨਾਲ਼ ਦਾਰਸ਼ਨਿਕ ਘੋਲ਼ ਨੂੰ, ਜਿਹੜਾ ਸੁਪਨਿਆਲੀ ਅਤੇ ਭੌਂਦਲੀ ਜਰਮਨ ਕੌਮ ਨੂੰ ਇੰਨਾ ਚੰਗਾ ਲਗਦਾ ਹੈ, ਠਿੱਠ ਕਰਨਾ ਅਤੇ ਉਹਦੀ ਸਾਖ

* ਲੁਡਵਿਗ ਫ਼ਿਉਰਬਾਖ਼। —**ਸੰਪਾ.**

** ਬਰੂਨੋ ਬਾਵੇਰ। —**ਸੰਪਾ.**

*** ਮੈਕਸ ਸ਼ਟਿਰਨਰ। —**ਸੰਪਾ.**

ਗੁਆਣੀ।

ਇੱਕ ਸਮੇਂ ਇੱਕ ਸੂਰਮਾ ਆਦਮੀ ਸੀ ਜਿਸ ਦਾ ਵਿਚਾਰ ਸੀ ਕਿ ਮਨੁੱਖ ਪਾਣੀ ਵਿੱਚ ਇਸ ਲਈ ਡੁੱਬਦੇ ਹਨ ਕਿ ਉਹਨਾਂ ਦੇ ਸਿਰਾਂ ਉੱਤੇ **ਗਰੁਤਾ ਸ਼ਕਤੀ ਦਾ ਵਿਚਾਰ** ਸਵਾਰ ਹੈ। ਜੇ ਉਹ ਇਹ ਫੁਰਨਾ ਆਪਣੇ ਸਿਰਾਂ ਵਿਚੋਂ ਕੱਢ ਦੇਣ, ਮਿਸਾਲ ਵਜੋਂ ਇਹਦੇ ਵਹਿਮੀ ਧਾਰਮਕ ਮਨੋਭਾਵ ਹੋਣ ਦਾ ਐਲਾਨ ਕਰਕੇ, ਤਾਂ ਉਹ ਪਾਣੀ ਵੱਲੋਂ ਕਿਸੇ ਖ਼ਤਰੇ ਤੋਂ ਉੱਕਾ ਹੀ ਸੁਰੱਖਿਅਤ ਹੋ ਜਾਣਗੇ। ਆਪਣੀ ਸਾਰੀ ਉਮਰ ਉਹ ਗਰੁਤਾ ਸ਼ਕਤੀ ਦੇ ਭਰਮ ਵਿਰੁੱਧ ਜੂਝਦਾ ਰਿਹਾ, ਜਿਸਦੇ ਹਾਨੀਕਾਰਕ ਸਿੱਟਿਆਂ ਦਾ ਨਵਾਂ ਅਤੇ ਬਹੁ-ਪੱਖੀ ਸਬੂਤ ਸਾਰੇ ਅੰਕੜੇ ਉਹਦੇ ਕੋਲ ਲਿਆਉਂਦੇ। ਇਹ ਸੂਰਮਾ ਜਰਮਨੀ ਵਿੱਚ ਨਵੇਂ ਇਨਕਲਾਬੀ ਦਾਰਸ਼ਨਿਕਾਂ ਜਿਹਾ ਸੀ।*

---

* [ਖਰੜੇ ਵਿੱਚ ਇਹ ਹਿੱਸਾ ਕਟ ਦਿੱਤਾ ਗਿਆ ਹੈ:] "ਜਰਮਨ ਆਦਰਸ਼ਵਾਦ ਅਤੇ ਹੋਰਨਾਂ ਸਭਨਾਂ ਕੌਮਾਂ ਦੀ ਵਿਚਾਰਧਾਰਾ ਵਿਚਕਾਰ ਕੋਈ ਵਿਸ਼ੇਸ਼ ਫ਼ਰਕ ਨਹੀਂ। ਪਿਛਲੇਰੀ ਵੀ ਸੰਸਾਰ ਨੂੰ ਵਿਚਾਰਾਂ ਦੇ ਗ਼ਲਬੇ ਹੇਠ ਸਮਝਦੀ ਹੈ, ਵਿਚਾਰਾਂ ਅਤੇ ਸੰਕਲਪਾਂ ਨੂੰ ਨਿਰਣਾਇਕ ਨਿਯਮ ਸਮਝਦੀ ਹੈ, ਅਤੇ ਕੁੱਝ ਭਾਵਾਂ ਨੂੰ ਪਦਾਰਥਕ ਸੰਸਾਰ ਦਾ ਅਜਿਹਾ ਰਹੱਸ ਸਮਝਦੀ ਹੈ ਜਿਹੜਾ ਦਾਰਸ਼ਨਿਕਾਂ ਦੀ ਪਹੁੰਚ ਵਿੱਚ ਹੈ।

ਹੀਗਲ ਨੇ ਹਾਂ-ਪੱਖੀ ਆਦਰਸ਼ਵਾਦ ਨੂੰ ਮੁਕੰਮਲ ਕੀਤਾ। ਉਹਨੇ ਨਾ ਕੇਵਲ ਸਾਰੇ ਪਦਾਰਥਕ ਸੰਸਾਰ ਨੂੰ ਵਿਚਾਰਾਂ ਦੇ ਸੰਸਾਰ ਵਿੱਚ ਤਬਦੀਲ ਕਰ ਦਿੱਤਾ ਅਤੇ ਸਾਰੇ ਇਤਿਹਾਸ ਨੂੰ ਵਿਚਾਰਾਂ ਦੇ ਇਤਿਹਾਸ ਵਿੱਚ। ਉਹ ਸੋਚ ਹੋਂਦਾਂ ਨੂੰ ਅੰਕਿਤ ਕਰਨ ਤੇ ਸੰਤੁਸ਼ਟ ਨਹੀਂ ਸੀ, ਉਹਨੇ ਰਚਨਾ ਦੇ ਅਮਲ ਨੂੰ ਬਿਆਨ ਕਰਨ ਦਾ ਵੀ ਯਤਨ ਕੀਤਾ।

ਆਪਣੀਆਂ ਕਲਪਨਾਵਾਂ ਤੋਂ ਜਾਗੇ ਜਰਮਨ ਦਾਰਸ਼ਨਿਕ, ਵਿਚਾਰਾਂ ਦੇ ਸੰਸਾਰ ਵਿਰੁੱਧ ਰੋਸ ਪ੍ਰਗਟ ਕਰਦੇ ਹਨ, ਜਿਸਨੂੰ ਉਹ [...] ਯਥਾਰਥਕ, ਪਦਾਰਥਕ ਦਾ ਸੰਕਲਪ [...]।

ਸਭਨਾਂ ਜਰਮਨ ਦਾਰਸ਼ਨਿਕ ਪੜਚੋਲੀਆਂ ਦਾ ਦਾਅਵਾ ਹੈ ਕਿ ਮਨੁੱਖਾਂ ਦੀ ਅਸਲੀ ਦੁਨੀਆਂ ਉੱਤੇ ਹੁਣ ਤੱਕ ਵਿਚਾਰਾਂ, ਬਿੰਬਾਂ, ਸੰਕਲਪਾਂ ਦਾ ਗ਼ਲਬਾ ਰਿਹਾ ਹੈ ਅਤੇ ਇਹ ਕਿ ਯਥਾਰਥਕ ਦੁਨੀਆਂ ਵਿਚਾਰਾਂ ਦੀ ਦੁਨੀਆਂ ਦੀ ਉਪਜ ਹੈ। ਹੁਣ ਤੱਕ ਹਾਲਤ ਇਹ ਰਹੀ ਹੈ ਪਰ ਇਹਨੂੰ ਤਬਦੀਲ ਕਰਨਾ ਚਾਹੀਦਾ ਹੈ। ਉਹਨਾਂ ਵਿੱਚ ਫ਼ਰਕ ਬਸ ਉਸ ਢੰਗ ਦਾ ਹੈ ਜਿਸ ਨਾਲ਼ ਉਹ ਮਨੁੱਖਜਾਤੀ ਨੂੰ, ਜਿਹੜੀ ਉਹਨਾਂ ਦੇ ਵਿਚਾਰ ਅਨੁਸਾਰ ਆਪਣੇ ਹੀ ਬੱਝੇ ਵਿਚਾਰਾਂ ਦੇ ਭਾਰ ਹੇਠ ਕਰਾਹ ਰਹੀ ਹੈ ਮੁਕਤ ਕਰਨ ਦੇ ਇੱਛਕ ਹਨ; ਉਹਨਾਂ ਵਿਚਕਾਰ ਉਸ ਸਬੰਧੀ ਮਤ-ਭੇਦ ਹਨ ਜਿਨ੍ਹਾਂ ਨੂੰ ਉਹ ਬੱਝੇ ਵਿਚਾਰ ਕਹਿੰਦੇ ਹਨ; ਉਹ ਇਸ ਨਿਸ਼ਚੇ ਵਿੱਚ ਸਹਿਮਤ ਹਨ ਕਿ ਉਹਨਾਂ ਦੇ ਪੜਚੋਲੀ ਤਰਕ ਨੂੰ ਹਾਲਾਤ ਦੇ ਵਿਦਮਾਨ ਪ੍ਰਬੰਧ ਦੀ ਤਬਾਹੀ ਲਿਆਉਣੀ ਚਾਹੀਦੀ ਹੈ: ਭਾਵੇਂ ਉਹ ਆਪਣੀ ਨਿਖੜੀ ਤਰਕਵਾਦੀ ਸਰਗਰਮੀ ਨੂੰ ਕਾਫ਼ੀ ਸਮਝਦੇ ਹਨ ਜਾਂ ਸਰਬ-ਵਿਆਪਕ ਚੇਤਨਤਾ ਨੂੰ ਜਿੱਤਣਾ ਚਾਹੁੰਦੇ ਹਨ।

ਇਹ ਵਿਚਾਰ ਕਿ ਯਥਾਰਥਕ ਦੁਨੀਆਂ ਵਿਚਾਰਾਂ ਦੀ ਦੁਨੀਆ ਦੀ ਉਪਜ ਹੈ, ਕਿ ਵਿਚਾਰਾਂ ਦੀ ਦੁਨੀਆਂ[...]।

ਵਿਚਾਰਾਂ ਦੀ ਹੀਗਲਵਾਦੀ ਦੁਨੀਆਂ ਵਿੱਚ ਭਰੋਸਾ ਖ਼ਤਮ ਹੋ ਜਾਣ ਕਾਰਨ ⇨

# ਫ਼ਿਉਰਬਾਖ਼। ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ

(“ਜਰਮਨ ਵਿਚਾਰਧਾਰਾ” ਦਾ ਪਹਿਲਾ ਕਾਂਡ[1])

**[I]**

[ਸ਼. 1] ਜਰਮਨ ਵਿਚਾਰਧਾਰਕਾਂ ਅਨੁਸਾਰ ਜਰਮਨੀ ਪਿਛਲੇ ਕੁੱਝ ਵਰ੍ਹਿਆਂ ਵਿੱਚ ਇੱਕ ਬੇਮਿਸਾਲ ਕਾਇਆ-ਪਲਟ ਵਿਚੋਂ ਲੰਘਿਆ ਹੈ। ਹੀਗਲਵਾਦੀ ਪ੍ਰਣਾਲੀ[2] ਦਾ ਅੰਗ-ਭੰਗ ਹੋਣਾ, ਜਿਹੜਾ ਸ਼ਟਰਾਉਸ ਨਾਲ਼ ਸ਼ੁਰੂ ਹੋਇਆ, ਵਿਕਸਤ ਹੋਕੇ ਇੱਕ ਅਜਿਹਾ ਵਿਆਪਕ ਉਭਾਰ ਬਣ ਗਿਆ ਹੈ ਜਿਸ ਵਿੱਚ “ਬੀਤੇ ਦੀਆਂ ਸਭ ਸ਼ਕਤੀਆਂ” ਵਹਿ ਗਈਆਂ ਹਨ। ਆਮ ਗੜਬੜ ਵਿੱਚ ਬਲਵਾਨ ਸਲਤਨਤਾਂ ਉਭਰੀਆਂ ਹਨ ਬਸ ਨਾਸ ਹੋ ਜਾਣ ਲਈ, ਸੂਰਮੇ ਛਿਣ-ਭੰਗਰ ਪ੍ਰਗਟ ਹੋਏ ਹਨ ਵਧੇਰੇ ਦਲੇਰ ਅਤੇ ਮਜ਼ਬੂਤ ਵਿਰੋਧੀਆਂ ਵੱਲੋਂ ਫਿਰ ਗੁੰਮਨਾਮੀ ਵਿੱਚ ਸੁੱਟ ਦਿੱਤੇ ਜਾਣ ਲਈ। ਇਹ ਇੱਕ ਅਜਿਹਾ ਇਨਕਲਾਬ ਸੀ ਜਿਸ ਦੇ ਮੁਕਾਬਲੇ ’ਤੇ ਫ਼ਰਾਂਸੀਸੀ ਇਨਕਲਾਬ ਬੱਚਿਆਂ ਦੀ ਖੇਡ ਸੀ, ਇੱਕ ਸੰਸਾਰ ਪੱਧਰ ਦਾ ਘੋਲ, ਜਿਸ ਦੇ ਮੁਕਾਬਲੇ ਉੱਤੇ ਦਿਆਦੋਚੀਆਂ[3] ਦੇ ਘੋਲ਼ ਨਿਗੂਣੇ ਜਾਪਦੇ ਹਨ। ਅਸੂਲਾਂ ਨੇ ਇੱਕ ਦੂਜੇ ਨੂੰ ਮੈਦਾਨੋਂ ਕੱਢ ਦਿੱਤਾ, ਬੌਧਕ ਸੂਰਮਿਆਂ ਨੇ ਬੇਮਿਸਾਲ ਤੀਖਣਤਾ ਨਾਲ਼ ਇੱਕ ਦੂਜੇ ਦਾ ਤਖ਼ਤਾ ਉਲਟਾ ਦਿੱਤਾ ਅਤੇ 1842-45 ਦੇ ਤਿੰਨਾਂ ਵਰ੍ਹਿਆਂ ਵਿੱਚ ਜਰਮਨੀ ਵਿੱਚ ਇੰਨਾਂ ਕੁੱਝ ਸਾਫ਼ ਕਰ ਦਿੱਤਾ ਗਿਆ, ਜਿੰਨਾਂ ਕੁੱਝ ਹੋਰਨਾਂ ਸਮਿਆਂ ’ਤੇ ਤਿੰਨਾਂ ਸਦੀਆਂ ਵਿੱਚ ਹੁੰਦਾ ਹੈ।

ਇਹ ਸਭ ਕੁੱਝ ਖ਼ਾਲਸ ਸੋਚ ਦੇ ਖੇਤਰ ਵਿੱਚ ਹੋਇਆ ਸਮਝਿਆ ਜਾਂਦਾ ਹੈ।

ਨਿਸ਼ਚੇ ਹੀ ਸਾਡਾ ਵਾਹ ਇੱਕ ਰੋਚਕ ਮਸਲੇ ਨਾਲ਼ ਹੈ: ਨਿਰਪੇਖ ਭਾਵਨਾ ਦਾ

---

⇨ ਜਰਮਨ ਦਾਰਸ਼ਨਿਕ ਸੋਚਾਂ, ਵਿਚਾਰਾਂ ਅਤੇ ਸੰਕਲਪਾਂ ਦੇ ਗ਼ਲਬੇ ਵਿਰੁੱਧ ਰੋਸ ਪ੍ਰਗਟ ਕਰਦੇ ਹਨ, ਜਿਸ ਨੇ ਉਹਨਾਂ ਦੇ ਖ਼ਿਆਲ ਅਨੁਸਾਰ, ਅਰਥਾਤ, **ਹੀਗਲ ਦੇ ਭਰਮ** ਅਨੁਸਾਰ ਹੁਣ ਤੱਕ ਯਥਾਰਥਕ ਦੁਨੀਆਂ ਨੂੰ ਪੈਦਾ ਕੀਤਾ, ਮਿਥਿਆ ਅਤੇ ਇਸ ਉੱਤੇ ਗ਼ਲਬਾ ਪਾਈ ਰੱਖਿਆ। ਉਹ ਆਪਣਾ ਰੋਸ ਪ੍ਰਗਟ ਕਰਦੇ ਹਨ ਅਤੇ ਖ਼ਤਮ ਹੋ ਜਾਂਦੇ ਹਨ [...]।

ਹੀਗਲ ਦੀ ਪ੍ਰਣਾਲੀ ਅਨੁਸਾਰ ਵਿਚਾਰਾਂ, ਸੋਚਾਂ ਅਤੇ ਸੰਕਲਪਾਂ ਨੇ ਮਨੁੱਖਾਂ ਦੀ ਯਥਾਰਥਕ ਦੁਨੀਆਂ ਨੂੰ, ਉਹਨਾਂ ਦੀ ਪਦਾਰਥਕ ਦੁਨੀਆਂ ਨੂੰ, ਉਹਨਾਂ ਦੇ ਅਸਲੀ ਸਬੰਧਾਂ ਨੂੰ ਪੈਦਾ ਕੀਤਾ, ਮਿਥਿਆ ਅਤੇ ਇਹਦੇ ਉੱਤੇ ਹਾਵੀ ਰਹੇ ਹਨ। ਉਹਦੇ ਬਾਗ਼ੀ ਸ਼ਿਸ਼ ਇਹਨੂੰ ਇਸੇ ਤਰ੍ਹਾਂ ਲੈਂਦੇ ਹਨ [...]।” **—ਸੰਪਾ.**

ਬੁਸਣਾ। ਜਦੋਂ ਇਹਦੀ ਜ਼ਿੰਦਗੀ ਦੀ ਅਖ਼ੀਰੀ ਚਿਣਗ ਬੁਝ ਗਈ ਤਾਂ ਇਸ caput mort-uum* ਦੇ ਵੱਖ ਵੱਖ ਅੰਸ਼ ਅੰਗ-ਭੰਗ ਹੋਣ ਲੱਗ ਪਏ, ਉਹ ਨਵੇਂ ਜੁੱਟ ਵਿੱਚ ਜੁੜ ਗਏ ਅਤੇ ਉਹਨਾਂ ਨਵੇਂ ਪਦਾਰਥ ਬਣਾਏ। ਦਰਸ਼ਨ ਦੇ ਸਨਅਤਕਾਰ, ਜਿਹੜੇ ਹੁਣ ਤੱਕ ਨਿਰਪੇਖ ਭਾਵਨਾ ਨੂੰ ਵਰਤ ਕੇ ਜੀ ਰਹੇ ਸਨ, ਨਵੇਂ ਜੁੱਟਾਂ ਉੱਤੇ ਟੁੱਟ ਪਏ। ਹਰ ਇੱਕ ਨੇ ਵੱਧ ਤੋਂ ਵੱਧ ਸੰਭਵ ਉੱਦਮ ਨਾਲ਼ ਆਪਣੀ ਵੰਡੀ 'ਚ ਆਏ ਹਿੱਸੇ ਦੀ ਪ੍ਰਚੂਨ ਵਿਕਰੀ ਸ਼ੁਰੂ ਕਰ ਦਿੱਤੀ। ਇਹਦੇ ਕਾਰਨ ਮੁਕਾਬਲਾ ਪੈਦਾ ਹੋਣਾ ਹੀ ਸੀ, ਜਿਹੜਾ ਮੁੱਢ ਵਿੱਚ, ਸੰਜਮੀ ਸਾਊ ਅਤੇ ਗੰਭੀਰ ਢੰਗ ਨਾਲ਼ ਚਲਾਇਆ ਗਿਆ। ਪਿੱਛੋਂ ਜਾਕੇ, ਜਦੋਂ ਜਰਮਨ ਮੰਡੀ ਨੱਕੋ ਨੱਕ ਭਰ ਗਈ ਅਤੇ ਪੂਰੇ ਯਤਨਾਂ ਦੇ ਬਾਵਜੂਦ ਸੰਸਾਰ ਮੰਡੀ ਵਿੱਚ ਵਸਤ ਦੀ ਕਦਰ ਨਾ ਪਈ ਤਾਂ ਨਾਲ਼ ਸਸਤੇ ਅਤੇ ਨਕਲੀ ਉਤਪਾਦਨ, ਪੱਧਰ ਡੇਗਣ, ਕੱਚੇ ਮਾਲ ਵਿੱਚ ਮਿਲਾਵਟ ਕਰਨ, ਝੂਠੇ ਲੇਬਲ ਲਾਉਣ, ਨਕਲੀ ਖਰੀਦਾਂ, ਹੁੰਡੀਆਂ ਦੀ ਆੜ੍ਹਤ ਅਤੇ ਕਿਸੇ ਯਥਾਰਥਕ ਆਧਾਰ ਤੋਂ ਵਿਰਵੀ ਉਧਾਰ ਪ੍ਰਣਾਲੀ ਦੇ ਸਾਧਾਰਨ ਜਰਮਨ ਢੰਗ ਰਾਹੀਂ ਵਪਾਰ ਖ਼ਰਾਬ ਕੀਤਾ ਗਿਆ। ਮੁਕਾਬਲਾ ਜ਼ਬਰਦਸਤ ਘੋਲ਼ ਵਿੱਚ ਤਬਦੀਲ ਹੋ ਗਿਆ, ਜਿਸਦੀ ਹੁਣ ਸਾਡੇ ਸਾਹਮਣੇ ਸੰਸਾਰ ਮਹੱਤਤਾ ਵਾਲ਼ੀ ਉਥਲ ਪੁਥਲ ਵਜੋਂ, ਅਤਿਅੰਤ ਅਦੁੱਤੀ ਸਿੱਟਿਆਂ ਅਤੇ ਪ੍ਰਾਪਤੀਆਂ ਦੇ ਜਨਮ-ਦਾਤੇ ਵਜੋਂ ਵਡਿਆਈ ਅਤੇ ਵਿਆਖਿਆ ਕੀਤੀ ਜਾ ਰਹੀ ਹੈ।

ਜੇ ਅਸੀਂ ਇਸ ਦਾਰਸ਼ਨਿਕ ਦੰਭ ਦਾ, ਜਿਹੜਾ ਇਮਾਨਦਾਰ ਜਰਮਨ ਨਾਗਰਿਕ ਦੀ ਛਾਤੀ ਵਿੱਚ ਵੀ ਦੇਸ਼-ਭਗਤਕ ਭਾਵਨਾ ਦੀ ਲੋਅ ਪੈਦਾ ਕਰਦਾ ਹੈ, ਇਹਦੀ ਅਸਲੀ ਕਦਰ ਅਨੁਸਾਰ ਮੁੱਲ ਪਾਉਣਾ ਚਾਹੁੰਦੇ ਹਾਂ, ਜੇ ਅਸੀਂ ਸਮੁੱਚੀ ਨੌਜਵਾਨ-ਹੀਗਲਵਾਦੀ ਲਹਿਰ ਦੀ ਤੁੱਛਤਾ, ਸੌੜੀ ਤੰਗ-ਨਜ਼ਰੀ ਅਤੇ ਵਿਸ਼ੇਸ਼ ਤੌਰ 'ਤੇ ਇਹਨਾਂ ਸੂਰਮਿਆਂ ਦੇ ਆਪਣੀਆਂ ਪ੍ਰਾਪਤੀਆਂ ਬਾਰੇ ਭਰਮਾਂ ਅਤੇ ਖ਼ੁਦ ਪ੍ਰਾਪਤੀਆਂ ਵਿਚਕਾਰ ਤ੍ਰਾਸ-ਕਾਮੇਦੀ ਫ਼ਰਕ ਨੂੰ ਸਾਫ਼ ਤਰ੍ਹਾਂ ਸਾਹਮਣੇ ਲਿਆਉਣਾ ਚਾਹੁੰਦੇ ਹਾਂ ਤਾਂ ਇਸ ਸਾਰੇ ਨਾਟਕ ਉੱਤੇ ਸਾਨੂੰ ਜਰਮਨੀ ਦੀਆਂ ਸਰਹੱਦਾਂ ਤੋਂ ਬਾਹਰ ਦੇ ਦ੍ਰਿਸ਼ਟੀਕੋਣ ਤੋਂ ਵੇਖਣਾ ਪਵੇਗਾ।**

---

* ਲਫ਼ਜ਼ੀ ਅਰਥ: ਮੁਰਦਾ ਸਿਰ; ਰਸਾਇਣ ਵਿਗਿਆਨ ਵਿੱਚ ਇਹ ਕਸ਼ੀਦਣ ਦੀ ਕਿਰਿਆ ਪਿੱਛੋਂ ਰਹਿ ਗਏ ਪਦਾਰਥ ਲਈ ਵਰਤੀ ਜਾਂਦੀ ਹੈ; ਇੱਥੇ: ਬਚਿਆ ਖੁਚਿਆ ਰਹਿੰਦ-ਖੂੰਹਦ। **—ਸੰਪਾ.**

** [ਸਾਫ਼ ਨਕਲ ਦੇ ਪਹਿਲੇ ਪਾਠ ਵਿੱਚ ਇੱਕ ਹੋਰ ਹਿੱਸਾ ਆਉਂਦਾ ਹੈ, ਜਿਹੜਾ ਕੱਟ ਦਿੱਤਾ ਗਿਆ ਹੈ:]

"[ਪੰਨਾ 2] ਇਸ ਲਈ ਅਸੀਂ ਇਸ ਲਹਿਰ ਦੇ ਵਿਕੋਲਤ੍ਰੇ ਪ੍ਰਤਿਨਿਧਾਂ ਉੱਤੇ ਵਿਸ਼ੇਸ਼ ਪੜਚੋਲ ਤੋਂ ਪਹਿਲਾਂ ਕੁੱਝ ਆਮ ਵਿਚਾਰ ਪੇਸ਼ ਕਰਨਾ ਚਾਹੁੰਦੇ ਹਾਂ, ਜਿਹੜੇ ਉਹਨਾਂ ਸਭਨਾਂ ਵਿੱਚ ਸਾਂਝੇ ਵਿਚਾਰਧਾਰਕ ਆਧਾਰਾਂ ਨੂੰ ਸਪਸ਼ਟ ਕਰਦੇ ਹਨ। ਇਹ ਕਥਨ ਸਾਡੀ ਪੜਚੋਲ ਦੇ ਦ੍ਰਿਸ਼ਟੀਕੋਣ ਵਲ, ਜਿਥੋਂ ਤਕ ਇਹਦੀਆਂ ਪਿੱਛੋਂ ਆਉਣ ਵਾਲ਼ੇ ਵਿਅਕਤੀਆਂ ਬਾਰੇ ਪੜਚੋਲਾਂ ਸਮਝਣ ਅਤੇ ਉਹਨਾਂ ਲਈ ਪ੍ਰੇਰਨਾਵਾਂ ਜਾਣਨ ਲਈ ਲੋੜ ਹੈ, ਸੰਕੇਤ ਕਰਨ ਲਈ ਕਾਫ਼ੀ ਹੋਣਗੇ। ਅਸੀਂ ਇਹ ਕਥਨ [ਪੰਨਾ 3] ਵਿਸ਼ੇਸ਼ ਤੌਰ 'ਤੇ **ਫ਼ਿਉਰਬਾਖ਼** ਵਿਰੁੱਧ ਪੇਸ਼ ਕਰ ਰਹੇ ਹਾਂ, ਕਿਉਂਕਿ ਉਹ ਇੱਕੋ ਇੱਕ ਹੈ ਜਿਸਨੇ ਘੱਟੋ ਘੱਟ ਕੁੱਝ ਉੱਨਤੀ ਕੀਤੀ ਹੈ ਅਤੇ ਜਿਸਦੀਆਂ ਕਿਰਤਾਂ de bonne foi (ਖ਼ੂਬ ਚੰਗੀ ਤਰ੍ਹਾਂ) ਪੜਤਾਲੀਆਂ ਜਾ ਸਕਦੀਆਂ ਹਨ। ⇒

## [1] ਵਿਚਾਰਧਾਰਾ ਆਮ ਤੌਰ 'ਤੇ, ਜਰਮਨ ਵਿਚਾਰਧਾਰਾ ਖ਼ਾਸ ਤੌਰ 'ਤੇ

[ਸ਼. 2] ਆਪਣੇ ਨਵੀਨਤਮ ਯਤਨਾਂ ਤੱਕ ਜਰਮਨ ਪੜਚੋਲ ਨੇ ਕਦੀ ਦਰਸ਼ਨ ਦਾ ਖੇਤਰ ਨਹੀਂ ਛੱਡਿਆ। ਇਹ ਕਿਸੇ ਵੀ ਤਰ੍ਹਾਂ ਆਪਣੇ ਆਮ ਦਾਰਸ਼ਨਿਕ ਆਧਾਰਾਂ ਨੂੰ ਨਹੀਂ ਪਰਖਦੀ, ਸਗੋਂ ਤੱਥ ਤਾਂ ਇਹ ਹੈ ਕਿ ਇਹਦੇ ਸਾਰੇ ਮਸਲੇ ਇੱਕ ਸਪਸ਼ਟ ਦਾਰਸ਼ਨਿਕ ਪ੍ਰਣਾਲੀ, ਹੀਗਲ ਦੀ ਪ੍ਰਣਾਲੀ, ਵਿਚੋਂ ਉਪਜਦੇ ਹਨ। ਨਾ ਕੇਵਲ ਇਹਦੇ ਉੱਤਰਾਂ ਵਿੱਚ ਹੀ, ਸਗੋਂ ਇਹਦੇ ਪ੍ਰਸ਼ਨਾਂ ਵਿੱਚ ਵੀ ਬੌਂਦਲਾਹਟ ਹੈ। ਹੀਗਲ ਉੱਤੇ ਇਹ ਨਿਰਭਰਤਾ ਇਸ ਗੱਲ ਦਾ ਕਾਰਨ ਹੈ ਕਿ ਇਹਨਾਂ ਨਵੇਂ ਪੜਚੋਲੀਆਂ ਵਿਚੋਂ ਇੱਕ ਨੇ ਵੀ ਹੀਗਲ ਦੀ ਪ੍ਰਣਾਲੀ ਦੀ ਸਰਬੰਗੀ ਪੜਚੋਲ ਕਰਨ ਦਾ ਯਤਨ ਤੱਕ ਨਹੀਂ ਕੀਤਾ, ਭਾਵੇਂ ਹਰ ਇੱਕ ਹੀਗਲ ਤੋਂ ਅੱਗੇ ਵਧੇ ਹੋਣ ਦਾ ਕਿੰਨਾਂ ਦਾਹਵਾ ਕਿਉਂ ਨਾ ਕਰੇ। ਹੀਗਲ ਵਿਰੁੱਧ ਅਤੇ ਇੱਕ ਦੂਜੇ ਵਿਰੁੱਧ ਉਹਨਾਂ ਦੇ ਵਿਵਾਦ ਇਸ ਗੱਲ ਤੱਕ ਸੀਮਤ ਹਨ—ਹਰ ਇੱਕ ਹੀਗਲਵਾਦੀ ਪ੍ਰਣਾਲੀ ਦਾ ਇੱਕ ਪੱਖ ਲੈ ਲੈਂਦਾ ਹੈ ਅਤੇ ਇਹਨੂੰ ਪੂਰੀ ਪ੍ਰਣਾਲੀ ਵਿਰੁੱਧ ਅਤੇ ਹੋਰਨਾਂ ਵੱਲੋਂ ਚੁਣੇ ਪੱਖਾਂ ਵਿਰੁੱਧ ਮੋੜ ਦੇਂਦਾ ਹੈ। ਮੁੱਢ ਵਿੱਚ ਉਹਨਾਂ ਖ਼ਾਲਸ, ਅਣਵਿਗੜੇ ਹੀਗਲਵਾਦੀ ਪ੍ਰਾਵਰਗ ਲਏ, ਜਿਵੇਂ ਕਿ "ਤੱਤ" ਅਤੇ "ਸਵੈ–ਚੇਤਨਤਾ"*, ਪਿਛੋਂ ਜਾਕੇ ਉਹਨਾਂ ਇਹਨਾਂ ਪ੍ਰਾਵਰਗਾਂ ਨੂੰ ਵਧੇਰੇ ਸੰਸਾਰਕ ਨਾਂ ਦੇਕੇ, ਜਿਹਾ ਕਿ "ਜਾਤੀ", "ਅਦੁੱਤੀ", "ਮਨੁੱਖ" ਆਦਿ ਉਹਨਾਂ ਨੂੰ ਧਰਮ–ਨਿਰਪੇਖ ਬਣਾਇਆ।**

ਸ਼ਟਰਾਊਸ ਤੋਂ ਲੈਕੇ ਸ਼ਟਿਰਨਰ ਤੱਕ ਜਰਮਨ ਦਾਰਸ਼ਨਿਕ ਪੜਚੋਲ ਦਾ ਸਮੁੱਚਾ ਸਮੂਹ **ਧਾਰਮਕ** ਸੰਕਲਪਾਂ ਦੀ ਪੜਚੋਲ ਤੱਕ ਸੀਮਤ ਹੈ।*** ਪੜਚੋਲੀਆਂ ਨੇ ਵਾਸਤਵਿਕ

---

☞ **1. ਵਿਚਾਰਧਾਰਾ ਆਮ ਤੌਰ 'ਤੇ ਅਤੇ ਵਿਸ਼ੇਸ਼ ਤੌਰ 'ਤੇ ਜਰਮਨ ਦਰਸ਼ਨ**

ੳ. ਅਸੀਂ ਕੇਵਲ ਇੱਕੋ ਵਿਗਿਆਨ ਜਾਣਦੇ ਹਾਂ, ਇਤਿਹਾਸ ਦਾ ਵਿਗਿਆਨ। ਬੰਦਾ ਇਤਿਹਾਸ ਉੱਤੇ ਦੋ ਪਾਸਿਆਂ ਤੋਂ ਵੇਖ ਸਕਦਾ ਹੈ ਅਤੇ ਇਹ ਨੂੰ ਕੁਦਰਤ ਦੇ ਇਤਿਹਾਸ ਅਤੇ ਮਨੁੱਖਾਂ ਦੇ ਇਤਿਹਾਸ ਵਿੱਚ ਵੰਡ ਸਕਦਾ ਹੈ। ਪਰ ਦੋਵੇਂ ਪੱਖ ਅਨਿੱਖੜਵੇਂ ਹਨ: ਜਿੰਨਾ ਚਿਰ ਮਨੁੱਖਾਂ ਦੀ ਹੋਂਦ ਹੈ, ਪ੍ਰਕਿਰਤੀ ਦਾ ਇਤਿਹਾਸ ਅਤੇ ਮਨੁੱਖਾਂ ਦਾ ਇਤਿਹਾਸ ਇੱਕ ਦੂਜੇ ਉੱਤੇ ਨਿਰਭਰ ਹਨ। ਇੱਥੇ ਸਾਡਾ ਕੁਦਰਤ ਦੇ ਇਤਿਹਾਸ ਨਾਲ਼, ਜਿਸ ਨੂੰ ਕੁਦਰਤ ਵਿਗਿਆਨ ਕਿਹਾ ਜਾਂਦਾ ਹੈ, ਕੋਈ ਸਬੰਧ ਨਹੀਂ, ਪਰ ਸਾਨੂੰ ਮਨੁੱਖਾਂ ਦੇ ਇਤਿਹਾਸ ਦੀ ਪੜਤਾਲ ਕਰਨੀ ਪਵੇਗੀ ਕਿਉਂਕਿ ਲਗਭਗ ਸਮੁੱਚੀ ਵਿਚਾਰਧਾਰਾ ਜਾਂ ਤਾਂ ਇਸ ਇਤਿਹਾਸ ਦਾ ਵਿਗੜਿਆ ਸੰਕਲਪ ਜਾਂ ਫਿਰ ਇਸ ਵਿੱਚੋਂ ਮੁਕੰਮਲ ਅਮੂਰਤੀਕਰਨ ਹੋ ਕੇ ਰਹਿ ਜਾਂਦੀ ਹੈ। ਖ਼ੁਦ ਵਿਚਾਰਧਾਰਾ ਇਤਿਹਾਸ ਦਾ ਕੇਵਲ ਇੱਕ ਪੱਖ ਹੈ।"

[ਇਸ ਤੋਂ ਪਿੱਛੋਂ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੇ ਆਧਾਰਾਂ ਬਾਰੇ ਇੱਕ ਹਿੱਸਾ ਆਉਂਦਾ ਹੈ। ਇਹ ਕਟਿਆ ਨਹੀਂ ਗਿਆ ਅਤੇ ਇਸ ਸੈਂਚੀ ਵਿੱਚ ਇਹ ਭਾਗ 2 ਵਜੋਂ ਦਿੱਤਾ ਗਿਆ ਹੈ; ਵੇਖੋ ਪੰਨੇ 29–32] **—ਸੰਪਾ.**

* ਡੇਵਿਡ ਫ਼ਰੈਡਰਿਕ ਸ਼ਟਰਾਊਸ ਅਤੇ ਬਰੂਨੋ ਬਾਵੇਰ ਦੇ ਬੁਨਿਆਦੀ ਪ੍ਰਾਵਰਗ। **—ਸੰਪਾ.**

** ਲੁਡਵਿਗ ਫ਼ਿਉਰਬਾਖ਼ ਅਤੇ ਮੈਕਸ ਸ਼ਟਿਰਨਰ ਦੇ ਬੁਨਿਆਦੀ ਪ੍ਰਾਵਰਗ। **—ਸੰਪਾ.**

*** [ਹੇਠ ਲਿਖਿਆ ਹਿੱਸਾ ਖਰੜੇ ਵਿੱਚ ਕਟਿਆ ਹੋਇਆ ਹੈ:] "ਸਭਨਾਂ ਬੁਰਾਈਆਂ ਤੋਂ ਸੰਸਾਰ ਦਾ ਨਿਰਪੇਖ ਮੁਕਤੀ–ਦਾਤਾ ਹੋਣ ਦਾ ਦਾਅਵਾ ਕਰਦੇ ਹੋਏ, ਧਰਮ ਨੂੰ ਨਿਰੰਤਰ ਸਭ ਤੋਂ ਵੱਡੇ ☞

ਧਰਮ ਅਤੇ ਧਰਮ-ਵਿਦਿਆ ਤੋਂ ਮੁੱਢ ਬੰਨ੍ਹਿਆ। ਧਾਰਮਕ ਚੇਤਨਤਾ ਅਤੇ ਧਾਰਮਕ ਸੰਕਲਪ ਕੀ ਹਨ, ਇਹ ਪਿੱਛੋਂ ਜਾਕੇ ਵੱਖ ਵੱਖ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ। ਉੱਨਤੀ ਅਖੌਤੀ ਪ੍ਰਬਲ ਅਧਿਆਤਮਕ, ਸਿਆਸੀ, ਕਨੂੰਨੀ, ਸਦਾਚਾਰਕ ਅਤੇ ਹੋਰ ਸੰਕਲਪਾਂ ਨੂੰ ਧਾਰਮਕ ਜਾਂ ਧਰਮ-ਵਿਦਿਅਕ ਸੰਕਲਪਾਂ ਦੇ ਪ੍ਰਾਵਰਗ ਵਿੱਚ ਸ਼ਾਮਲ ਕਰਨ ਵਿੱਚ ਸੀ; ਇਸੇ ਤਰ੍ਹਾਂ ਇਹ ਐਲਾਨ ਕਰਨ ਵਿੱਚ ਕਿ ਸਿਆਸੀ, ਕਨੂੰਨੀ ਅਤੇ ਸਦਾਚਾਰਕ ਚੇਤਨਤਾ ਧਾਰਮਕ ਅਤੇ ਧਰਮ-ਵਿਦਿਅਕ ਚੇਤਨਤਾ ਸੀ, ਅਤੇ ਇਹ ਕਿ ਸਿਆਸੀ, ਕਨੂੰਨੀ ਅਤੇ ਸਦਾਚਾਰਕ ਮਨੁੱਖ — ਅਖ਼ੀਰੀ ਅਰਥਾਂ ਵਿੱਚ "ਮਨੁੱਖ" — ਧਾਰਮਕ ਸੀ। ਧਰਮ ਦੀ ਪ੍ਰਬਲਤਾ ਪਹਿਲੋਂ ਹੀ ਮੰਨ ਲਈ ਗਈ ਸੀ। ਹੌਲੀ ਹੌਲੀ ਹਰ ਪ੍ਰਬਲ ਸਬੰਧ ਦੇ ਧਾਰਮਕ ਸਬੰਧ ਹੋਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਇਹਨੂੰ ਇੱਕ ਸੰਪ੍ਰਦਾ ਵਿੱਚ ਤਬਦੀਲ ਕਰ ਦਿੱਤਾ ਗਿਆ, ਕਨੂੰਨ ਦਾ ਸੰਪ੍ਰਦਾ, ਰਾਜ ਦਾ ਸੰਪ੍ਰਦਾ ਆਦਿ। ਇਹ ਸਦਾ ਹੀ ਕੇਵਲ ਮੱਤਾਂ ਅਤੇ ਮੱਤਾਂ ਵਿੱਚ ਨਿਸ਼ਚੇ ਦਾ ਮਸਲਾ ਰਿਹਾ ਹੈ। ਸੰਸਾਰ ਨੂੰ ਸਦਾ ਵਧਦੀ ਹੱਦ ਤੱਕ ਪਵਿੱਤਰ ਬਣਾਇਆ ਗਿਆ, ਇੱਥੋਂ ਤਰ ਕਿ ਅਖ਼ੀਰ ਸਤਿਕਾਰਯੋਗ ਸੇਂਟ ਮੈਕਸ* ਨੇ ਇਹਨੂੰ **ਸਮੁੱਚੇ ਤੌਰ 'ਤੇ** ਪਵਿੱਤਰ ਬੀੜ ਦਾ ਰੂਪ ਦੇ ਦਿੱਤਾ ਅਤੇ ਇਉਂ ਇਹਦਾ ਸਦਾ ਲਈ ਨਬੇੜਾ ਕਰ ਦਿੱਤਾ।

ਜਦੋਂ ਉਹਨਾਂ ਨੂੰ ਹੀਗਲਵਾਦੀ ਮੰਤਕੀ ਪ੍ਰਾਵਰਗ ਤੱਕ ਘਟਾ ਦਿੱਤਾ ਜਾਂਦਾ ਸੀ ਤਾਂ ਪੁਰਾਣੇ ਹੀਗਲਵਾਦੀ ਸਭਨਾਂ ਗੱਲਾਂ ਨੂੰ **ਸਮਝ** ਲੈਂਦੇ। ਨੌਜਵਾਨ ਹੀਗਲਵਾਦੀ ਹਰ ਸ਼ੈਅ ਸਿਰ ਧਾਰਮਕ ਸੰਕਲਪ ਮੜ੍ਹ ਕੇ ਜਾਂ ਇਹ ਕਹਿ ਕੇ ਇਹ ਧਰਮ-ਵਿਦਿਅਕ ਮਾਮਲਾ ਸੀ, ਉਹਦੇ ਉੱਤੇ **ਪੜਚੋਲ ਕਰਦੇ**। ਨੌਜਵਾਨ ਹੀਗਲਵਾਦੀ ਵਿਦਮਾਨ ਸੰਸਾਰ ਵਿੱਚ ਧਰਮ ਦੀ, ਸੰਕਲਪਾਂ ਦੀ, ਇੱਕ ਸਰਬ-ਵਿਆਪਕ ਨਿਯਮ ਦੀ ਹਕੂਮਤ ਵਿੱਚ ਨਿਸ਼ਚੇ ਸਬੰਧੀ ਪੁਰਾਣੇ ਹੀਗਲਵਾਦੀਆਂ ਨਾਲ਼ ਸਹਿਮਤ ਹਨ। ਫ਼ਰਕ ਇਹ ਹੈ ਕਿ ਇੱਕ ਧਿਰ ਇਸ ਹਕੂਮਤ ਨੂੰ ਨਾਜਾਇਜ਼ ਕਬਜ਼ਾ ਕਹਿ ਕੇ ਇਸ ਉੱਤੇ ਹਮਲਾ ਕਰਦੀ ਹੈ ਅਤੇ ਦੂਜੀ ਇਹਨੂੰ ਜਾਇਜ਼ ਕਹਿ ਕੇ ਵਡਿਆਉਂਦੀ ਹੈ।

ਕਿਉਂਕਿ ਨੌਜਵਾਨ ਹੀਗਲਵਾਦੀ ਸੰਕਲਪਾਂ, ਸੋਚਾਂ, ਵਿਚਾਰਾਂ, ਅਸਲ ਵਿੱਚ ਚੇਤਨਤਾ ਦੀਆਂ ਸਭਨਾਂ ਉਪਜਾਂ ਨੂੰ, ਜਿਨ੍ਹਾਂ ਉਹ ਸੁਤੰਤਰ ਹੋਂਦ ਮੜ੍ਹਦੇ ਹਨ, ਮਨੁੱਖ ਦੀਆਂ ਅਸਲ ਜ਼ੰਜੀਰਾਂ ਸਮਝਦੇ ਹਨ (ਐਨ ਉਸੇ ਤਰ੍ਹਾਂ ਜਿਵੇਂ ਪੁਰਾਣੇ ਹੀਗਲਵਾਦੀ ਉਹਨਾਂ ਨੂੰ ਮਨੁੱਖੀ ਸਮਾਜ ਦੀਆਂ ਸੱਚੀਆਂ ਕੜੀਆਂ ਸਮਝਦੇ ਸਨ), ਇਹ ਸਪਸ਼ਟ ਹੈ ਕਿ ਨਵੇਂ ਹੀਗਲਵਾਦੀਆਂ ਨੂੰ ਕੇਵਲ ਚੇਤਨਤਾ ਦੇ ਇਹਨਾਂ ਭਰਮਾਂ ਵਿਰੁੱਧ ਹੀ ਲੜਨਾ ਪੈਣਾ ਹੈ। ਕਿਉਂਕਿ ਉਹਨਾਂ ਦੇ ਸਨਕ ਅਨੁਸਾਰ ਮਨੁੱਖਾਂ ਦੇ ਸਬੰਧ, ਉਹਨਾਂ ਦੇ ਸਾਰੇ ਕਾਰਜ, ਉਹਨਾਂ ਦੇ ਸੰਗਲ ਅਤੇ ਉਹਨਾਂ ਦੀਆਂ ਮਜਬੂਰੀਆਂ ਉਹਨਾਂ ਦੀ ਚੇਤਨਤਾ ਦੀਆਂ ਉਪਜਾਂ ਹਨ, ਨਵੇਂ ਹੀਗਲਵਾਦੀ ਮੰਤਕੀ ਤੌਰ 'ਤੇ ਮਨੁੱਖਾਂ ਸਾਹਮਣੇ ਆਪਣੀ ਅਜੋਕੀ ਚੇਤਨਤਾ ਨੂੰ ਮਨੁੱਖੀ,

⇨ ਦੁਸ਼ਮਣ, ਇਹਨਾਂ ਦਾਰਸ਼ਨਿਕਾਂ ਲਈ ਘ੍ਰਿਣਤ ਸਭਨਾਂ ਸਬੰਧਾਂ ਦੇ ਅੰਤਮ ਕਾਰਨ ਸਮਝਿਆ ਗਿਆ ਅਤੇ ਉਸ ਵੱਲ ਇਸੇ ਤਰ੍ਹਾਂ ਵਰਤਿਆ ਗਿਆ।"—**ਸੰਪਾ.**

* ਮੈਕਸ ਸ਼ਟਿਰਨਰ। -**ਸੰਪਾ.**

ਪੜਚੋਲੀਆ ਜਾਂ ਹਉਂਵਾਦ ਚੇਤਨਤਾ* ਨਾਲ ਤਬਦੀਲ ਕਰ ਲੈਣ ਅਤੇ ਇਉਂ ਆਪਣੀਆਂ ਮਜਬੂਰੀਆਂ ਦੂਰ ਕਰ ਲੈਣ ਦੀ ਸਦਾਚਾਰਕ ਮੁਢਲੀ ਮਾਨਤਾ ਰੱਖਦੇ ਹਨ। ਚੇਤਨਤਾ ਤਬਦੀਲ ਕਰਨ ਦੀ ਇਹ ਮੰਗ ਵਿਦਮਾਨ ਸੰਸਾਰ ਦੀ ਇੱਕ ਵੱਖਰੇ ਢੰਗ ਨਾਲ਼ ਵਿਆਖਿਆ ਕਰਨ ਦੀ, ਅਰਥਾਤ, ਇਹਨੂੰ ਇੱਕ ਵੱਖਰੀ ਵਿਆਖਿਆ ਰਾਹੀਂ ਪਛਾਣਨ ਦੀ ਮੰਗ ਦੇ ਤੁਲ ਹੈ। ਨਵੇਂ ਹੀਗਲਵਾਦੀ ਵਿਚਾਰਧਾਰਕ, ਆਪਣੇ ਅਖੌਤੀ "ਯੁਗ-ਪਲਟਾਊ"[4] ਵਾਕੰਸ਼ਾਂ ਦੇ ਬਾਵਜੂਦ, ਅਤਿਅੰਤ ਕੱਟੜ ਪੁਰਾਤਨ-ਖ਼ਿਆਲੀਆਂ ਵਿੱਚੋਂ ਹਨ। ਉਹਨਾਂ ਵਿੱਚ ਸਭ ਤੋਂ ਸਜਰਿਆਂ ਨੇ ਇਹ ਕਹਿ ਕੇ, ਉਹ "**ਵਾਕੰਸ਼ਾਂ**" ਵਿਰੁੱਧ ਲੜ ਰਹੇ ਹਨ, ਆਪਣੀ ਸਰਗਰਮੀ ਲਈ ਠੀਕ ਪ੍ਰਗਟਾਅ ਲਭ ਲਿਆ ਹੈ। ਪਰ ਉਹ ਇਹ ਗੱਲ ਭੁਲ ਜਾਂਦੇ ਹਨ ਕਿ ਉਹ ਇਹਨਾਂ ਵਾਕੰਸ਼ਾਂ ਦੇ ਵਿਰੋਧ ਵਿੱਚ ਕੇਵਲ ਵਾਕੰਸ਼ ਹੀ ਪੇਸ਼ ਕਰ ਰਹੇ ਹਨ, ਅਤੇ ਇਹ ਕਿ ਜਦੋਂ ਉਹ ਇਸ ਦੁਨੀਆਂ ਦੇ ਵਾਕੰਸ਼ਾਂ ਵਿਰੁੱਧ ਲੜਦੇ ਹਨ ਤਾਂ ਉਹ ਕਿਸੇ ਵੀ ਤਰ੍ਹਾਂ ਯਥਾਰਥਕ ਵਿਦਮਾਨ ਸੰਸਾਰ ਵਿਰੁੱਧ ਨਹੀਂ ਲੜ ਰਹੇ। ਇਹ ਦਾਰਸ਼ਨਿਕ ਪੜਚੋਲ ਜਿਹੜਾ ਇੱਕੋ ਇੱਕ ਸਿੱਟਾ ਪ੍ਰਾਪਤ ਕਰ ਸਕੀ ਉਹ ਧਾਰਮਕ ਇਤਿਹਾਸ ਦੇ ਪੱਖ ਤੋਂ ਇਸਾਈ ਧਰਮ ਦੇ ਕੁੱਝ (ਅਤੇ ਉਹ ਵੀ ਇੱਕਪਾਸੜ) ਸਪਸ਼ਟੀਕਰਨ ਪ੍ਰਾਪਤ ਕਰਨਾ ਸੀ; ਉਹਨਾਂ ਦੇ ਬਾਕੀ ਸਭ ਕਥਨ ਉਹਨਾਂ ਦੇ ਇਹਨਾਂ ਤੁੱਛ ਸਪਸ਼ਟੀਕਰਨਾਂ ਵਿੱਚ ਸੰਸਾਰ-ਇਤਿਹਾਸਕ ਮਹੱਤਤਾ ਵਾਲੀਆਂ ਲੱਭਤਾਂ ਦੇਣ ਦੇ ਦਾਹਵਿਆਂ ਨੂੰ ਹੋਰ ਸ਼ਿੰਗਾਰਨਾ ਹੀ ਹੈ।

ਇਹਨਾਂ ਦਾਰਸ਼ਨਿਕਾਂ ਵਿਚੋਂ ਕਿਸੇ ਨੂੰ ਨਹੀਂ ਅਹੁੜਿਆ ਕਿ ਉਹ ਜਰਮਨ ਦਰਸ਼ਨ ਅਤੇ ਜਰਮਨ ਯਥਾਰਥ ਵਿਚਕਾਰ ਸਬੰਧ ਨੂੰ, ਉਹਨਾਂ ਦੀ ਆਪਣੀ ਪੜਚੋਲ ਦੇ ਉਹਨਾਂ ਦੇ ਆਪਣੇ ਆਲੇ-ਦੁਆਲੇ ਨਾਲ਼ ਸਬੰਧ ਨੂੰ ਘੋਖੇ।**

## [2. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੇ ਆਧਾਰ]***

[ਪੰਨਾ 3] ਜਿਨ੍ਹਾਂ ਆਧਾਰਾਂ ਤੋਂ ਅਸੀਂ ਮੁਢ ਬੰਨ੍ਹ ਰਹੇ ਹਾਂ ਉਹ ਆਪਹੁਦਰੇ ਆਧਾਰ ਨਹੀਂ, ਮੱਤ ਨਹੀਂ, ਸਗੋਂ ਅਸਲੀ ਆਧਾਰ ਹਨ, ਜਿਨ੍ਹਾਂ ਦੀ ਬੁਨਿਆਦ ਉੱਤੇ ਕੇਵਲ ਕਲਪਨਾ ਵਿੱਚ ਹੀ ਅਮੂਰਤੀਕਰਨ ਕੀਤਾ ਜਾ ਸਕਦਾ ਹੈ। ਇਹ ਹਨ ਯਥਾਰਥਕ ਵਿਅਕਤੀ, ਉਹਨਾਂ ਦੇ ਅਮਲ ਅਤੇ ਉਹਨਾਂ ਦੇ ਜੀਵਨ ਦੀਆਂ ਪਦਾਰਥਕ ਪ੍ਰਸਥਿਤੀਆਂ, ਜਿਹੜੀਆਂ ਉਹਨਾਂ ਨੂੰ ਪਹਿਲਾਂ ਹੀ ਵਿਦਮਾਨ ਮਿਲਦੀਆਂ ਹਨ ਅਤੇ ਜਿਹੜੀਆਂ ਉਹਨਾਂ ਦੀ ਸਰਗਰਮੀ ਪੈਦਾ ਕਰਦੀ ਹੈ, ਦੋਵੇਂ। ਇਸ ਲਈ ਇਹਨਾਂ ਆਧਾਰਾਂ ਦੀ [ਪੰਨਾ 4] ਖ਼ਾਲਸ ਪ੍ਰਯੋਗਕ ਢੰਗ ਨਾਲ਼ ਪਰਖ ਕੀਤੀ ਜਾ ਸਕਦੀ ਹੈ।

ਸਮੁੱਚੇ ਮਨੁੱਖੀ ਇਤਿਹਾਸ ਦਾ ਪਹਿਲਾ ਆਧਾਰ, ਨਿਸ਼ਚੇ ਹੀ, ਜਿਊਂਦੇ ਮਨੁੱਖੀ

---

* ਲੁਡਵਿਗ ਫ਼ਿਉਰਬਾਖ਼, ਬਰੂਨੋ ਬਾਵੇਰ ਅਤੇ ਮੈਕਸ ਸ਼ਟਿਰਨਰ ਵੱਲ ਸੰਕੇਤ। -**ਸੰਪਾ.**

** ਖਰੜੇ ਵਿੱਚ ਬਾਕੀ ਦਾ ਇਹ ਪੰਨਾ ਖ਼ਾਲੀ ਛੱਡ ਦਿੱਤਾ ਗਿਆ ਹੈ। ਅਗਲੇ ਪੰਨੇ ਤੋਂ ਸ਼ੁਰੂ ਹੋਣ ਵਾਲ਼ਾ ਪਾਠ ਇਸ ਸੈਂਚੀ ਵਿੱਚ ਭਾਗ 3 ਦੇ ਤੌਰ 'ਤੇ ਦਿੱਤਾ ਗਿਆ ਹੈ; ਵੇਖੋ ਪੰਨੇ 32-36। -**ਸੰਪਾ.**

*** ਇਸ ਤੋਂ ਅਗਲੇ ਭਾਗ ਦਾ ਪਾਠ ਸਾਫ਼ ਨਕਲ ਦੇ ਪਹਿਲੇ ਪਾਠਾਂਤਰ ਤੋਂ ਲਿਆ ਗਿਆ ਹੈ। -**ਸੰਪਾ.**

ਵਿਅਕਤੀਆਂ ਦੀ ਹੋਂਦ ਹੈ।* ਇਸ ਲਈ ਜਿਹੜੇ ਪਹਿਲੇ ਤੱਥ ਦੀ ਪਰਖ ਕੀਤੀ ਜਾਣੀ ਹੈ ਉਹ ਹਨ ਇਹਨਾਂ ਵਿਅਕਤੀਆਂ ਦੀ ਸਥੂਲ ਜਥੇਬੰਦੀ ਅਤੇ ਇਸ ਤੋਂ ਉਪਜਦੇ ਉਹਨਾਂ ਦੇ ਬਾਕੀ ਦੀ ਕੁਦਰਤ ਨਾਲ਼ ਸਬੰਧ। ਨਿਸ਼ਚੇ ਹੀ ਇੱਥੇ ਅਸੀਂ ਮਨੁੱਖ ਦੇ ਅਸਲ ਸਰੀਰਕ ਖ਼ਾਸੇ ਨੂੰ ਜਾਂ ਉਹਨਾਂ ਕੁਦਰਤੀ ਹਾਲਤਾਂ ਨੂੰ ਜਿਨ੍ਹਾਂ ਵਿੱਚ ਉਹ ਹੁੰਦਾ ਹੈ —ਭੂ-ਗਰਭੀ, ਪ੍ਰਬਤ-ਪਾਣੀ ਜਾਂ ਮੌਸਮੀ ਅਤੇ ਇਤਿਆਦਿ**—ਨੂੰ ਨਹੀਂ ਲੈ ਸਕਦੇ। ਇਤਿਹਾਸ ਦੀਆਂ ਸਭਨਾਂ ਲਿਖਤਾਂ ਨੂੰ ਇਹਨਾਂ ਪ੍ਰਕਿਰਤਕ ਆਧਾਰਾਂ ਤੋਂ ਅਤੇ ਇਤਿਹਾਸ ਦੇ ਪ੍ਰਵਾਹ ਵਿੱਚ ਮਨੁੱਖਾਂ ਦੇ ਅਮਲਾਂ ਰਾਹੀਂ ਉਹਨਾਂ ਵਿੱਚ ਆਈਆਂ ਤਬਦੀਲੀਆਂ ਤੋਂ ਮੁਢ ਬੰਨ੍ਹਣਾ ਚਾਹੀਦਾ ਹੈ।

ਮਨੁੱਖ ਚੇਤਨਤਾ ਰਾਹੀਂ, ਧਰਮ ਰਾਹੀਂ, ਜਾਂ ਕਿਸੇ ਹੋਰ ਗੱਲ ਰਾਹੀਂ, ਜਿਹੜੀ ਤੁਸੀਂ ਚਾਹੋ, ਪਸ਼ੂਆਂ ਤੋਂ ਵਖਰਾਏ ਜਾ ਸਕਦੇ ਹਨ। ਜਿਉਂ ਹੀ ਉਹ ਆਪਣੀ ਉਪਜੀਵਕਾ ਦੇ ਸਾਧਨ **ਪੈਦਾ ਕਰਨ** ਲੱਗ ਪੈਂਦੇ ਹਨ, ਉਹ ਖ਼ੁਦ ਆਪਣੇ ਆਪ ਨੂੰ ਪਸ਼ੂਆਂ ਤੋਂ ਵੱਖਰਾ ਲੈਂਦੇ ਹਨ, ਇਹ ਇੱਕ ਅਜਿਹਾ ਕਦਮ ਹੈ ਜਿਹੜਾ ਉਹਨਾਂ ਦੀ ਸਥੂਲ ਜਥੇਬੰਦੀ ਅਨੁਸਾਰ ਚਲਦਾ ਹੈ।ਆਪਣੀ ਉਪਜੀਵਕਾ ਦੇ ਸਾਧਨ ਉਪਜਾ ਕੇ ਉਹ ਅਸਲ ਵਿੱਚ ਅਸਿੱਧੇ ਤੌਰ ’ਤੇ ਪਦਾਰਥਕ ਜੀਵਨ ਪੈਦਾ ਕਰ ਰਹੇ ਹਨ।

ਮਨੁੱਖ ਜਿਸ ਢੰਗ ਨਾਲ਼ ਆਪਣੀ ਉਪਜੀਵਕਾ ਦੇ ਸਾਧਨ ਪੈਦਾ ਕਰਦੇ ਹਨ, ਉਹ ਸਭ ਤੋਂ ਪਹਿਲਾਂ ਉਪਜੀਵਕਾ ਦੇ ਉਹਨਾਂ ਸਾਧਨਾਂ ਦੇ ਖ਼ਾਸੇ ਉੱਤੇ ਨਿਰਭਰ ਹੈ, ਜਿਹੜੇ ਉਹਨਾਂ ਨੂੰ ਵਿਦਮਾਨ ਮਿਲਦੇ ਹਨ ਅਤੇ ਜਿਹੜੇ ਉਹਨਾਂ ਮੁੜ ਪੈਦਾ ਕਰਨੇ ਹੁੰਦੇ ਹਨ।

[ਪੰਨਾ 5] ਉਤਪਾਦਨ ਦੇ ਇਸ ਢੰਗ ਨੂੰ ਕੇਵਲ ਵਿਅਕਤੀਆਂ ਦੀ ਸਰੀਰਕ ਹੋਂਦ ਨੂੰ ਮੁੜ ਪੈਦਾ ਕਰਨਾ ਹੀ ਨਹੀਂ ਸਮਝਣਾ ਚਾਹੀਦਾ। ਸਗੋਂ ਇਹ ਇਹਨਾਂ ਵਿਅਕਤੀਆਂ ਦੀ ਸਰਗਰਮੀ ਦਾ ਇੱਕ ਨਿਸ਼ਚਿਤ ਰੂਪ, ਆਪਣੇ ਜੀਵਨ ਦੇ ਪ੍ਰਗਟਾਅ ਦਾ ਇੱਕ ਨਿਸ਼ਚਿਤ ਰੂਪ, ਉਹਨਾਂ ਵਲੋਂ **ਜੀਵਨ ਦਾ** ਇੱਕ ਨਿਸ਼ਚਿਤ **ਢੰਗ** ਹਨ। ਜਿਸ ਢੰਗ ਨਾਲ਼ ਵਿਅਕਤੀ ਆਪਣੇ ਜੀਵਨ ਦਾ ਪ੍ਰਗਟਾਅ ਕਰਦੇ ਹਾਂ, ਉਹੋ ਜਿਹੇ ਉਹ ਹੁੰਦੇ ਹਨ। ਇਸ ਲਈ ਉਹ ਕੀ ਹਨ, ਉਹਨਾਂ ਦੇ ਉਤਪਾਦਨ ਨਾਲ਼ ਸਗਵਾਂ ਹੈ, ਉਸ ਨਾਲ਼ ਵੀ **ਜੋ** ਉਹ ਪੈਦਾ ਕਰਦੇ ਹਨ ਅਤੇ ਉਸ ਨਾਲ਼ ਵੀ **ਜਿਸ ਤਰ੍ਹਾਂ** ਉਹ ਪੈਦਾ ਕਰਦੇ ਹਨ। ਸੋ ਵਿਅਕਤੀ ਕੀ ਹੈ ਇਹ ਉਹਨਾਂ ਦੇ ਉਤਪਾਦਨ ਦੀਆਂ ਪਦਾਰਥਕ ਹਾਲਤਾਂ ਉੱਤੇ ਨਿਰਭਰ ਹੈ.

ਇਹ ਉਤਪਾਦਨ **ਵਸੋਂ ਵਿੱਚ ਵਾਧੇ** ਨਾਲ਼ ਹੀ ਰੂਪ ਧਾਰਦਾ ਹੈ। ਆਪਣੀ ਵਾਰੀ

---

* [ਖਰੜੇ ਵਿੱਚ ਇਹ ਹਿੱਸਾ ਕੱਟ ਦਿੱਤਾ ਗਿਆ ਹੈ:] “ਇਹਨਾਂ ਵਿਅਕਤੀਆਂ ਨੂੰ ਪਸ਼ੂਆਂ ਤੋਂ ਵਖਰਾਉਣ ਵਾਲ਼ਾ ਪਹਿਲਾ **ਇਤਿਹਾਸਕ** ਅਮਲ ਇਹ ਨਹੀਂ ਕਿ ਉਹ ਸੋਚਦੇ ਹਨ, ਸਗੋਂ ਇਹ ਹੈ ਕਿ ਉਹ ਆਪਣੀ **ਉਪਜੀਵਕਾ ਦੇ ਸਾਧਨ ਪੈਦਾ ਕਰਨ ਲੱਗ ਪੈਂਦੇ ਹਨ।”** —**ਸੰਪਾ**.

** [ਖਰੜੇ ਵਿੱਚ ਇਹ ਹਿੱਸਾ ਕੱਟ ਦਿੱਤਾ ਗਿਆ ਹੈ:] “ਇਹ ਹਾਲਤਾਂ ਨਾ ਕੇਵਲ ਮਨੁੱਖਾਂ ਦੀ ਮੁਢਲੀ, ਆਪਮੁਹਾਰੀ ਸਥੂਲ ਜਥੇਬੰਦੀ, ਵਿਸ਼ੇਸ਼ ਤੌਰ ’ਤੇ ਨਸਲੀ ਫ਼ਰਕ ਮਿਥਦੀਆਂ ਹਨ, ਸਗੋਂ ਅਜੋਕੇ ਸਮੇਂ ਤੱਕ ਸਮੁੱਚਾ ਹੋਰ ਅਗੇਰੇ ਵਿਕਾਸ ਜਾਂ ਵਿਕਾਸ ਦੀ ਅਣਹੋਂਦ ਮਿਥਦੀਆਂ ਹਨ।” —**ਸੰਪਾ**.

ਇਹ ਵਿਅਕਤੀਆਂ ਦਾ ਇੱਕ ਦੂਜੇ ਨਾਲ਼ **ਵਰਤੋਂ-ਵਿਹਾਰ [Verkehr]*** ਪਹਿਲਾਂ ਹੀ ਮੰਨ ਲੈਂਦਾ ਹੈ। ਅਤੇ ਉਹਨਾਂ ਦੇ ਵਰਤੋਂ-ਵਿਹਾਰ ਦਾ ਇਹ ਰੂਪ ਵੀ ਉਤਪਾਦਨ ਰਾਹੀਂ ਮਿਥਿਆ ਜਾਂਦਾ ਹੈ।**

## [3. **ਉਤਪਾਦਨ ਅਤੇ ਵਰਤੋਂ-ਵਿਹਾਰ। ਕਿਰਤ ਦੀ ਵੰਡ ਅਤੇ ਜਾਇਦਾਦ ਦੇ ਰੂਪ—ਕਬਾਇਲੀ, ਪ੍ਰਾਚੀਨ, ਸਾਮੰਤੀ**]

[ਸ਼. 3] ਵੱਖ ਵੱਖ ਕੌਮਾਂ ਦੇ ਆਪੋ ਵਿੱਚ ਸਬੰਧ ਉਸ ਹੱਦ 'ਤੇ ਨਿਰਭਰ ਹਨ, ਜਿਸ ਹੱਦ ਤੱਕ ਹਰ ਇੱਕ ਨੇ ਆਪਣੀਆਂ ਉਤਪਾਦਕ ਸ਼ਕਤੀਆਂ, ਕਿਰਤ ਦੀ ਵੰਡ ਅਤੇ ਘਰੋਗੀ ਵਰਤੋਂ-ਵਿਹਾਰ ਨੂੰ ਵਿਕਸਤ ਕਰ ਲਿਆ ਹੈ। ਇਹ ਪ੍ਰਸਤਾਵਨਾ ਆਮ ਤੌਰ 'ਤੇ ਪ੍ਰਵਾਨ ਕੀਤੀ ਗਈ ਹੈ, ਪਰ ਨਾ ਕੇਵਲ ਇੱਕ ਕੌਮ ਦੇ ਹੋਰਨਾਂ ਨਾਲ਼ ਸਬੰਧ ਸਗੋਂ ਖ਼ੁਦ ਕੌਮ ਦੀ ਸਾਰੀ ਅੰਦਰੂਨੀ ਬਣਤਰ ਉਸ ਪੱਧਰ ਉੱਤੇ ਨਿਰਭਰ ਹੈ ਜਿਹੜੀ ਇਹਦੇ ਉਤਪਾਦਨ ਅਤੇ ਇਹਦੇ ਘਰੋਗੀ ਤੇ ਵਿਦੇਸ਼ੀ ਵਰਤੋਂ-ਵਿਹਾਰ ਨੇ ਪ੍ਰਾਪਤ ਕਰ ਲਈ ਹੈ। ਕਿਸੇ ਕੌਮ ਦੀਆਂ ਉਤਪਾਦਕ ਸ਼ਕਤੀਆਂ ਜਿਸ ਹੱਦ ਤੱਕ ਵਿਕਸਤ ਹਨ, ਇਹ ਸਭ ਤੋਂ ਸਪਸ਼ਟ ਤੌਰ 'ਤੇ ਉਸ ਹੱਦ ਤੋਂ ਪ੍ਰਗਟ ਹੁੰਦਾ ਹੈ ਜਿਸ ਤੱਕ ਕਿਰਤ ਦੀ ਵੰਡ ਪਹੁੰਚ ਚੁੱਕੀ ਹੁੰਦੀ ਹੈ। ਹਰ ਨਵੀਂ ਉਤਪਾਦਕ ਸ਼ਕਤੀ, ਜਿੱਥੋਂ ਤੱਕ ਕਿ ਇਹ ਪਹਿਲਾਂ ਹੀ ਜਾਣੀਆਂ ਉਤਪਾਦਕ ਸ਼ਕਤੀਆਂ ਦਾ ਮਿਕਦਾਰੀ ਵਿਸਤਾਰ ਨਹੀਂ (ਮਿਸਾਲ ਵਜੋਂ ਨਵੀਂ ਭੋਂ ਵਾਹੀ ਹੇਠ ਲਿਆਉਣਾ), ਕਿਰਤ ਦੀ ਵੰਡ ਵਿੱਚ ਅਗਲੇਰੇ ਵਿਕਾਸ ਦਾ ਕਾਰਨ ਬਣਦੀ ਹੈ।

ਕੌਮ ਅੰਦਰ ਕਿਰਤ ਦੀ ਵੰਡ ਦਾ ਸਭ ਤੋਂ ਪਹਿਲਾ ਸਿੱਟਾ ਸਨਅਤੀ ਅਤੇ ਵਪਾਰਕ ਕਿਰਤ ਦਾ ਖੇਤੀ ਕਿਰਤ ਤੋਂ ਵੱਖ ਹੋਣਾ ਹੁੰਦਾ ਹੈ ਅਤੇ ਇਉਂ **ਨਗਰ** ਅਤੇ **ਪਿੰਡ** ਦਾ ਵਖਰੇਵਾਂ ਅਤੇ ਉਹਨਾਂ ਦੇ ਹਿਤਾਂ ਦਾ ਟਕਰਾ ਹੁੰਦਾ ਹੈ। ਇਹਦੇ ਹੋਰ ਵਿਕਾਸ ਦਾ ਸਿੱਟਾ ਵਪਾਰਕ ਕਿਰਤ ਦਾ ਸਨਅਤੀ ਕਿਰਤ ਤੋਂ ਵੱਖ ਹੋਣਾ ਹੁੰਦਾ ਹੈ। ਇਹਦੇ ਨਾਲ਼ ਹੀ ਨਾਲ਼ ਵੱਖ ਵੱਖ ਸ਼ਾਖ਼ਾਂ ਵਿੱਚ

---

* "ਜਰਮਨ ਵਿਚਾਰਧਾਰਾ" ਵਿੱਚ ਇਸਤਲਾਹ «Verkehr» (ਵਰਤੋਂ-ਵਿਹਾਰ) ਸ਼ਬਦ ਬੜੇ ਵਿਸ਼ਾਲ ਅਰਥਾਂ ਵਿੱਚ ਵਰਤਿਆ ਗਿਆ ਹੈ। ਇਹਦੇ ਵਿੱਚ ਵਿਅਕਤੀਆਂ, ਸਮਾਜੀ ਟੋਲੀਆਂ ਅਤੇ ਸਮੁੱਚੇ ਦੇਸ਼ਾਂ ਵਿਚਕਾਰ ਪਦਾਰਥਕ ਅਤੇ ਆਤਮਕ ਵਰਤੋਂ-ਵਿਹਾਰ ਦੋਵੇਂ ਸ਼ਾਮਲ ਹਨ। ਮਾਰਕਸ ਅਤੇ ਏਂਗਲਜ਼ ਦਰਸਾਉਂਦੇ ਹਨ ਕਿ ਪਦਾਰਥਕ ਵਰਤੋਂ-ਵਿਹਾਰ, ਅਤੇ ਸਭ ਤੋਂ ਵੱਧ ਉਤਪਾਦਨ ਦੇ ਅਮਲ ਵਿੱਚ ਮਨੁੱਖਾਂ ਵਿਚਕਾਰ ਵਰਤੋਂ-ਵਿਹਾਰ, ਕੁੱਲ ਵਰਤੋਂ-ਵਿਹਾਰ ਦਾ ਆਧਾਰ ਹੈ। Verkehrsform (ਵਰਤੋਂ-ਵਿਹਾਰ ਦੇ ਰੂਪ), Verkehrsweise (ਵਰਤੋਂ-ਵਿਹਾਰ ਦੇ ਢੰਗ), ਅਤੇ Produktions-und Verkehrsverhältnisse (ਉਤਪਾਦਨ ਅਤੇ ਵਰਤੋਂ-ਵਿਹਾਰ ਦੇ ਸਬੰਧ) ਦੀਆਂ ਇਸਤਲਾਹਾਂ ਮਾਰਕਸ ਅਤੇ ਏਂਗਲਜ਼ ਨੇ **ਜਰਮਨ ਵਿਚਾਰਧਾਰਾ** ਵਿੱਚ "ਉਤਪਾਦਨ ਦੇ ਸਬੰਧਾਂ" ਦੇ ਸੰਕਲਪ ਨੂੰ, ਜਿਹੜਾ ਉਹਨਾਂ ਦੇ ਮਨਾਂ ਵਿੱਚ ਰੂਪ ਧਾਰ ਰਿਹਾ ਸੀ, ਪੇਸ਼ ਕਰਨ ਲਈ ਵਰਤੀਆਂ। **—ਸੰਪਾ.**

** ਸਾਫ਼ ਨਕਲ ਦਾ ਪਹਿਲਾ ਪਾਠ ਇੱਥੇ ਮੁਕ ਜਾਂਦਾ ਹੈ। ਇਸ ਤੋਂ ਅੱਗੇ ਇਸ ਪੁਸਤਕ ਦਾ ਪਾਠ ਸਾਫ਼ ਨਕਲ ਦਾ ਮੁੱਖ ਪਾਠ ਹੈ। **—ਸੰਪਾ.**

ਕਿਰਤ ਦੀ ਵੰਡ ਰਾਹੀਂ ਨਿਸ਼ਚਿਤ ਕਿਸਮ ਦੀ ਕਿਰਤ ਵਿੱਚ ਮਿਲਵਰਤਨ ਕਰ ਰਹੇ ਵਿਅਕਤੀਆਂ ਵਿਚਕਾਰ ਵੱਖ ਵੱਖ ਵੰਡਾਂ ਪੈਦਾ ਹੋ ਜਾਂਦੀਆਂ ਹਨ। ਇਹਨਾਂ ਵਿਕੋਲਤ੍ਰੀਆਂ ਟੋਲੀਆਂ ਦੀ ਨਿਸਬਤੀ ਹਾਲਤ ਉਸ ਢੰਗ ਰਾਹੀਂ ਮਿਥੀ ਜਾਂਦੀ ਹੈ ਜਿਸ ਰਾਹੀਂ ਖੇਤੀ, ਸਨਅਤ ਅਤੇ ਵਣਜ ਵਿੱਚ ਕਿਰਤ ਜਥੇਬੰਦ ਕੀਤੀ ਜਾਂਦੀ ਹੈ (ਪਿਤਰੀਵਾਦ, ਗ਼ੁਲਾਮੀ, ਜਗੀਰਾਂ, ਜਮਾਤਾਂ)। ਜੇ ਵਿਕਸਤ ਵਰਤੋਂ-ਵਿਹਾਰ ਹੋਵੇ ਤਾਂ ਵੱਖ ਵੱਖ ਕੌਮਾਂ ਦੇ ਸਬੰਧਾਂ ਵਿੱਚ ਵੀ ਇਹੋ ਹਾਲਤਾਂ ਦਿਸਦੀਆਂ ਹਨ।

ਕਿਰਤ ਦੀ ਵੰਡ ਦੇ ਵੱਖ ਵੱਖ ਪੜਾਅ ਅਨੁਸਾਰ ਜਾਇਦਾਦ ਦੇ ਇੰਨੇ ਵੱਖ ਵੱਖ ਰੂਪ ਵੀ ਹਨ, ਅਰਥਾਤ, ਕਿਰਤ ਦੀ ਵੰਡ ਵਿੱਚ ਵਿਦਮਾਨ ਪੜਾਅ ਪਦਾਰਥ, ਸੰਦਾਂ ਅਤੇ ਕਿਰਤ ਦੀ ਉਪਜ ਸਬੰਧੀ ਇੱਕ ਦੂਜੇ ਨਾਲ਼ ਕਿਰਤੀਆਂ ਦੇ ਸਬੰਧਾਂ ਨੂੰ ਵੀ ਮਿਥਦਾ ਹੈ।

ਜਾਇਦਾਦ ਦਾ ਪਹਿਲਾ ਰੂਪ ਕਬਾਇਲੀ ਜਾਇਦਾਦ ਹੈ। ਇਹ ਉਤਪਾਦਨ ਦੇ ਅਣਵਿਕਸਤ ਪੜਾਅ ਦੇ ਅਨੁਸਾਰੀ ਹੈ, ਜਿਸ ਪੜਾਅ ਉੱਤੇ ਲੋਕ ਸ਼ਿਕਾਰ ਕਰਨ ਅਤੇ ਮੱਛੀਆਂ ਫੜਨ, ਪਸ਼ੂ ਪਾਲਣ ਜਾਂ ਵੱਧ ਤੋਂ ਵੱਧ ਖੇਤੀ ਰਾਹੀਂ ਜਿਉਂਦੇ ਹਨ। ਪਿਛਲੇਰੀ ਹਾਲਤ ਵਿੱਚ ਇਹ ਪਹਿਲਾਂ ਹੀ ਅਣਵਾਹੀ ਭੋਂ ਦੇ ਵਿਸ਼ਾਲ ਖੇਤਰਾਂ ਦੀ ਹੋਂਦ ਮਿਥ ਲੈਂਦਾ ਹੈ। ਇਸ ਪੜਾਅ ਉੱਤੇ ਕਿਰਤ ਦੀ ਵੰਡ ਅਜੇ ਬਹੁਤ ਮੁਢਲੀ ਹੁੰਦੀ ਹੈ ਅਤੇ ਟੱਬਰ ਵਿੱਚ ਵਿਦਮਾਨ ਕੁਦਰਤੀ ਵੰਡ ਦੇ ਹੋਰ ਵਧਾਣ ਤਕ ਹੀ ਸੀਮਤ ਹੈ। ਇਸ ਲਈ, ਸਮਾਜੀ ਬਣਤਰ ਟੱਬਰ ਦੇ ਵਧਾਣ ਤੱਕ ਹੀ ਸੀਮਤ ਹੈ: ਪਿਤਰੀ ਮੁਖੀ, ਉਹਨਾਂ ਹੇਠਾਂ ਕਬੀਲੇ ਦੇ ਜੀਅ, ਅਖ਼ੀਰ ਗ਼ੁਲਾਮ। ਟੱਬਰ ਵਿੱਚ ਲੁਪਤ ਗ਼ੁਲਾਮੀ ਕੇਵਲ ਵਸੋਂ ਦੇ ਵਾਧੇ, ਲੋੜਾਂ ਦੇ ਵਧਣ ਅਤੇ ਯੁੱਧ ਅਤੇ ਵਟਾਂਦਰੇ ਦੁਹਾਂ ਦੇ ਬਦੇਸ਼ੀ ਵਰਤੋਂ-ਵਿਹਾਰ ਦੇ ਵਿਸ਼ਾਲ ਹੋਣ ਨਾਲ਼ ਵਿਕਸਤ ਹੁੰਦੀ ਹੈ।

ਦੂਜਾ ਰੂਪ ਪ੍ਰਾਚੀਨ ਭਾਈਚਾਰਕ ਅਤੇ ਰਾਜਕੀ ਜਾਇਦਾਦ ਹੈ, ਜਿਹੜੀ ਵਿਸ਼ੇਸ਼ ਤੌਰ 'ਤੇ ਰਜ਼ਾਮੰਦੀ ਨਾਲ਼ ਜਾਂ ਜਿੱਤੇ ਜਾਣ ਕਾਰਨ ਕਈ ਕਬੀਲਿਆਂ ਦੇ ਇੱਕ **ਸ਼ਹਿਰ** ਵਿੱਚ ਜੁੜਨ ਤੋਂ ਖ਼ਾਸ ਤੌਰ 'ਤੇ ਪੈਦਾ ਹੁੰਦੀ ਹੈ ਅਤੇ ਗ਼ੁਲਾਮੀ ਅਜੇ ਵੀ ਜਿਸਦੇ ਨਾਲ਼ ਨਾਲ਼ ਹੈ। ਭਾਈਚਾਰਕ ਜਾਇਦਾਦ ਦੇ ਨਾਲ਼ ਹੀ ਨਾਲ਼ ਅਸੀਂ ਪਹਿਲਾਂ ਹੀ ਚਲ ਅਤੇ ਪਿੱਛੋਂ ਅਚਲ ਜਾਇਦਾਦ ਵੀ ਵੇਖਦੇ ਹਾਂ, ਪਰ ਭਾਈਚਾਰਕ ਜਾਇਦਾਦ ਦੇ ਅਧੀਨ ਇੱਕ ਅਸਾਧਾਰਨ ਰੂਪ ਵਜੋਂ। ਨਾਗਰਿਕਾਂ ਨੂੰ ਕੇਵਲ ਆਪਣੇ ਭਾਈਚਾਰੇ ਵਿੱਚ ਹੀ ਆਪਣੇ ਕਿਰਤ ਕਰਨ ਵਾਲ਼ੇ ਗ਼ੁਲਾਮਾਂ ਉੱਤੇ ਅਧਿਕਾਰ ਪ੍ਰਾਪਤ ਹੈ ਅਤੇ ਕੇਵਲ ਇਸੇ ਕਾਰਨ ਹੀ ਉਹ ਜਾਇਦਾਦ ਦੇ ਭਾਈਚਾਰਕ ਰੂਪ ਨਾਲ਼ ਬੱਝੇ ਹੋਏ ਹਨ। ਇਹ ਸਰਗਰਮ ਸ਼ਹਿਰੀਆਂ ਦੀ ਭਾਈਚਾਰਕ ਨਿੱਜੀ ਜਾਇਦਾਦ ਬਣਦੀ ਹੈ, ਜਿਹੜੇ, ਆਪਣੇ ਗ਼ੁਲਾਮਾਂ ਦੇ ਸਬੰਧ ਵਿੱਚ, ਜੁੜਤ ਦੇ ਇਸ ਆਪਮੁਹਾਰੇ ਪ੍ਰਾਪਤ ਕੀਤੇ ਰੂਪ ਵਿੱਚ ਰਹਿਣ 'ਤੇ ਮਜਬੂਰ ਹਨ। ਇਸੇ ਲਈ ਭਾਈਚਾਰਕ ਜਾਇਦਾਦ ਉੱਤੇ ਆਧਾਰਤ ਸਮਾਜ ਦੀ ਸਮੁੱਚੀ ਬਣਤਰ ਅਤੇ ਇਹਦੇ ਨਾਲ਼ ਹੀ ਨਾਲ਼ ਲੋਕਾਂ ਦਾ ਅਧਿਕਾਰ, ਉਸੇ ਹਦ ਤੱਕ ਨਿਘਰਦਾ ਹੈ ਜਿਸ ਹਦ ਤੱਕ ਨਿੱਜੀ, ਖਾਸ ਤੌਰ 'ਤੇ, ਚੱਲ ਜਾਇਦਾਦ ਵਿਸਤ੍ਰਤ ਹੁੰਦੀ ਹੈ। ਕਿਰਤ ਦੀ ਵੰਡ ਪਹਿਲਾਂ ਹੀ ਵਧੇਰੇ ਵਿਕਸਤ ਖ਼ਾਸਾ ਪ੍ਰਾਪਤ ਕਰ ਲੈਂਦੀ ਹੈ। ਅਸੀਂ ਪਹਿਲਾਂ ਹੀ ਨਗਰ ਅਤੇ ਪਿੰਡਾਂ ਵਿਚਕਾਰ ਵਿਰੋਧ ਵੇਖਦੇ ਹਾਂ; ਪਿੱਛੋਂ ਜਾਕੇ ਉਹਨਾਂ

ਰਾਜਾਂ ਵਿਚਕਾਰ, ਜਿਹੜੇ ਸ਼ਹਿਰੀ ਹਿਤਾਂ ਦੀ ਪ੍ਰਤਿਨਿਧਤਾ ਕਰਦੇ ਹਨ ਅਤੇ ਉਹਨਾਂ ਵਿਚਕਾਰ, ਜਿਹੜੇ ਪਿੰਡਾਂ ਦੇ ਹਿਤਾਂ ਦੀ ਰਖਿਆ ਕਰਦੇ ਹਨ, ਵਿਰੋਧ ਆਉਂਦਾ ਹੈ ਅਤੇ ਖ਼ੁਦ ਸ਼ਹਿਰਾਂ ਵਿੱਚ ਸਨਅਤ ਅਤੇ ਸਮੁੰਦਰੀ ਵਣਜ ਵਿਚਕਾਰ ਵਿਰੋਧ ਆਉਂਦਾ ਹੈ। ਨਾਗਰਿਕਾਂ ਅਤੇ ਗ਼ੁਲਾਮਾਂ ਵਿਚਕਾਰ ਜਮਾਤ ਸਬੰਧ ਹੁਣ ਪੂਰੀ ਤਰ੍ਹਾਂ ਵਿਕਸਤ ਹੋ ਗਏ ਹਨ।

ਨਿੱਜੀ ਜਾਇਦਾਦ ਦੇ ਵਿਕਸਤ ਹੋਣ ਨਾਲ਼ ਅਸੀਂ ਇੱਥੇ ਪਹਿਲੀ ਵਾਰ ਉਹ ਸਬੰਧ ਵੇਖਦੇ ਹਾਂ ਜਿਹੜੇ ਅਸੀਂ ਨਵੀਨ ਨਿੱਜੀ ਜਾਇਦਾਦ ਨਾਲ਼ ਕੇਵਲ ਵਧੇਰੇ ਵਿਸ਼ਾਲ ਪੱਧਰ ਉੱਤੇ ਮੁੜ ਵੇਖਾਂਗੇ। ਇਕ ਹੱਥ ਨਿੱਜੀ ਜਾਇਦਾਦ ਦਾ ਕੇਂਦਰੀਕਰਣ, ਜਿਹੜਾ ਰੋਮ ਵਿਚ ਬਹੁਤ ਛੇਤੀ ਹੀ ਸ਼ੁਰੂ ਹੋ ਗਿਆ ਸੀ (ਜਿਹਾ ਕਿ ਲਿਸੀਨੀਆਈ ਜ਼ਰਅਈ ਕਨੂੰਨਾਂ[5] ਤੋਂ ਸਾਬਤ ਹੁੰਦਾ ਹੈ) ਅਤੇ ਖ਼ਾਨਾਜੰਗੀਆਂ ਦੇ ਸਮੇਂ ਤੋਂ ਵਿਸ਼ੇਸ਼ ਤੌਰ 'ਤੇ ਸ਼ਹਿਨਸ਼ਾਹਾਂ ਅਧੀਨ ਬਹੁਤ ਤੇਜ਼ੀ ਨਾਲ਼ ਚਲਿਆ; ਦੂਜੇ ਹੱਥ, ਇਹਦੇ ਨਾਲ਼ ਮਿਲਕੇ, ਲੰਡੀ ਬੁਚੀ ਨਿੱਕੀ ਕਿਸਾਨੀ ਦਾ ਇੱਕ ਪ੍ਰੋਲੇਤਾਰੀ ਵਿੱਚ ਤਬਦੀਲ ਹੋਣਾ, ਜਿਸਨੇ, ਇਹਦੇ ਬਾਵਜੂਦ, ਜਾਇਦਾਦ ਦੇ ਮਾਲਕ ਨਾਗਰਿਕਾਂ ਅਤੇ ਗ਼ੁਲਾਮਾਂ ਵਿਚਕਾਰ ਇੱਕ ਦਰਮਿਆਨੀ ਸਥਿਤੀ ਵਿੱਚ ਹੋਣ ਦਾ ਕਾਰਨ ਸੁਤੰਤਰ ਵਿਕਾਸ ਕਦੀ ਪ੍ਰਾਪਤ ਨਾ ਕੀਤਾ।

ਜਾਇਦਾਦ ਦਾ ਤੀਜਾ ਰੂਪ ਸਾਮੰਤੀ ਜਾਂ ਜਾਗੀਰਾਂ ਦੀ ਜਾਇਦਾਦ ਹੈ। ਜੇ ਅਤੀਤ **ਨਗਰ** ਅਤੇ ਇਹਦੇ ਨਿੱਕੇ ਜਿਹੇ ਇਲਾਕੇ ਤੋਂ ਸ਼ੁਰੂ ਹੋਇਆ, ਤਾਂ ਮੱਧ ਕਾਲ **ਪਿੰਡਾਂ** ਤੋਂ ਸ਼ੁਰੂ ਹੋਇਆ। ਇਹ ਵੱਖਰਾ ਆਦਿ-ਬਿੰਦੂ ਉਸ ਸਮੇਂ ਵਸੋਂ ਦੇ ਵਿਰਲੇ ਹੋਣ ਤੋਂ ਮਿਥਿਆ ਗਿਆ, ਜਿਹੜੀ ਇੱਕ ਵੱਡੇ ਇਲਾਕੇ ਉੱਤੇ ਖਿੰਡੀ ਹੋਈ ਸੀ ਅਤੇ ਜਿਸਨੂੰ ਜੇਤੂਆਂ ਤੋਂ ਕੋਈ ਵੱਡੇ ਵਾਧੇ ਨਾ ਮਿਲੇ। ਇਸ ਲਈ, ਯੂਨਾਨ ਅਤੇ ਰੋਮ ਦੇ ਉਲਟ, ਸਾਮੰਤੀ ਵਿਕਾਸ ਬਹੁਤ ਵਡੇਰੇ ਇਲਾਕੇ ਉੱਤੇ ਸ਼ੁਰੂ ਹੁੰਦਾ ਹੈ, ਜਿਸਨੂੰ ਰੋਮ ਦੀਆਂ ਜਿੱਤਾਂ ਅਤੇ ਪਹਿਲਾਂ ਪਹਿਲਾਂ ਉਹਨਾਂ ਨਾਲ਼ ਸਬੰਧਤ ਕੀਤੇ ਜਾਂਦੇ ਖੇਤੀ ਦੇ ਫੈਲਣ ਨੇ ਤਿਆਰ ਕਰ ਦਿੱਤਾ ਹੋਇਆ ਸੀ। ਨਿਘਰ ਰਹੀ ਰੋਮ ਦੀ ਸਲਤਨਤ ਦੀਆਂ ਅੰਤਮ ਸਦੀਆਂ ਅਤੇ ਅਸਭਿਆਂ ਵੱਲੋਂ ਇਹਨੂੰ ਜਿੱਤ ਲੈਣ ਪਿਛੋਂ ਉਤਪਾਦਕ ਸ਼ਕਤੀਆਂ ਦੇ ਇੱਕ ਵੱਡੇ ਹਿੱਸੇ ਨੂੰ ਤਬਾਹ ਕਰ ਦਿੱਤਾ ਸੀ; ਖੇਤੀ ਨਿੱਘਰ ਗਈ ਸੀ, ਮੰਡੀ ਖੁਣੋਂ ਸਨਅਤ ਦਾ ਪਤਨ ਹੋ ਗਿਆ ਸੀ, ਵਪਾਰ ਖ਼ਤਮ ਹੋ ਗਿਆ ਸੀ ਜਾਂ ਇਸ ਵਿੱਚ ਹਿੰਸਕ ਰੋਕ ਪੈ ਗਈ ਸੀ, ਪੇਂਡੂ ਅਤੇ ਸ਼ਹਿਰੀ ਵਸੋਂ ਘੱਟ ਗਈ ਸੀ। ਇਹਨਾਂ ਹਾਲਤਾਂ ਅਤੇ ਉਹਨਾਂ ਜਿੱਤੇ ਇਲਾਕਿਆਂ ਦੀ ਜਥੇਬੰਦੀ ਦਾ ਜਿਹੜਾ ਢੰਗ ਮਿਥਿਆ, ਉਹਦੇ ਜਰਮਨ ਫ਼ੌਜੀ ਬਣਤਰ ਨਾਲ਼ ਮਿਲਣ ਦੇ ਸਿੱਟੇ ਵਜੋਂ ਸਾਮੰਤੀ ਜਾਇਦਾਦ ਵਿਕਸਤ ਹੋਈ ਕਬਾਇਲੀ ਅਤੇ ਭਾਈਚਾਰਕ ਜਾਇਦਾਦ ਵਾਂਗ ਹੀ ਇਹ ਵੀ ਭਾਈਚਾਰੇ ਉੱਤੇ [Gemeinwesen] ਨਿਰਭਰ ਹੈ; ਪਰ ਸਿੱਧੀ ਉਤਪਾਦਕ ਜਮਾਤ, ਜਿਹੜੀ ਇਹਦੇ ਮੁਕਾਬਲੇ ਉੱਤੇ ਖੜੀ ਹੈ, ਪ੍ਰਾਚੀਨ ਭਾਈਚਾਰੇ ਵਾਂਗ ਗ਼ੁਲਾਮ ਨਹੀਂ ਸਗੋਂ ਖੇਤ-ਗ਼ੁਲਾਮ ਬਣਾਈ ਨਿੱਕੀ ਕਿਸਾਨੀ ਹੈ। ਜਿਉਂ ਹੀ ਸਾਮੰਤਵਾਦ ਪੂਰੀ ਤਰ੍ਹਾਂ ਵਿਕਸਤ ਹੋ ਜਾਂਦਾ ਹੈ, ਸ਼ਹਿਰਾਂ ਵੱਲ ਵਿਰੋਧ ਵੀ ਪੈਦਾ ਹੋ ਜਾਂਦਾ ਹੈ। ਭੋਂ ਦੀ ਮਾਲਕੀ ਦੇ ਦਰਜੇਬੰਦ ਪ੍ਰਬੰਧ, ਅਤੇ ਇਹਦੇ ਨਾਲ਼ ਸਬੰਧਤ ਲਾਮ-ਡੋਰੀ ਦੇ ਹਥਿਆਰਬੰਦ ਦਸਤਿਆਂ ਨੇ ਰਾਠਸ਼ਾਹੀ ਨੂੰ ਖੇਤ-ਗ਼ੁਲਾਮਾਂ ਉੱਤੇ ਅਧਿਕਾਰ ਦਿੱਤਾ। ਐਨ

ਪੁਰਾਣੀ ਭਾਈਚਾਰਕ ਜਾਇਦਾਦ ਵਾਂਗ ਹੀ ਇਹ ਸਾਮੰਤੀ ਜਥੇਬੰਦੀ ਇੱਕ ਅਧੀਨ ਇੱਕ ਅਧੀਨ ਬਣਾਈ ਉਤਪਾਦਕ ਜਮਾਤ ਵਿਰੁੱਧ ਇੱਕ ਜੁੜਤ ਸੀ; ਪਰ ਜੁੜਤ ਦੇ ਰੂਪ ਅਤੇ ਸਿੱਧੇ ਉਤਪਾਦਕਾਂ ਨਾਲ਼ ਸਬੰਧ ਉਤਪਾਦਨ ਦੀਆਂ ਵੱਖਰੀਆਂ ਹਾਲਤਾਂ ਕਾਰਨ ਵੱਖ ਸਨ।

ਭੌਂ-ਮਾਲਕੀ ਦੀ ਇਸ ਸਾਮੰਤੀ ਬਣਤਰ ਦਾ ਮੇਲ **ਸ਼ਹਿਰਾਂ** ਵਿੱਚ ਸੰਸਥਾਈ ਜਾਇਦਾਦ ਦੇ ਰੂਪ ਵਿੱਚ ਸੀ, ਕਿੱਤਿਆਂ ਦੀ ਸਾਮੰਤੀ ਜਥੇਬੰਦੀ ਵਿੱਚ ਸੀ। ਇੱਥੇ ਜਾਇਦਾਦ ਮੁੱਖ ਤੌਰ 'ਤੇ [ਸ਼. 4] ਹਰ ਵਿਅਕਤੀ ਦੀ ਕਿਰਤ ਸੀ। ਲੋਟੂ-ਰਾਠਸ਼ਾਹੀ ਦੇ ਜੁੜਤ ਵਿਰੁੱਧ ਜੁੜਨ ਦੀ ਲੋੜ, ਜਦੋਂ ਸਨਅਤਕਾਰ ਨਾਲ਼ ਹੀ ਨਾਲ਼ ਵਪਾਰੀ ਵੀ ਸੀ, ਸਾਂਝੀਆਂ ਛੱਤੀਆਂ ਮੰਡੀਆਂ ਦੀ ਲੋੜ, ਵੱਧ ਰਹੇ ਸ਼ਹਿਰਾਂ ਵੱਲ ਵਹੀਰਾਂ ਪਾ ਰਹੇ, ਨੱਠੇ ਹੋਏ ਖੇਤ-ਗ਼ੁਲਾਮਾਂ ਦਾ ਵੱਧ ਰਿਹਾ ਮੁਕਾਬਲਾ, ਸਮੁੱਚੇ ਦੇਸ਼ ਦੀ ਸਾਮੰਤੀ ਬਣਤਰ: ਇਹ ਸਭੇ **ਕਿਰਤ ਬਰਾਦਰੀਆਂ** ਨੂੰ ਹੋਂਦ ਵਿੱਚ ਲਿਆਉਣ ਲਈ ਮਿਲ ਗਈਆਂ। ਵਿਕੋਲਤ੍ਰੇ ਦਸਤਕਾਰਾਂ ਦਾ ਹੌਲੀ ਹੌਲੀ ਇਕੱਤਰਿਤ ਹੋਇਆ ਨਿੱਕਾ ਸਰਮਾਇਆ ਅਤੇ ਵੱਧ ਰਹੀ ਵਸੋਂ ਦੇ ਟਾਕਰੇ ਨੇ, ਉਹਨਾਂ ਦੀ ਸਥਿਰ ਗਿਣਤੀ ਨੇ ਉਸਤਾਦ ਕਾਰੀਗਰਾਂ ਅਤੇ ਸਿਖਾਂਦਰੂਆਂ ਵਿਚਕਾਰ ਸਬੰਧ ਵਿਸਤ੍ਰਤ ਕੀਤੇ, ਜਿਨ੍ਹਾਂ ਸ਼ਹਿਰਾਂ ਵਿੱਚ ਵੀ ਉਹੋ ਜਿਹੀ ਦਰਜੇਬੰਦੀ ਹੋਂਦ ਵਿੱਚ ਲਿਆਂਦੀ ਜਿਹੋ ਜਿਹੀ ਪਿੰਡਾਂ ਵਿੱਚ ਮੌਜੂਦ ਸੀ।

ਸੋ ਸਾਮੰਤੀ ਯੁਗ ਵਿੱਚ ਜਾਇਦਾਦ ਮੁੱਖ ਤੌਰ 'ਤੇ ਇੱਕ ਹੱਥ ਭੌਂ ਜਾਇਦਾਦ ਹੈ ਜਿਸ ਨਾਲ਼ ਖੇਤ-ਗ਼ੁਲਾਮ ਕਿਰਤ ਬੱਝੀ ਹੋਈ ਹੈ ਅਤੇ ਦੂਜੇ ਹੱਥ ਵਿਅਕਤੀ ਦੀ ਨਿੱਜੀ ਕਿਰਤ ਹੈ ਜਿਹੜਾ ਆਪਣੇ ਨਿੱਕੇ ਸਰਮਾਏ ਨਾਲ਼ ਉਸਤਾਦ ਕਾਰੀਗਰਾਂ ਦੀ ਕਿਰਤ ਵਰਤਦਾ ਹੈ। ਦੁਹਾਂ ਦੀ ਜਥੇਬੰਦੀ ਉਤਪਾਦਨ ਦੀਆਂ ਸੀਮਤ ਹਾਲਤਾਂ ਕਾਰਨ ਮਿਥੀ ਜਾਂਦੀ ਹੈ* —ਭੌਂ ਦੀ ਥੋੜ੍ਹੀ ਅਤੇ ਆਦਿ-ਕਾਲੀਨ ਵਾਹੀ ਅਤੇ ਸਨਅਤ ਦੀ ਵਿਰਤਕ ਕਿਸਮ। ਸਾਮੰਤਵਾਦ ਦੀ ਸਿਖਰ ਤੇ ਕਿਰਤ ਦੀ ਵੰਡ ਬਹੁਤ ਨਿਗੂਣੀ ਸੀ। ਹਰ ਦੇਸ਼ ਦੇ ਆਪਣੇ ਅੰਦਰ ਸ਼ਹਿਰ ਅਤੇ ਪਿੰਡ ਦਾ ਵਿਰੋਧ ਸੀ; ਨਿਸ਼ਚੇ ਹੀ ਜਮਾਤਾਂ ਦੀ ਵੰਡ ਬੜੀ ਸਪਸ਼ਟ ਸੀ; ਪਰ ਪਿੰਡਾਂ ਵਿੱਚ ਰਾਜਿਆਂ, ਰਾਠਾਂ, ਪਾਦਰੀਆਂ ਅਤੇ ਕਿਸਾਨਾਂ ਵਿਚਕਾਰ ਅਤੇ ਸ਼ਹਿਰਾਂ ਵਿੱਚ ਮਾਲਕਾਂ, ਉਸਤਾਦ ਕਾਰੀਗਰਾਂ, ਸਿਖਾਂਦਰੂਆਂ ਅਤੇ ਛੇਤੀ ਹੀ ਦਿਹਾੜੀਦਾਰ ਮਜ਼ਦੂਰਾਂ ਦੀ ਭੀੜ ਵਿਚਕਾਰ ਵਖਰੇਵੇਂ ਤੋਂ ਬਿਨ੍ਹਾਂ ਕੋਈ ਮਹੱਤਵਪੂਰਨ ਵੰਡ ਨਹੀਂ ਸੀ। ਖੇਤੀ ਵਿੱਚ ਪਟੀ-ਪ੍ਰਣਾਲੀ ਨੇ ਇਹਨੂੰ ਔਖਾ ਬਣਾ ਦਿੱਤਾ, ਜਿਸ ਦੇ ਨਾਲ਼ ਖ਼ੁਦ ਕਿਸਾਨਾਂ ਦੀ ਘਰੇਲੂ ਸਨਅਤ ਵਿਕਸਤ ਹੋਈ। ਸਨਅਤ ਵਿੱਚ ਖ਼ੁਦ ਵੱਖ ਵੱਖ ਕਿਸਾਨਾਂ ਵਿੱਚ, ਕਿਰਤ ਦੀ ਕੋਈ ਵੰਡ ਨਹੀਂ ਸੀ ਅਤੇ ਉਹਨਾਂ ਦੇ ਆਪੋ ਵਿਚਕਾਰ ਬਹੁਤ ਥੋੜ੍ਹੀ ਵੰਡ ਸੀ। ਪੁਰਾਣੇ ਸ਼ਹਿਰਾਂ ਦੀ ਹੋਂਦ ਵਿੱਚ ਸਨਅਤ ਅਤੇ ਵਪਾਰ ਦਾ ਵਖਰੇਵਾਂ ਪਹਿਲਾਂ ਹੀ ਦਿਖਾਈ ਦੇਂਦਾ ਸੀ; ਨਵਿਆਂ ਵਿੱਚ ਇਹ ਪਿੱਛੋਂ ਜਾਕੇ ਵਿਕਸਤ ਹੋਇਆ ਜਦੋਂ ਸ਼ਹਿਰਾਂ ਨੇ ਪ੍ਰਸਪਰ ਸਬੰਧ ਸਥਾਪਤ ਕੀਤੇ।

ਵਡੇਰੇ ਇਲਾਕਿਆਂ ਦਾ ਮਿਲਕੇ ਸਾਮੰਤੀ ਬਾਦਸ਼ਾਹੀਆਂ ਬਣਨਾ ਭੌਂ-ਮਾਲਕ ਰਾਠਸ਼ਾਹੀ ਅਤੇ ਸ਼ਹਿਰਾਂ ਦੁਹਾਂ ਲਈ ਇੱਕ ਲੋੜ ਸੀ। ਇਸ ਲਈ ਹਰ ਥਾਂ ਹਾਕਮ ਜਮਾਤ,

* ਮੂਲ ਜਰਮਨ ਵਿੱਚ Produktionsverhältnisse। **—ਸੰਪਾ.**

ਰਾਠਸ਼ਾਹੀ ਦੀ ਜਥੇਬੰਦੀ ਦਾ ਮੁਖੀ ਇੱਕ ਬਾਦਸ਼ਾਹ ਸੀ।*

## [4. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦਾ ਤੱਤ। ਸਮਾਜੀ ਹੋਂਦ ਅਤੇ ਸਮਾਜੀ ਚੇਤਨਤਾ]

[ਸ. 5.] ਇਸ ਲਈ ਤੱਥ ਇਹ ਹੈ ਕਿ ਨਿਸ਼ਚਿਤ ਵਿਅਕਤੀ, ਜਿਹੜੇ ਉਤਪਾਦਕ ਤੌਰ 'ਤੇ ਸਪੱਸ਼ਟ ਢੰਗ** ਨਾਲ਼ ਸਰਗਰਮ ਹਨ, ਇਹ ਨਿਸ਼ਚਿਤ ਸਮਾਜੀ ਅਤੇ ਰਾਜਸੀ ਸਬੰਧ ਸਥਾਪਤ ਕਰਦੇ ਹਨ। ਪ੍ਰਯੋਗਕ ਪੜਤਾਲ ਲਈ ਜ਼ਰੂਰੀ ਹੈ ਕਿ ਹਰ ਵੱਖਰੀ ਹਾਲਤ ਵਿੱਚ ਪ੍ਰਯੋਗਕ ਤੌਰ 'ਤੇ, ਅਤੇ ਕਿਸੇ ਬੌਂਦਲਾਹਟ ਅਤੇ ਕਿਆਸ ਤੋਂ ਬਿਨਾਂ ਸਮਾਜੀ ਅਤੇ ਰਾਜਸੀ ਬਣਤਰ ਦੇ ਉਤਪਦਾਨ ਨਾਲ਼ ਸਬੰਧ ਨੂੰ ਪੇਸ਼ ਕਰੇ। ਸਮਾਜੀ ਬਣਤਰ ਅਤੇ ਰਾਜ ਨਿਸ਼ਚਿਤ ਵਿਅਕਤੀਆਂ ਦੇ ਜੀਵਨ-ਅਮਲ ਵਿਚੋਂ ਨਿਰੰਤਰ ਵਿਸਤ੍ਰਤ ਹੋ ਰਹੇ ਹਨ, ਪਰ ਇਹਨਾਂ ਵਿਅਕਤੀਆਂ ਦੇ, ਉਸ ਰੂਪ ਵਿੱਚ ਨਹੀਂ ਜਿਸ ਵਿੱਚ ਉਹ ਖ਼ੁਦ ਆਪਣੀ ਜਾਂ ਹੋਰਨਾਂ ਲੋਕਾਂ ਦੀ ਕਲਪਨਾ ਵਿੱਚ ਜਾਪਦੇ ਹਨ, ਸਗੋਂ ਜਿਹੋ ਜਿਹੇ ਉਹ **ਵਾਸਤਵ ਵਿੱਚ** ਹਨ, ਅਰਥਾਤ, ਜਿਵੇਂ ਉਹ ਅਮਲ ਕਰਦੇ ਹਨ, ਪਦਾਰਥਕ ਤੌਰ 'ਤੇ ਉਤਪਾਦਨ ਕਰਦੇ ਹਨ, ਅਤੇ ਇਸੇ ਲਈ ਜਿਵੇਂ ਉਹ ਆਪਣੀ ਇੱਛਾ ਤੋਂ ਸੁਤੰਤਰ ਨਿਸ਼ਚਿਤ ਪਦਾਰਥਕ ਹੱਦਾਂ, ਪੂਰਵ-ਮਿਥਾਂ ਅਤੇ ਸ਼ਰਤਾਂ ਅਧੀਨ ਕੰਮ ਕਰਦੇ ਹਨ।***

ਵਿਚਾਰਾਂ, ਸੰਕਲਪਾਂ, ਚੇਤਨਤਾ ਉਤਪਾਦਨ ਸਭ ਤੋਂ ਪਹਿਲਾਂ ਮਨੁੱਖਾਂ ਦੀ ਪਦਾਰਥਕ ਸਰਗਰਮੀ ਨਾਲ਼ ਅਤੇ ਪਦਾਰਥਕ ਵਰਤੋਂ-ਵਿਹਾਰ ਨਾਲ਼ — ਯਥਾਰਥਕ ਜੀਵਨ ਦੀ ਭਾਸ਼ਾ

---

* ਖਰੜੇ ਦੇ ਇਸ ਪੰਨੇ ਦਾ ਬਾਕੀ ਹਿੱਸਾ ਖ਼ਾਲੀ ਹੈ। ਅਗਲਾ ਪੰਨਾਂ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੇ ਸਾਰ ਨਾਲ਼ ਸ਼ੁਰੂ ਹੁੰਦਾ ਹੈ। ਜਾਇਦਾਦ ਦੇ ਚੌਥੇ, ਬੁਰਜੂਆ ਰੂਪ ਦੇ ਵਿਕਾਸ ਦੇ ਮੁੱਖ ਪੜਾਅ ਇਸ ਕਾਂਡ ਦੇ ਭਾਗ IV ਵਿੱਚ ਲਏ ਗਏ ਹਨ। ਅਨੁਭਾਗ 2-4। **—ਸੰਪਾ.**

** [ਖਰੜੇ ਵਿੱਚ ਮੁੱਢ ਵਿੱਚ ਲਿਖਿਆ ਸੀ:] ਉਤਪਾਦਨ ਦੀਆਂ ਸਪਸ਼ਟ ਹਾਲਤਾਂ ਅਧੀਨ ਸਪਸ਼ਟ ਵਿਅਕਤੀ। **—ਸੰਪਾ.**

*** [ਖਰੜੇ ਵਿੱਚ ਹੇਠ ਲਿਖਿਆ ਹਿੱਸਾ ਕਟ ਦਿੱਤਾ ਗਿਆ ਹੈ:] ਇਹ ਵਿਅਕਤੀ ਜਿਹੜੇ ਵਿਚਾਰ ਬਣਾਉਂਦੇ ਹਨ, ਉਹ ਜਾਂ ਤਾਂ ਕੁਦਰਤ ਨਾਲ਼ ਉਹਨਾਂ ਦੇ ਸਬੰਧਾਂ ਬਾਰੇ, ਜਾਂ ਉਹਨਾਂ ਦੇ ਆਪਸੀ ਸਬੰਧਾਂ ਬਾਰੇ, ਜਾਂ ਉਹਨਾਂ ਦੇ ਆਪਣੇ ਖ਼ਾਸੇ ਬਾਰੇ ਵਿਚਾਰ ਹਨ। ਇਹ ਸਪਸ਼ਟ ਹੈ ਕਿ ਇਹਨਾਂ ਸਭਨਾਂ ਹਾਲਤਾਂ ਵਿੱਚ ਉਹਨਾਂ ਦੇ ਉਤਪਾਦਨ, ਉਹਨਾਂ ਦੇ ਵਰਤੋਂ-ਵਿਹਾਰ, ਉਹਨਾਂ ਦੇ ਸਮਾਜੀ ਅਤੇ ਸਿਆਸੀ ਵਤੀਰੇ ਦਾ —ਯਥਾਰਥਕ ਜਾਂ ਛਲ-ਰੂਪੀ— ਚੇਤੰਨ ਪ੍ਰਗਟਾਅ ਹਨ। ਇਹ ਦਾ ਉਲਟ ਤਾਂ ਹੀ ਸੰਭਵ ਹੈ ਜੇ ਇਹ ਪਹਿਲੋਂ ਹੀ ਮਿਥ ਲਿਆ ਜਾਵੇ ਕਿ ਯਥਾਰਥਕ, ਪਦਾਰਥਕ ਤੌਰ 'ਤੇ ਵਿਸਤ੍ਰਤ ਹੋਏ ਮਨੁੱਖ ਦੀ ਆਤਮਾ ਤੋਂ ਬਿਨਾਂ ਇੱਕ ਵੱਖਰੀ ਆਤਮਾ ਹੈ। ਜੇ ਇਹਨਾਂ ਵਿਅਕਤੀਆਂ ਦੇ ਯਥਾਰਥਕ ਸਬੰਧਾਂ ਦਾ ਚੇਤੰਨ ਪ੍ਰਗਟਾਅ ਛਲ-ਰੂਪੀ ਹੈ, ਜੇ ਆਪਣੀ ਕਲਪਨਾ ਵਿੱਚ ਉਹ ਯਥਾਰਥ ਨੂੰ ਸਿਰ ਭਾਰ ਖੜਾ ਕਰਦੇ ਹਨ, ਤਾਂ ਇਹ ਆਪਣੀ ਵਾਰੀ ਇਹ ਉਹਨਾਂ ਦੀ ਸਰਗਰਮੀ ਦੇ ਪਦਾਰਥਕ ਢੰਗ ਦੇ ਸੀਮਤ ਹੋਣ ਅਤੇ ਉਸ ਤੋਂ ਪੈਦਾ ਹੁੰਦੇ ਉਹਨਾਂ ਦੇ ਸੀਮਤ ਸਮਾਜੀ ਸਬੰਧਾਂ ਦਾ ਸਿੱਟਾ ਹੈ। **—ਸੰਪਾ.**

ਗੂੜ੍ਹੀ ਤਰ੍ਹਾਂ ਗੁੰਦਿਆਂ ਹੁੰਦਾ ਹੈ। ਸੰਕਲਪਣਾ, ਸੋਚਣਾ, ਇਸ ਪੜਾਅ ਉੱਤੇ ਮਨੁੱਖਾਂ ਦਾ ਦਿਮਾਗ਼ੀ ਵਰਤੋਂ-ਵਿਹਾਰ ਉਹਨਾਂ ਦੇ ਪਦਾਰਥਕ ਵਤੀਰੇ ਤੋਂ ਸਿੱਧਾ ਉਗਮਿਆ ਜਾਪਦਾ ਹੈ। ਕਿਸੇ ਕੌਮ ਦੀ ਸਿਆਸਤ, ਕਨੂੰਨਾਂ, ਸਦਾਚਾਰ, ਧਰਮ, ਅਧਿਆਤਮਵਾਦ ਆਦਿ ਵਿੱਚ ਪ੍ਰਗਟ ਹੋਏ ਦਿਮਾਗ਼ੀ ਉਤਪਾਦਨ ਬਾਰੇ ਵੀ ਇਹੋ ਗੱਲ ਠੀਕ ਹੈ। ਮਨੁੱਖ ਆਪਣੇ ਸੰਕਲਪਾਂ, ਵਿਚਾਰਾਂ ਆਦਿ ਦੇ ਉਤਪਾਦਕ ਹਨ, ਅਰਥਾਤ ਯਥਾਰਥਕ ਸਰਗਰਮ ਮਨੁੱਖ, ਜਿਵੇਂ ਕਿ ਉਹ ਆਪਣੀਆਂ ਉਤਪਾਦਕ ਸ਼ਕਤੀਆਂ ਦੇ, ਅਤੇ ਇਹਦੇ ਅਨੁਸਾਰੀ ਵਰਤੋਂ-ਵਿਹਾਰ ਦੇ, ਇਹਦੇ ਅਤਿਅੰਤ ਰੂਪਾਂ ਦੇ ਨਿਸਚਿਤ ਵਿਕਾਸ ਰਾਹੀਂ ਢਾਲੇ ਗਏ ਹਨ।* ਚੇਤਨਤਾ [das Bewußtsein] ਚੇਤੰਨ ਹੋਂਦ [das bewußte Sein] ਤੋਂ ਬਿਨਾਂ ਕਦੀ ਹੋਰ ਕੁੱਝ ਹੋ ਹੀ ਨਹੀਂ ਸਕਦੀ। ਅਤੇ ਮਨੁੱਖਾਂ ਦੀ ਹੋਂਦ ਉਹਨਾਂ ਦਾ ਵਾਸਤਵਿਕ ਜੀਵਨ-ਅਮਲ ਹੈ। ਜੇ ਸਭ ਤਰ੍ਹਾਂ ਦੀ ਵਿਚਾਰਧਾਰਾ ਵਿੱਚ ਮਨੁੱਖ ਅਤੇ ਉਹਨਾਂ ਦੇ ਸਬੰਧ ਉਸੇ ਤਰ੍ਹਾਂ ਸਿਰ ਭਾਰ ਜਾਪਦੇ ਹਨ ਜਿਵੇਂ camera obscura [ਫ਼ੋਟੋ ਖਿੱਚਣ ਵਾਲ਼ੇ ਕੈਮਰੇ] ਵਿੱਚ ਤਾਂ ਇਹ ਵਰਤਾਰਾ ਐਨ ਉਸੇ ਤਰ੍ਹਾਂ ਉਹਨਾਂ ਦੇ ਇਤਿਹਾਸਕ ਜੀਵਨ ਅਮਲ ਵਿੱਚੋਂ ਉਗੰਮਦਾ ਹੈ ਜਿਵੇਂ ਉਹਨਾਂ ਦੇ ਭੌਤਿਕ ਜੀਵਨ-ਅਮਲ ਵਿੱਚ ਅੱਖ ਦੇ ਪਰਦੇ ਉੱਤੇ ਪਦਾਰਥ ਉਲਟੇ ਹੋ ਜਾਂਦੇ ਹਨ।

ਜਰਮਨ ਦਰਸ਼ਨ ਦੇ ਸਿੱਧੇ ਉਲਟ, ਜਿਹੜਾ ਅਸਮਾਨ ਤੋਂ ਧਰਤੀ ਉੱਤੇ ਆਉਂਦਾ ਹੈ, ਇੱਥੇ ਮਾਮਲਾ ਧਰਤੀ ਤੋਂ ਅਸਮਾਨ ਵੱਲ ਉੱਠਣ ਦਾ ਹੈ। ਅਰਥਾਤ ਉਸ ਤੋਂ ਸ਼ੁਰੂ ਕਰਨ ਦਾ ਨਹੀਂ ਜੋ ਮਨੁੱਖ ਕਹਿੰਦੇ, ਕਲਪਨਾ ਕਰਦੇ, ਸੰਕਲਪਦੇ ਹਨ, ਨਾ ਹੀ ਉਸ ਤੋਂ ਸ਼ੁਰੂ ਕਰਨ ਦਾ ਹੈ ਜਿਵੇਂ ਮਨੁੱਖਾਂ ਨੂੰ ਬਿਆਨ ਕੀਤਾ ਜਾਂਦਾ ਹੈ, ਉਹਨਾਂ ਬਾਰੇ ਸੋਚਿਆ ਜਾਂਦਾ ਹੈ, ਉਹਨਾਂ ਦੀ ਕਲਪਨਾ ਕੀਤੀ ਜਾਂਦੀ ਹੈ ਜਾਂ ਉਹਨਾਂ ਨੂੰ ਸੰਕਲਪਿਆ ਜਾਂਦਾ ਹੈ ਤਾਂ ਜੁ ਹੱਡ-ਮਾਸ ਦੇ ਮਨੁੱਖਾਂ ਤੱਕ ਅੱਪੜਿਆ ਜਾਵੇ; ਸਗੋਂ ਯਥਾਰਥਕ ਸਰਗਰਮ ਮਨੁੱਖਾਂ ਤੋਂ ਸ਼ੁਰੂ ਕਰਕੇ ਅਤੇ ਉਹਨਾਂ ਦੇ ਯਥਾਰਥਕ ਜੀਵਨ-ਅਮਲਾਂ ਦੇ ਆਧਾਰ ’ਤੇ ਇਸ ਜੀਵਨ-ਅਮਲ ਦੇ ਵਿਚਾਰਧਾਰਕ ਪਰਤੌਆਂ ਅਤੇ ਗੂੰਜਾਂ ਦਾ ਵਿਕਾਸ ਸਪਸ਼ਟ ਕਰਨਾ ਹੈ। ਮਨੁੱਖਾਂ ਦੇ ਦਿਮਾਗ਼ਾਂ ਵਿੱਚ ਰੂਪ ਧਾਰਦੇ ਛਲੇਡੇ ਵੀ, ਲਾਜ਼ਮੀ ਤੌਰ ’ਤੇ, ਉਹਨਾਂ ਦੇ ਪਦਾਰਥਕ ਜੀਵਨ-ਅਮਲ ਦੇ ਜੌਹਰ ਹੀ ਹਨ, ਜਿਹੜਾ ਪ੍ਰਯੋਗਕ ਤੌਰ ’ਤੇ ਪਰਖੇ ਜਾ ਸਕਣ ਵਾਲਾ ਅਤੇ ਪਦਾਰਥਕ ਆਧਾਰਾਂ ਨਾਲ਼ ਜੁੜਿਆ ਹੋਇਆ ਹੈ। ਇਸੇ ਲਈ ਸਦਾਚਾਰ, ਧਰਮ, ਅਧਿਆਤਮਵਾਦ ਅਤੇ ਹੋਰ ਸਾਰੀ ਵਿਚਾਰਧਾਰਾ ਦੀ ਵੀ ਅਤੇ ਉਹਨਾਂ ਦੇ ਅਨੁਸਾਰੀ ਚੇਤਨਤਾ ਦੇ ਰੂਪਾਂ ਦੀ ਸੁਤੰਤਰਤਾ ਦੀ ਇਕਰੂਪਤਾ ਨਹੀਂ ਰਹਿੰਦੀ। ਉਹਨਾਂ ਦਾ ਕੋਈ ਇਤਿਹਾਸ, ਕੋਈ ਵਿਕਾਸ ਨਹੀਂ; ਪਰ ਆਪਣਾ ਪਦਾਰਥਕ ਉਤਪਾਦਨ ਅਤੇ ਆਪਣਾ ਪਦਾਰਥਕ ਵਰਤੋਂ-ਵਿਹਾਰ ਵਿਕਸਤ ਕਰਦੇ ਹੋਏ ਮਨੁੱਖ, ਆਪਣੇ ਵਾਸਤਵਿਕ ਸੰਸਾਰ ਦੇ ਨਾਲ਼ ਹੀ ਨਾਲ਼ ਆਪਣੀ ਸੋਚ ਅਤੇ ਆਪਣੀ

* [ਖਰੜੇ ਵਿੱਚ ਮੁਢ ਵਿੱਚ ਲਿਖਿਆ ਸੀ:] ਮਨੁੱਖ ਆਪਣੇ ਸੰਕਲਪਾਂ, ਵਿਚਾਰਾਂ ਆਦਿ ਦੇ ਉਤਪਾਦਕ ਹਨ ਅਤੇ ਐਨ ਉਹ ਮਨੁੱਖ ਜਿਹੜੇ ਆਪਣੇ ਪਦਾਰਥਕ ਜੀਵਨ ਦੇ ਢੰਗ ਰਾਹੀਂ, ਆਪਣੇ ਪਦਾਰਥਕ ਮੇਲ ਜੋਲ ਰਾਹੀਂ ਅਤੇ ਸਮਾਜੀ ਅਤੇ ਆਰਥਕ ਬਣਤਰ ਵਿੱਚ ਇਹ ਦੇ ਹੋਰ ਵਿਕਾਸ ਰਾਹੀਂ, ਢਾਲੇ ਗਏ ਹਨ। -**ਸੰਪਾ.**

ਸੋਚ ਦੀਆਂ ਉਪਜਾਂ ਨੂੰ ਵੀ ਤਬਦੀਲ ਕਰਦੇ ਹਨ। ਇਹ ਚੇਤਨਤਾ ਨਹੀਂ ਜਿਹੜੀ ਜੀਵਨ ਨੂੰ ਮਿਥਦੀ ਹੈ ਸਗੋਂ ਜੀਵਨ ਚੇਤਨਤਾ ਨੂੰ ਮਿਥਦਾ ਹੈ। ਪਹੁੰਚ ਦੇ ਪਹਿਲੇ ਢੰਗ ਲਈ ਆਦਿ-ਬਿੰਦੂ ਚੇਤਨਤਾ ਹੈ, ਜਿਸਨੂੰ ਜਿਉਂਦੇ ਵਿਅਕਤੀ ਦੇ ਰੂਪ ਵਿੱਚ ਲਿਆ ਗਿਆ ਹੈ; ਪਹੁੰਚ ਦੇ ਦੂਜੇ ਢੰਗ ਲਈ, ਜਿਹੜਾ ਯਥਾਰਥਕ ਜੀਵਨ ਦਾ ਅਨੁਸਾਰ ਹੈ, ਇਹ ਅਸਲੀ ਜਿਉਂਦੇ ਵਿਅਕਤੀ ਹਨ ਅਤੇ ਚੇਤਨਤਾ ਨੂੰ ਕੇਵਲ **ਉਹਨਾਂ ਦੀ** ਚੇਤਨਤਾ ਵਜੋਂ ਵਿਚਾਰਿਆ ਜਾਂਦਾ ਹੈ।

ਪਹੁੰਚ ਦਾ ਇਹ ਢੰਗ ਆਧਾਰਾਂ ਤੋਂ ਸੱਖਣਾ ਨਹੀਂ। ਇਹ ਯਥਾਰਥਕ ਆਧਾਰਾਂ ਤੋਂ ਮੁੱਢ ਬੰਨ੍ਹਦਾ ਹੈ ਅਤੇ ਇੱਕ ਛਿਣ ਲਈ ਵੀ ਉਹਨਾਂ ਨੂੰ ਤਿਆਗਦਾ ਨਹੀਂ। ਇਹਦੇ ਆਧਾਰ ਮਨੁੱਖ ਹਨ, ਕਿਸੇ ਅਚਰਜ ਇਕਾਂਤ ਅਤੇ ਅਚਲਤਾ ਵਿੱਚ ਨਹੀਂ ਸਗੋਂ ਨਿਸ਼ਚਿਤ ਹਾਲਤਾਂ ਅਧੀਨ ਵਾਸਤਵਿਕ ਹਾਲਤਾਂ ਅਧੀਨ ਉਨ੍ਹਾਂ ਦੇ ਵਿਕਾਸ ਦੇ ਪ੍ਰਯੋਗਕ ਤੌਰ 'ਤੇ ਸਥੂਲ ਅਮਲ ਵਿੱਚ ਮਨੁੱਖ। ਜਿਉਂ ਹੀ ਇਹ ਸਰਗਰਮ ਜੀਵਨ-ਅਮਲ ਬਿਆਨ ਕੀਤਾ ਜਾਂਦਾ ਹੈ, ਇਤਿਹਾਸ ਮੁਰਦਾ ਤੱਥਾਂ ਦਾ ਇਕੱਠ (ਜਿਵੇਂ ਇਹ ਪ੍ਰਯੋਗਵਾਦੀਆਂ ਲਈ ਹੈ, ਜਿਹੜੇ ਆਪ ਅਜੇ ਵੀ ਖ਼ਿਆਲੀ ਹਨ) ਜਾਂ ਕਲਪਨਿਕ ਪਦਾਰਥਾਂ ਦੀ ਕਲਪਨਿਕ ਸਰਗਰਮੀ ਨਹੀਂ ਰਹਿੰਦਾ, ਜਿਵੇਂ ਇਹ ਆਦਰਸ਼ਵਾਦੀਆਂ ਲਈ ਹੈ।

ਜਿੱਥੇ ਕਿਆਸਾਂ ਦਾ ਅੰਤ ਹੁੰਦਾ ਹੈ, ਜਿੱਥੇ ਯਥਾਰਥਕ ਜੀਵਨ ਸ਼ੁਰੂ ਹੁੰਦਾ ਹੈ, ਉੱਥੇ ਹੀ ਸਿੱਟੇ ਵਜੋਂ ਯਥਾਰਥਕ, ਹਾਂ-ਪੱਖੀ ਵਿਗਿਆਨ, ਮਨੁੱਖਾਂ ਦੀ ਅਮਲੀ ਸਰਗਰਮੀ, ਉਹਨਾਂ ਦੇ ਵਿਕਾਸ ਦੀ ਅਮਲੀ ਪ੍ਰਕਿਰਿਆ ਦੀ ਵਿਆਖਿਆ ਸ਼ੁਰੂ ਹੁੰਦੀ ਹੈ। ਚੇਤਨਤਾ ਬਾਰੇ ਥੋਥੇ ਵਾਕੰਸ਼ ਖ਼ਤਮ ਹੋ ਜਾਂਦੇ ਹਨ ਅਤੇ ਯਥਾਰਥਕ ਗਿਆਨ ਨੂੰ ਉਹਨਾਂ ਦੀ ਥਾਂ ਲੈਣੀ ਪੈਂਦੀ ਹੈ। ਜਦੋਂ ਯਥਾਰਥ ਬਿਆਨ ਕੀਤਾ ਜਾਂਦਾ ਹੈ, ਇੱਕ ਸਵੈ-ਨਿਰਭਰ ਦਰਸ਼ਨ [die selbständige Philosphie] ਆਪਣੀ ਹੋਂਦ ਦਾ ਮਾਧਿਅਮ ਗੁਆ ਬਹਿੰਦਾ ਹੈ। ਇਹਦੀ ਥਾਂ ਵੱਧ ਤੋਂ ਵੱਧ ਅਤਿਅੰਤ ਆਮ ਸਿੱਟਿਆਂ ਦਾ, ਉਹਨਾਂ ਅਮੂਰਤੀਕਰਨਾਂ ਦਾ, ਜਿਹੜੇ ਮਨੁੱਖਾਂ ਦੇ ਇਤਿਹਾਸਕ ਵਿਕਾਸ ਨੂੰ ਵੇਖਣ ਤੋਂ ਉਪਜੇ ਹਨ, ਸਾਰ ਪੇਸ਼ ਕਰਨਾ ਹੀ ਲੈ ਸਕਦਾ ਹੈ। ਯਥਾਰਥਕ ਇਤਿਹਾਸ ਤੋਂ ਵੱਖ ਹੋਏ, ਇਹਨਾਂ ਅਮੂਰਤੀਕਰਨਾਂ ਦੀ ਆਪਣੇ ਆਪ ਵਿੱਚ ਕੋਈ ਕਦਰ ਨਹੀਂ। ਉਹ ਤਾਂ ਬਸ ਇਤਿਹਾਸਕ ਸਮੱਗਰੀ ਨੂੰ ਤਰਤੀਬਬੱਧ, ਵੱਖ ਵੱਖ ਪਰਤਾਂ ਦੇ ਕ੍ਰਮ ਨੂੰ ਦਰਸਾਉਣ ਵਿੱਚ ਸਹਾਈ ਹੀ ਹੋ ਸਕਦੇ ਹਨ। ਪਰ ਉਹ ਇਤਿਹਾਸ ਦੇ ਯੁਗਾਂ ਨੂੰ ਤਰਾਸ਼ਣ ਲਈ ਕੋਈ ਨੁਸਖ਼ਾ ਜਾਂ ਢਾਂਚਾ ਪੇਸ਼ ਨਹੀਂ ਕਰਦੇ, ਜਿਵੇਂ ਦਰਸ਼ਨ ਪੇਸ਼ ਕਰਦਾ ਹੈ। ਇਹਦੇ ਉਲਟ ਔਕੜਾਂ ਉਦੋਂ ਸ਼ੁਰੂ ਹੁੰਦੀਆਂ ਹਨ ਜਦੋਂ ਬੰਦਾ ਸਮੱਗਰੀ ਨੂੰ—ਭਾਵੇਂ ਕਿਸੇ ਬੀਤੇ ਯੁਗ ਦੀ ਜਾਂ ਇਸ ਯੁਗ ਦੀ—ਜੋਖਣਾ ਪਰਖਣਾ, ਤਰਤੀਬ 'ਚ ਕਰਨਾ ਅਤੇ ਇਹਦੀ ਵਾਸਤਵਿਕ ਪੇਸ਼ਕਾਰੀ ਸ਼ੁਰੂ ਕਰਦਾ ਹੈ। ਇਹਨਾਂ ਔਖਿਆਈਆਂ ਦੇ ਦੂਰ ਹੋਣ ਉੱਤੇ ਉਹ ਆਧਾਰ ਲਾਗੂ ਹੁੰਦੇ ਹਨ, ਜਿਹੜੇ ਇੱਥੇ ਨਿਸ਼ਚੇ ਹੀ ਬਿਆਨ ਨਹੀਂ ਕੀਤੇ ਜਾ ਸਕਦੇ, ਪਰ ਜਿਨ੍ਹਾਂ ਨੂੰ ਕੇਵਲ ਯਥਾਰਥਕ ਜੀਵਨ-ਅਮਲਾਂ ਅਤੇ ਹਰ ਯੁਗ ਦੇ ਵਿਅਕਤੀਆਂ ਦੀ ਸਰਗਰਮੀ ਦਾ ਅਧਿਐਨ ਹੀ ਸਪਸ਼ਟ ਕਰੇਗਾ। ਇੱਥੇ ਅਸੀਂ ਇਹਨਾਂ ਅਮੂਰਤੀਕਰਨਾਂ ਵਿੱਚੋਂ ਕੁੱਝ ਇੱਕ ਨੂੰ ਲਵਾਂਗੇ, ਜਿਨ੍ਹਾਂ ਨੂੰ ਅਸੀਂ ਵਿਚਾਰਧਾਰਾ

ਦੇ ਮੁਕਾਬਲੇ ਉੱਤੇ ਪੇਸ਼ ਕਰਦੇ ਹਾਂ ਅਤੇ ਇਤਿਹਾਸਕ ਉਦਾਹਰਣਾਂ ਰਾਹੀਂ ਉਹਨਾਂ ਉੱਤੇ ਚਾਨਣਾ ਪਾਉਂਦੇ ਹਾਂ।*

* ਸਾਫ਼ ਨਕਲ ਦਾ ਮੁੱਖ (ਦੂਜਾ) ਪਾਠ ਇੱਥੇ ਖ਼ਤਮ ਹੋ ਜਾਂਦਾ ਹੈ। ਇਸ ਸੰਸਕ੍ਰਣ ਦਾ ਇਸ ਤੋਂ ਅੱਗੋਂ ਦਾ ਪਾਠ ਹੱਥ-ਲਿਖਤ ਦੀ ਇੱਕ ਅਣਸਾਫ਼ ਨਕਲ ਦੇ ਤਿੰਨ ਹਿੱਸੇ ਹੈ। **—ਸੰਪਾ.**

## [II]

## [1. ਮਨੁੱਖ ਦੀ ਅਸਲੀ ਮੁਕਤੀ ਲਈ ਪੂਰਬਲੀਆਂ ਸ਼ਰਤਾਂ]

[1.] ਨਿਰਸੰਦੇਹ ਅਸੀਂ ਆਪਣੇ ਦਾਰਸ਼ਨਿਕਾਂ ਲਈ ਇਹ ਵਿਆਖਿਆ ਕਰਨ ਦੀ ਖੇਚਲ ਨਹੀਂ ਕਰਾਂਗੇ ਕਿ "ਮਨੁੱਖ" ਦੀ "ਮੁਕਤੀ" ਦਰਸ਼ਨ, ਧਰਮ-ਵਿਦਿਆ, ਤੱਤ ਅਤੇ ਅਜਿਹੇ ਹੀ ਹੋਰ ਕੂੜ-ਕਬਾੜ ਨੂੰ "ਸਵੈ-ਚੇਤਨਤਾ" ਤਕ ਘਟਾਉਣ ਅਤੇ "ਮਨੁੱਖ" ਨੂੰ ਉਹਨਾਂ ਵਾਕੰਸ਼ਾਂ ਤੋਂ ਮੁਕਤ ਕਰਾਉਣ ਨਾਲ਼, ਜਿਨ੍ਹਾਂ ਉਹਨੂੰ ਕਦੀ ਵੀ ਬੰਦੀ ਨਹੀਂ ਸੀ ਬਣਾਇਆ ਹੋਇਆ, ਇੱਕ ਕਦਮ ਵੀ ਅੱਗੇ ਨਹੀਂ ਵੱਧਦੀ।* ਨਾ ਹੀ ਅਸੀਂ ਉਹਨਾਂ ਨੂੰ ਇਹ ਸਮਝਾਵਾਂਗੇ ਕਿ ਅਸਲੀ ਮੁਕਤੀ ਕੇਵਲ ਅਸਲੀ ਦੁਨੀਆਂ ਵਿੱਚ ਹੀ ਅਤੇ ਅਸਲੀ ਸਾਧਨਾਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ, ਕਿ ਭਾਫ਼ ਨਾਲ਼ ਚਲਣ ਵਾਲ਼ੇ ਇੰਜਣ ਅਤੇ ਮਿਊਲ ਜੈਨੀ (ਸੂਤਰ ਕਤਣ ਵਾਲ਼ੀ ਮਸ਼ੀਨ) ਤੋਂ ਬਿਨਾਂ ਗ਼ੁਲਾਮੀ ਦਾ ਅੰਤ ਨਹੀਂ ਕੀਤਾ ਜਾ ਸਕਦਾ ਅਤੇ ਇਹ ਕਿ ਆਮ ਤੌਰ 'ਤੇ ਮਨੁੱਖ ਉਸ ਸਮੇਂ ਤੱਕ ਮੁਕਤ ਨਹੀਂ ਕੀਤੇ ਜਾ ਸਕਦੇ ਜਦੋਂ ਤਕ ਉਹ ਉਚਿਤ ਗੁਣਾਂ ਅਤੇ ਮਾਤਰਾ ਵਾਲ਼ਾ ਖਾਣਾ ਅਤੇ ਪੀਣਾ, ਮਕਾਨ ਅਤੇ ਕੱਪੜੇ ਪ੍ਰਾਪਤ ਨਹੀਂ ਕਰ ਲੈਂਦੇ। "ਮੁਕਤੀ" ਦਿਮਾਗ਼ੀ ਨਹੀਂ ਸਗੋਂ ਇਤਿਹਾਸਕ ਅਮਲ ਹੈ, ਕਿ ਇਹ ਇਤਿਹਾਸਕ ਹਾਲਤਾਂ, ਸਨਅਤ ਦੀ [ਪੱਧਰ], ਵ[ਣ]ਜ, ਖੇ[ਤੀ], [ਵਰਤੋਂ-ਵਿਹਾਰ]** ਰਾਹੀਂ ਆਉਂਦੀ ਹੈ... [2] ਫਿਰ ਉਸ ਤੋਂ ਪਿੱਛੋਂ ਆਪਣੇ ਵਿਕਾਸ ਦੇ ਵੱਖ ਵੱਖ ਪੜਾਆਂ ਅਨੁਸਾਰ ਉਹ ਤੱਤ, ਪ੍ਰਕਰਣ, ਸਵੈ-ਚੇਤਨਤਾ ਅਤੇ ਨਿਰੋਲ ਪੜਚੋਲ ਦੀ ਵਾਹਯਾਤੀ ਅਤੇ ਧਰਮਾਂ ਤੇ ਧਰਮ-ਵਿਦਿਆ ਦੀ ਵੀ ਵਾਹਯਾਤੀ ਘੜਦੇ ਹਨ ਅਤੇ ਅੱਗੋਂ ਜਾਕੇ ਜਦੋਂ ਉਹਨਾਂ ਦਾ ਵਿਕਾਸ ਚੋਖਾ ਵੱਧ ਗਿਆ ਹੁੰਦਾ ਹੈ ਤਾਂ ਇੱਕ ਵਾਰ ਫਿਰ ਇਹਨਾਂ ਤੋਂ ਛੁਟਕਾਰਾ ਪਾ ਲੈਂਦੇ ਹਨ।*** ਜਰਮਨੀ ਵਿੱਚ, ਇਹ ਅਜਿਹੇ ਦੇਸ਼ ਵਿੱਚ ਜਿੱਥੇ ਇੱਕ ਤੁੱਛ ਇਤਿਹਾਸਕ ਵਿਕਾਸ ਹੋ ਰਿਹਾ ਹੈ, ਇਹ ਬੌਧਕ ਵਰਤਾਰੇ, ਇਹ ਵਡਿਆਈਆਂ ਅਤੇ ਪ੍ਰਭਾਵਹੀਨ ਤੁਛਤਾਵਾਂ,

---

* [ਮਾਰਕਸ ਵੱਲੋਂ ਹਾਸ਼ੀਏ ਉੱਤੇ ਨੋਟ:] ਦਾਰਸ਼ਨਿਕ ਮੁਕਤੀ ਅਤੇ ਅਸਲੀ ਮੁਕਤੀ। —ਮਨੁੱਖ। ਅਦੁੱਤੀ। ਵਿਅਕਤੀ। —ਭੂ-ਗਰਭੀ, ਜਲ-ਰੁਤਵੀ ਆਦਿ ਹਾਲਤਾਂ। ਮਨੁੱਖੀ ਸਰੀਰ। ਲੋੜਾਂ ਅਤੇ ਕਿਰਤ। **—ਸੰਪਾ.**

** ਇੱਥੇ ਖਰੜਾ ਨੁਕਸਦਾਰ ਹੈ: ਤਾਅ ਦਾ ਹੇਠਲਾ ਹਿੱਸਾ ਪਾਟਾ ਹੋਇਆ ਹੈ ਅਤੇ ਪਾਠ ਦਾ ਇੱਕ ਵਾਕ ਗੁੰਮ ਹੈ। **—ਸੰਪਾ.**

*** [ਮਾਰਕਸ ਵੱਲੋਂ ਹਾਸ਼ੀਏ ਉੱਤੇ ਨੋਟ:] ਵਾਕੰਸ਼ ਅਤੇ ਅਸਲੀ ਹਰਕਤ। ਜਰਮਨੀ ਵਿੱਚ ਵਾਕੰਸ਼ਾਂ ਦੀ ਮਹੱਤਤਾ। **—ਸੰਪਾ.**

ਕੁਦਰਤੀ ਤੌਰ 'ਤੇ ਇਤਿਹਾਸਕ ਵਿਕਾਸ ਦੀ ਅਣਹੋਂਦ ਦੇ ਬਦਲ ਦਾ ਕੰਮ ਕਰਦੀਆਂ ਹਨ ਅਤੇ ਉਹ ਜੜ੍ਹ ਫੜ ਲੈਂਦੀਆਂ ਹਨ ਅਤੇ ਉਹਨਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਪਰ ਇਹ ਲੜਾਈ ਸਥਾਨਕ ਮਹੱਤਤਾ ਵਾਲ਼ੀ ਹੈ।*

## [2. ਫ਼ਿਉਰਬਾਖ਼ ਦੇ ਅੰਤਰ-ਧਿਆਨੀ ਅਤੇ ਆਪਾ-ਵਿਰੋਧੀ ਪਦਾਰਥਵਾਦ ਦੀ ਪੜਚੋਲ]

[...]** [8] ਯਥਾਰਥ ਵਿੱਚ ਅਤੇ **ਅਮਲੀ** ਪਦਾਰਥਵਾਦੀ, ਅਰਥਾਤ, **ਕਮਿਊਨਿਸਟ** ਲਈ ਸਵਾਲ ਵਿਦਮਾਨ ਸੰਸਾਰ ਵਿੱਚ ਇਨਕਲਾਬੀ ਤਬਦੀਲੀ ਲਿਆਉਣ ਦਾ, ਅਮਲੀ ਤੌਰ ਉੱਤੇ ਵਿਦਮਾਨ ਹਾਲਤਾਂ ਨਾਲ਼ ਜੂਝਣ ਅਤੇ ਇਹਨਾਂ ਵਿੱਚ ਤਬਦੀਲੀ ਕਰਨ ਦਾ ਹੈ। ਜਦੋਂ ਸਾਨੂੰ ਕਦੀ ਕਦੀ ਫ਼ਿਉਰਬਾਖ਼ ਵਿੱਚ ਅਜਿਹੇ ਵਿਚਾਰ ਮਿਲਦੇ ਹਨ ਤਾਂ ਉਹ ਨਵੇਕਲੇ ਅਨੁਮਾਨਾਂ ਤੋਂ ਵੱਧ ਕੁੱਝ ਨਹੀਂ ਅਤੇ ਉਹਨਾਂ ਦਾ ਅੱਗੋਂ ਵਿਕਸਤ ਹੋਣ ਵਾਲ਼ੇ ਭਰੂਣਾਂ ਵਜੋਂ ਉਹਦੇ ਇਥੇ ਵਿਚਾਰੇ ਜਾਣ ਵਾਲੇ ਦ੍ਰਿਸ਼ਟੀਕੋਣ ਉੱਤੇ ਬਹੁਤ ਨਿਗੂਣਾ ਪ੍ਰਭਾਵ ਹੈ। ਇੰਦਰਿਆਵੀ ਜਗਤ ਦਾ ਫ਼ਿਉਰਬਾਖ਼ ਦਾ "ਸੰਕਲਪ" ਇੱਕ ਹੱਥ ਕੇਵਲ ਇਹਨੂੰ ਵਿਚਾਰਨ ਅਤੇ ਦੂਜੇ ਹੱਥ ਕੇਵਲ ਮਹਿਸੂਸ ਕਰਨ ਤੱਕ ਸੀਮਤ ਹੈ; ਉਹ "ਅਸਲੀ ਇਤਿਹਾਸਕ ਮਨੁੱਖ" ਦੀ ਥਾਂ "ਮਨੁੱਖ" ਨੂੰ ਮਿਥਦਾ ਹੈ। "ਮਨੁੱਖ" ਯਥਾਰਥ ਵਿੱਚ "ਜਰਮਨ" ਹੈ। ਪਹਿਲੀ ਹਾਲਤ ਵਿੱਚ ਇੰਦਰਿਆਵੀ ਸੰਸਾਰ ਦੀ ਅੰਤਰ-ਧਿਆਨਤਾ ਵਿੱਚ, ਉਹ ਲਾਜ਼ਮੀ ਤੌਰ 'ਤੇ ਉਹਨਾਂ ਵਸਤਾਂ ਤੱਕ ਅੱਪੜਦਾ ਹੈ ਜਿਹੜੀਆਂ ਉਹਦੀ ਚੇਤਨਤਾ ਅਤੇ ਭਾਵਨਾ ਦੇ ਉਲਟ ਜਾਂਦੀਆਂ ਹਨ, ਜਿਹੜੀਆਂ ਗੱਲ ਉਸ ਸੁਰਮੇਲ ਵਿੱਚ, ਇੰਦਰਿਆਵੀ ਜਗਤ ਦੇ ਸਭਨਾਂ ਹਿੱਸਿਆਂ ਅਤੇ ਵਿਸ਼ੇਸ਼ ਤੌਰ 'ਤੇ ਮਨੁੱਖ ਅਤੇ ਪ੍ਰਕਿਰਤੀ ਦੇ ਸੁਰਮੇਲ ਵਿੱਚ, ਜਿਹੜਾ ਉਹ ਪਹਿਲਾਂ ਹੀ ਮੰਨ ਲੈਂਦਾ ਹੈ, ਗੜ ਬੜ ਪੈਦਾ ਕਰ ਦੇਂਦੀਆਂ ਹਨ।*** ਇਸ ਗੜ-ਬੜ ਨੂੰ ਦੂਰ ਕਰਨ ਲਈ ਉਹਨੂੰ ਇੱਕ ਦੂਹਰੇ ਅਨੁਭਵ ਦੀ ਸ਼ਰਮ ਲੈਣੀ ਹੀ ਪੈਂਦੀ ਹੈ: ਇੱਕ ਸੰਸਾਰੀ ਜਿਹੜਾ "ਕੇਵਲ ਉੱਕਾ ਹੀ ਸਪਸ਼ਟ" ਨੂੰ ਵੇਖਦਾ ਹੈ ਅਤੇ ਇੱਕ ਉਚੇਰਾ, ਦਾਰਸ਼ਨਿਕ, ਜਿਹੜਾ ਵਸਤਾਂ ਦੇ "ਸੱਚੇ ਤੱਤ" ਨੂੰ ਵੇਖਦਾ ਹੈ। ਉਹ ਇਹ ਨਹੀਂ ਵੇਖਦਾ ਕਿ ਉਹਦੇ ਦੁਆਲੇ ਦਾ ਇੰਦਰਿਆਵੀ ਜਗਤ ਆਦਿ-ਅਨਾਦ ਤੋਂ ਸਿੱਧੀ ਦਿੱਤੀ ਕੋਈ ਅਜਿਹੀ ਸ਼ੈਅ ਨਹੀਂ, ਜਿਹੜੀ ਸਦਾ ਉਹੋ ਰਹਿੰਦੀ ਹੈ, ਸਗੋਂ ਸਨਅਤ ਅਤੇ ਸਮਾਜ ਦੀ ਹਾਲਤ ਦੀ ਉਪਜ ਹੈ; ਅਤੇ ਨਿਰਸੰਦੇਹ ਇਸ ਅਰਥ ਵਿੱਚ [ਉਪਜ] ਹੈ ਕਿ ਇਹ ਇੱਕ ਇਤਿਹਾਸਕ, ਪੀੜ੍ਹੀਆਂ ਦੀ ਪੂਰੀ

---

* [ਮਾਰਕਸ ਵੱਲੋਂ ਹਾਸ਼ੀਏ ਉੱਤੇ ਨੋਟ:] ਭਾਸ਼ਾ ਅਸ(ਲੀਅਤ) ਦੀ ਭਾਸ਼ਾ ਹੈ। **—ਸੰਪਾ.**

** ਇੱਥੇ ਖਰੜੇ ਦੇ ਪੰਜ ਪੰਨੇ ਗੁਆਚੇ ਹੋਏ ਹਨ। **—ਸੰਪਾ.**

*** ਨੋਟ: ਫ਼ਿ[ਉਰਬਾਖ਼] ਦੀ ਗ਼ਲਤੀ ਇਹ ਨਹੀਂ ਕਿ ਉਹ ਉੱਕਾ ਹੀ ਸਪਸ਼ਟ ਇੰਦਰਿਆਵੀ **ਦਿਖ** ਨੂੰ ਇੰਦਰਿਆਵੀ ਤੱਥਾਂ ਦੀ ਵਿਸਥਾਰ-ਪੂਰਵਕ ਖੋਜ ਤੋਂ ਸਥਾਪਤ ਹੋਏ ਇੰਦਰਿਆਵੀ ਯਥਾਰਥ ਦੇ ਅਧੀਨ ਕਰਦਾ ਹੈ, ਸਗੋਂ ਇਸ ਗਲ ਵਿੱਚ ਹੈ ਕਿ ਅੰਤਮ ਨਿਰਣੇ ਵਿੱਚ ਉਹ **ਦਾਰਸ਼ਨਿਕ** ਦੀਆਂ "ਅੱਖਾਂ", ਅਰਥਾਤ, "ਐਨਕਾਂ" ਵਿਚੋਂ ਵੇਖੇ ਬਗ਼ੈਰ ਇੰਦਰਿਆਵੀ ਸੰਸਾਰ ਨਾਲ਼ ਨਿੱਬੜ ਨਹੀਂ ਸਕਦਾ। **—ਸੰਪਾ.**

ਲੜੀ ਦੀ ਸਰਗਰਮੀ ਦੇ ਸਿੱਟੇ ਵਜੋਂ ਉਪਜ ਹੈ, ਜਿਨ੍ਹਾਂ ਵਿਚੋਂ ਹਰ ਇੱਕ ਆਪਣੀ ਸਨਅਤ ਅਤੇ ਵਰਤੋਂ-ਵਿਹਾਰ ਦਾ ਵਿਕਾਸ ਕਰਦੇ ਹੋਏ ਅਤੇ ਤਬਦੀਲ ਹੋਈਆਂ ਲੋੜਾਂ ਅਨੁਸਾਰ ਆਪਣੀ ਸਮਾਜੀ ਪ੍ਰਣਾਲੀ ਨੂੰ ਤਬਦੀਲ ਕਰਦੇ ਹੋਏ, ਆਪਣੇ ਤੋਂ ਪਹਿਲੀ ਪੀੜ੍ਹੀ ਦੇ ਮੋਢਿਆਂ ਉੱਤੇ ਖੜੀ ਹੋਈ ਹੈ। ਸਾਦੀ ਤੋਂ ਸਾਦੀ "ਇੰਦਰਿਆਵੀ ਨਿਸ਼ਚਿਤਤਾ" ਦੇ ਮੰਤਵ ਵੀ ਉਹਨੂੰ ਕੇਵਲ ਸਮਾਜੀ ਵਿਕਾਸ, ਸਨਅਤ ਅਤੇ ਵਣਜਕ ਵਰਤੋਂ-ਵਿਹਾਰ ਰਾਹੀਂ ਦਿੱਤੇ ਜਾਂਦੇ ਹਨ। ਜਿਹਾ ਕਿ ਸਭ ਜਾਣਦੇ ਹਨ, ਹੋਰਨਾਂ ਸਭਨਾਂ ਫਲ-ਰੁੱਖਾਂ ਵਾਂਗ, ਸ਼ਾਹਦਾਣੇ ਦਾ ਰੁੱਖ ਵੀ **ਵਣਜ** ਨੇ ਕੁੱਝ ਸਦੀਆਂ ਪਹਿਲੇ ਸਾਡੇ ਇਲਾਕੇ ਵਿੱਚ ਬਾਹਰੋਂ ਲਿਆ ਕੇ ਲਾਇਆ, ਅਤੇ ਇਸੇ ਲਈ [9] ਇੱਕ ਨਿਸ਼ਚਿਤ ਜੁਗ ਵਿੱਚ ਇੱਕ ਨਿਸ਼ਚਿਤ ਸਮਾਜ ਦੇ ਇਸ ਅਮਲ **ਰਾਹੀਂ** ਇਹ ਫ਼ਿਉਰਬਾਖ਼ ਲਈ "ਇੰਦਰਿਆਵੀ ਯਥਾਰਥ" ਬਣ ਗਿਆ ਹੈ।

ਲਗਦੇ ਹੱਥ, ਜਦੋਂ ਸ਼ੈਆਂ ਨੂੰ ਇਸ ਢੰਗ ਨਾਲ਼ ਵੇਖਿਆ ਜਾਂਦਾ ਹੈ, ਜਿਵੇਂ ਉਹ ਯਥਾਰਥ ਵਿੱਚ ਹਨ ਅਤੇ ਵਾਪਰੀਆਂ ਹਨ, ਤਾਂ, ਜਿਹਾ ਕਿ ਅੱਗੋਂ ਚਲਕੇ ਵਧੇਰੇ ਸਪਸ਼ਟ ਵੇਖਿਆ ਜਾਵੇਗਾ, ਹਰ ਡੂੰਘਾ ਦਾਰਸ਼ਨਿਕ ਮਸਲਾ ਬੜੀ ਸਾਦੀ ਤਰ੍ਹਾਂ ਇੱਕ ਪ੍ਰਯੋਗਕ ਤੱਥ ਵਿੱਚ ਤਬਦੀਲੀ ਹੋ ਜਾਂਦਾ ਹੈ। ਮਿਸਾਲ ਵਜੋਂ ਮਨੁੱਖ ਅਤੇ ਕੁਦਰਤ ਦੇ ਸਬੰਧ ਦਾ ਮਹੱਤਵਪੂਰਨ ਪ੍ਰਸ਼ਨ (ਬਰੂਨੋ ਇੱਥੋਂ ਤੱਕ ਚਲਾ ਜਾਂਦਾ ਹੈ ਕਿ ਉਹ "ਕੁਦਰਤ ਅਤੇ ਇਤਿਹਾਸ" ਦੀ ਟੱਕਰ ਦੀ ਗੱਲ ਕਰਦਾ ਹੈ (ਪੰਨਾ 110)*, ਜਿਵੇਂ ਇਹ ਦੋ ਵੱਖ ਵੱਖ "ਸ਼ੈਆਂ ਹੋਣ ਅਤੇ ਮਨੁੱਖ ਦੇ ਸਾਹਮਣੇ ਸਦਾ ਹੀ ਇੱਕ ਇਤਿਹਾਸਕ ਪ੍ਰਕਿਰਤੀ ਅਤੇ ਇੱਕ ਪ੍ਰਕਿਰਤਕ ਇਤਿਹਾਸ ਨਾ ਰਿਹਾ ਹੋਵੇ), ਜਿਸਨੇ "ਤੱਤ" ਅਤੇ "ਸਵੈ-ਚੇਤਨਤਾ" ਬਾਰੇ ਇੰਨੀਆਂ "ਅਬੋਧ ਉੱਚ ਕਿਰਤਾਂ"** ਨੂੰ ਜਨਮ ਦਿੱਤਾ, ਢਹਿ ਢੇਰੀ ਹੋ ਜਾਂਦਾ ਹੈ, ਜਦੋਂ ਅਸੀਂ ਇਹ ਸਮਝ ਲੈਂਦੇ ਹਾਂ ਕਿ "ਮਨੁੱਖ ਦੀ ਕੁਦਰਤ ਨਾਲ਼" ਪ੍ਰਸਿੱਧ "ਏਕਤਾ" ਸਦਾ ਸਨਅਤ ਵਿੱਚ ਹੋਂਦ ਵਿੱਚ ਰਹੀ ਹੈ ਅਤੇ ਹਰ ਯੁਗ ਵਿੱਚ ਸਨਅਤ ਦੇ ਘੱਟ ਜਾਂ ਵੱਧ ਵਿਕਾਸ ਅਨੁਸਾਰ ਇਹਦੀ ਬਦਲਦੇ ਰੂਪਾਂ ਵਿੱਚ ਹੋਂਦ ਰਹੀ ਹੈ ਅਤੇ ਇਸੇ ਹੀ ਤਰ੍ਹਾਂ ਉਹਦੀਆਂ ਉਤਪਾਦਕ ਸ਼ਕਤੀਆਂ ਦੇ ਇੱਕ ਅਨੁਸਾਰੀ ਆਧਾਰ ਤੱਕ ਵਿਕਸਤ ਹੋਣ ਤੱਕ ਕੁਦਰਤ ਨਾਲ ਮਨੁੱਖ ਦੇ "ਘੋਲ਼" ਦੀ ਵੀ ਹੋਂਦ ਰਹੀ ਹੈ। ਸਨਅਤ ਅਤੇ ਵਣਜ, ਜੀਵਨ ਦੀਆਂ ਲੋੜਾਂ ਦਾ ਉਤਪਾਦਨ ਅਤੇ ਵਟਾਂਦਰਾ ਆਪਣੀ ਵਾਰੀ ਵੰਡ ਨੂੰ, ਵੱਖ ਵੱਖ ਸਮਾਜੀ ਸ਼੍ਰੇਣੀਆਂ ਦੀ ਬਣਤਰ ਨੂੰ ਮਿਥਦੇ ਹਨ ਅਤੇ, ਆਪਣੀ ਵਾਰੀ, ਉਸ ਢੰਗ ਤੋਂ ਮਿਥੇ ਜਾਂਦੇ ਹਨ ਜਿਨ੍ਹਾਂ ਅਨੁਸਾਰ ਉਹ ਚਲਾਏ ਜਾਂਦੇ ਹਨ; ਅਤੇ ਇਸੇ ਲਈ ਇਉਂ ਹੁੰਦਾ ਹੈ ਕਿ, ਮਿਸਾਲ ਵਜੋਂ, ਫ਼ਿਉਰਬਾਖ਼ ਨੂੰ ਮਾਨਚੈਸਟਰ ਵਿਖੇ ਕੇਵਲ ਕਾਰਖਾਨੇ ਅਤੇ ਮਸ਼ੀਨਾਂ ਦਿਸਦੀਆਂ ਹਨ, ਜਿਥੇ ਸੌ ਵਰ੍ਹੇ ਪਹਿਲਾਂ ਕੇਵਲ ਚਰਖ਼ੇ ਅਤੇ ਖੱਡੀਆਂ ਦਿਸਦੀਆਂ ਸਨ ਜਾਂ ਕੰਪਾਗਨਾ ਡੀ ਰੋਮਾ ਵਿੱਚ ਉਹਨੂੰ ਕੇਵਲ ਚਰਾਂਦਾਂ ਅਤੇ

---

* ਬਰੂਨੋ ਬਾਵੇਰ «Charakteristik Ludwig Feuerbachs»। («ਲੁਡਵਿਗ ਫ਼ਿਉਰਬਾਖ਼ ਦਾ ਲੱਛਣੀਕਰਨ») **—ਸੰਪਾ.**

** ਗੋਇਟੇ ਦੇ "ਫ਼ਾਊਸਟ" ਵਿੱਚੋਂ ਇੱਕ ਸਤਰ ਦਾ ਭਾਵ-ਅਰਥ, «Prolog im Himmel»। («ਸਵਰਗ ਵਿੱਚ ਉਥਾਨਕਾ») **—ਸੰਪਾ.**

ਜਿਲ੍ਹਣਾਂ ਦਿਸਦੀਆਂ ਹਨ, ਜਿੱਥੇ ਕਿ ਆਗਸਟਸ ਦੇ ਜ਼ਮਾਨੇ ਵਿੱਚ ਉਹਨੂੰ ਅੰਗੂਰਾਂ ਦੇ ਵਾੜਿਆਂ ਅਤੇ ਰੋਮ ਦੇ ਸਰਮਾਏਦਾਰਾਂ ਦੀਆਂ ਹਵੇਲੀਆਂ ਤੋਂ ਬਿਨਾਂ ਕੁੱਝ ਨਾ ਦਿਸਦਾ। ਫ਼ਿਉਰਬਾਖ਼ ਖ਼ਾਸ ਤੌਰ 'ਤੇ ਪ੍ਰਕਿਰਤਕ ਵਿਗਿਆਨਾਂ ਦੇ ਅਨੁਭਵ ਦੀ ਗੱਲ ਕਰਦਾ ਹੈ; ਉਹ ਉਹਨਾਂ ਭੇਤਾਂ ਦਾ ਜ਼ਿਕਰ ਕਰਦਾ ਹੈ ਜਿਹੜੇ ਕੇਵਲ ਭੌਤਿਕ-ਵਿਗਿਆਨੀ ਅਤੇ ਰਸਾਇਣ-ਵਿਗਿਆਨੀ ਦੀ ਅੱਖ ਅੱਗੇ ਹੀ ਪ੍ਰਗਟ ਹੁੰਦੇ ਹਨ; ਪਰ ਸਨਅਤ ਅਤੇ ਵਣਜ ਤੋਂ ਬਿਨਾਂ ਪ੍ਰਕਿਰਤਕ ਵਿਗਿਆਨ ਕਿੱਥੇ ਹੁੰਦਾ? ਇਸ "ਖ਼ਾਲਸ" ਪ੍ਰਕਿਰਤਕ ਵਿਗਿਆਨ ਨੂੰ ਵੀ ਆਪਣੇ ਪਦਾਰਥ ਵਾਂਗ ਆਪਣਾ ਮੰਤਵ ਵੀ ਵਪਾਰ ਅਤੇ ਸਨਅਤ ਰਾਹੀਂ, ਮਨੁੱਖਾਂ ਦੀ ਇੰਦਰਿਆਵੀ ਸਰਗਰਮੀ ਰਾਹੀਂ ਪ੍ਰਾਪਤ ਹੁੰਦਾ ਹੈ। ਇਹ ਸਰਗਰਮੀ, ਇਹ ਨਿਰੰਤਰ ਇੰਦਰਿਆਵੀ ਕਿਰਤ ਅਤੇ ਸਿਰਜਣਾ, ਇਹ ਉਤਪਾਦਨ ਸਾਰੇ ਅਜੋਕੇ ਵਿਦਮਾਨ ਰੂਪ ਵਿੱਚ ਇੰਦਰਿਆਵੀ ਸੰਸਾਰ ਦਾ ਇਸ ਹਦ ਤੱਕ ਆਧਾਰ ਹੈ ਕਿ ਜੇ ਇਹ ਇੱਕ ਵਰ੍ਹੇ ਲਈ ਰੁਕ ਜਾਵੇ ਤਾਂ ਫ਼ਿਉਰਬਾਖ਼ ਨੂੰ ਪ੍ਰਕਿਰਤਕ ਸੰਸਾਰ ਵਿੱਚ ਇੱਕ ਬਹੁਤ ਵੱਡੀ ਤਬਦੀਲੀ ਹੀ ਨਹੀਂ ਦਿਸੇਗੀ ਸਗੋਂ ਉਹ ਛੇਤੀ ਹੀ ਵੇਖੇਗਾ ਕਿ ਮਨੁੱਖਾਂ ਦਾ ਸਮੁੱਚਾ ਸੰਸਾਰ ਅਤੇ ਉਹਦੀ ਆਪਣੀ ਅਨੁਭਵ ਕਰਨ ਦੀ ਯੋਗਤਾ, ਨਹੀਂ ਸਗੋਂ ਉਹਦੀ ਆਪਣੀ ਹੋਂਦ, ਵੀ ਲੋਪ ਹੋ ਜਾਣਗੀਆਂ। ਨਿਰਸੰਦੇਹ, ਇਸ ਸਭ ਕੁੱਝ ਵਿੱਚ ਬਾਹਰਲੀ ਪ੍ਰਕਿਰਤੀ ਦੀ ਪਹਿਲ ਕਾਇਮ ਰਹਿੰਦੀ ਹੈ ਅਤੇ ਇਹ ਸਭ ਕੁੱਝ gereratio aequivoca* ਰਾਹੀਂ ਪੈਦਾ ਹੋਏ ਮਨੁੱਖਾਂ ਉੱਤੇ ਉੱਕਾ ਹੀ ਲਾਗੂ ਨਹੀਂ ਹੁੰਦਾ; ਪਰ ਇਹ ਵਖਰਾਉਣ ਦਾ ਅਰਥ ਕੇਵਲ ਤਾਂ ਹੀ ਹੁੰਦਾ ਹੈ ਜੇ ਮਨੁੱਖ ਨੂੰ ਪ੍ਰਕਿਰਤੀ ਤੋਂ ਵੱਖ ਸਮਝਿਆ ਜਾਵੇ। ਜਿਥੋਂ ਤਕ ਇਹਦਾ ਸਬੰਧ ਹੈ, ਕੁਦਰਤ, ਉਹ ਕੁਦਰਤ ਜਿਹੜੀ ਮਨੁੱਖੀ ਇਤਿਹਾਸ ਤੋਂ ਪਹਿਲਾਂ ਰਹੀ ਹੈ, ਕਿਸੇ ਵੀ ਤਰ੍ਹਾਂ ਉਹ ਪ੍ਰਕਿਰਤੀ ਨਹੀਂ ਜਿਸ ਵਿੱਚ ਫ਼ਿਉਰਬਾਖ਼ ਰਹਿੰਦਾ ਹੈ। ਇਹ ਉਹ ਕੁਦਰਤ ਹੈ, ਜਿਸਦੀ (ਸ਼ੈਦ ਥੋੜ੍ਹਾ ਸਮਾਂ ਪਹਿਲਾਂ ਉਤਪੰਨ ਹੋਏ ਆਸਟਰੇਲੀਆ ਦੇ ਮੋਂਗੇ ਦੇ ਕੁੱਝ ਟਾਪੂਆਂ ਤੋਂ ਬਿਨਾਂ) ਅੱਜ ਕਿੱਧਰੇ ਵੀ ਹੋਂਦ ਨਹੀਂ ਅਤੇ, ਇਸੇ ਲਈ, ਜਿਸਦੀ ਫ਼ਿਉਰਬਾਖ਼ ਲਈ ਵੀ ਹੋਂਦ ਨਹੀਂ।

ਫ਼ਿਉਰਬਾਖ਼ ਨੂੰ [10] "ਸ਼ੁੱਧ" ਪਦਾਰਥਵਾਦੀਆਂ ਉੱਤੇ ਇੱਕ ਬਹੁਤ ਵੱਡਾ ਲਾਭ ਪ੍ਰਾਪਤ ਹੈ ਕਿਉਂਕਿ ਉਹ ਇਹ ਅਨੁਭਵ ਕਰਦਾ ਹੈ ਕਿ ਮਨੁੱਖ ਵੀ "ਇੰਦਰੀਆਂ ਦੇ ਅਧੀਨ" ਹੈ। ਪਰ ਇਸ ਤੱਥ ਤੋਂ ਬਿਨਾਂ ਕਿ ਉਹ ਮਨੁੱਖ ਦਾ ਸੰਕਲਪ "ਇੰਦਰਿਆਵੀ ਸਰਗਰਮੀ" ਵਜੋਂ ਨਹੀਂ ਸਗੋਂ "ਇੰਦਰੀਆਂ ਦੇ ਅਧੀਨ" ਵਜੋਂ ਕਰਦਾ ਹੈ, ਕਿਉਂਕਿ ਉਹ ਅਜੇ ਤਕ ਸਿਧਾਂਤ ਦੀ ਦੁਨੀਆਂ ਵਿੱਚ ਰਹਿੰਦਾ ਹੈ ਅਤੇ ਮਨੁੱਖਾਂ ਨੂੰ ਉਹਨਾਂ ਦੇ ਵਿਦਮਾਨ ਸਮਾਜੀ ਸਬੰਧਾਂ ਵਿੱਚ ਨਹੀਂ ਵੇਖਦਾ, ਉਹਨਾਂ ਦੇ ਜੀਵਨ ਦੀਆਂ ਵਿਦਮਾਨ ਪ੍ਰਸਥਿਤੀਆਂ ਅਧੀਨ ਨਹੀਂ ਵੇਖਦਾ, ਜਿਨ੍ਹਾਂ ਨੇ ਉਹਨਾਂ ਨੂੰ ਉਹ ਕੁੱਝ ਬਣਾਇਆ ਹੈ ਜੋ ਕੁੱਝ ਉਹ ਹਨ, ਉਹ ਯਥਾਰਥ ਵਿੱਚ ਵਿਦਮਾਨ, ਸਰਗਰਮ ਮਨੁੱਖਾਂ ਤੱਕ ਕਦੀ ਨਹੀਂ ਪਹੁੰਚਦਾ, ਸਗੋਂ ਅਮੂਰਤੀਕਿਰਤ "ਮਨੁੱਖ" 'ਤੇ ਰੁਕ ਜਾਂਦਾ ਹੈ ਅਤੇ "ਯਥਾਰਥਕ, ਵਿਅਕਤੀਗਤ, ਸਰੀਰਕ ਮਨੁੱਖ" ਨੂੰ ਭਾਵਕ ਤੌਰ 'ਤੇ ਪਛਾਣਨ ਤੋਂ ਅੱਗੇ ਨਹੀਂ ਜਾਂਦਾ, ਅਰਥਾਤ, ਉਸ ਨੂੰ ਪਿਆਰ ਅਤੇ ਮਿੱਤਰਤਾ, ਅਤੇ ਉਹ ਵੀ ਆਦਰਸ਼ਾਏ

* ਆਪਮੁਹਾਰੀ ਉਤਪਤੀ। —**ਸੰਪਾ.**

ਰੂਪ ਵਿੱਚ, ਤੋਂ ਬਿਨਾਂ ਕਿਸੇ ਹੋਰ "ਮਨੁੱਖ ਦੇ ਮਨੁੱਖ ਨਾਲ਼" "ਮਨੁੱਖੀ" ਸਬੰਧਾਂ ਦਾ ਪਤਾ ਨਹੀਂ। ਉਹ ਜੀਵਨ ਦੀਆਂ ਅਜੋਕੀਆਂ ਹਾਲਤਾਂ ਦੀ ਕੋਈ ਪੜਚੋਲ ਨਹੀਂ ਦੇਂਦਾ। ਇਉਂ ਉਹ ਇੰਦਰਿਆਵੀ ਜਗਤ ਨੂੰ ਇਹਨੂੰ ਬਣਾਉਂਦੇ ਵਿਅਕਤੀਆਂ ਦੀ ਸਮੁੱਚੀ ਜਿਉਂਦੀ ਇੰਦਰਿਆਵੀ **ਸਰਗਰਮੀ** ਦੇ ਜੋੜ ਵਜੋਂ ਕਲਪਨਾ ਕਰਨ ਵਿੱਚ ਕਦੀ ਸਫ਼ਲ ਨਹੀਂ ਹੋਇਆ; ਇਸੇ ਲਈ, ਮਿਸਾਲ ਵਜੋਂ, ਜਦੋਂ ਉਹ ਨਰੋਏ ਮਨੁੱਖਾਂ ਦੀ ਥਾਂ ਹੰਜੀਰਾਂ ਮਾਰੇ, ਹਫ਼ੇ ਹੁਟੇ, ਤਪਦਿਕ ਮਾਰੇ ਭੁਖੜਾਂ ਦੀ ਭੀੜ ਵੇਖਦਾ ਹੈ, ਤਾਂ ਉਹ "ਉਚੇਰੇ ਸੰਕਲਪ" ਦੀ ਅਤੇ "ਜਾਤੀ ਵਿੱਚ" ਆਦਰਸ਼ "ਕਸਰ ਪੂਰੀ ਹੋਣ" ਦੀ ਸ਼ਰਨ ਲੈਣ ਅਤੇ ਇਉਂ ਐਨ ਉਸ ਨੁਕਤੇ ਤੇ, ਜਿਥੇ ਕਮਿਊਨਿਸਟ ਪਦਾਰਥਵਾਦੀ ਸਨਅਤ ਅਤੇ ਸਮਾਜੀ ਬਣਤਰ ਦੁਹਾਂ ਦੀ ਕਾਇਆ-ਪਲਟ ਦੀ ਲੋੜ ਅਤੇ ਨਾਲ਼ ਹੀ ਨਾਲ਼ ਸ਼ਰਤ ਵੇਖਦਾ ਹੈ, ਆਦਰਸ਼ਵਾਦ ਵਲ ਮੁੜ ਜਾਣ 'ਤੇ ਮਜਬੂਰ ਹੁੰਦਾ ਹੈ।

ਜਿਥੋਂ ਤੱਕ ਫ਼ਿਉਰਬਾਖ਼ ਪਦਾਰਥਵਾਦੀ ਹੈ, ਉਹ ਇਤਿਹਾਸ ਨੂੰ ਨਹੀਂ ਲੈਂਦਾ ਅਤੇ ਜਿਥੋਂ ਤਕ ਉਹ ਇਤਿਹਾਸ ਨੂੰ ਲੈਂਦਾ ਹੈ ਉਹ ਪਦਾਰਥਵਾਦੀ ਨਹੀਂ। ਉਹਦੇ ਲਈ ਪਦਾਰਥਵਾਦ ਅਤੇ ਇਤਿਹਾਸ ਉੱਕਾ ਭਿੰਨ ਭਿੰਨ ਹਨ, ਨਾਲ਼ੇ ਇਹ ਇੱਕ ਅਜਿਹਾ ਤੱਥ ਹੈ ਜਿਹੜਾ ਉਸ ਤੋਂ ਪੈਦਾ ਹੁੰਦਾ ਹੈ ਜੋ ਕੁੱਝ ਆਖਿਆ ਗਿਆ ਹੈ।*

## [3. ਬੁਨਿਆਦੀ ਇਤਿਹਾਸਕ ਸੰਬੰਧ, ਜਾਂ ਸਮਾਜੀ ਸਰਗਰਮੀ ਦੇ ਬੁਨਿਆਦੀ ਪੱਖ: ਉਪਜੀਵਕਾ ਦੇ ਸਾਧਨਾਂ ਦਾ ਉਤਪਾਦਨ, ਨਵੀਆਂ ਲੋੜਾਂ ਦਾ ਪੈਦਾ ਹੋਣਾ, ਮਨੁੱਖਾਂ ਦਾ ਮੁੜ-ਪੈਦਾ ਹੋਣਾ (ਟੱਬਰ), ਸਮਾਜੀ ਵਰਤੋਂ-ਵਿਹਾਰ, ਚੇਤਨਤਾ]

[11]** ਕਿਉਂਕਿ ਸਾਡਾ ਵਾਹ ਜਰਮਨਾਂ ਨਾਲ਼ ਹੈ, ਜਿਹੜੇ ਅਧਾਰਾਂ ਤੋਂ ਵਿਰਵੇ ਹਨ, ਸਾਡੇ ਲਈ ਇਹ ਲਾਜ਼ਮੀ ਹੈ ਕਿ ਅਸੀਂ ਸਮੁੱਚੀ ਮਨੁੱਖੀ ਹੋਂਦ ਅਤੇ ਇਸੇ ਲਈ, ਸਮੁੱਚੇ ਇਤਿਹਾਸ ਦਾ ਪਹਿਲਾ ਆਧਾਰ ਬਿਆਨ ਕਰਨ ਨਾਲ਼ ਮੁੱਢ ਬੰਨ੍ਹੀਏ, ਅਰਥਾਤ, ਇਹ ਆਧਾਰ ਕਿ "ਇਤਿਹਾਸ ਘੜਨ" ਯੋਗ ਹੋਣ ਲਈ ਇਹ ਲਾਜ਼ਮੀ ਹੈ ਕਿ ਮਨੁੱਖ ਜਿਉਣ ਯੋਗ ਹੋਣ।*** ਪਰ ਜਿਉਣ ਲਈ ਹੋਰ ਕਿਸੇ ਗੱਲ ਤੋਂ ਪਹਿਲਾਂ ਖਾਣਾ ਅਤੇ ਪੀਣਾ, ਮਕਾਨ, ਕੱਪੜੇ ਅਤੇ ਅਨੇਕ ਹੋਰ ਸ਼ੈਆਂ ਦੀ ਲੋੜ ਹੈ।**** ਸੋ ਪਹਿਲਾ ਇਤਿਹਾਸਕ ਅਮਲ ਇਹਨਾਂ

---

* [ਖਰੜੇ ਵਿੱਚ ਇਹ ਹਿੱਸਾ ਕਟ ਦਿੱਤਾ ਗਿਆ ਹੈ:] ਸਾਡੇ ਇੱਥੇ ਇਤਿਹਾਸ ਉੱਤੇ ਵਧੇਰੇ ਵਿਸਥਾਰ ਨਾਲ਼ ਵਿਚਾਰ ਕਰਨ ਦਾ ਕਾਰਨ ਇਹ ਹੈ ਕਿ "ਇਤਿਹਾਸ" ਅਤੇ "ਇਤਿਹਾਸਕ" ਸ਼ਬਦਾਂ ਦੇ ਜਰਮਨਾਂ ਲਈ ਯਥਾਰਥ ਤੋਂ ਬਿਨਾਂ ਹਰ ਸੰਭਵ ਅਰਥ ਹੁੰਦੇ ਹਨ, ਆਪਣੀ "ਧਾਰਮਿਕ ਉਪਦੇਸ਼ਾਂ ਵਾਲ਼ੀ ਭਾਸ਼ਣ ਕਲਾ" ਨਾਲ਼ ਸੇਂਟ ਬਰੂਨੋ ਜਿਸਦੀ ਵਿਸ਼ੇਸ਼ ਮਿਸਾਲ ਹੈ। —**ਸੰਪਾ.**

** [ਮਾਰਕਸ ਵੱਲੋਂ ਹਾਸ਼ੀਏ ਉੱਤੇ ਟੂਕ:] **ਇਤਿਹਾਸ**। —**ਸੰਪਾ.**

*** ਵੇਖੋ ਹਥਲੀ ਪੁਸਤਕ, ਪੰਨਾ 56। —**ਸੰਪਾ.**

**** [ਮਾਰਕਸ ਵੱਲੋਂ ਹਾਸ਼ੀਏ ਉੱਤੇ ਟੂਕ:] **ਹੀਗਲ**[6]। ਭੂ-ਗਰਭੀ, ਜਲ-ਰੁਤਵੀ ਆਦਿ ਹਾਲਤਾਂ। ਮਨੁੱਖੀ ਸਰੀਰ। ਲੋੜਾਂ, ਕਿਰਤ। —**ਸੰਪਾ.**

ਲੋੜਾਂ ਦੀ ਪੂਰਤੀ ਦੇ ਸਾਧਨਾਂ ਦਾ ਉਤਪਾਦਨ ਹੈ, ਖ਼ੁਦ ਪਦਾਰਥਕ ਜੀਵਨ ਦਾ ਉਤਪਾਦਨ ਹੈ। ਅਤੇ ਨਿਰਸੰਦੇਹ ਇਹ ਇੱਕ ਇਤਿਹਾਸਕ ਅਮਲ ਹੈ, ਸਮੁੱਚੇ ਇਤਿਹਾਸ ਦੀ ਇੱਕ ਬੁਨਿਆਦੀ ਸ਼ਰਤ ਹੈ, ਜਿਹੜੀ ਹਜ਼ਾਰਾਂ ਵਰ੍ਹੇ ਪਹਿਲਾਂ ਵਾਂਗ ਅੱਜ ਵੀ, ਰੋਜ਼ਾਨਾ ਅਤੇ ਹਰ ਘੜੀ, ਕੇਵਲ ਮਨੁੱਖੀ ਜੀਵਨ ਨੂੰ ਕਾਇਮ ਰੱਖਣ ਲਈ ਹੀ ਪੂਰੀ ਕਰਨੀ ਲਾਜ਼ਮੀ ਹੈ। ਇੱਥੋਂ ਤਕ ਕਿ ਜਦੋਂ ਇੰਦਰਿਆਵੀ ਜਗਤ ਨੂੰ ਘੱਟ ਤੋਂ ਘੱਟ ਤੱਕ, ਇੱਕ ਸੋਟੀ ਤੱਕ, ਸੀਮਤ ਕਰ ਦਿੱਤਾ ਜਾਂਦਾ ਹੈ,* ਜਿਵੇਂ ਕਿ ਸੇਂਟ ਬਰੂਨੋ ਕਰਦਾ ਹੈ, ਤਾਂ ਵੀ ਇਹ ਪਹਿਲਾਂ ਉਸ ਸੋਟੀ ਨੂੰ ਉਪਜਾਉਣ ਦੀ ਲੋੜ ਨੂੰ ਪਹਿਲਾਂ ਹੀ ਮੰਨ ਲੈਂਦਾ ਹੈ। ਇਸ ਲਈ ਇਤਿਹਾਸ ਦੇ ਕਿਸੇ ਵੀ ਸੰਕਲਪ ਵਿੱਚ ਮਨੁੱਖ ਨੂੰ ਪਹਿਲਾਂ ਇਹ ਬੁਨਿਆਦੀ ਤੱਥ, ਇਹਦੀ ਸਾਰੀ ਮਹੱਤਤਾ ਅਤੇ ਭਾਵਾਂ ਸਮੇਤ, ਮੁੱਖ ਰੱਖਣਾ ਚਾਹੀਦਾ ਹੈ ਅਤੇ ਇਹਨੂੰ ਯੋਗ ਮਹੱਤਤਾ ਦੇਣੀ ਚਾਹੀਦੀ ਹੈ। ਇਹ ਗੱਲ ਚੰਗੀ ਤਰ੍ਹਾਂ ਜਾਣੀ ਹੋਈ ਹੈ ਕਿ ਜਰਮਨਾਂ ਨੇ ਕਦੀ ਅਜਿਹਾ ਨਹੀਂ ਕੀਤਾ, ਅਤੇ ਇਸੇ ਲਈ ਉਹਨਾਂ ਕੋਲ ਕਦੀ ਇਤਿਹਾਸ ਲਈ **ਸੰਸਾਰਕ** ਆਧਾਰ ਨਹੀਂ ਰਿਹਾ ਅਤੇ ਇਹਦੇ ਸਿੱਟੇ ਵਜੋਂ ਕਦੀ ਕੋਈ ਇਤਿਹਾਸਕਾਰ ਨਹੀਂ ਹੋਇਆ। ਭਾਵੇਂ ਉਹਨਾਂ ਇਸ ਤੱਥ ਦੇ ਅਖੌਤੀ ਇਤਿਹਾਸ ਨਾਲ਼ ਸਬੰਧ ਨੂੰ ਅਤਿਅੰਤ ਇੱਕ-ਪੱਖੀ ਢੰਗ ਨਾਲ਼ ਸੰਕਲਪਿਆ ਹੈ, ਖ਼ਾਸ ਤੌਰ ’ਤੇ ਇਸ ਲਈ ਕਿ ਉਹ ਰਾਜਨੀਤਕ ਵਿਚਾਰਧਾਰਾ ਦੀਆਂ ਘਾਲ਼ਾਂ ਵਿੱਚ ਫਸੇ ਰਹੇ, ਤਾਂ ਵੀ ਫ਼ਰਾਂਸੀਸੀਆਂ ਅਤੇ ਅੰਗ੍ਰੇਜ਼ਾਂ ਨੇ ਸ਼ਹਿਰੀ ਸਮਾਜ, ਵਣਜ ਅਤੇ ਸਨਅਤ ਦੇ ਇਤਿਹਾਸ ਲਿਖਣ ਵਿੱਚ ਪਹਿਲੇ ਹੋਣ ਦੇ ਨਾਤੇ ਇਤਿਹਾਸ ਲਿਖਣ ਨੂੰ ਪਦਾਰਥਕ ਅਧਾਰ ਦੇਣ ਦੇ ਪਹਿਲੇ ਯਤਨ ਕੀਤੇ ਹਨ।

ਦੂਜਾ ਨੁਕਤਾ ਇਹ ਹੈ [12] ਪਹਿਲੀ ਲੋੜ ਦੀ ਪੂਰਤੀ, ਪੂਰਤੀ ਦਾ ਅਮਲ, ਅਤੇ ਪੂਰਤੀ ਦੇ ਜਿਹੜੇ ਸਾਧਨ ਪ੍ਰਾਪਤ ਕੀਤੇ ਗਏ ਹਨ, ਉਹ ਨਵੀਆਂ ਲੋੜਾਂ ਪੈਦਾ ਕਰਦੇ ਹਨ; ਅਤੇ ਨਵੀਆਂ ਲੋੜਾਂ ਦੀ ਇਹ ਉਤਪਤੀ ਪਹਿਲਾ ਇਤਿਹਾਸਕ ਤੱਥ ਹੈ। ਇੱਥੇ ਅਸੀਂ ਇਕਦਮ ਜਰਮਨਾਂ ਦੀ ਮਹਾਨ ਇਤਿਹਾਸਕ ਸਿਆਣਪ ਦੇ ਆਤਮਕ ਵਿਰਸੇ ਪਛਾਣ ਲੈਂਦੇ ਹਾਂ, ਜਦੋਂ ਉਹਨਾਂ ਕੋਲ ਨਿਘਰ ਸਮੱਗਰੀ ਮੁੱਕ ਜਾਂਦੀ ਹੈ ਅਤੇ ਉਹ ਨਾ ਹੀ ਧਰਮ-ਵਿਦਿਅਕ, ਨਾ ਹੀ ਰਾਜਸੀ, ਨਾ ਹੀ ਸਾਹਿਤਕ ਕੂੜ-ਕਬਾੜ ਪੇਸ਼ ਕਰ ਸਕਦੇ ਹਨ, ਤਾਂ ਉਹ ਦਾਹਵਾ ਕਰਦੇ ਹਨ ਕਿ ਇਹ ਇਤਿਹਾਸ ਤਾਂ ਉੱਕਾ ਹੀ ਨਹੀਂ, ਸਗੋਂ “ਪੂਰਵ-ਇਤਿਹਾਸਕ ਯੁਗ” ਹੈ। ਪਰ ਉਹ ਸਾਨੂੰ ਇਸ ਬਾਰੇ ਕੋਈ ਗਿਆਨ ਨਹੀਂ ਦੇਂਦੇ ਕਿ ਇਸ ਵਾਹਯਾਤ “ਪੂਰਵ-ਇਤਿਹਾਸ” ਤੋਂ ਠੀਕ ਇਤਿਹਾਸ ਵੱਲ ਕਿਵੇਂ ਵਧਿਆ ਜਾਵੇ; ਭਾਵੇਂ ਦੂਜੇ ਹੱਥ, ਆਪਣੇ ਇਤਿਹਾਸਕ ਕਿਆਸਾਂ ਵਿੱਚ ਉਹ ਵਿਸ਼ੇਸ਼ ਉਤਾਵਲੇਪਨ ਨਾਲ਼ ਇਸ “ਪੂਰਵ-ਇਤਿਹਾਸ” ਨੂੰ ਪਕੜ ਲੈਂਦੇ ਹਨ ਕਿਉਂਕਿ ਉਹ ਕਲਪਨਾ ਕਰਦੇ ਹਨ ਕਿ ਇਥੇ ਉਹ “ਭੱਦੇ ਤੱਥਾਂ” ਵਲੋਂ ਦਖ਼ਲ ਦਿੱਤੇ ਜਾਣੋਂ ਸੁਰੱਖਿਅਤ ਹਨ, ਅਤੇ ਇਸ ਦੇ ਨਾਲ਼ ਹੀ ਨਾਲ਼, ਇਸ ਲਈ ਕਿ ਉਹ ਆਪਣੀ ਕਿਆਸੀ ਤਰੰਗ ਦੀਆਂ ਲਗਾਮਾਂ ਖੁੱਲ੍ਹੀਆਂ ਛੱਡ ਸਕਦੇ ਹਨ ਅਤੇ ਹਜ਼ਾਰਾਂ ਮਿੱਥਾਂ ਖੜੀਆਂ ਕਰ ਸਕਦੇ ਅਤੇ ਉਹਨਾਂ ਨੂੰ ਢਾਹ ਸਕਦੇ ਹਨ।

---

* ਵੇਖੋ ਬਰੂਨੋ ਬਾਵੇਰ ਦਾ ਲੇਖ «Characteristik Ludwig Feuerbachs»—**ਸੰਪਾ**.

ਜਿਹੜੀ ਤੀਜੀ ਪ੍ਰਸਥਿਤੀ ਐਨ ਮੁੱਢ ਤੋਂ ਹੀ ਇਤਿਹਾਸਕ ਵਿਕਾਸ ਵਿੱਚ ਸ਼ਾਮਲ ਹੁੰਦੀ ਹੈ, ਉਹ ਇਹ ਹੈ ਕਿ ਮਨੁੱਖ ਜਿਹੜਾ ਨਿੱਤ ਆਪਣੇ ਜੀਵਨ ਨੂੰ ਮੁੜ ਸਿਰਜਦਾ ਹੈ, ਹੋਰ ਮਨੁੱਖ ਬਣਾਉਣੇ, ਉਹਨਾਂ ਦੀ ਨਸਲ ਵਧਾਉਣੀ ਸ਼ੁਰੂ ਕਰ ਦੇਂਦਾ ਹੈ: ਮਰਦ ਅਤੇ ਇਸਤਰੀ, ਮਾਤਾ-ਪਿਤਾ ਅਤੇ ਬੱਚਿਆਂ ਵਿਚਕਾਰ ਸਬੰਧ, **ਟੱਬਰ**। ਟੱਬਰ ਜਿਹੜਾ ਮੁੱਢ ਵਿੱਚ ਇੱਕੋ ਇੱਕ ਸਮਾਜੀ ਸਬੰਧ ਹੈ, ਪਿੱਛੋਂ ਜਾਕੇ, ਜਦੋਂ ਵਧੀਆਂ ਲੋੜਾਂ ਨਵੇਂ ਸਮਾਜੀ ਸਬੰਧ ਪੈਦਾ ਕਰਦੀਆਂ ਹਨ ਅਤੇ ਵਧੀ ਵਸੋਂ ਨਵੀਆਂ ਲੋੜਾਂ ਪੈਦਾ ਕਰਦੀ ਹੈ, (ਜਰਮਨੀ ਤੋਂ ਛੁੱਟ) ਗੌਣ ਸਬੰਧ ਬਣ ਜਾਂਦਾ ਹੈ ਅਤੇ ਫਿਰ ਇਹਨੂੰ ਵਿਦਮਾਨ ਪ੍ਰਯੋਗਕ ਵਾਕਫ਼ੀ ਅਨੁਸਾਰ ਪਰਤਾਉਣਾ ਅਤੇ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਨਾ ਕਿ "ਟੱਬਰ ਦੇ ਸੰਕਲਪ ਅਨੁਸਾਰ" ਜਿਵੇਂ ਕਿ ਜਰਮਨੀ ਵਿੱਚ ਰਿਵਾਜ ਹੈ।

ਸਮਾਜੀ ਸਰਗਰਮੀ ਦੇ ਇਹ ਤਿੰਨ ਪੱਖ ਨਿਰਸੰਦੇਹ ਤਿੰਨ ਵੱਖ ਵੱਖ ਪੜਾਆਂ ਵਜੋਂ ਨਹੀਂ ਸਗੋਂ ਤਿੰਨ ਪੱਖਾਂ ਵਜੋਂ ਜਾਂ, ਜਰਮਨਾਂ ਲਈ ਸਪਸ਼ਟ ਕਰਨ ਲਈ, ਤਿੰਨ "ਛਿਣਾਂ" ਵਜੋਂ ਲਏ ਜਾਣੇ ਚਾਹੀਦੇ ਹਨ, ਜਿਨ੍ਹਾਂ ਦੀ ਇਤਿਹਾਸ ਦੇ ਪਹੁ-ਫੁਟਾਲੇ ਅਤੇ ਪਹਿਲੇ ਮਨੁੱਖਾਂ ਦੇ ਨਾਲ਼ ਹੀ ਨਾਲ਼ ਹੋਂਦ ਰਹੀ ਹੈ ਅਤੇ ਜਿਹੜੇ ਅਜੇ ਵੀ ਇਤਿਹਾਸ ਵਿੱਚ ਆਪਣਾ ਬਲ ਵਿਖਾਉਂਦੇ ਹਨ।

ਜੀਵਨ ਦਾ ਉਤਪਾਦਨ, ਕਿਰਤ ਰਾਹੀਂ ਮਨੁੱਖ ਦੇ ਆਪਣੇ ਜੀਵਨ ਅਤੇ ਜੰਮਣ ਰਾਹੀਂ ਨਵੇਂ ਜੀਵਨ ਦਾ ਉਤਪਾਦਨ, ਦੋਵੇਂ ਹੁਣ ਇਕ ਦੂਹਰੇ [13] ਸਬੰਧ ਵਜੋਂ ਪ੍ਰਗਟ ਹੁੰਦੇ ਹਨ: ਇਕ ਹੱਥ ਕੁਦਰਤੀ ਅਤੇ ਦੂਜੇ ਹੱਥ ਸਮਾਜੀ ਸਬੰਧ ਵਜੋਂ — ਸਮਾਜੀ ਇਸ ਪੱਖੋਂ ਕਿ ਇਸ ਵਿੱਚ ਕਈ ਵਿਅਕਤੀਆਂ ਦਾ ਮਿਲਵਰਤਨ ਸ਼ਾਮਲ ਹੈ, ਭਾਵੇਂ ਅਜਿਹਾ ਕਿੰਨ੍ਹਾਂ ਪ੍ਰਸਥਿਤੀਆਂ ਅਧੀਨ, ਕਿਸ ਢੰਗ ਨਾਲ਼ ਅਤੇ ਕਿਸ ਸਿੱਟੇ ਤਕ ਲਈ ਕਿਉਂ ਨਾ ਹੋਵੇ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਉਤਪਾਦਨ ਦਾ ਇੱਕ ਖ਼ਾਸ ਢੰਗ, ਜਾਂ ਖ਼ਾਸ ਸਨਅਤੀ ਪੜਾਅ, ਸਦਾ ਸਮਾਜੀ ਮਿਲਵਰਤਨ ਦੇ ਇੱਕ ਵਿਸ਼ੇਸ਼ ਢੰਗ, ਜਾਂ ਖ਼ਾਸ ਸਨਅਤੀ ਪੜਾਅ, ਸਦਾ ਸਮਾਜੀ ਮਿਲਵਰਤਨ ਦੇ ਇੱਕ ਵਿਸ਼ੇਸ਼ ਢੰਗ, ਜਾਂ ਸਮਾਜੀ ਪੜਾਅ ਨਾਲ਼ ਜੁੜਿਆ ਹੁੰਦਾ ਹੈ, ਅਤੇ ਮਿਲਵਰਤਨ ਦਾ ਇਹ ਢੰਗ ਆਪਣੇ ਆਪ ਵਿੱਚ ਇਕ "ਉਤਪਾਦਕ ਸ਼ਕਤੀ" ਹੈ। ਹੋਰ, ਉਤਪਾਦਕ ਸ਼ਕਤੀਆਂ ਦਾ ਜਿਹੜਾ ਜੋੜ ਮਨੁੱਖਾਂ ਦੀ ਪਹੁੰਚ ਵਿੱਚ ਹੁੰਦਾ ਹੈ ਉਹ ਸਮਾਜ ਦੀ ਹਾਲਤ ਮਿਥਦਾ ਹੈ। ਇਸੇ ਲਈ, "ਮਨੁੱਖਤਾ ਦੇ ਇਤਿਹਾਸ" ਦਾ ਸਦਾ ਸਨਅਤ ਅਤੇ ਵਟਾਂਦਰੇ ਦੇ ਇਤਿਹਾਸ ਦੇ ਸਬੰਧ ਵਿੱਚ ਅਧਿਐਨ ਕਰਨਾ ਅਤੇ ਇਹਨੂੰ ਪਰਤਾਉਣਾ ਚਾਹੀਦਾ ਹੈ। ਪਰ ਇਹ ਗੱਲ ਵੀ ਸਪਸ਼ਟ ਹੈ ਕਿ ਜਰਮਨੀ ਵਿੱਚ ਅਜਿਹਾ ਇਤਿਹਾਸ ਲਿਖਣਾ ਅਸੰਭਵ ਹੈ ਕਿਉਂਕਿ ਜਰਮਨਾਂ ਕੋਲ ਨਾ ਕੇਵਲ ਅਨੁਭਵ ਦੀ ਲੋੜੀਂਦੀ ਸ਼ਕਤੀ ਅਤੇ ਸਮੱਗਰੀ ਦੀ ਘਾਟ ਹੈ ਸਗੋਂ "ਇੰਦਰਿਆਵੀ ਨਿਸ਼ਚਤਤਾ" ਦੀ ਵੀ ਘਾਟ ਹੈ, ਕਿਉਂਕਿ ਰ੍ਹਾਈਨ ਤੋਂ ਪਾਰ ਮਨੁੱਖ ਨੂੰ ਇਹਨਾਂ ਸ਼ੈਆਂ ਦਾ ਅਨੁਭਵ ਪ੍ਰਾਪਤ ਹੋ ਹੀ ਨਹੀਂ ਸਕਦਾ ਕਿਉਂ ਜੋ ਉੱਥੇ ਇਤਿਹਾਸ ਵਾਪਰਨਾ ਰੁਕ ਗਿਆ ਹੈ। ਸੋ ਇਹ ਮੁੱਢ ਤੋਂ ਬਿਲਕੁਲ ਸਪਸ਼ਟ ਹੈ ਕਿ ਮਨੁੱਖਾਂ ਦਾ ਇੱਕ ਦੂਜੇ ਨਾਲ਼ ਪਦਾਰਥਵਾਦੀ ਰਿਸ਼ਤਾ ਹੈ, ਜਿਹੜਾ ਉਹਨਾਂ ਦੀਆਂ ਲੋੜਾਂ ਅਤੇ ਉਹਨਾਂ ਦੇ ਉਤਪਾਦਨ

ਦੇ ਢੰਗ ਰਾਹੀਂ ਮਿਥਿਆ ਜਾਂਦਾ ਹੈ ਅਤੇ ਜਿਹੜਾ ਉਹਨਾਂ ਜਿੰਨਾਂ ਹੀ ਪੁਰਾਣਾ ਹੈ। ਇਹ ਰਿਸ਼ਤਾ ਸਦਾ ਨਵੇਂ ਰੂਪ ਧਾਰਦਾ ਰਹਿੰਦਾ ਹੈ ਅਤੇ ਇਸ ਲਈ ਮਨੁੱਖਾਂ ਨੂੰ ਖ਼ਾਸ ਤੌਰ 'ਤੇ ਇਕੱਠੇ ਰੱਖਣ ਵਾਲੀ ਕਿਸੇ ਵੀ ਸਿਆਸੀ ਜਾਂ ਧਾਰਮਕ ਵਾਹਯਾਤੀ ਦੀ ਹੋਂਦ ਤੋਂ ਬਿਨਾਂ "ਇਤਿਹਾਸ" ਪੇਸ਼ ਕਰਦਾ ਹੈ।

ਕੇਵਲ ਹੁਣ ਹੀ, ਬੁਨਿਆਦੀ ਇਤਿਹਾਸਕ ਸਬੰਧਾਂ ਦੇ ਚਾਰ ਛਿਣਾਂ, ਚਾਰ ਪੱਖਾਂ ਨੂੰ ਵਿਚਾਰਨ ਪਿੱਛੋਂ ਹੀ ਅਸੀਂ ਵੇਖਦੇ ਹਾਂ ਕਿ ਮਨੁੱਖ ਕੋਲ਼ "ਚੇਤਨਾ" ਵੀ ਹੈ।* ਪਰ ਮੁੱਢ ਤੋਂ ਹੀ ਇਹ "ਖ਼ਾਲਸ" ਚੇਤਨਤਾ ਨਹੀਂ। "ਮਨ" ਨੂੰ ਮੁੱਢ ਤੋਂ ਹੀ ਪਦਾਰਥ ਦੇ "ਭਾਰ ਹੇਠ ਹੋਣ" ਦੇ ਸਰਾਪ ਦਾ [14] ਰੋਗ ਲੱਗਾ ਹੁੰਦਾ ਹੈ, ਜਿਹੜਾ ਇੱਥੇ ਹਵਾ ਦੀਆਂ ਤਹਿਆਂ, ਅਵਾਜ਼ਾਂ ਅਰਥਾਤ ਭਾਸ਼ਾ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਭਾਸ਼ਾ ਉਨੀ ਹੀ ਪੁਰਾਣੀ ਹੈ ਜਿੰਨੀ ਚੇਤਨਤਾ, ਭਾਸ਼ਾ ਅਮਲੀ ਹੈ, ਅਸਲੀ ਚੇਤਨਤਾ ਜਿਸਦੀ ਹੋਰਨਾਂ ਲੋਕਾਂ ਲਈ ਵੀ ਹੋਂਦ ਹੈ ਅਤੇ ਇਸੇ ਲਈ ਇਹਦੀ ਮੇਰੇ ਲਈ ਹੋਂਦ **ਹੈ**; ਚੇਤਨਤਾ ਵਾਂਗ ਭਾਸ਼ਾ ਵੀ ਕੇਵਲ ਲੋੜ ਤੋਂ ਪੈਦਾ ਹੁੰਦੀ ਹੈ, ਹੋਰਨਾਂ ਲੋਕਾਂ ਨਾਲ਼ ਵਰਤੋਂ-ਵਿਹਾਰ ਦੀ ਲੋੜ ਤੋਂ।** ਜਿਥੇ ਸਬੰਧ ਦੀ ਹੋਂਦ ਹੈ, ਇਹਦੀ ਮੇਰੇ ਲਈ ਹੋਂਦ ਹੈ; ਪਸ਼ੂ ਆਪਣੇ ਆਪ ਨੂੰ ਕਿਸੇ ਨਾਲ਼ **"ਰਿਸ਼ਤੇ ਵਿੱਚ"** ਨਹੀਂ ਰੱਖਦਾ, ਉਹ ਆਪਣੇ ਆਪ ਨੂੰ ਉੱਕਾ ਹੀ "ਰਿਸ਼ਤੇ ਵਿੱਚ" ਨਹੀਂ ਰੱਖਦਾ। ਪਸ਼ੂ ਲਈ ਹੋਰਨਾਂ ਨਾਲ਼ ਉਹਦੇ ਰਿਸ਼ਤੇ ਦੀ ਰਿਸ਼ਤੇ ਵਜੋਂ ਹੋਂਦ ਨਹੀਂ ਹੁੰਦੀ। ਇਸ ਲਈ ਚੇਤਨਤਾ ਐਨ ਮੁੱਢ ਤੋਂ ਹੀ ਇੱਕ ਸਮਾਜੀ ਉਪਜ ਹੈ, ਅਤੇ ਉਦੋਂ ਤੱਕ ਇਹੋ ਕੁੱਝ ਰਹਿੰਦੀ ਹੈ ਜਦੋਂ ਤੱਕ ਮਨੁੱਖਾਂ ਦੀ ਉੱਕਾ ਪੁੱਕਾ ਹੋਂਦ ਹੈ। ਚੇਤਨਤਾ, ਸਭ ਤੋਂ ਪਹਿਲਾਂ ਨਿਰਸੰਦੇਹ, ਕੇਵਲ **ਫੌਰੀ** ਇੰਦਰਿਆਵੀ ਆਲੇ ਦੁਆਲੇ ਦੀ ਚੇਤਨਤਾ ਹੈ ਅਤੇ ਸਵੈ-ਚੇਤੰਨ ਹੋ ਰਹੇ ਵਿਅਕਤੀ ਤੋਂ ਬਾਹਰਲੇ ਮਨੁੱਖਾਂ ਅਤੇ ਵਸਤਾਂ ਨਾਲ਼ ਸੀਮਤ ਸਬੰਧ ਦੀ ਚੇਤਨਤਾ ਹੈ। ਇਹਦੇ ਨਾਲ਼ ਹੀ ਨਾਲ਼ ਇਹ ਕੁਦਰਤ ਦੀ ਚੇਤਨਤਾ ਹੈ, ਜਿਹੜੀ ਪਹਿਲਾਂ ਪਹਿਲ ਇੱਕ ਉੱਕਾ ਹੀ ਓਪਰੀ, ਸਰਬ-ਸ਼ਕਤੀਮਾਨ ਅਤੇ ਅਜਿਤ ਸ਼ਕਤੀ ਵਜੋਂ ਮਨੁੱਖ ਦੇ ਸਨਮੁਖ ਆਉਂਦੀ ਹੈ, ਜਿਸ ਨਾਲ਼ ਮਨੁੱਖ ਦੇ ਸਬੰਧ ਖ਼ਾਲਸ ਪਸ਼ੂਆਂ ਵਾਲੇ ਹਨ ਅਤੇ ਜਿਸ ਤੋਂ ਉਹ ਪਸ਼ੂਆਂ ਵਾਂਗ ਡਰਦੇ ਹਨ; ਇਉਂ ਇਹ ਕੁਦਰਤ ਦੀ ਖ਼ਾਲਸ ਪਸ਼ੂਆਂ ਵਾਲ਼ੀ ਚੇਤਨਤਾ ਹੈ (ਕੁਦਰਤੀ ਧਰਮ)। ਅਸੀਂ ਇਕਦਮ ਵੇਖਦੇ ਹਾਂ: ਇਹ ਕੁਦਰਤੀ ਧਰਮ ਜਾਂ ਕੁਦਰਤ ਵੱਲ ਇਹ ਵਿਸ਼ੇਸ਼ ਵਤੀਰਾ ਸਮਾਜ ਦੇ ਰੂਪ ਰਾਹੀਂ ਮਿਥਿਆ ਜਾਂਦਾ ਹੈ ਅਤੇ ਇਹਦੇ ਉਲਟ ਵੀ ਸੱਚ ਹੈ। ਇੱਥੇ, ਜਿਵੇਂ ਹੋਰ ਹਰ ਥਾਂ, ਮਨੁੱਖ ਅਤੇ ਕੁਦਰਤ ਦੀ ਇਕ-ਮਿਕਤਾ ਇਸ ਢੰਗ ਨਾਲ਼ ਪ੍ਰਗਟ ਹੁੰਦੀ ਹੈ ਕਿ ਕੁਦਰਤ ਵੱਲ ਮਨੁੱਖਾਂ ਦਾ ਸੀਮਤ ਵਤੀਰਾ,

---

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ.] ਮਨੁੱਖਾਂ ਦਾ ਇਤਿਹਾਸ ਹੈ ਕਿਉਂਕਿ ਉਹਨਾਂ ਲਈ ਆਪਣਾ ਜੀਵਨ **ਪੈਦਾ ਕਰਨਾ** ਲਾਜ਼ਮੀ ਹੈ, ਅਤੇ ਨਾਲ਼ ਇਹ ਲਾਜ਼ਮੀ ਹੈ ਕਿ ਉਹ ਇਸ ਨੂੰ ਇੱਕ **ਖ਼ਾਸ** ਢੰਗ ਨਾਲ਼ ਪੈਦਾ ਕਰਨ: ਇਹ ਗੱਲ ਉਹਨਾਂ ਦੀ ਭੌਤਿਕ ਜਥੇਬੰਦੀ ਰਾਹੀਂ ਮਿਥੀ ਜਾਂਦੀ ਹੈ; ਉਹਨਾਂ ਦੀ ਚੇਤਨਤਾ ਵੀ ਇਸੇ ਤਰ੍ਹਾਂ ਮਿਥੀ ਜਾਂਦੀ ਹੈ। —**ਸੰਪਾ.**

** [ਖਰੜੇ ਵਿੱਚ ਹੇਠ-ਲਿਖੇ ਸ਼ਬਦ ਕਟੇ ਹੋਏ ਹਨ:] ਆਪਣੇ ਆਲੇ ਦੁਆਲੇ ਨਾਲ਼ ਮੇਰੇ ਸਬੰਧ ਮੇਰੀ ਚੇਤਨਤਾ ਹਨ। —**ਸੰਪਾ.**

ਇੱਕ ਦੂਜੇ ਨਾਲ਼ ਉਹਨਾਂ ਦੇ ਸੀਮਤ ਸਬੰਧ ਮਿਥਦਾ ਹੈ ਅਤੇ ਇੱਕ ਦੂਜੇ ਵਲ ਉਹਨਾਂ ਦਾ ਸੀਮਤ ਵਤੀਰਾ ਕੁਦਰਤ ਨਾਲ਼ ਉਹਨਾਂ ਦੇ ਸੀਮਤ ਸਬੰਧ ਮਿਥਦਾ ਹੈ। ਐਨ ਇਸ ਕਰਕੇ ਕਿ ਅਜੇ ਤੱਕ ਇਤਿਹਾਸ ਨੇ ਕੁਦਰਤ ਵਿੱਚ ਘੱਟ ਵਧ ਹੀ ਤਬਦੀਲੀ ਕੀਤੀ ਹੈ—ਦੂਜੇ ਹੱਥ, ਇਹ ਮਨੁੱਖ ਦੀ ਆਪਣੇ ਆਲੇ ਦੁਆਲੇ ਹੋਰ ਮਨੁੱਖਾਂ ਨਾਲ਼ ਜੁੜਨ ਦੀ ਲੋੜ ਦੀ ਚੇਤਨਤਾ ਹੈ, ਇਸ ਚੇਤਨਤਾ ਦਾ ਮੁੱਢ ਹੈ ਕਿ ਉਹ ਸਮਾਜ ਵਿੱਚ ਰਹਿ ਰਿਹਾ ਹੈ। ਇਹ ਮੁੱਢ ਉਸੇ ਤਰ੍ਹਾਂ ਪਸ਼ੂਆਂ ਜਿਹਾ ਹੈ ਜਿਹੋ ਜਿਹਾ ਇਸ ਪੜਾਅ ਉੱਤੇ ਖ਼ੁਦ ਸਮਾਜਕ ਜੀਵਨ। ਇਹ ਕੇਵਲ ਵਾਗਲੀ-ਚੇਤਨਤਾ ਹੈ ਅਤੇ ਇਸ ਨੁਕਤੇ 'ਤੇ ਮਨੁੱਖ ਭੇਡਾਂ ਤੋਂ ਇਸ ਪੱਖੋਂ ਵੱਖ ਹੈ ਕਿ ਉਹਦੇ ਵਿੱਚ ਚੇਤਨਤਾ ਅਨੁਭਵਤਾ ਦੀ ਥਾਂ ਲੈ ਲੈਂਦੀ ਹੈ ਜਾਂ ਇਹ ਕਿ ਉਹਦੀ ਅਨੁਭਵਤਾ ਚੇਤੰਨ ਹੈ। ਇਸ ਭੇਡਾਂ ਜਿਹੀ ਵਾਗਲੀ ਚੇਤਨਤਾ ਨੂੰ ਵਧੀ ਉਪਜਾਇਕਤਾ, ਲੋੜਾਂ ਵਿੱਚ ਵਾਧੇ ਅਤੇ ਜਿਹੜੀ ਗੱਲ ਇਹਨਾਂ ਦੁਹਾਂ ਲਈ ਬੁਨਿਆਦੀ ਹੈ [15] ਵਸੋਂ ਵਿੱਚ ਵਾਧੇ ਨਾਲ਼, ਵਿਕਾਸ ਅਤੇ ਵਾਧਾ ਪ੍ਰਾਪਤ ਹੋਇਆ। ਇਹਦੇ ਨਾਲ਼ ਕਿਰਤ ਦੀ ਵੰਡ ਵਿਕਸਤ ਹੁੰਦੀ ਹੈ, ਜਿਹੜੀ ਮੁੱਢ ਵਿੱਚ ਲਿੰਗ-ਭੋਗ ਦੇ ਅਮਲ ਵਿੱਚ ਕਿਰਤ ਦੀ ਵੰਡ ਤੋਂ ਵੱਧ ਕੁੱਝ ਨਹੀਂ ਸੀ, ਫਿਰ ਕਿਰਤ ਦੀ ਉਹ ਵੰਡ ਜਿਹੜੀ ਕੁਦਰਤੀ ਪ੍ਰਵਿਰਤੀ [ਮਿਸਾਲ ਵਜੋਂ ਸਰੀਰਕ ਸ਼ਕਤੀ], ਲੋੜਾਂ, ਅਕਸਮਾਤ ਇਤਿ-ਆਦਿ ਕਾਰਨ ਆਪ-ਮੁਹਾਰੇ ਜਾਂ "ਕੁਦਰਤੀ" ਤੌਰ 'ਤੇ ਵਿਕਸਤ ਹੁੰਦੀ ਹੈ। ਕਿਰਤ ਦੀ ਵੰਡ ਉਦੋਂ ਹੀ ਸੱਚ ਮੁਚ ਅਜਿਹੀ ਬਣਦੀ ਹੈ ਜਦੋਂ ਸਰੀਰਕ ਅਤੇ ਦਿਮਾਗ਼ੀ ਕਿਰਤ ਵਿੱਚ ਫ਼ਰਕ ਪ੍ਰਗਟ ਹੁੰਦਾ ਹੈ।* ਇਸ ਛਿਣ ਤੋਂ ਚੇਤਨਤਾ ਆਪਣੇ ਆਪ ਨੂੰ ਇਸ ਗਲ 'ਤੇ ਸੱਚ ਮੁਚ ਵਧਾਈ ਦੇ **ਸਕਦੀ ਹੈ** ਕਿ ਉਹ ਵਿਦਮਾਨ ਅਮਲ ਦੀ ਚੇਤਨਤਾ ਤੋਂ ਕੁੱਝ ਵੱਧ ਹੈ, ਕਿ ਇਹ ਕਿਸੇ ਵਾਸਤਵਿਕ ਸ਼ੈਅ ਦੀ ਪ੍ਰਤਿਨਿਧਤਾ ਕੀਤੇ ਬਿਨਾਂ **ਸੱਚ ਮੁਚ** ਕਿਸੇ ਸ਼ੈਅ ਦੀ ਪ੍ਰਤੀਨਿਧਤਾ ਕਰਦੀ ਹੈ; ਹੁਣ ਤੋਂ ਲੈ ਕੇ ਚੇਤਨਤਾ ਇਸ ਹਾਲਤ ਵਿੱਚ ਹੈ ਕਿ ਆਪਣੇ ਆਪ ਨੂੰ ਸੰਸਾਰ ਤੋਂ ਮੁਕਤ ਕਰ ਲਵੇ, "ਖ਼ਾਲਸ" ਸਿਧਾਂਤ, ਧਰਮ-ਵਿਦਿਆ, ਦਰਸ਼ਨ, ਸਦਾਚਾਰ ਆਦਿ ਘੜਨਾ ਸ਼ੁਰੂ ਕਰ ਦੇਵੇ। ਪਰ ਜੇ ਇਹ ਸਿਧਾਂਤ, ਧਰਮ-ਵਿਦਿਆ, ਦਰਸ਼ਨ, ਸਦਾਚਾਰ ਆਦਿ ਵਿਦਮਾਨ ਸਬੰਧਾਂ ਨਾਲ਼ ਟਕਰਾਉਂਦੇ ਹਨ, ਅਜਿਹਾ ਕੇਵਲ ਤਾਂ ਹੀ ਹੋ ਸਕਦਾ ਹੈ ਕਿਉਂਕਿ ਵਿਦਮਾਨ ਸਮਾਜੀ ਸਬੰਧ ਵਿਦਮਾਨ ਉਤਪਾਦਕ ਸ਼ਕਤੀਆਂ ਨਾਲ਼ ਟਕਰਾਉਂਦੇ ਹਨ; ਨਾਲ਼ੇ, ਸਬੰਧਾਂ ਦੇ ਕਿਸੇ ਵਿਸ਼ੇਸ਼ ਕੌਮੀ ਖੇਤਰ ਵਿੱਚ ਇਹ ਟਕਰਾਅ ਰਾਹੀਂ ਹੀ ਉਪਜ ਸਕਦੇ ਹਨ, ਜਿਹੜਾ ਕੌਮੀ ਘੇਰੇ ਵਿੱਚ ਨਹੀਂ ਪੈਦਾ ਹੁੰਦਾ, ਸਗੋਂ ਕੌਮੀ ਚੇਤਨਤਾ ਅਤੇ ਹੋਰਨਾਂ ਕੌਮਾਂ ਦੇ ਅਮਲ ਵਿਚਕਾਰ ਟਕਰਾਅ ਰਾਹੀਂ,** ਅਰਥਾਤ, ਕੌਮੀ ਅਤੇ ਕਿਸੇ ਕੌਮ ਦੀ ਆਮ ਚੇਤਨਤਾ ਵਿਚਕਾਰ ਟਕਰਾਅ ਰਾਹੀਂ ਉਪਜ ਸਕਦਾ ਹੈ (ਜਿਵੇਂ ਅੱਜ ਕੱਲ ਜਰਮਨੀ ਵਿੱਚ ਹੋ ਰਿਹਾ ਹੈ); ਪਰ ਕਿਉਂਕਿ ਇਹ ਟਕਰਾਅ ਕੌਮੀ ਚੇਤਨਤਾ ਵਿੱਚ ਕੇਵਲ ਇੱਕ ਟਕਰਾਅ ਵਜੋਂ

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] ਸਿਧਾਂਤਕਾਰਾਂ ਦਾ ਪਹਿਲਾ ਰੂਪ, **ਪਾਦਰੀ**, ਨਾਲ਼ ਸਗਵਾਂ ਹੈ। **—ਸੰਪਾ.**

** [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] **ਧਰਮ।** ਜਰਮਨ ਅਤੇ **ਵਿਚਾਰਧਾਰਾ** ਆਪਣੇ ਰੂਪ ਵਿੱਚ।- **ਸੰਪਾ.**

ਹੋਂਦ ਵਿੱਚ ਜਾਪਦਾ ਹੈ ਉਸ ਕੌਮ ਨੂੰ ਜਾਪਦਾ ਹੈ ਕਿ ਘੋਲ਼ ਵੀ ਇਸ ਕੌਮੀ ਮਲ੍ਹੜ ਵਿੱਚ ਹੁੰਦਾ ਹੈ।

[16] ਲਗਦੇ ਹੱਥ, ਇਸ ਨਾਲ਼ ਉੱਕਾ ਹੀ ਕੋਈ ਫ਼ਰਕ ਨਹੀਂ ਪੈਂਦਾ ਕਿ ਚੇਤਨਤਾ ਆਪਣੇ ਆਪ ਕੀ ਕਰਨਾ ਸ਼ੁਰੂ ਕਰਦੀ ਹੈਃ ਇਸ ਸਾਰੇ ਕੂੜ-ਕਬਾੜ ਵਿਚੋਂ ਸਾਨੂੰ ਇਕੋ ਇੱਕ ਸਿੱਟਾ ਮਿਲਦਾ ਹੈ ਕਿ ਇਹ ਤਿੰਨ ਛਿਣ, ਉਤਪਾਦਕ ਸ਼ਕਤੀਆਂ, ਸਮਾਜ ਦੀ ਪ੍ਰਸਥਿਤੀ ਅਤੇ ਚੇਤਨਤਾ ਇੱਕ ਦੂਜੇ ਨਾਲ਼ ਟਕਰਾ ਸਕਦੇ ਹਨ ਅਤੇ ਉਹਨਾਂ ਨੂੰ ਜ਼ਰੂਰ ਟਕਰਾਉਣਾ ਚਾਹੀਦਾ ਹੈ, ਕਿਉਂਕਿ **ਕਿਰਤ ਦੀ ਵੰਡ** ਵਿੱਚ ਇਹ ਸੰਭਾਵਨਾ, ਸਗੋਂ ਤੱਥ ਲੁਪਤ ਹੈ ਕਿ ਬੌਧਕ ਅਤੇ ਪਦਾਰਥਕ ਸਰਗਰਮੀ,* ਕਿ ਭੋਗਣਾ ਅਤੇ ਕਿਰਤ, ਉਤਪਾਦਨ ਅਤੇ ਖਪਤ, ਵੱਖ ਵੱਖ ਲੋਕਾਂ ਦੇ ਹਿੱਸੇ ਆਉਂਦੇ ਹਨ ਅਤੇ ਇਹ ਕਿ ਉਹਨਾਂ ਵਿਚਕਾਰ ਟਕਰਾਅ ਹੋਣ ਦੀ ਇਕੋ ਇਕ ਸੰਭਾਵਨਾ ਆਪਣੀ ਵਾਰੀ ਕਿਰਤ ਦੀ ਵੰਡ ਦੇ ਨਿਖੇਧ ਵਿੱਚ ਹੈ। ਨਾਲ਼ੇ ਇਹ ਗੱਲ ਸਵੈ-ਪ੍ਰਤੱਖ ਹੈ ਕਿ "ਪ੍ਰੇਤ", "ਬੰਧਨ", "ਉਚੇਰੀ ਹਸਤੀ", "ਮਨੋਭਾਵ", "ਸੰਕੋਚ", ਕੇਵਲ ਆਦਰਸ਼ਵਾਦੀ, ਕਿਆਸੀ, ਦਿਮਾਗ਼ੀ ਪ੍ਰਗਟਾਅ ਹਨ, ਜਾਪਦਾ ਹੈ ਨਵੇਕਲੇ ਵਿਅਕਤੀ ਦੇ ਮਨੋਭਾਵ ਹਨ, ਐਨ ਪ੍ਰਯੋਗਕ ਸੰਗਲਾਂ ਅਤੇ ਮਜਬੂਰੀਆਂ ਦੇ ਕੇਵਲ ਬਿੰਬ ਹੀ ਹਨ, ਜਿਨ੍ਹਾਂ ਦੇ ਅੰਦਰ ਜੀਵਨ ਦੇ ਉਤਪਾਦਨ ਦੇ ਢੰਗ ਅਤੇ ਇਹਦੇ ਨਾਲ਼ ਜੁੜੇ ਮੇਲ ਜੋਲ ਦੇ ਰੂਪ ਘੁੰਮਦੇ ਹਨ।

## [4. ਕਿਰਤ ਦੀ ਸਮਾਜੀ ਵੰਡ ਅਤੇ ਇਹਦੇ ਸਿੱਟੇ: ਨਿੱਜੀ ਜਾਇਦਾਦ, ਰਾਜ, ਸਮਾਜੀ ਸਰਗਰਮੀ ਦੀ "ਵਿਰਕੱਤਤਾ"]

ਕਿਰਤ ਦੀ ਵੰਡ, ਜਿਸ ਵਿੱਚ ਇਹ ਸਾਰੇ ਵਿਰੋਧ ਲੁਪਤ ਹਨ, ਅਤੇ ਜਿਹੜੀ ਆਪਣੀ ਵਾਰੀ ਟੱਬਰ ਵਿੱਚ ਕਿਰਤ ਦੀ ਕੁਦਰਤੀ ਵੰਡ ਉੱਤੇ ਅਤੇ ਸਮਾਜ ਦੇ ਇੱਕ ਦੂਜੇ ਦਾ ਵਿਰੋਧ ਕਰ ਰਹੇ ਵੱਖੋ ਵੱਖ ਟੱਬਰਾਂ ਵਿੱਚ ਵੰਡੇ ਜਾਣ ਉੱਤੇ ਆਧਾਰਤ ਹੈ, ਨਾਲ਼ ਹੀ ਨਾਲ਼ ਇਹ ਅਰਥ ਵੀ ਦੇਂਦੀ ਹੈ ਕਿ ਕਿਰਤ ਦੀ ਅਤੇ ਉਹਦੀਆਂ ਉਪਜਾਂ ਦੀ ਸਿਫ਼ਤੀ ਵੀ ਅਤੇ ਮਿਕਦਾਰੀ ਵੀ **ਵੰਡ** ਅਤੇ **ਅਸਾਵੀਂ** ਵੰਡ ਵਲ ਇਸ਼ਾਰਾ ਕਰਦੀ ਹੈ, ਜਿਸਤੋਂ ਜਾਇਦਾਦ ਉਪਜਦੀ ਹੈ [17] ਜਿਸਦਾ ਅੰਕੁਰ, ਪਹਿਲਾ ਰੂਪ ਟੱਬਰ ਵਿੱਚ ਮੌਜੂਦ ਹੈ, ਜਿੱਥੇ ਪਤਨੀ ਅਤੇ ਬੱਚੇ ਪਤੀ ਦੇ ਗ਼ੁਲਾਮ ਹਨ। ਟੱਬਰ ਵਿੱਚ ਇਹ ਲੁਪਤ ਗ਼ੁਲਾਮੀ, ਭਾਵੇਂ ਇਹ ਅਜੇ ਬਹੁਤ ਅਧੂਰਾ ਰੂਪ ਹੈ, ਜਾਇਦਾਦ ਦਾ ਪਹਿਲਾ ਰੂਪ ਹੈ, ਪਰ ਇਸ ਪੜਾਅ ਉੱਤੇ ਵੀ ਇਹ ਨਵੀਨ ਯੁਗ ਦੇ ਅਰਥ-ਵਿਗਿਆਨੀਆਂ ਦੀ ਪ੍ਰੀਭਾਸ਼ਾ ਨਾਲ਼ ਪੂਰੀ ਤਰ੍ਹਾਂ ਮੇਲ ਖਾਂਦਾ ਹੈ, ਜਿਹੜੇ ਇਹਨੂੰ ਹੋਰਨਾਂ ਦੀ ਕਿਰਤ-ਸ਼ਕਤੀ ਵਰਤ ਸਕਣ ਦੀ ਸ਼ਕਤੀ ਕਹਿੰਦੇ ਹਨ। ਅੰਤ ਕਿਰਤ ਦੀ ਵੰਡ ਅਤੇ ਨਿੱਜੀ ਜਾਇਦਾਦ ਇਕੋ ਇਕ ਗੱਲ ਹਨਃ ਇਹਨਾਂ ਵਿਚੋਂ ਇਕ ਵਿਚ ਉਸੇ ਗੱਲ ਉੱਤੇ ਸਰਗਰਮੀ ਦੇ ਸਬੰਧ ਵਿੱਚ ਜ਼ੋਰ ਦਿੱਤਾ ਗਿਆ ਹੈ, ਜਿਵੇਂ ਦੂਜੇ ਵਿੱਚ ਸਰਗਰਮੀ ਦੀ ਉਪਜ ਵਜੋਂ ਜ਼ੋਰ ਦਿੱਤਾ ਗਿਆ ਹੈ।

---

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ, ਜਿਹੜਾ ਖਰੜੇ ਵਿੱਚ ਕਟ ਦਿੱਤਾ ਗਿਆ ਹੈਃ] ਅਮਲ ਅਤੇ ਸੋਚ, ਅਰਥਾਤ, ਸੋਚ ਤੋਂ ਬਿਨਾਂ ਅਮਲ ਅਤੇ ਅਮਲ ਤੋਂ ਬਿਨਾਂ ਸੋਚ। **-ਸੰਪਾ.**

ਹੋਰ, ਕਿਰਤ ਦੀ ਵੰਡ ਦੇ ਅਰਥ ਵੱਖੋ ਵੱਖ ਵਿਅਕਤੀਆਂ ਜਾਂ ਵਿਕੋਲਤ੍ਰੇ ਟੱਬਰ ਦੇ ਹਿਤਾਂ ਅਤੇ ਉਹਨਾਂ ਸਭਨਾਂ ਵਿਅਕਤੀਆਂ ਦੇ ਸਾਂਝੇ ਹਿਤਾਂ ਵਿਚਕਾਰ, ਜਿਨ੍ਹਾਂ ਦਾ ਇਕ ਦੂਜੇ ਨਾਲ਼ ਵਰਤੋਂ-ਵਿਹਾਰ ਹੈ, ਵਿਰੋਧ ਹੈ। ਅਤੇ ਨਿਰਸੰਦੇਹ ਇਹ ਸਾਂਝੇ ਹਿਤ ਦੀ ਕੇਵਲ ਕਲਪਨਾ ਵਿੱਚ ਹੀ, ਇਕ "ਆਮ ਹਿਤ" ਵਜੋਂ ਹੋਂਦ ਨਹੀਂ, ਸਗੋਂ ਸਭ ਤੋਂ ਪਹਿਲਾਂ ਯਥਾਰਥ ਵਿੱਚ, ਜਿਨ੍ਹਾਂ ਵਿਅਕਤੀਆਂ ਵਿਚਕਾਰ ਕਿਰਤ ਦੀ ਵੰਡ ਕੀਤੀ ਜਾਂਦੀ ਹੈ, ਉਹਨਾਂ ਦੀ ਪ੍ਰਸਪਰ ਇੱਕ ਦੂਜੇ ਉੱਤੇ ਨਿਰਭਰਤਾ ਦੇ ਰੂਪ ਵਿੱਚ ਹੋਂਦ ਹੈ।

ਵਿਸ਼ੇਸ਼ ਅਤੇ ਸਾਂਝੇ ਹਿਤਾਂ ਵਿਚਕਾਰ ਇਸ ਵਿਰੋਧ ਵਿਚੋਂ ਸਾਂਝਾ ਹਿਤ **ਰਾਜ** ਦੇ ਤੌਰ 'ਤੇ ਇਕ ਸੁਤੰਤਰ ਰੂਪ ਧਾਰਨ ਕਰ ਲੈਂਦਾ ਹੈ, ਜਿਹੜਾ ਸਭਨਾਂ ਵਿਕੋਲਤ੍ਰੇ ਅਤੇ ਸਾਂਝੇ ਹਿਤਾਂ ਤੋਂ ਕਟਿਆ ਹੋਇਆ ਹੈ ਅਤੇ ਨਾਲ਼ ਹੀ ਨਾਲ਼ ਇਕ ਭਰਮ-ਰੂਪ ਭਾਈਚਾਰੇ ਵਜੋਂ, ਜਿਹੜਾ, ਇਹਦੇ ਬਾਵਜੂਦ, ਸਦਾ ਹੀ ਹਰ ਟੱਬਰ ਸਮੂਹ ਅਤੇ ਹਰ ਕਬਾਇਲੀ ਸਮੂਹ ਵਿੱਚ ਵਿਦਮਾਨ ਵਾਸਤਵਿਕ ਸਬੰਧਾਂ ਉੱਤੇ ਆਧਾਰਤ ਹੈ —ਜਿਹਾ ਕਿ ਖ਼ੂਨ ਦੇ, ਬੋਲੀ ਦੇ, ਵੱਡੀ ਪੱਧਰ ਉੱਤੇ ਕਿਰਤ ਦੀ ਵੰਡ ਅਤੇ ਹੋਰ ਹਿਤ—ਅਤੇ ਵਿਸ਼ੇਸ਼ ਤੌਰ 'ਤੇ, ਜਿਹਾ ਕਿ ਅਸੀਂ ਅੱਗੇ ਚਲ ਕੇ ਵੇਖਾਵਾਂਗੇ, ਜਮਾਤਾਂ ਉੱਤੇ ਆਧਾਰਤ ਹੈ, ਜਿਹੜੀਆਂ ਪਹਿਲਾਂ ਹੀ ਕਿਰਤ ਦੀ ਵੰਡ ਕਾਰਨ ਪੈਦਾ ਹੁੰਦੀਆਂ ਹਨ, ਜਿਸ ਵਿੱਚ ਲੋਕਾਂ ਦਾ ਹਰ ਅਜਿਹਾ ਸਮੂਹ ਵੱਖ ਹੋ ਜਾਂਦਾ ਹੈ ਅਤੇ ਜਿਨ੍ਹਾਂ ਵਿਚੋਂ ਇਕ ਦੂਜਿਆਂ ਉੱਤੇ ਪ੍ਰਬਲਤਾ ਪ੍ਰਾਪਤ ਕਰ ਲੈਂਦਾ ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਰਾਜ ਦੇ ਅੰਦਰ ਸਾਰੇ ਘੋਲ਼, ਗਣਰਾਜ, ਅਮੀਰਸ਼ਾਹੀ ਅਤੇ ਬਾਦਸ਼ਾਹੀ ਵਿਚਕਾਰ ਘੋਲ਼, ਵੋਟਾਂ ਦੇ ਹੱਕ ਲਈ ਘੋਲ਼ ਇਤਿ-ਆਦਿ ਕੇਵਲ ਭਰਮੀ ਰੂਪ ਹਨ—ਕੁਲ ਮਿਲਾ ਕੇ ਆਮ ਹਿਤ ਸਾਂਝੇ ਹਿਤਾਂ ਦਾ ਭਰਮੀ ਰੂਪ ਹੈ—ਜਿਸ ਵਿੱਚ ਵੱਖ ਵੱਖ ਸ਼੍ਰੇਣੀਆਂ ਵਿਚਕਾਰ ਅਸਲੀ ਘੋਲ਼ ਇੱਕ ਦੂਜੇ ਵਿਚਕਾਰ ਲੜੇ ਜਾਂਦੇ ਹਨ (ਜਿਸਦੀ ਜਰਮਨ ਸਿਧਾਂਤਕਾਰਾਂ ਨੂੰ ਉਘ-ਸੁਘ ਤਕ ਨਹੀਂ, ਭਾਵੇਂ ਉਹਨਾਂ ਨੂੰ «Deutsch-Französische Jahrbücher» ਅਤੇ «Die heillige Familie[7]» ਵਿੱਚ ਵਿਸ਼ੇ ਸਬੰਧੀ ਚੋਖੀ ਦੀਖਿਆ ਮਿਲ ਚੁੱਕੀ ਹੈ)। ਨਾਲ਼ੇ, ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਹਰ ਉਹ ਜਮਾਤ ਜਿਹੜੀ ਪ੍ਰਬਲਤਾ ਪ੍ਰਾਪਤੀ ਦਾ ਯਤਨ ਕਰ ਰਹੀ ਹੈ, ਭਾਵੇਂ, ਜਿਹਾ ਕਿ ਪ੍ਰੋਲੇਤਾਰੀ ਦੀ ਹਾਲਤ ਵਿੱਚ ਹੁੰਦਾ ਹੈ, ਉਹਦੀ ਪ੍ਰਬਲਤਾ ਦਾ ਸਿੱਟਾ ਸਮਾਜ ਦੇ ਪੁਰਾਣੇ ਰੂਪ ਦਾ ਇਹਦੇ ਸਮੁੱਚੇ ਰੂਪ ਅਤੇ ਆਮ ਤੌਰ 'ਤੇ ਪ੍ਰਬਲਤਾ ਦਾ ਅੰਤ ਹੋਣਾ ਹੁੰਦਾ ਹੈ, ਉਹਦੇ ਲਈ ਇਹ ਲਾਜ਼ਮੀ ਹੈ ਕਿ ਉਹ ਪਹਿਲਾਂ ਰਾਜਸੀ ਸੱਤਾ ਜਿੱਤੇ ਤਾਂ ਜੁ ਆਪਣੀ ਵਾਰੀ ਆਪਣੇ ਹਿਤ ਨੂੰ ਆਮ ਹਿਤ ਵਜੋਂ ਪੇਸ਼ ਕਰੇ, ਜਿਹਾ ਕਿ ਪਹਿਲੀ ਘੜੀ ਇਹ ਕਰਨ 'ਤੇ ਮਜਬੂਰ ਹੋ ਜਾਂਦੀ ਹੈ।

ਐਨ ਇਸ ਲਈ ਕਿ ਵਿਅਕਤੀ **ਕੇਵਲ** ਆਪਣੇ ਵਿਸ਼ੇਸ਼ ਹਿਤ ਲੋੜਦੇ ਹਨ, ਜਿਹੜੇ ਉਹਨਾਂ ਲਈ ਉਹਨਾਂ ਦੇ ਸਾਂਝੇ ਹਿਤ ਨਾਲ਼ ਸਗਵੇਂ ਨਹੀਂ, ਪਿਛਲੇਰੇ ਨੂੰ ਉਹਨਾਂ ਲਈ ਇਕ "ਓਪਰੇ" [«fremd»] ਅਤੇ ਉਹਨਾਂ ਤੋਂ [18] "ਸੁਤੰਤਰ" ਹਿਤ ਵਜੋਂ, ਜਿਵੇਂ ਕਿ ਇਹਦੀ ਆਪਣੀ ਵਾਰੀ ਇਕ ਵਿਸ਼ੇਸ਼ ਅਤੇ ਵਖਰਾਏ "ਆਮ" ਹਿਤ ਵਜੋਂ, ਪੇਸ਼ ਕੀਤਾ ਜਾਂਦਾ ਹੈ; ਜਾਂ ਉਹਨਾਂ ਨੂੰ ਖ਼ੁਦ ਆਪ ਇਸ ਅਣਮੇਲ ਵਿੱਚ ਰਹਿਣਾ ਪੈਂਦਾ ਹੈ, ਜਿਵੇਂ ਕਿ

ਜਮਹੂਰੀਅਤ ਵਿੱਚ। ਦੂਜੇ ਹੱਥ ਵੀ, ਇਹਨਾਂ ਵਿਸ਼ੇਸ਼ ਹਿਤਾਂ ਦਾ **ਅਮਲੀ** ਘੋਲ਼, ਜਿਹੜਾ **ਅਸਲ ਵਿੱਚ** ਸਦਾ ਸਾਂਝੇ ਅਤੇ ਭਰਮ-ਰੂਪ ਸਾਂਝੇ ਹਿਤ ਦੇ ਉਲਟ ਜਾਂਦਾ ਹੈ, ਭਰਮ-ਰੂਪ "ਸਾਂਝੇ" ਹਿਤ ਵੱਲੋਂ ਰਾਜ ਦੇ ਰੂਪ ਵਿੱਚ **ਅਮਲੀ** ਦਖ਼ਲ ਅਤੇ ਰੋਕ ਲਾਜ਼ਮੀ ਬਣਾ ਦੇਂਦਾ ਹੈ।*

[17] ਅੰਤ, ਕਿਰਤ ਦੀ ਵੰਡ ਸਾਡੇ ਅੱਗੇ ਇਸ ਤੱਥ ਦਾ ਪਹਿਲਾ ਉਦਾਹਰਣ ਪੇਸ਼ ਕਰਦੀ ਹੈ ਕਿ, ਜਿੰਨਾਂ ਚਿਰ ਮਨੁੱਖ ਕੁਦਰਤੀ ਤੌਰ 'ਤੇ ਵਿਕਸਤ ਹੋਏ ਸਮਾਜ ਵਿੱਚ ਰਹਿੰਦਾ ਹੈ, ਅਰਥਾਤ, ਜਿੰਨ੍ਹਾਂ ਚਿਰ ਵਿਸ਼ੇਸ਼ ਅਤੇ ਸਾਂਝੇ ਹਿਤ ਵਿਚਕਾਰ ਪਾੜਾ ਕਾਇਮ ਰਹਿੰਦਾ ਹੈ, ਇਸ ਲਈ, ਜਿੰਨ੍ਹਾਂ ਚਿਰ ਸਰਗਰਮੀ ਸਵੈ-ਇੱਛਕ ਨਹੀਂ, ਸਗੋਂ ਕੁਦਰਤੀ ਤੌਰ 'ਤੇ ਵੰਡੀ ਹੋਈ ਹੈ, ਮਨੁੱਖ ਦਾ ਆਪਣਾ ਅਮਲ ਇੱਕ ਉਹਦੀ ਓਪਰੀ ਸ਼ਕਤੀ ਬਣ ਜਾਂਦਾ ਹੈ, ਜਿਹੜੀ ਉਹਦੇ ਅਧੀਨ ਹੋਣ ਦੀ ਥਾਂ ਸਗੋਂ ਉਹਨੂੰ ਗ਼ੁਲਾਮ ਬਣਾ ਲੈਂਦੀ ਹੈ। ਕਿਉਂਕਿ ਜਿਉਂ ਹੀ ਕਿਰਤ ਦੀ ਵੰਡ ਹੋਂਦ ਵਿੱਚ ਆਉਂਦੀ ਹੈ, ਹਰ ਮਨੁੱਖ ਦਾ ਆਪਣਾ ਵਿਸ਼ੇਸ਼ ਨਵੇਕਲੀ ਸਰਗਰਮੀ ਦਾ ਖੇਤਰ ਬਣ ਜਾਂਦਾ ਹੈ, ਜਿਹੜਾ ਉਹਦੇ ਉੱਤੇ ਠੋਸਿਆ ਜਾਂਦਾ ਹੈ ਅਤੇ ਜਿਸ ਤੋਂ ਉਹ ਛੁਟਕਾਰਾ ਨਹੀਂ ਪਾ ਸਕਦਾ। ਉਹ ਸ਼ਿਕਾਰੀ ਹੈ, ਮਾਛੀ ਹੈ, ਆਜੜੀ ਹੈ ਜਾਂ ਪੜਚੋਲੀਆ ਆਲੋਚਕ ਅਤੇ ਜੇ ਉਹ ਆਪਣੇ ਉਪਜੀਵਕਾ ਦੇ ਸਾਧਨ ਤੋਂ ਹੱਥ ਨਹੀਂ ਧੋਣਾ ਚਾਹੁੰਦਾ ਤਾਂ ਉਹਨੂੰ ਜ਼ਰੂਰ ਇਹ ਕੁੱਝ ਬਣ ਕੇ ਰਹਿਣਾ ਪਵੇਗਾ; ਜਿਥੇ ਕਿ ਕਮਿਊਨਿਸਟ ਸਮਾਜ ਵਿੱਚ, ਜਿੱਥੇ ਕਿਸੇ ਦੀ ਸਰਗਰਮੀ ਦਾ ਕੋਈ ਵਿਸ਼ੇਸ਼ ਖੇਤਰ ਨਹੀਂ ਸਗੋਂ ਹਰ ਇੱਕ ਜਿੰਨੀਆਂ ਸ਼ਾਖ਼ਾਂ ਵਿੱਚ ਉਹ ਚਾਹੇ ਮੁਹਾਰਤ ਪ੍ਰਾਪਤ ਕਰ ਸਕਦਾ ਹੈ, ਸਮਾਜ ਆਪ ਉਤਪਾਦਨ ਨੂੰ ਨਿਮਿਤਦਾ ਹੈ ਅਤੇ ਇਉਂ ਮੇਰੇ ਲਈ ਇਹ ਸੰਭਵ ਬਣਾਉਂਦਾ ਹੈ ਕਿ ਮੈਂ ਅਜ ਇਕ ਕੰਮ ਕਰਾਂ ਅਤੇ ਕੱਲ੍ਹ ਦੂਜਾ, ਸਵੇਰੇ ਸ਼ਿਕਾਰ ਖੇਡਾਂ, ਤਿਪਹਿਰੇ ਮੱਛੀਆਂ ਫੜਾਂ, ਸ਼ਾਮੀਂ ਪਸ਼ੂ ਪਾਲਾਂ ਅਤੇ ਰਾਤ ਦੇ ਖਾਣੇ ਤੋਂ ਪਿੱਛੋਂ ਪੜਚੋਲ ਕਰਾਂ, ਜਿਵੇਂ ਮੇਰਾ ਜੀਅ ਚਾਹੇ ਅਤੇ ਅਜਿਹਾ ਕਦੀ ਵੀ ਸ਼ਿਕਾਰੀ, ਮਾਛੀ, ਆਜੜੀ ਜਾਂ ਆਲੋਚਕ ਬਣੇ ਬਿਨਾਂ ਕਰਾਂ।

[18] ਇਹ ਸਮਾਜੀ ਸਰਗਰਮੀ ਦਾ ਮਿਥਣਾ, ਜੋ ਕੁੱਝ ਅਸੀਂ ਆਪ ਪੈਦਾ ਕਰਦੇ ਹਾਂ, ਉਹਦਾ ਸਾਡੇ ਉੱਤੇ ਇਕ ਪਦਾਰਥਕ ਸ਼ਕਤੀ ਵਜੋਂ ਪੱਕਾ ਕੀਤਾ ਜਾਣਾ, ਉਹਦਾ ਸਾਡੇ ਕੰਟਰੋਲ ਵਿਚੋਂ ਨਿਕਲ ਜਾਣਾ, ਸਾਡੀਆਂ ਆਸ਼ਾਵਾਂ ਦਾ ਵਿਰੋਧ ਕਰਨਾ, ਸਾਡੀਆਂ ਗਿਣਤੀਆਂ-ਮਿਣਤੀਆਂ ਨੂੰ ਸਿਫ਼ਰ ਤਕ ਲੈ ਆਉਣਾ, ਹੁਣ ਤਕ ਦੇ ਇਤਿਹਾਸਕ ਵਿਕਾਸ ਵਿੱਚ ਮੁੱਖ ਅੰਸ਼ਾਂ ਵਿਚੋਂ ਇੱਕ ਹੈ। ਇਹ ਸਮਾਜੀ ਸ਼ਕਤੀ, ਅਰਥਾਤ, ਵਿਸਤ੍ਰਤ ਉਤਪਾਦਕ ਸ਼ਕਤੀ, ਜਿਹੜੀ ਕਿਰਤ ਦੀ ਵੰਡ ਰਾਹੀਂ ਪੈਦਾ ਕੀਤੇ ਵੱਖ ਵੱਖ ਵਿਅਕਤੀਆਂ ਦੇ ਮਿਲਵਰਤਨ ਤੋਂ ਪੈਦਾ ਹੁੰਦੀ ਹੈ, ਕਿਉਂਕਿ ਇਹਨਾਂ ਵਿਅਕਤੀਆਂ ਦਾ ਮਿਲਵਰਤਨ ਸਵੈ-ਇੱਛਕ ਨਹੀਂ ਸਗੋਂ ਕੁਦਰਤੀ ਤੌਰ 'ਤੇ ਹੋਂਦ ਵਿੱਚ ਆਇਆ ਹੈ, ਇਹਨਾਂ ਵਿਅਕਤੀਆਂ ਨੂੰ ਉਹਨਾਂ ਦੀ ਆਪਣੀ ਇੱਕ-ਮੁਠ ਹੋਈ ਸ਼ਕਤੀ ਵਜੋਂ ਨਹੀਂ ਸਗੋਂ ਉਹਨਾਂ ਦੇ ਆਪਣੇ ਤੋਂ ਬਾਹਰ ਵਿਦਮਾਨ ਕਿਸੇ ਓਪਰੀ ਸ਼ਕਤੀ ਵਜੋਂ ਜਾਪਦੀ ਹੈ, ਜਿਸਦੇ ਆਰੰਭ ਅਤੇ ਨਿਸ਼ਾਨੇ ਤੋਂ ਉਹ ਅਣਜਾਨ ਹਨ, ਜਿਨ੍ਹਾਂ ਉੱਤੇ ਉਹ ਇਉਂ ਕੰਟਰੋਲ ਨਹੀਂ ਕਰ ਸਕਦੇ, ਜਿਹੜੇ ਇਹਦੇ ਉਲਟ ਮਨੁੱਖ ਦੀ

* ਇਹ ਦੋ ਪੈਰੇ ਏਂਗਲਜ਼ ਨੇ ਹਾਸ਼ੀਏ ਵਿੱਚ ਦਾਖ਼ਲ ਕੀਤੇ। **—ਸੰਪਾ.**

ਇੱਛਾ ਅਤੇ ਅਮਲ ਤੋਂ ਅਜ਼ਾਦ ਪਹਿਲੂਆਂ ਅਤੇ ਪੜਾਆਂ ਦੀ ਇੱਕ ਅਨੋਖੀ ਲੜੀ ਵਿਚੋਂ ਲੰਘਦੀ ਹੈ, ਇਹੋ ਨਹੀਂ ਸਗੋਂ ਉਹਨਾਂ ਦੀ ਮੁੱਖ ਚਾਲਕ ਹੋ ਸਕਦੀ ਹੈ।* ਜੇ ਅਜਿਹਾ ਨਾ ਹੁੰਦਾ ਤਾਂ, ਮਿਸਾਲ ਵਜੋਂ, ਜਾਇਦਾਦ ਦੇ ਇਤਿਹਾਸ ਦੀ ਹੋਂਦ ਕਿਵੇਂ ਹੋ ਸਕਦੀ ਸੀ, ਉਹ ਵੱਖ ਵੱਖ ਰੂਪ ਧਾਰ ਸਕਦੀ ਸੀ, ਅਤੇ ਮਿਸਾਲ ਵਜੋਂ, ਜ਼ਮੀਨੀ ਜਾਇਦਾਦ, ਵੱਖ ਵੱਖ ਵਿਦਮਾਨ ਅਧਾਰਾਂ ਅਨੁਸਾਰ, ਫ਼ਰਾਂਸ ਵਿੱਚ ਵੰਡ ਤੋਂ ਕੁੱਝ ਇੱਕ ਦੇ ਹੱਥਾਂ ਵਿੱਚ ਕੇਂਦਰੀਕਰਣ ਵੱਲ ਵੱਧ ਸਕਦੀ ਸੀ, ਇੰਗਲੈਂਡ ਵਿੱਚ ਕੁੱਝ ਇਕ ਦੇ ਹੱਥਾਂ ਵਿੱਚ ਕੇਂਦਰੀਕਰਣ ਤੋਂ ਵੰਡ ਵਲ ਵੱਧ ਸਕਦੀ ਸੀ, ਜਿਵੇਂ ਕਿ ਅੱਜ ਪ੍ਰਸਥਿਤੀ ਹੈ ? ਅਤੇ ਇਹ ਕਿਵੇਂ ਹੋਇਆ ਕਿ ਵਪਾਰ, ਜਿਹੜਾ ਅਖ਼ੀਰ ਵੱਖ ਵੱਖ ਵਿਅਕਤੀਆਂ ਅਤੇ ਦੇਸ਼ਾਂ ਦੀਆਂ ਉਪਜਾਂ ਦੇ ਵਟਾਂਦਰੇ ਤੋਂ ਵੱਧ ਕੁੱਝ ਨਹੀਂ, ਮੰਗ-ਪੂਰਤੀ ਅਤੇ ਮੰਗ ਰਾਹੀਂ ਸਮੁੱਚੇ ਸੰਸਾਰ ਉੱਤੇ ਹਕੂਮਤ ਕਰਦਾ ਹੈ—ਇਕ ਸਬੰਧ, ਜਿਹੜਾ, ਜਿਹੜਾ ਕਿ ਇੱਕ ਅੰਗ੍ਰੇਜ਼ ਅਰਥ-ਵਿਗਿਆਨੀ ਕਹਿੰਦਾ ਹੈ, ਅਗਲੇ ਲੋਕਾਂ ਦੀ ਹੋਣੀ ਵਾਂਗ ਧਰਤੀ ਉੱਤੇ ਪਲ਼ਮ ਰਿਹਾ ਹੈ ਅਤੇ ਅਦਿੱਖ ਹੱਥਾਂ ਨਾਲ਼ ਮਨੁੱਖਾਂ ਵਿੱਚ ਚੰਗੇ ਅਤੇ ਮੰਦੇ ਭਾਗ ਵੰਡਦਾ ਹੈ, ਸਲਤਨਤਾਂ ਸਥਾਪਤ ਕਰਦਾ [19] ਅਤੇ ਤਬਾਹ ਕਰਦਾ ਹੈ, ਕੌਮਾਂ ਨੂੰ ਉਭਾਰਦਾ ਅਤੇ ਲੋਪ ਕਰਦਾ ਹੈ—ਜਿੱਥੇ ਕਿ ਬੁਨਿਆਦ, ਨਿੱਜੀ ਜਾਇਦਾਦ ਦੇ ਖ਼ਤਮ ਕੀਤੇ ਜਾਣ ਨਾਲ਼, ਉਤਪਾਦਨ ਦੇ ਕਮਿਊਨਿਸਟ ਨਮਿੱਤਣ (ਅਤੇ ਇਹਦੇ ਵਿੱਚ ਲੁਪਤ ਮਨੁੱਖਾਂ ਦਾ ਆਪਣੀ ਉਪਜ ਵਲ ਓਪਰੇ ਵਤੀਰੇ [Fremdhait] ਦੇ ਖ਼ਾਤਮੇ) ਨਾਲ਼, ਮੰਗ ਪੂਰਤੀ ਅਤੇ ਮੰਗ ਦੇ ਸਬੰਧ ਦੀ ਸ਼ਕਤੀ ਨੂੰ ਸਿਫ਼ਰ ਤੱਕ ਘਟਾ ਦਿੱਤਾ ਜਾਂਦਾ ਹੈ, ਅਤੇ ਮਨੁੱਖ ਇੱਕ ਵਾਰ ਫਿਰ ਵਟਾਂਦਰੇ, ਉਤਪਾਦਨ ਅਤੇ ਉਹ ਜਿਸ ਢੰਗ ਨਾਲ਼ ਇੱਕ ਦੂਜੇ ਨਾਲ਼ ਪੇਸ਼ ਆਉਂਦੇ ਹਨ, ਉਸ ਉੱਤੇ ਕੰਟਰੋਲ ਪ੍ਰਾਪਤ ਕਰ ਲੈਂਦੇ ਹਨ ?

## [5. ਕਮਿਊਨਿਜ਼ਮ ਦੇ ਇੱਕ ਪਦਾਰਥਕ ਆਧਾਰ ਵਜੋਂ ਉਤਪਾਦਕ ਸ਼ਕਤੀਆਂ ਦਾ ਵਿਕਾਸ]

[18] ਇਹ "**ਵਿਰਕੱਤਤਾ**" [«Entfremdung»] (ਅਜਿਹੀ ਪ੍ਰੀਭਾਸ਼ਾ ਵਰਤਦੇ ਹੋਏ ਜਿਹੜੀ ਦਾਰਸ਼ਨਿਕਾਂ ਨੂੰ ਸਮਝ ਆਉਣ ਵਾਲ਼ੀ ਹੋਵੇਗੀ), ਨਿਸ਼ਚੇ ਹੀ, ਤਾਂ ਹੀ ਖ਼ਤਮ ਕੀਤੀ ਜਾ ਸਕਦੀ ਹੈ ਜੇ ਦੋ **ਅਮਲੀ** ਆਧਾਰ ਪੇਸ਼ ਕੀਤੇ ਜਾਣ। ਇੱਕ "ਅਸਹਿ" ਸ਼ਕਤੀ ਬਣ ਜਾਣ ਲਈ, ਅਰਥਾਤ, ਅਜਿਹੀ ਸ਼ਕਤੀ ਜਿਸ ਵਿਰੁੱਧ ਮਨੁੱਖ ਇਨਕਲਾਬ ਕਰਦੇ ਹਨ, ਇਹ ਲਾਜ਼ਮੀ ਹੈ ਕਿ ਇਹਨੇ ਮਨੁੱਖਤਾ ਦੇ ਵੱਡੇ ਸਮੂਹ ਨੂੰ ਜ਼ਰੂਰ ਹੀ "ਜਾਇਦਾਦ-ਹੀਣ" ਕਰ ਦਿੱਤਾ ਹੋਵੇ ਅਤੇ ਉਹ ਵੀ ਦੌਲਤ ਅਤੇ ਸਭਿਆਚਾਰ ਦੇ ਵਿਦਮਾਨ ਜਗਤ ਦੇ ਵਿਰੋਧ ਵਿੱਚ; ਇਹ ਦੋਵੇਂ ਆਧਾਰ ਉਤਪਾਦਕ ਸ਼ਕਤੀਆਂ ਵਿੱਚ ਬਹੁਤ ਵੱਡਾ ਵਾਧਾ, ਵਿਕਾਸ ਦੀ ਉੱਚੀ ਪੱਧਰ, ਪਹਿਲੋਂ ਹੀ ਮਿਥ ਲੈਂਦੇ ਹਨ। ਅਤੇ ਦੂਜੇ ਹੱਥ, ਉਤਪਾਦਕ ਸ਼ਕਤੀਆਂ ਦਾ ਇਹ ਵਿਕਾਸ (ਜਿਸ ਵਿੱਚ ਨਾਲ਼ ਹੀ ਨਾਲ਼ ਉਹਨਾਂ ਦੀ ਸਥਾਨਕ ਹੋਂਦ ਦੀ ਥਾਂ ਉਹਨਾਂ ਦੀ **ਸੰਸਾਰ-ਇਤਿਹਾਸਕ** ਹੋਂਦ ਵਿੱਚ ਉਹਨਾਂ ਦੀ ਯਥਾਰਥਕ ਪ੍ਰਯੋਗਕ ਹੋਂਦ ਲੁਪਤ ਹੈ) ਇੱਕ ਉੱਕਾ ਹੀ

* ਇੱਥੇ ਮਾਰਕਸ ਨੇ ਹਾਸ਼ੀਏ ਉੱਤੇ ਇੱਕ ਹਿੱਸੇ ਦਾ ਵਾਧਾ ਕੀਤਾ ਹੈ, ਜਿਹੜਾ ਇਸ ਸੰਸ੍ਰਕਣ ਵਿੱਚ ਪੰਜਵੇਂ ਭਾਗ ਦੇ ਦੂਜੇ ਹਿੱਸੇ ਵਜੋਂ ਦਿੱਤਾ ਗਿਆ ਹੈ। -**ਸੰਪਾ.**

ਲੋੜੀਂਦਾ ਅਮਲੀ ਆਧਾਰ ਹੈ, ਕਿਉਂਕਿ ਇਸ ਤੋਂ ਬਿਨਾਂ ਥੁੜ ਅਤੇ **ਅਭਾਵ** ਨੂੰ ਕੇਵਲ ਆਮ ਹੀ ਬਣਾਇਆ ਜਾਂਦਾ ਹੈ ਤੇ ਅਤੇ **ਅਭਾਵ** ਨਾਲ਼ ਲੋੜਾਂ ਲਈ ਘੋਲ਼ ਮੁੜ ਸ਼ੁਰੂ ਹੋ ਜਾਵੇਗਾ ਅਤੇ ਸਭ ਪੁਰਾਣੇ ਗੰਦੇ ਵਰਤਾਰੇ ਮੁੜ ਸਥਾਪਤ ਹੋ ਜਾਣਗੇ; ਅਤੇ ਇਸ ਤੋਂ ਵੱਧ, ਕਿਉਂਕਿ ਉਤਪਾਦਕ ਸ਼ਕਤੀਆਂ ਦੇ ਇਸ ਸੰਸਾਰ ਵਿਆਪੀ ਵਿਕਾਸ ਨਾਲ ਹੀ ਮਨੁੱਖਾਂ ਵਿਚਕਾਰ **ਸੰਸਾਰ ਵਿਆਪੀ** ਵਰਤੋਂ-ਵਿਹਾਰ ਸਥਾਪਤ ਹੁੰਦਾ ਹੈ, ਜਿਹੜਾ ਇੱਕ ਹੱਥ ਸਭਨਾਂ ਕੌਮਾਂ ਵਿੱਚ ਇਕੋ ਸਮੇਂ "ਜਾਇਦਾਦ-ਹੀਣ" ਸਮੂਹ (ਸੰਸਾਰ ਵਿਆਪੀ ਮੁਕਾਬਲਾ) ਦਾ ਵਰਤਾਰਾ ਪੈਦਾ ਕਰਦਾ ਹੈ, ਜਿਹੜਾ ਹਰ ਕੌਮ ਨੂੰ ਦੂਜੀਆਂ ਦੇ ਇਨਕਲਾਬਾਂ ਉੱਤੇ ਨਿਰਭਰ ਕਰ ਦੇਂਦਾ ਹੈ ਅਤੇ ਅੰਤ ਸਥਾਨਕ ਵਿਅਕਤੀਆਂ ਦੀ ਥਾਂ 'ਤੇ **ਸੰਸਾਰ-ਇਤਿਹਾਸਕ**, ਪ੍ਰਯੋਗਕ ਤੌਰ 'ਤੇ ਸੰਸਾਰ ਵਿਆਪੀ ਵਿਅਕਤੀਆਂ ਨੂੰ ਰੱਖਦਾ ਹੈ। ਇਸ ਤੋਂ ਬਿਨਾਂ, 1) ਕਮਿਊਨਿਜ਼ਮ ਦੀ ਕੇਵਲ ਇੱਕ ਸਥਾਨਕ ਵਰਤਾਰੇ ਵਜੋਂ ਹੀ ਹੋਂਦ ਹੋਵੇਗੀ; 2) ਖ਼ੁਦ ਵਰਤੋਂ-ਵਿਹਾਰ ਦੀਆਂ **ਸ਼ਕਤੀਆਂ ਸੰਸਾਰ ਵਿਆਪੀ** ਸ਼ਕਤੀਆਂ ਵਜੋਂ ਅਤੇ ਇਸੇ ਲਈ ਅਸਹਿ ਸ਼ਕਤੀਆਂ ਵਜੋਂ ਵਿਕਸਤ ਨਾ ਹੋ ਸਕੀਆਂ ਹੁੰਦੀਆਂ: ਉਹ ਭਰਮਾਂ ਨਾਲ਼ ਘਿਰੀਆਂ ਘਰੇਲੂ "ਹਾਲਤਾਂ" ਹੀ ਰਹਿੰਦੀਆਂ; ਅਤੇ 3) ਵਰਤੋਂ-ਵਿਹਾਰ ਦਾ ਹਰ ਵਧਾਅ ਸਥਾਨਕ ਕਮਿਊਨਿਜ਼ਮ ਦਾ ਅੰਤ ਕਰ ਦੇਂਦਾ। ਪ੍ਰਯੋਗਕ ਤੌਰ 'ਤੇ ਕਮਿਊਨਿਜ਼ਮ ਕੇਵਲ "ਸਾਰੀਆਂ ਰਲ ਕੇ" ਅਤੇ ਇੱਕੋ ਸਮੇਂ[8] ਪ੍ਰਬੱਲ ਕੌਮਾਂ ਦੇ ਅਮਲ ਰਾਹੀਂ ਹੀ ਸੰਭਵ ਹੈ, ਜਿਹੜਾ ਉਤਪਾਦਕ ਸ਼ਕਤੀਆਂ ਅਤੇ ਉਹਨਾਂ ਨਾਲ਼ ਜੁੜੇ ਹੋਏ ਸੰਸਾਰ ਵਰਤੋਂ-ਵਿਹਾਰ ਦੇ ਵਿਕਾਸ ਨੂੰ ਪਹਿਲਾਂ ਹੀ ਮੰਨ ਲੈਂਦਾ ਹੈ।*

[19] ਨਾਲ਼ੇ, ਅਜਿਹੇ ਕਿਰਤੀਆਂ ਦਾ ਜਿਹੜੇ **ਕਿਰਤੀਆਂ ਤੋਂ ਬਿਨਾਂ ਕੁੱਝ ਵੀ ਨਹੀਂ**, ਸਮੂਹਕ ਪੱਧਰ ਉੱਤੇ ਕਿਰਤ ਸ਼ਕਤੀ, ਜਿਹੜੀ ਸਰਮਾਏ ਜਾਂ [ਆਪਣੀਆਂ ਲੋੜਾਂ] ਦੀ ਇੱਕ ਸੀਮਤ ਪੂਰਤੀ ਤੋਂ ਵੀ ਕੱਟੀ ਹੋਈ ਹੈ ਅਤੇ, ਇਸੇ ਲਈ ਮੁਕਾਬਲੇ ਦੇ ਸਿੱਟੇ ਵਜੋਂ ਉਹਨਾਂ ਦੀ ਉੱਕਾ ਹੀ ਖ਼ਤਰਨਾਕ ਹਾਲਤ, ਜੀਵਨ ਦੇ ਰੱਖਿਅਤ ਸੋਮੇ ਵਜੋਂ ਹੁਣ ਕੰਮ ਸਥਾਈ ਤੌਰ 'ਤੇ ਹਥੋਂ ਨਿਕਲ ਜਾਣਾ ਹੀ ਨਹੀਂ—ਪਹਿਲਾਂ ਹੀ **ਸੰਸਾਰ ਮੰਡੀ** ਦੀ ਹੋਂਦ ਨੂੰ ਮੰਨ ਲੈਂਦੇ ਹਨ। ਇਉਂ ਪ੍ਰੋਲਤਾਰੀ ਦੀ ਕੇਵਲ **ਸੰਸਾਰ-ਇਤਿਹਾਸਕ ਤੌਰ 'ਤੇ** ਹੀ ਹੋਂਦ ਹੋ ਸਕਦੀ ਹੈ, ਜਿਵੇਂ ਕਿ ਕਮਿਊਨਿਜ਼ਮ, ਇਹਦੀ ਸਰਗਰਮੀ ਦੀ ਵੀ ਕੇਵਲ "ਸੰਸਾਰ-ਇਤਿਹਾਸਕ" ਤੌਰ 'ਤੇ ਹੀ ਹੋਂਦ ਹੋ ਸਕਦੀ ਹੈ। ਵਿਅਕਤੀਆਂ ਦੀ ਸੰਸਾਰ-ਇਤਿਹਾਸਕ ਹੋਂਦ, ਅਰਥਾਤ, ਅਜਿਹੀ ਹੋਂਦ ਜਿਹੜੀ ਸੰਸਾਰ ਇਤਿਹਾਸ ਨਾਲ਼ ਜੁੜੀ ਹੋਈ ਹੈ।

[18] ਸਾਡੇ ਲਈ ਕਮਿਊਨਿਜ਼ਮ **ਹਾਲਤ**, ਨਹੀਂ ਜਿਸਨੂੰ ਸਥਾਪਤ ਕਰਨਾ ਪਵੇਗਾ, ਕੋਈ ਅਜਿਹਾ **ਆਦਰਸ਼** ਨਹੀਂ ਜਿਸ ਨਾਲ਼ ਯਥਾਰਥ ਨੂੰ ਆਪਣੇ ਆਪ ਨੂੰ ਮੇਲਣਾ ਪਵੇ[ਗਾ]। ਅਸੀਂ ਕਮਿਊਨਿਜ਼ਮ ਨੂੰ **ਅਸਲੀ** ਹਰਕਤ ਕਹਿੰਦੇ ਹਾਂ, ਜਿਹੜੀ ਅਜੋਕੀ ਹਾਲਤ ਨੂੰ ਖ਼ਤਮ

---

* [ਇਸ ਹਿੱਸੇ ਦੇ ਜਾਰੀ ਰਹਿਣ ਦੇ ਉੱਪਰ, ਜਿਹੜਾ ਖਰੜੇ ਦੇ ਅਗਲੇ ਪੰਨੇ ਉੱਤੇ ਹੈ, ਮਾਰਕਸ ਨੇ ਲਿਖਿਆ:] **ਕਮਿਊਨਿਜ਼ਮ। —ਸੰਪਾ.**

ਕਰ ਦੇਂਦੀ ਹੈ। ਇਸ ਹਰਕਤ ਦੀਆਂ ਹਾਲਤਾਂ ਅੱਜ ਵਿਦਮਾਨ ਆਧਾਰ ਦਾ ਸਿੱਟਾ ਹਨ।**

* *

[19] ਪਿਛਲੇ ਸਾਰੇ ਇਤਿਹਾਸਕ ਪੜਾਆਂ ਉੱਤੇ ਵਿਦਮਾਨ ਉਤਪਾਦਕ ਸ਼ਕਤੀਆਂ ਵਲੋਂ ਮਿਥਿਆ ਗਿਆ ਵਰਤੋਂ-ਵਿਹਾਰ ਦਾ ਰੂਪ ਅਤੇ ਆਪਣੀ ਵਾਰੀ ਇਹਨਾਂ ਨੂੰ ਮਿਥਣ ਵਾਲ਼ਾ, **ਸ਼ਹਿਰੀ ਸਮਾਜ** ਹੈ। ਅਤੇ ਜਿਹਾ ਕਿ ਅਸਾਂ ਉੱਪਰ ਕਿਹਾ ਹੈ, ਪਿਛਲੇਰੇ ਦਾ ਆਧਾਰ ਅਤੇ ਬੁਨਿਆਦ ਸਾਦਾ ਟੱਬਰ ਅਤੇ ਇਹਦਾ ਗੁਣਜ, ਅਖੌਤੀ ਕਬੀਲਾ ਹੈ, ਅਤੇ ਇਸ ਸਮਾਜ ਦੀ ਵਧੇਰੇ ਸ਼ੁੱਧ ਪ੍ਰੀਭਾਸ਼ਾ ਸਾਡੇ ਵੱਲੋਂ ਉੱਪਰ ਕਹੀ ਗੱਲ ਵਿੱਚ ਕੀਤੀ ਗਈ ਹੈ। ਅਸੀਂ ਇਥੇ ਪਹਿਲਾਂ ਹੀ ਵੇਖਦੇ ਹਾਂ ਕਿ ਇਹ ਸ਼ਹਿਰੀ ਸਮਾਜ ਸਾਰੇ ਇਤਿਹਾਸ ਦਾ ਧਰੂ-ਬਿੰਦੂ ਅਤੇ ਰੰਗ-ਭੂਮੀ ਹੈ, ਅਤੇ ਹੁਣ ਤੱਕ ਦਾ ਇਤਿਹਾਸ ਦਾ ਸੰਕਲਪ ਕਿੰਨਾਂ ਵਾਹਯਾਤ ਹੈ, ਜਿਹੜਾ ਇਤਿਹਾਸ ਦੇ ਵਾਸਤਵਿਕ ਸਬੰਧਾਂ ਨੂੰ ਅੱਖੋਂ ਉਹਲੇ ਕਰਦਾ ਹੈ ਅਤੇ ਆਪਣੇ ਆਪ ਨੂੰ ਦਰਸ਼ਨੀ ਇਤਿਹਾਸਕ ਘਟਨਾਵਾਂ ਤੱਕ ਸੀਮਤ ਰੱਖਦਾ ਹੈ।

ਮੁੱਖ ਤੌਰ ਤੱਕ ਅਸਾਂ ਹੁਣ ਤੱਕ ਮਨੁੱਖੀ ਸਰਗਰਮੀ ਦਾ ਇੱਕ ਪੱਖ ਹੀ ਵਿਚਾਰਿਆ ਹੈ, ਮਨੁੱਖ ਵੱਲੋਂ **ਕੁਦਰਤ ਨੂੰ ਮੁੜ-ਘੜਨਾ।** ਦੂਜਾ ਪੱਖ, **ਮਨੁੱਖਾਂ ਹੱਥੋਂ ਮਨੁੱਖਾਂ ਨੂੰ ਮੁੜ-ਘੜਨਾ।**...**

ਰਾਜ ਦਾ ਆਦਿ ਅਤੇ ਰਾਜ ਦਾ ਸ਼ਹਿਰੀ ਸਮਾਜ ਨਾਲ਼ ਸਬੰਧ।***

## [6. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਤੋਂ ਸਿੱਟੇ: ਇਤਿਹਾਸ ਇੱਕ ਲਗਾਤਾਰ ਅਮਲ ਵਜੋਂ, ਇਤਿਹਾਸ ਸੰਸਾਰ ਇਤਿਹਾਸ ਬਣਦੇ ਜਾਣ ਵਜੋਂ, ਕਮਿਊਨਿਸਟ ਇਨਕਲਾਬ ਦੀ ਲੋੜ]

[20] ਇਤਿਹਾਸ ਵੱਖ ਵੱਖ ਪੀੜ੍ਹੀਆਂ ਦੇ ਇੱਕ ਦੂਜੇ ਤੋਂ ਪਿੱਛੋਂ ਆਉਣ ਤੋਂ ਬਿਨਾਂ ਕੁੱਝ ਨਹੀਂ, ਜਿਨ੍ਹਾਂ ਵਿੱਚੋਂ ਹਰ ਇੱਕ ਸਾਰੀਆਂ ਪਹਿਲੀਆਂ ਪੀੜ੍ਹੀਆਂ ਵਲੋਂ ਵਿਰਸੇ ਵਿੱਚ ਮਿਲੇ ਪਦਾਰਥ, ਸਰਮਾਇਆ ਨਿਧੀਆਂ, ਉਤਪਾਦਕ ਸ਼ਕਤੀਆਂ ਵਰਤਦੀ ਹੈ, ਅਤੇ ਇਉਂ, ਇੱਕ ਹੱਥ, ਉਕਾ ਹੀ ਤਬਦੀਲ ਹੋਈਆਂ ਹਾਲਤਾਂ ਵਿੱਚ ਰਵਾਇਤੀ ਸਰਗਰਮੀ ਜਾਰੀ ਰੱਖਦੀ ਹੈ ਅਤੇ ਦੂਜੇ ਹੱਥ ਉੱਕਾ ਹੀ ਤਬਦੀਲ ਹੋਈ ਸਰਗਰਮੀ ਨਾਲ਼ ਪੁਰਾਣੀਆਂ ਪ੍ਰਸਥਿਤੀਆਂ ਨੂੰ ਤਬਦੀਲ ਕਰਦੀ ਹੈ। ਇਹਨੂੰ ਕਿਆਸੀ ਤੌਰ 'ਤੇ ਇਹ ਕਹਿ ਕੇ ਤੋੜਿਆ ਮਰੋੜਿਆ ਜਾ ਸਕਦਾ ਹੈ ਕਿ ਪਿਛਲੇਰਾ ਇਤਿਹਾਸ ਪਹਿਲੇਰੇ ਇਤਿਹਾਸ ਦਾ ਨਿਸ਼ਾਨਾ ਸੀ, ਮਿਸਾਲ ਵਜੋਂ,

---

* ਖਰੜੇ ਵਿੱਚ ਮਾਰਕਸ ਨੇ ਇਹ ਪੈਰਾ: "ਇਸ ਵਖਰੇਵੇਂ" ਦੇ ਸ਼ਬਦਾਂ ਨਾਲ਼ ਸ਼ੁਰੂ ਹੁੰਦੇ ਪੈਰੇ ਤੋਂ ਉੱਪਰ ਖ਼ਾਲੀ ਥਾਂ ਵਿੱਚ ਲਿਖਿਆ ਸੀ। —**ਸੰਪਾ.**

** [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] ਵਰਤੋਂ-ਵਿਹਾਰ ਅਤੇ ਉਤਪਾਦਕ ਸ਼ਕਤੀ। —**ਸੰਪਾ.**

*** ਖਰੜੇ ਦਾ ਇਹ ਪੰਨਾ ਖ਼ਾਲੀ ਛੱਡਿਆ ਗਿਆ ਹੈ।ਅਗਲਾ ਪੰਨਾ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਵਿਚੋਂ ਸਿੱਟਿਆਂ ਦੀ ਵਿਆਖਿਆ ਨਾਲ਼ ਸ਼ੁਰੂ ਹੁੰਦਾ ਹੈ। —**ਸੰਪਾ.**

ਅਮਰੀਕਾ ਦੀ ਲੱਭਤ ਲਈ ਜਿਹੜਾ ਨਿਸ਼ਾਨਾ ਮਿਥਿਆ ਗਿਆ ਉਹ ਫ਼ਰਾਂਸੀਸੀ ਇਨਕਲਾਬ ਦਾ ਫੁੱਟ ਪੈਣ ਨੂੰ ਅੱਗੇ ਲਿਜਾਣਾ ਸੀ। ਇਸ ਤੋਂ ਇਤਿਹਾਸ ਨੂੰ ਆਪਣੇ ਵਿਸ਼ੇਸ਼ ਨਿਸ਼ਾਨੇ ਮਿਲਦੇ ਹਨ ਅਤੇ ਉਹ "ਬਾਕੀ ਵਿਅਕਤੀਆਂ ਦੇ ਹਾਣ ਦਾ ਵਿਅਕਤੀ" ਬਣ ਜਾਂਦਾ ਹੈ (ਅਰਥਾਤ: "ਸਵੈ-ਚੇਤਨਤਾ, ਪੜਚੋਲ, ਅਦੁੱਤੀ", ਆਦਿ), ਜਦੋਂ ਕਿ "ਹੋਣੀ", "ਨਿਸ਼ਾਨਾ", "ਬੀਜ", ਜਾਂ "ਵਿਚਾਰ" ਸ਼ਬਦਾਂ ਰਾਹੀਂ ਪਹਿਲੇਰੇ ਇਤਿਹਾਸ ਦਾ ਜੋ ਕੁੱਝ ਮਿਥਿਆ ਜਾਂਦਾ ਹੈ, ਉਹ ਪਿਛਲੇਰੇ ਇਤਿਹਾਸ ਦੇ ਅਮੂਰਤੀਕਰਨ ਤੋਂ, ਪਹਿਲੇਰਾ ਇਤਿਹਾਸ ਪਿਛਲੇਰੇ ਇਤਿਹਾਸ ਉੱਤੇ ਜਿਹੜਾ ਸਰਗਰਮ ਪ੍ਰਭਾਵ ਪਾਉਂਦਾ ਹੈ, ਉਸ ਤੋਂ ਵੱਧ ਹੋਰ ਕੁੱਝ ਨਹੀਂ।

ਜਿੰਨਾਂ ਵਧੇਰੇ ਵੱਖ ਵੱਖ ਖੇਤਰ, ਜਿਹੜੇ ਇੱਕ ਦੂਜੇ ਉੱਤੇ ਅਮਲ ਕਰਦੇ ਹਨ, ਇਸ ਵਿਕਾਸ ਦੇ ਦੌਰਾਨ ਫੈਲਦੇ ਹਨ, ਅਤੇ ਜਿੰਨਾਂ ਵਧੇਰੇ ਉਤਪਾਦਨ ਦੇ ਉੱਨਤ ਢੰਗ, ਵਰਤੋਂ-ਵਿਹਾਰ ਅਤੇ ਇਹਦੇ ਸਿੱਟੇ ਵਜੋਂ ਪੈਦਾ ਹੁੰਦੀ ਵੱਖ ਵੱਖ ਕੌਮਾਂ ਵਿਚਕਾਰ ਕਿਰਤ ਦੀ ਵੰਡ ਰਾਹੀਂ ਵੱਖ ਵੱਖ ਕੌਮਾਂ ਦਾ ਮੂਲਿਕ ਇਕਾਂਤ ਖ਼ਤਮ ਹੁੰਦਾ ਹੈ, ਉਹਨਾ ਵਧੇਰੇ ਇਤਿਹਾਸ ਸੰਸਾਰ ਇਤਿਹਾਸ ਬਣ ਜਾਂਦਾ ਹੈ। ਇਉਂ, ਮਿਸਾਲ ਵਜੋਂ, ਜੇ ਇੰਗਲੈਂਡ ਵਿੱਚ ਇੱਕ ਅਜਿਹੀ ਮਸ਼ੀਨ ਦੀ ਕਾਢ ਕੀਤੀ ਜਾਂਦੀ ਹੈ, ਜਿਹੜੀ ਹਿੰਦ ਅਤੇ ਚੀਨ ਵਿੱਚ ਅਨੇਕ ਕਿਰਤੀਆਂ ਨੂੰ ਰੋਟੀ ਤੋਂ ਵਿਰਵਾ ਕਰ ਦੇਂਦੀ ਹੈ ਅਤੇ ਇਹਨਾਂ ਸਲਤਨਤਾਂ ਦੀ ਹੋਂਦ ਦੇ ਸਾਰੇ ਰੂਪ ਨੂੰ ਉਲਟਾ ਦੇਂਦੀ ਹੈ ਤਾਂ ਇਹ ਕਾਢ ਇੱਕ ਸੰਸਾਰ ਇਤਿਹਾਸਕ ਘਟਨਾ ਬਣ ਜਾਂਦੀ ਹੈ। ਜਾਂ ਫਿਰ ਕਾਫ਼ੀ ਅਤੇ ਖੰਡ ਦਾ ਮਾਮਲਾ ਹੀ ਲਓ, ਜਿਨ੍ਹਾਂ ਇਸ ਤੱਥ ਰਾਹੀਂ ਉਨ੍ਹੀਵੀਂ ਸਦੀ ਵਿੱਚ ਆਪਣੀ ਸੰਸਾਰ-ਇਤਿਹਾਸਕ ਮਹੱਤਤਾ ਸਾਬਤ ਕੀਤੀ ਕਿ ਨੈਪੋਲੀਅਨ ਦੀ ਮਹਾਂ-ਦੀਪੀ ਪ੍ਰਣਾਲੀ[9] ਕਾਰਨ ਪੈਦਾ ਹੋਈ ਇਹਨਾਂ ਉਪਜਾਂ ਦੀ ਥੁੜ ਨੇ ਜਰਮਨਾਂ ਨੂੰ [21] ਨੈਪੋਲੀਅਨ ਵਿਰੁੱਧ ਉੱਠ ਖੜੇ ਹੋਣ 'ਤੇ ਮਜਬੂਰ ਕੀਤਾ ਅਤੇ ਇਉਂ ਉਹ 1893 ਦੇ ਮੁਕਤੀ ਦੇ ਸ਼ਾਨਦਾਰ ਯੁੱਧਾਂ ਦਾ ਆਧਾਰ ਬਣ ਗਏ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਤਿਹਾਸ ਦੀ ਸੰਸਾਰ ਇਤਿਹਾਸ ਵਿੱਚ ਕਾਇਆ-ਪਲਟ ਕਿਸੇ ਵੀ ਤਰ੍ਹਾਂ ਕਿਸੇ "ਸਵੈ-ਚੇਤਨਤਾ", ਕਿਸੇ ਸੰਸਾਰ ਆਤਮਾ, ਜਾਂ ਕਿਸੇ ਹੋਰ ਅਧਿਆਤਮਕ ਪ੍ਰੇਤ ਦਾ ਖ਼ਿਆਲੀ ਅਮਲ ਨਹੀਂ, ਸਗੋਂ ਇੱਕ ਐਨ ਸਥੂਲ, ਪ੍ਰਯੋਗਕ ਤੌਰ 'ਤੇ ਪ੍ਰਤਿਆਏ ਜਾਣ ਯੋਗ ਅਮਲ ਹੈ, ਇੱਕ ਅਜਿਹਾ ਅਮਲ ਜਿਸ ਦਾ ਸਬੂਤ ਹਰ ਵਿਅਕਤੀ ਉਦੋਂ ਪੇਸ਼ ਕਰਦਾ ਹੈ, ਜਦੋਂ ਉਹ ਆਉਂਦਾ ਅਤੇ ਜਾਂਦਾ ਹੈ, ਖਾਂਦਾ, ਪੀਂਦਾ ਅਤੇ ਕੱਪੜੇ ਪਾਉਂਦਾ ਹੈ।

ਇਤਿਹਾਸ ਵਿੱਚ ਹੁਣ ਤੱਕ ਇਸੇ ਤਰ੍ਹਾਂ ਇਹ ਨਿਸ਼ਚੇ ਹੀ ਇੱਕ ਪ੍ਰਯੋਗਕ ਤੱਥ ਰਿਹਾ ਹੈ ਕਿ ਇਕੱਲੇ ਇਕੱਲੇ ਵਿਅਕਤੀ, ਆਪਣੀ ਸਰਗਰਮੀ ਦੇ ਵਿਸ਼ਾਲ ਹੋ ਕੇ ਸੰਸਾਰ-ਇਤਿਹਾਸਕ ਸਰਗਰਮੀ ਬਣਨ ਨਾਲ਼, ਸਦਾ ਵਧੇਰੇ ਆਪਣੇ ਤੋਂ ਓਪਰੀ ਇੱਕ ਸ਼ਕਤੀ ਦੇ ਗ਼ੁਲਾਮ ਬਣਦੇ ਗਏ ਹਨ (ਇੱਕ ਅਜਿਹਾ ਦਬਾਅ ਜਿਸਨੂੰ ਉਹਨਾਂ ਸਦਾ ਇੱਕ ਅਖੌਤੀ ਸੰਸਾਰ ਆਤਮਾ, ਆਦਿ ਵਲੋਂ ਇੱਕ ਗੰਦੀ ਚਾਲ ਵਜੋਂ ਸੰਕਲਪਿਆ ਹੈ), ਇੱਕ ਅਜਿਹੀ ਸ਼ਕਤੀ ਦੇ ਜਿਹੜੀ ਸਦਾ ਵਧੇਰੇ ਧੜਵੈਲ ਹੁੰਦੀ ਗਈ ਹੈ, ਅਤੇ ਜਿਹੜੀ ਆਪਣੇ ਅੰਤਲੇ ਵਿਸ਼ਲੇਸ਼ਣ ਵਿੱਚ, **ਸੰਸਾਰ ਮੰਡੀ** ਸਿੱਧ ਹੁੰਦੀ ਹੈ। ਪਰ ਇਹ ਗੱਲ ਵੀ ਉਸੇ ਪ੍ਰਯੋਗਕ ਢੰਗ

ਨਾਲ਼ ਸਾਬਤ ਹੋ ਚੁੱਕੀ ਹੈ ਕਿ ਕਮਿਊਨਿਸਟ ਇਨਕਲਾਬ (ਜਿਸ ਬਾਰੇ ਹੋਰ ਅੱਗੇ ਚਲ ਕੇ ਕਿਹਾ ਜਾਵੇਗਾ) ਰਾਹੀਂ ਵਿਦਮਾਨ ਸਮਾਜ ਦਾ ਤਖ਼ਤਾ ਉਲਟੇ ਜਾਣ ਅਤੇ ਨਿੱਜੀ ਜਾਇਦਾਦ ਦੇ ਅੰਤ ਨਾਲ਼, ਜਿਹੜੀ ਇਹਦੇ ਨਾਲ਼ ਸਗਵੀਂ ਹੈ, ਉਹ ਸ਼ਕਤੀ ਵੀ ਜਿਹੜੀ ਜਰਮਨ ਸਿਧਾਂਤਕਾਰਾਂ ਨੂੰ ਇੰਨਾਂ ਹੈਰਾਨ ਕਰਦੀ ਹੈ, ਖ਼ਤਮ ਹੋ ਜਾਵੇਗੀ; ਅਤੇ ਇਹ ਕਿ ਫਿਰ ਹਰ ਇਕੱਲੇ ਵਿਅਕਤੀ ਦੀ ਮੁਕਤੀ ਉਸ ਹਦ ਤਕ ਮੁਕੰਮਲ ਹੋਵੇਗੀ ਜਿਸ ਹਦ ਤਕ ਇਤਿਹਾਸ ਦੀ ਸਮੁੱਚੇ ਤੌਰ ’ਤੇ ਸੰਸਾਰ ਇਤਿਹਾਸ ਵਿੱਚ ਕਾਇਆ-ਪਲਟ ਹੋ ਜਾਂਦੀ ਹੈ।* ਉਪ੍ਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਵਿਅਕਤੀ ਦੀ ਵਾਸਤਵਿਕ ਬੌਧਕ ਨਿਧੀ ਉਕਾ ਹੀ ਉਹਦੇ ਵਾਸਤਵਿਕ ਸੰਬੰਧਾਂ ਦੀ ਨਿਧੀ ਉੱਤੇ ਨਿਰਭਰ ਹੈ। ਕੇਵਲ ਇਹੋ ਹੀ ਇਕੱਲੇ ਇਕੱਲੇ ਵਿਅਕਤੀਆਂ ਨੂੰ ਵੱਖ ਵੱਖ ਕੌਮੀ ਅਤੇ ਸਥਾਨਕ ਰੋਕਾਂ ਤੋਂ ਮੁਕਤ ਕਰਾਵੇਗਾ, (ਬੌਧਕ ਉਤਪਾਦਨ ਸਮੇਤ) ਸਮੁੱਚੇ ਸੰਸਾਰ ਦੇ ਉਤਪਾਦਨ ਨਾਲ਼ ਉਹਨਾਂ ਦਾ ਸਬੰਧ ਸਥਾਪਤ ਕਰੇਗਾ ਅਤੇ ਉਹਨਾਂ ਲਈ ਇਹ ਸੰਭਵ ਬਣਾਏਗਾ ਕਿ ਉਹ ਸਮੁੱਚੀ ਧਰਤੀ ਦੇ ਸਰਬ-ਪੱਖੀ ਉਤਪਾਦਨ (ਮਨੁੱਖ ਦੀਆਂ ਸਿਰਜਣਾਵਾਂ) ਨੂੰ ਮਾਣਨ ਦੀ ਸਮਰੱਥਾ ਪ੍ਰਾਪਤ ਕਰ ਲੈਣ। **ਸਰਬ-ਪੱਖੀ** ਨਿਰਭਰਤਾ, ਵਿਅਕਤੀਆਂ ਦੀ **ਸੰਸਾਰ-ਇਤਿਹਾਸਕ** ਮਿਲਵਰਤਨ ਦਾ ਮੁੱਢਲਾ ਕੁਦਰਤੀ ਰੂਪ, ਦੀ ਇਸ [22] ਕਮਿਊਨਿਸਟ ਇਨਕਲਾਬ ਰਾਹੀਂ ਇਹਨਾਂ ਸ਼ਕਤੀਆਂ ਉੱਤੇ ਕੰਟਰੋਲ ਅਤੇ ਉਹਨਾਂ ਉੱਤੇ ਚੇਤੰਨ ਪ੍ਰਬਲਤਾ ਵਿੱਚ ਕਾਇਆ-ਪਲਟ ਕਰ ਦਿੱਤੀ ਜਾਵੇਗੀ, ਜਿਨ੍ਹਾਂ ਇੱਕ ਦੂਜੇ ਉੱਤੇ ਮਨੁੱਖਾਂ ਦੇ ਅਮਲਾਂ ਤੋਂ ਪੈਦਾ ਹੋਇਆਂ ਨੇ, ਮਨੁੱਖਾਂ ਤੋਂ ਮੁਕੰਮਲ ਤੌਰ ’ਤੇ ਓਪਰੀਆਂ ਸ਼ਕਤੀਆਂ ਵਜੋਂ ਮਨੁੱਖਾਂ ਨੂੰ ਭੈਭੀਤ ਕੀਤਾ ਅਤੇ ਉਹਨਾਂ ਉੱਤੇ ਹਕੂਮਤ ਕੀਤੀ ਹੈ। ਹੁਣ ਇਸ ਵਿਚਾਰ ਨੂੰ ਕਿਆਸੀ-ਆਦਰਸ਼ਵਾਦੀ, ਅਰਥਾਤ, ਅਚਰਜ ਢੰਗ ਨਾਲ਼ ਵੀ, “ਜਾਤੀ ਦੇ ਸਵੈ-ਉਤਪੰਨ ਕਰਨ” ਵਜੋਂ (“ਸਮਾਜ ਪ੍ਰਕਰਣ ਵਜੋਂ”) ਵੀ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਉਂ ਪ੍ਰਸਪਰ ਸਬੰਧਤ ਵਿਅਕਤੀਆਂ ਦੀ ਸਿਲਸਲੇਵਾਰ ਲੜੀ ਨੂੰ ਇਕੋ ਇਕ ਵਿਅਕਤੀ ਵਜੋਂ ਲਿਆ ਜਾ ਸਕਦਾ ਹੈ, ਜਿਹੜਾ ਆਪਣੇ ਆਪ ਨੂੰ ਉਤਪੰਨ ਕਰਨ ਦਾ ਭੇਤ ਭਰਿਆ ਕੰਮ ਮੁਕੰਮਲ ਕਰਦਾ ਹੈ। ਇਸ ਪ੍ਰਸੰਗ ਵਿੱਚ ਇਹ ਗੱਲ ਸਪਸ਼ਟ ਹੈ ਕਿ ਵਿਅਕਤੀ ਬਿਨਾਂ ਸ਼ਕ **ਇੱਕ ਦੂਜੇ ਨੂੰ** ਸਰੀਰਕ ਅਤੇ ਦਿਮਾਗੀ ਤੌਰ ’ਤੇ ਬਣਾਉਂਦੇ ਹਨ, ਪਰ ਉਹ ਆਪਣੇ ਆਪ ਨੂੰ ਨਹੀਂ ਬਣਾਉਂਦੇ, ਨਾ ਹੀ ਸੇਂਟ ਬਰੂਨੋ ਦੀ ਬਕਵਾਸ ਵਿੱਚ ਅਤੇ ਨਾ ਹੀ “ਅਦੁੱਤੀ” ਦੇ, “ਬਣਾਏ ਗਏ” ਮਨੁੱਖ ਦੇ ਅਰਥਾਂ ਵਿੱਚ।

ਅੰਤ, ਅਸਾਂ ਇਤਿਹਾਸ ਦਾ ਜਿਹੜਾ ਸੰਕਲਪ ਪੇਸ਼ ਕੀਤਾ ਹੈ, ਉਸ ਤੋਂ ਅਸੀਂ ਹੇਠ ਲਿਖੇ ਸਿੱਟੇ ਕੱਢਦੇ ਹਾਂ: 1) ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਦੌਰਾਨ ਇੱਕ ਪੜਾਅ ਅਜਿਹਾ ਆਉਂਦਾ ਹੈ ਜਦੋਂ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਢੰਗ ਹੋਂਦ ਵਿੱਚ ਲਿਆਏ ਜਾਂਦੇ ਹਨ, ਜਿਹੜੇ ਵਿਦਮਾਨ ਸਬੰਧਾਂ ਅਧੀਨ ਕੇਵਲ ਮੁਸ਼ਕਲ ਹੀ ਪੈਦਾ ਕਰਦੇ ਹਨ ਅਤੇ ਹੁਣ ਉਤਪਾਦਕ ਨਹੀਂ ਸਗੋਂ ਤਬਾਹਕਰੂ ਸ਼ਕਤੀਆਂ ਬਣ ਜਾਂਦੇ ਹਾਂ (ਮਸ਼ੀਨਾਂ ਅਤੇ ਮੁਦਰਾ); ਅਤੇ ਇਹਨਾਂ ਨਾਲ਼ ਸੰਬੰਧਤ ਇੱਕ ਜਮਾਤ ਹੋਂਦ ਵਿੱਚ ਲਿਆਈ ਜਾਂਦੀ ਹੈ, ਜਿਹੜੀ

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] **ਚੇਤਨਤਾ ਦੇ ਉਤਪਾਦਨ ਬਾਰੇ। —ਸੰਪਾ.**

ਇਹਦੇ ਲਾਭ ਮਾਣੇ ਬਿਨਾਂ ਸਮਾਜ ਦੇ ਸਾਰੇ ਬੋਝ ਸਹਾਰਦੀ ਹੈ ਅਤੇ ਸਮਾਜ ਤੋਂ ਛੇਕੀ ਹੋਈ ਹੈ ਅਤੇ [23] ਹੋਰਨਾਂ ਸਭਨਾਂ ਜਮਾਤਾਂ ਨਾਲ਼ ਅਤਿਅੰਤ ਤਿੱਖੇ ਵਿਰੋਧ ਵਿੱਚ ਜਾਣ 'ਤੇ ਮਜਬੂਰ ਹੋ ਜਾਂਦੀ ਹੈ; ਇਹ ਜਮਾਤ ਜਿਹੜੀ ਸਮਾਜ ਦੇ ਸਭਨਾਂ ਮੈਂਬਰਾਂ ਦੀ ਬਹੁਗਿਣਤੀ ਬਣਦੀ ਹੈ, ਅਤੇ ਜਿਸ ਤੋਂ ਬੁਨਿਆਦੀ ਇਨਕਲਾਬ ਦੀ ਲੋੜ ਦੀ ਚੇਤਨਤਾ, ਕਮਿਊਨਿਸਟ ਚੇਤਨਤਾ ਉਗੰਮਦੀ ਹੈ, ਜਿਹੜੀ ਨਿਸ਼ਚੇ ਹੀ, ਇਸ ਜਮਾਤ ਦੀ ਹਾਲਤ ਵਿਚਾਰਨ ਰਾਹੀਂ ਹੋਰਨਾਂ ਜਮਾਤਾਂ ਵਿੱਚ ਵੀ ਪੈਦਾ ਹੋ ਸਕਦੀ ਹੈ।2) ਜਿਨ੍ਹਾਂ ਹਾਲਤਾਂ ਅਧੀਨ ਨਿਸ਼ਚਿਤ ਉਤਪਾਦਕ ਸ਼ਕਤੀਆਂ ਲਾਗੂ ਕੀਤੀਆਂ ਜਾ ਸਕਦੀਆਂ ਹਨ ਉਹ ਨਿਸ਼ਚਿਤ ਜਮਾਤ ਦੀ ਹਕੂਮਤ ਦੀਆਂ ਹਾਲਤਾਂ ਹਨ, ਜਿਸਦੀ ਸਮਾਜੀ ਸ਼ਕਤੀ ਦਾ, ਜਿਹੜੀ ਇਹਦੀ ਜਾਇਦਾਦ ਵਿਚੋਂ ਪੈਦਾ ਹੁੰਦੀ ਹੈ, **ਅਮਲੀ**-ਆਦਰਸ਼ਵਾਦੀ ਪ੍ਰਗਟਾਅ ਹਰ ਹਾਲਤ ਵਿੱਚ ਰਾਜ ਦੇ ਰੂਪ ਵਿੱਚ ਹੁੰਦਾ ਹੈ, ਅਤੇ ਇਸੇ ਲਈ ਹਰ ਇਨਕਲਾਬੀ ਘੋਲ਼ ਦਾ ਨਿਸ਼ਾਨਾ ਇੱਕ ਜਮਾਤ ਵਿਰੁੱਧ ਹੁੰਦਾ ਹੈ ਜਿਹੜੀ ਉਸ ਸਮੇਂ ਤੱਕ ਸੱਤਾਧਾਰੀ ਰਹੀ ਹੁੰਦੀ ਹੈ।* 3) ਸਭਨਾਂ ਪਹਿਲੇ ਇਨਕਲਾਬਾਂ ਵਿੱਚ ਸਰਗਰਮੀ ਦਾ ਰੂਪ ਸਦਾ ਅਣਬਦਲਿਆ ਰਿਹਾ, ਅਤੇ ਪ੍ਰਸ਼ਨ ਕੇਵਲ ਇਸ ਸਰਗਰਮੀ ਦੀ ਹੋਰ ਤਰ੍ਹਾਂ ਦੀ ਵੰਡ ਦਾ ਸੀ, ਹੋਰਨਾਂ ਲੋਕਾਂ ਨੂੰ ਕਿਰਤ ਦੀ ਨਵੀਂ ਵੰਡ ਦਾ, ਜਦੋਂ ਕਿ ਕਮਿਊਨਿਸਟ ਇਨਕਲਾਬ ਦਾ ਨਿਸ਼ਾਨਾ ਸਰਗਰਮੀ ਦੇ ਵਿਦਮਾਨ **ਢੰਗ** ਵਿਰੁੱਧ ਹੈ, ਇਹ **ਕਿਰਤ** ਨੂੰ ਖ਼ਤਮ ਕਰ ਦੇਣਾ** ਹੈ ਅਤੇ ਖੁਦ ਜਮਾਤਾਂ ਦੇ ਨਾਲ਼ ਹੀ ਜਮਾਤਾਂ ਦੀ ਹਕਮੂਤ ਦਾ ਵੀ ਅੰਤ ਕਰ ਦੇਂਦਾ ਹੈ, ਕਿਉਂਕਿ ਇਹ ਇਕ ਅਜਿਹੀ ਜਮਾਤ ਕਰਦੀ ਹੈ ਜਿਹੜੀ ਹੁਣ ਸਮਾਜ ਵਿੱਚ ਜਮਾਤ ਨਹੀਂ ਗਿਣੀ ਜਾਂਦੀ, ਜਿਸਨੂੰ ਜਮਾਤ ਨਹੀਂ ਮੰਨਿਆ ਜਾਂਦਾ, ਅਤੇ ਜਿਹੜੀ ਆਪਣੇ ਆਪ ਵਿੱਚ ਅਜੋਕੇ ਸਮਾਜ ਅੰਦਰ ਸਭਨਾਂ ਜਮਾਤਾਂ, ਕੌਮੀਅਤਾਂ ਆਦਿ ਦੇ ਅੰਤ ਦਾ ਪ੍ਰਗਟਾਅ ਹੈ; ਅਤੇ 4) ਜਨਤਕ ਪੱਧਰ ਉੱਤੇ ਇਹ ਕਮਿਊਨਿਸਟ ਚੇਤਨਤਾ ਪੈਦਾ ਕਰਨ ਲਈ ਵੀ ਅਤੇ ਖ਼ੁਦ ਇਸ ਕਾਜ਼ ਦੀ ਜਿੱਤ ਲਈ ਵੀ, ਜਨਤਕ ਪੱਧਰ ਉੱਤੇ ਮਨੁੱਖਾਂ ਨੂੰ ਬਦਲਣਾ ਲਾਜ਼ਮੀ ਹੈ, ਇੱਕ ਅਜਿਹਾ ਬਦਲਾਅ, ਜਿਹੜਾ ਇੱਕ ਅਮਲੀ ਲਹਿਰ, ਇਕ **ਇਨਕਲਾਬ** ਰਾਹੀਂ ਹੀ ਹੋ ਸਕਦਾ ਹੈ; ਇਸ ਲਈ ਇਨਕਲਾਬ ਸਿਰਫ਼ ਇਸ ਲਈ ਜ਼ਰੂਰੀ ਨਹੀਂ ਕਿ **ਹਾਕਮ** ਜਮਾਤ ਦਾ ਤਖ਼ਤਾ ਕਿਸੇ ਹੋਰ ਤਰ੍ਹਾਂ ਉਲਟਾਇਆ ਨਹੀਂ ਜਾ ਸਕਦਾ ਸਗੋਂ ਇਸ ਲਈ ਵੀ ਕਿ ਇਹਦਾ **ਤਖ਼ਤਾ ਉਲਟਾਉਣ ਵਾਲੀ** ਜਮਾਤ ਸਦੀਆਂ ਦੇ ਮਲ੍ਹਬ ਤੋਂ ਆਪਣਾ ਛੁਟਕਾਰਾ ਕਰਵਾ ਲੈਂਦੀ ਹੈ ਅਤੇ ਸਮਾਜ ਦੀ ਨਵੇਂ ਸਿਰਿਉਂ ਨੀਂਹ ਰੱਖਣ ਦੇ ਯੋਗ ਹੋ ਜਾਂਦੀ ਹੈ।***

---

* [ਮਾਰਕਸ ਵੱਲੋਂ ਹਾਸ਼ੀਏ ਉੱਤੇ ਨੋਟ:] ਇਹਨਾਂ ਮਨੁੱਖਾਂ ਨੂੰ ਉਤਪਾਦਨ ਦੀ ਅਜੋਕੀ ਪ੍ਰਸਥਿਤੀ ਕਾਇਮ ਰੱਖਣ ਵਿੱਚ ਦਿਲਚਸਪੀ ਹੈ। **—ਸੰਪਾ.**

** [ਖਰੜੇ ਵਿੱਚ ਇਹ ਲਫ਼ਜ਼ ਕਟ ਦਿੱਤੇ ਗਏ ਹਨ:] [...] ਦੀ ਹਕੂਮਤ ਅਧੀਨ ਸਰਗਰਮੀ ਦਾ ਅਜਿਹਾ ਰੂਪ। **—ਸੰਪਾ.**

*** [ਖਰੜੇ ਵਿੱਚ ਹੇਠ ਲਿਖਿਆ ਹਿੱਸਾ ਕਟ ਦਿੱਤਾ ਗਿਆ ਹੈ:] ਜਿੱਥੇ ਫ਼ਰਾਂਸ ਵਿੱਚ ਵੀ ਅਤੇ ਇੰਗਲੈਂਡ ਤੇ ਜਰਮਨੀ ਵਿੱਚ ਵੀ ਸਭੇ ਕਮਿਊਨਿਸਟ ਲੰਮੇ ਸਮੇਂ ਤੋਂ ਇਨਕਲਾਬ ਦੀ ਲੋੜ ਬਾਰੇ ਰਜ਼ਾਮੰਦ ਹੋ ਗਏ ਹਨ, ਸੇਂਟ ਬਰੂਨੋ ਸ਼ਾਂਤੀ ਨਾਲ਼ ਸੁਪਨਾ ਲੈਂਦਾ ਰਹਿੰਦਾ ਹੈ ਕਿ ⇨

## [7. ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦਾ ਸਾਰ]

[24] ਇਤਿਹਾਸ ਦਾ ਇਹ ਸੰਕਲਪ ਉਤਪਾਦਨ ਦੇ ਵਾਸਤਵਿਕ ਅਮਲ ਦੀ ਵਿਆਖਿਆ ਕਰਨ —ਖ਼ੁਦ ਜੀਵਨ ਦੇ ਪਦਾਰਥਕ ਉਤਪਾਦਨ ਤੋਂ ਮੁੱਢ ਬੰਨ੍ਹ ਕੇ— ਅਤੇ ਉਤਪਾਦਨ ਦੇ ਇਸ ਢੰਗ ਨਾਲ਼ ਸਬੰਧਤ ਅਤੇ ਉਸ ਵੱਲੋਂ ਸਿਰਜੇ ਵਰਤੋਂ-ਵਿਹਾਰ ਦੇ ਢੰਗ, ਅਰਥਾਤ ਇਹਦੇ ਵੱਖ ਵੱਖ ਪੜਾਆਂ ਉੱਤੇ ਸ਼ਹਿਰੀ ਸਮਾਜ ਨੂੰ ਸਮੁੱਚੇ ਇਤਿਹਾਸ ਦਾ ਆਧਾਰ ਜਾਣਨ ਉਤੇ ਟੇਕ ਰੱਖਦਾ ਹੈ; ਰਾਜ ਦੇ ਰੂਪ ਵਿੱਚ ਇਹਦੇ ਅਮਲਾਂ ਨੂੰ ਬਿਆਨ ਕਰਦੇ ਹੋਏ ਅਤੇ ਇਹ ਵਿਆਖਿਆ ਵੀ ਕਰਦੇ ਹੋਏ ਕਿ ਚੇਤਨਤਾ ਦੀਆਂ ਵੱਖ ਵੱਖ ਉਪਜਾਂ ਅਤੇ ਰੂਪ, ਧਰਮ, ਦਰਸ਼ਨ, ਸਦਾਚਾਰ ਇਤਿਆਦਿ ਸਭ ਇਸ ਤੋਂ ਪੈਦਾ ਹੁੰਦੇ ਹਨ ਅਤੇ ਇਸ ਆਧਾਰ ਉੱਤੇ ਉਹਨਾਂ ਦੇ ਰੂਪ ਧਾਰਨ ਦੇ ਅਮਲ ਨੂੰ ਖੋਜਦਿਆਂ; ਇਉਂ ਸਮੁੱਚੀ ਗੱਲ ਨੂੰ ਉਹਦੇ ਸੰਪੂਰਨ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ (ਅਤੇ ਇਸੇ ਲਈ ਇਹਨਾਂ ਵੱਖੋ ਵੱਖ ਪੱਖਾਂ ਦੇ ਇੱਕ ਦੂਜੇ ਉੱਤੇ ਆਪਸੀ ਅਮਲ ਵਜੋਂ ਵੀ)। ਇਤਿਹਾਸ ਦੇ ਆਦਰਸ਼ਵਾਦੀ ਵਿਚਾਰ ਵਾਂਗ ਇਹਨੂੰ ਹਰ ਯੁੱਗ ਵਿੱਚ ਕਿਸੇ ਪ੍ਰਾਵਰਗ ਦੀ ਭਾਲ ਨਹੀਂ ਕਰਨੀ ਪੈਂਦੀ ਸਗੋਂ ਇਹ ਸਦਾ ਇਤਿਹਾਸ ਦੀ ਵਾਸਤਵਿਕ **ਭੂਮੀ** ਉੱਤੇ ਰਹਿੰਦਾ ਹੈ; ਇਹ ਅਮਲ ਦੀ ਵਿਚਾਰ ਤੋਂ ਵਿਆਖਿਆ ਨਹੀਂ ਕਰਦਾ

---

☞ "ਅਸਲ ਮਨੁੱਖਵਾਦ", ਅਰਥਾਤ ਕਮਿਊਨਿਜ਼ਮ ਨੇ "ਪਰਮਾਰਥ ਦੀ ਥਾਂ ਲੈਣੀ ਹੈ" (ਜਿਸ ਲਈ ਕੋਈ ਥਾਂ ਨਹੀਂ) ਤਾਂ ਜੁ ਇਹ ਸਤਿਕਾਰ ਪ੍ਰਾਪਤ ਕਰ ਸਕੇ। ਫਿਰ ਉਹ ਆਪਣੇ ਸੁਪਨੇ ਵਿੱਚ ਗੱਲ ਜਾਰੀ ਰੱਖਦਾ ਹੈ, ਨਿਸ਼ਚੇ ਹੀ "ਮੁਕਤੀ ਪ੍ਰਾਪਤ ਕਰ ਲਈ ਜਾਵੇਗੀ, ਧਰਤੀ ਸੁਰਗ ਬਣ ਜਾਵੇਗੀ ਅਤ ਸੁਰਗ ਧਰਤੀ ਬਣ ਜਾਵੇਗਾ।" (ਧਰਮ-ਵਿੱਦਿਆ ਅਜੇ ਤੱਕ ਸੁਰਗ ਨੂੰ ਭੁੱਲਣੋਂ ਅਸਮਰਥ ਹੈ।) "ਖ਼ੁਸ਼ੀ ਅਤੇ ਆਨੰਦ ਸਵਰਗੀ ਸੁਰਮੇਲਾਂ ਵਿੱਚ ਅਨੰਤ ਕਾਲ ਲਈ ਗੂੰਜੇਗਾ" (ਪੰਨਾ 140)। [ਬਰੂਨੋ ਬਾਵੇਰ, Charakteristik Ludwig Feuerbachs **—ਸੰਪਾ.**] ਚਰਚ (ਇਸਾਈ ਧਰਮ) ਦਾ ਪਵਿੱਤਰ ਪਿਤਾ ਬਹੁਤ ਹੀ ਹੈਰਾਨ ਹੋਵੇਗਾ ਜਦੋਂ ਨਿਰਣੇ ਦਾ ਦਿਨ ਉਹਦੇ ਤੱਕ ਅੱਪੜ ਜਾਵੇਗਾ, ਜਦੋਂ ਇਹ ਸਭ ਕੁੱਝ ਵਾਪਰ ਜਾਵੇਗਾ—ਜਿਸ ਦਿਨ ਬਲਦੇ ਸ਼ਹਿਰਾਂ ਦਾ ਅਸਮਾਨ ਵਿੱਚ ਪ੍ਰਤਿਬਿੰਬ ਪਹੁ-ਫੁਟਾਲਾ ਲਿਆਵੇਗਾ, ਜਿਸ ਦਿਨ ਸਵਰਗੀ ਸੁਰਮੇਲਾਂ ਦੇ ਨਾਲ਼ ਹੀ ਨਾਲ਼ "ਮਾਰਸੇਲਜ਼" ਅਤੇ "ਕਾਰਮਾਨੋਲ" ਦੀਆਂ ਧੁਨਾਂ ਤੋਪਾਂ ਦੀ ਲਾਜ਼ਮੀ ਗਰਜ ਦੇ ਨਾਲ਼ ਉਹਦੇ ਕੰਨਾਂ ਵਿੱਚ ਗੂੰਜਣਗੀਆਂ, ਅਤੇ ਗਿਲੋਟੀਨ (ਸਿਰ ਵੱਢਣ ਵਾਲੀ ਮਸ਼ੀਨ) ਤਾਲ ਦੇਵੇਗੀ; ਜਦੋਂ ਬਦਨਾਮ "ਜਨਤਾ" ਉੱਚੀ ਉੱਚੀ ਕਹੇਗੀ ça ira, ça ira (ਇਹ ਸਫ਼ਲ ਰਹੇਗਾ) ਅਤੇ "ਸਵੈ-ਚੇਤਨਤਾ" ਨੂੰ ਲਾਲਟੈਨ ਦੇ ਖੰਭੇ ਨਾਲ਼ ਫਾਹੇ ਲਟਕਾ ਦੇਵੇਗੀ।[10] ਸੇਂਟ ਬਰੂਨੋ ਕੋਲ "ਕੁੱਲ ਅਨੰਤ ਕਾਲ ਦੀ ਖ਼ੁਸ਼ੀ ਅਤੇ ਆਨੰਦ" ਦਾ ਇੱਕ ਲੁਭਾਉਣਾ ਚਿੱਤਰ ਖਿੱਚਣ ਲਈ ਉੱਕਾ ਹੀ ਕੋਈ ਕਾਰਨ ਨਹੀਂ। ਅਸੀਂ ਪਹਿਲਾਂ ਤੋਂ ਹੀ ਨਿਰਣੇ ਦੇ ਦਿਨ ਸੇਂਟ ਬਰੂਨੋ ਦੇ ਵਤੀਰੇ ਬਾਰੇ ਭਵਿੱਖਬਾਣੀ ਕਰਨਾ ਖ਼ੁਸ਼ੀ ਨਾਲ਼ ਤਿਆਗਦੇ ਹਾਂ। ਨਾਲ਼ੇ ਇਹ ਨਿਰਣਾ ਕਰਨਾ ਸੱਚਮੁਚ ਔਖਾ ਹੈ ਕਿ —prolétaires en révolution (ਇਨਕਲਾਬ ਵਿੱਚ ਪ੍ਰੋਲੇਤਾਰੀ) ਦਾ ਸੰਕਲਪ "ਪਦਾਰਥ" ਵਜੋਂ, ਜਾਂ "ਸਮੂਹ" ਵਜੋਂ ਗ੍ਰਹਿਣ ਕਰਨਾ ਹੈ, ਜਿਹੜਾ ਪੜਚੋਲ ਦਾ ਤਖ਼ਤਾ ਉਲਟਣ ਦੀ ਇੱਛਾ ਕਰ ਰਿਹਾ ਹੈ, ਜਾਂ ਆਤਮਾ ਦੇ ਉਸ "ਉਗਮਣ" ਵਜੋਂ ਕਰਨਾ ਹੈ, ਪਰ ਜਿਸ ਵਿੱਚ ਬਾਵੇਰ ਦੇ ਵਿਚਾਰਾਂ ਨੂੰ ਹਜ਼ਮ ਕਰਨ ਜੋਗੀ ਇਕਸਾਰਤਾ ਦੀ ਅਜੇ ਘਾਟ ਹੈ। **—ਸੰਪਾ.**

ਸਗੋਂ ਪਦਾਰਥਕ ਅਮਲ ਤੋਂ ਵਿਚਾਰਾਂ ਦਾ ਰੂਪ ਧਾਰਨਾ ਬਿਆਨ ਕਰਦਾ ਹੈ ਅਤੇ ਇਸ ਅਨੁਸਾਰ ਇਸ ਸਿੱਟੇ ਉੱਤੇ ਅੱਪੜਦਾ ਹੈ ਕਿ ਦਿਮਾਗ਼ੀ ਪੜਚੋਲ ਰਾਹੀਂ, ਉਹਨਾਂ ਨੂੰ "ਸਵੈ-ਚੇਤਨਤਾ" ਵਿੱਚ ਢਾਲ ਕੇ ਜਾਂ "ਛਾਇਆ", "ਪ੍ਰੇਤਾਂ", "ਖ਼ਬਤਾਂ"* ਆਦਿ ਵਿੱਚ ਤਬਦੀਲ ਕਰਕੇ ਚੇਤਨਤਾ ਦੀਆਂ ਉਪਜਾਂ ਦਾ ਅੰਤ ਨਹੀਂ ਕੀਤਾ ਜਾ ਸਕਦਾ, ਸਗੋਂ ਉਹਨਾਂ ਵਾਸਤਵਿਕ ਸਮਾਜੀ ਸਬੰਧਾਂ ਦਾ ਤਖ਼ਤਾ ਉਲਟਾ ਕੇ ਹੀ ਕੀਤਾ ਜਾ ਸਕਦਾ ਹੈ, ਜਿਨ੍ਹਾਂ ਇਸ ਆਦਰਸ਼ਵਾਦੀ ਵਾਹਯਾਤੀ ਨੂੰ ਜਨਮ ਦਿੱਤਾ; ਕਿ ਪੜਚੋਲ ਨਹੀਂ ਸਗੋਂ ਇਨਕਲਾਬ ਇਤਿਹਾਸ ਦੀ ਚਾਲਕ ਸ਼ਕਤੀ ਹੈ, ਧਰਮ ਦੀ ਵੀ, ਦਰਸ਼ਨ ਦੀ ਵੀ ਅਤੇ ਹੋਰ ਹਰ ਤਰ੍ਹਾਂ ਦੇ ਸਿਧਾਂਤ ਦੀ ਵੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ "ਆਤਮਾ ਦੀ ਆਤਮਾ" ਵਜੋਂ "ਸਵੈ-ਚੇਤਨਤਾ"** ਵਿੱਚ ਹੱਲ ਹੋ ਜਾਣ ਨਾਲ਼ ਇਤਿਹਾਸ ਦਾ ਅੰਤ ਨਹੀਂ ਹੋ ਜਾਂਦਾ, ਸਗੋਂ ਹਰ ਪੜਾਅ ਉੱਤੇ ਇਹਦੇ ਵਿੱਚ ਪਦਾਰਥਕ ਸਿੱਟਾ ਹੁੰਦਾ ਹੈ, ਉਤਪਾਦਕ ਸ਼ਕਤੀਆਂ ਦਾ ਜੋੜ ਹੁੰਦਾ ਹੈ, ਕੁਦਰਤ ਅਤੇ ਵਿਅਕਤੀਆਂ ਦਾ ਇੱਕ ਦੂਜੇ ਨਾਲ਼ ਇਤਿਹਾਸਕ ਤੌਰ 'ਤੇ ਘੜਿਆ ਪ੍ਰਸਪਰ ਸਬੰਧ, ਜਿਹੜਾ ਹਰ ਪੀੜ੍ਹੀ ਨੂੰ ਆਪਣੇ ਤੋਂ ਪਹਿਲੀ ਵਲੋਂ ਸੌਂਪਿਆ ਜਾਂਦਾ ਹੈ; ਉਤਪਾਦਕ ਸ਼ਕਤੀਆਂ, ਜਮ੍ਹਾ ਪੂੰਜੀ ਅਤੇ ਜੀਵਨ ਦੀਆਂ ਹਾਲਤਾਂ ਦਾ ਸਮੂਹ, ਜਿਸਨੂੰ ਨਿਰਸੰਦੇਹ ਇੱਕ ਹੱਥ ਨਵੀਂ ਪੀੜ੍ਹੀ ਤਬਦੀਲ ਕਰਦੀ ਹੈ ਪਰ ਜਿਹੜਾ ਦੂਜੇ ਹੱਥ, ਉਹਦੀਆਂ ਜੀਵਨ ਹਾਲਤਾਂ ਮਿਥਦਾ ਹੈ ਅਤੇ ਉਹਨੂੰ ਇੱਕ ਨਿਸਚਿਤ ਵਿਕਾਸ, ਇੱਕ ਵਿਸ਼ੇਸ਼ ਖ਼ਾਸਾ ਦੇਂਦਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ [25] ਕਿ ਹਾਲਤਾਂ ਮਨੁੱਖਾਂ ਨੂੰ ਘੜਦੀਆਂ ਹਨ, ਐਨ ਉਸੇ ਤਰ੍ਹਾਂ ਜਿਵੇਂ ਮਨੁੱਖ ਹਾਲਤਾਂ ਨੂੰ ਘੜਦੇ ਹਨ।

ਉਤਪਾਦਕ ਸ਼ਕਤੀਆਂ, ਜਮ੍ਹਾ ਪੂੰਜੀ ਅਤੇ ਸਮਾਜ ਰੂਪਾਂ ਦੇ ਵਰਤੋਂ-ਵਿਹਾਰ ਦਾ ਕੁਲ ਜੋੜ, ਜਿਹੜਾ ਹਰ ਵਿਅਕਤੀ ਅਤੇ ਹਰ ਪੀੜ੍ਹੀ ਨੂੰ ਕੁੱਝ ਪ੍ਰਾਪਤ ਹੋਏ ਜਿਹਾ ਹੋਂਦ ਵਿੱਚ ਮਿਲਦਾ ਹੈ, ਉਸ ਕੁੱਝ ਦਾ ਅਸਲ ਆਧਾਰ ਹੈ, ਜਿਸਨੂੰ ਦਾਰਸ਼ਨਿਕਾਂ ਨੇ "ਪਦਾਰਥ" ਅਤੇ "ਮਨੁੱਖ ਦੇ ਤੱਤ" ਵਜੋਂ ਚਿਤਵਿਆ ਹੈ, ਅਤੇ ਜਿਸ ਦਾ ਉਹਨਾਂ ਦੈਵੀਕਰਨ ਕੀਤਾ ਹੈ ਅਤੇ ਜਿਸ ਉੱਤੇ ਉਹਨਾਂ ਹਮਲਾ ਕੀਤਾ ਹੈ; ਇੱਕ ਵਾਸਤਵਿਕ ਆਧਾਰ ਜਿਹੜਾ ਮਨੁੱਖ ਦੇ ਵਿਕਾਸ ਉੱਤੇ ਆਪਣੇ ਪ੍ਰਭਾਵ ਅਤੇ ਅਸਰ ਵਿੱਚ ਇਸ ਲਈ ਭੋਰਾ ਭਰ ਵੀ ਨਹੀਂ ਤਬਦੀਲ ਹੁੰਦਾ ਕਿ ਦਾਰਸ਼ਨਿਕ "ਸਵੈ-ਚੇਤਨਤਾ" ਅਤੇ "ਅਦੁੱਤੀ" ਵਜੋਂ ਇਹਦੇ ਵਿਰੁੱਧ ਬਗ਼ਾਵਤ ਕਰਦੇ ਹਨ। ਜੀਵਨ ਦੀਆਂ ਇਹ ਹਾਲਤਾਂ ਜਿਹੜੀਆਂ ਵੱਖ ਵੱਖ ਪੀੜ੍ਹੀਆਂ ਨੂੰ ਵਿਦਮਾਨ ਮਿਲਦੀਆਂ ਹਨ, ਇਹ ਮਿਥਦੀਆਂ ਹਨ ਕਿ ਸਮੇਂ ਸਮੇਂ ਇਤਿਹਾਸ ਵਿੱਚ ਆਉਣ ਵਾਲ਼ੀਆਂ ਹਲਚਲਾਂ ਇਨੀਆਂ ਬਲਵਾਨ ਹੋਣਗੀਆਂ ਜਾਂ ਨਹੀਂ ਕਿ ਹਰ ਵਿਦਮਾਨ ਸ਼ੈਅ ਦੀ ਬੁਨਿਆਦ ਹਿਲਾ ਦੇਣ। ਅਤੇ ਜੇ ਮੁਕੰਮਲ ਕਾਇਆ-ਪਲਟ ਦੇ ਪਦਾਰਥਕ ਅੰਸ਼ ਮੌਜੂਦ ਨਹੀਂ ਹਨ—ਅਰਥਾਤ

* ਇਹ ਇਸਤਲਾਹਾਂ ਮੈਕਸ ਸ਼ਟਿਰਨਰ ਨੇ «Der Einzige und sein Eigenthum» ਵਿੱਚ ਵਰਤੀਆਂ ਹਨ। **—ਸੰਪਾ.**

** ਇਹ ਇਸਤਲਾਹਾਂ ਬਰੂਨੋ ਬਾਵੇਰ ਨੇ «Charakteristik Ludwig Feuerbachs» ਵਿੱਚ ਵਰਤੀਆਂ ਹਨ। **—ਸੰਪਾ.**

ਇੱਕ ਹੱਥ ਵਿਦਮਾਨ ਉਤਪਾਦਕ ਸ਼ਕਤੀਆਂ ਅਤੇ ਦੂਜੇ ਹੱਥ ਇਨਕਲਾਬੀ ਸਮੂਹ ਦੀ ਬਣਤਰ, ਜਿਹੜਾ ਕੇਵਲ ਵਿਦਮਾਨ ਸਮਾਜ ਦੀਆਂ ਵੱਖ ਵੱਖ ਹਾਲਤਾਂ ਵਿਰੁੱਧ ਹੀ ਨਹੀਂ ਸਗੋਂ ਖ਼ੁਦ "ਜੀਵਨ ਦੇ" ਵਿਦਮਾਨ "ਉਤਪਾਦਨ" ਵਿਰੁੱਧ, ਜਿਸ "ਸਮੁੱਚੀ ਸਰਗਰਮੀ" ਉੱਤੇ ਇਹ ਆਧਾਰਤ ਸੀ, ਉਸ ਵਿਰੁੱਧ ਬਗ਼ਾਵਤ ਕਰਦਾ ਹੈ ਤਾਂ ਅਮਲੀ ਵਿਕਾਸ ਲਈ ਇਸ ਦੀ ਉੱਕਾ ਹੀ ਕੋਈ ਅਹਿਮੀਅਤ ਨਹੀਂ, ਜਿਵੇਂ ਕਮਿਊਨਿਜ਼ਮ ਦਾ ਇਤਿਹਾਸ ਸਾਬਤ ਕਰਦਾ ਹੈ ਕਿ ਇਸ ਕਾਇਆ-ਪਲਟ ਦਾ **ਵਿਚਾਰ** ਪਹਿਲਾਂ ਸੌ ਵਾਰ ਪੇਸ਼ ਕੀਤਾ ਗਿਆ ਹੈ ਜਾਂ ਨਹੀਂ।

## [8. **ਆਮ ਤੌਰ 'ਤੇ ਇਤਿਹਾਸ ਅਤੇ ਵਿਸ਼ੇਸ਼ ਤੌਰ 'ਤੇ ਹੀਗਲ-ਉਪਰੰਤ ਜਰਮਨ ਦਰਸ਼ਨ ਦੇ ਆਦਰਸ਼ਵਾਦੀ ਸੰਕਲਪ ਦੀ ਨਿਰ-ਆਧਾਰਤਾ**]

ਵਰਤਮਾਨ ਸਮੇਂ ਤੱਕ ਇਤਿਹਾਸ ਦੇ ਸਮੁੱਚੇ ਸੰਕਲਪ ਵਿੱਚ ਇਤਿਹਾਸ ਦੇ ਇਸ ਵਾਸਤਵਿਕ ਆਧਾਰ ਨੂੰ ਉੱਕਾ ਹੀ ਅੱਖੋਂ ਉਹਲੇ ਕੀਤਾ ਜਾਂਦਾ ਰਿਹਾ ਹੈ ਜਾਂ ਇੱਕ ਛੋਟਾ ਮਾਮਲਾ ਸਮਝਿਆ ਜਾਂਦਾ ਰਿਹਾ ਹੈ, ਜਿਹੜਾ ਇਤਿਹਾਸ ਦੀ ਰੌਅ ਨਾਲ਼ ਉਕਾ ਹੀ ਅਸਬੰਧਤ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਇਤਿਹਾਸ ਇਸ ਬਾਹਰਲੀ ਪੱਧਰ ਅਨੁਸਾਰ ਲਿਖਿਆ ਜਾਵੇ; ਜੀਵਨ ਦਾ ਵਾਸਤਵਿਕ ਉਤਪਾਦਨ ਪੂਰਬ-ਇਤਿਹਾਸਕ ਜਾਪਦਾ ਹੈ, ਜਦੋਂ ਕਿ ਇਤਿਹਾਸਕ ਸਾਧਾਰਨ ਜੀਵਨ ਤੋਂ ਅਲੱਗ ਕਿਸੇ ਸ਼ੈਅ ਵਰਗਾ, ਕੁੱਝ ਅਤਿ-ਪਰਾ-ਭੂਮਿਆਈ ਜਾਪਦਾ ਹੈ। ਇਸ ਤਰ੍ਹਾਂ ਕੁਦਰਤ ਨਾਲ਼ ਮਨੁੱਖ ਦੇ ਸਬੰਧ ਨੂੰ ਇਤਿਹਾਸ ਵਿਚੋਂ ਕੱਢ ਦਿੱਤਾ ਜਾਂਦਾ ਹੈ ਅਤੇ ਇਹਦੇ ਸਿੱਟੇ ਵਜੋਂ ਕੁਦਰਤ ਅਤੇ ਇਤਿਹਾਸ ਦਾ ਅੰਤਰ-ਵਿਰੋਧ ਸਿਰਜਿਆ ਜਾਂਦਾ ਹੈ। ਇਹਦੇ ਸਿੱਟੇ ਵਜੋਂ ਇਤਿਹਾਸ ਦੇ ਇਸ ਸੰਕਲਪ ਦੇ ਵਿਆਖਿਆਕਾਰ ਇਤਿਹਾਸ ਵਿੱਚ ਕੇਵਲ ਦਰਸ਼ਨੀ ਸਿਆਸੀ ਘਟਨਾਵਾਂ ਅਤੇ ਧਾਰਮਕ ਤੇ ਹੋਰ ਸਿਧਾਂਤਕ ਘੋਲ਼ ਹੀ ਵੇਖ ਸਕੇ ਹਨ, ਅਤੇ ਵਿਸ਼ੇਸ਼ ਤੌਰ 'ਤੇ ਹਰ ਇਤਿਹਾਸਕ ਯੁਗ ਦੇ ਸਬੰਧ ਵਿੱਚ ਉਹ **ਉਸ ਯੁਗ ਦੇ ਭਰਮਾਂ ਵਿੱਚ ਭਿਆਲ ਹੋਣ** 'ਤੇ ਮਜਬੂਰ ਹੋਏ ਹਨ। ਮਿਸਾਲ ਵਜੋਂ ਜੋ ਕੋਈ ਯੁਗ ਇਹ ਫ਼ਰਜ਼ ਕਰਦਾ ਹੈ ਕਿ ਉਹਦੀ ਚਾਲਕ ਸ਼ਕਤੀ ਖ਼ਾਲਸ "ਸਿਆਸੀ" ਜਾਂ "ਧਾਰਮਕ" ਮੰਤਵ ਹਨ, ਭਾਵੇਂ "ਧਰਮ" ਅਤੇ "ਰਾਜਨੀਤੀ" ਇਹਦੇ ਅਸਲੀ ਮੰਤਵਾਂ ਦੇ ਰੂਪ ਹੀ ਹਨ, ਇਤਿਹਾਸਕਾਰ ਇਹ ਰਾਏ ਕਬੂਲ ਕਰ ਲੈਂਦੇ ਹਨ। ਆਪਣੇ ਵਾਸਤਵਿਕ ਅਮਲ ਬਾਰੇ ਸਬੰਧਤ ਲੋਕਾਂ ਦੀ "ਖਿਆਲੀ ਉਡਾਰੀ", "ਸੰਕਲਪ" ਨੂੰ ਇਕੋ ਇੱਕ ਨਿਰਣਾਇਕ ਅਤੇ ਕਾਰਗਰ ਸ਼ਕਤੀ ਵਿੱਚ ਤਬਾਦੀਲ ਕਰ ਦਿੱਤਾ ਜਾਂਦਾ ਹੈ, ਜਿਹੜੀ ਉਹਨਾਂ ਦੇ ਅਮਲ ਉੱਤੇ ਭਾਰੂ ਹੋ ਜਾਂਦੀ ਅਤੇ ਉਹਨੂੰ ਮਿਥਦੀ ਹੈ। ਜਦੋਂ ਕਿਰਤ ਦੀ ਉਹ ਆਦਿ-ਕਾਲੀਨ ਜਿਹੀ ਵੰਡ ਜਿਹੜੀ ਹਿੰਦੁਸਤਾਨੀਆਂ ਅਤੇ ਮਿਸਰੀਆਂ ਵਿੱਚ ਦਿਸਦੀ ਹੈ, ਉਹਨਾਂ ਦੇ ਰਾਜ ਅਤੇ ਧਰਮ ਵਿੱਚ ਵਰਣ ਪ੍ਰਣਾਲੀ ਨੂੰ ਜਨਮ ਦੇਂਦੀ ਹੈ ਤਾਂ ਇਤਿਹਾਸਕਾਰ ਇਹ ਮੰਨ ਲੈਂਦਾ ਹੈ ਕਿ ਵਰਣ-ਪ੍ਰਣਾਲੀ [26] ਉਹ ਸ਼ਕਤੀ ਹੈ ਜਿਸਨੇ ਇਹ ਕੋਝਾ ਸਮਾਜੀ ਰੂਪ ਪੈਦਾ ਕੀਤਾ ਹੈ।

ਜਿੱਥੇ ਅੰਗ੍ਰੇਜ਼ ਅਤੇ ਫ਼ਰਾਂਸੀਸੀ ਘੱਟੋ ਘੱਟ ਸਿਆਸੀ ਭਰਮ ਨੂੰ ਚੰਬੜੇ ਰਹਿੰਦੇ ਹਨ, ਜਿਹੜਾ ਘੱਟੋ ਘੱਟ ਵਾਸਤਵ ਦੇ ਵਧੇਰੇ ਨੇੜੇ ਹੈ, ਜਰਮਨ "ਖ਼ਾਲਸ ਆਤਮਾ" ਦੇ ਖੇਤਰ ਵਿੱਚ ਘੁੰਮਦੇ ਹਨ ਅਤੇ ਧਾਰਮਕ ਭਰਮ ਨੂੰ ਇਤਿਹਾਸ ਦੀ ਚਾਲਕ ਸ਼ਕਤੀ ਬਣਾ ਦੇਂਦੇ ਹਨ। ਹੀਗਲ ਦਾ ਇਤਿਹਾਸ ਦਾ ਦਰਸ਼ਨ ਸਾਰੇ ਜਰਮਨ ਇਤਿਹਾਸ-ਲੇਖਣ ਦਾ ਆਪਣੇ "ਅਤਿ-ਸਪਸ਼ਟ ਪ੍ਰਗਟਾਅ" ਤੱਕ ਘਟਾਇਆ ਅਖ਼ੀਰੀ ਸਿੱਟਾ ਹੈ, ਜਿਸ ਲਈ ਮਸਲਾ ਵਾਸਤਵਿਕ, ਜਾਂ ਇਥੋਂ ਤਕ ਕਿ ਸਿਆਸੀ, ਹਿਤਾਂ ਦਾ ਨਹੀਂ, ਸਗੋਂ ਖ਼ਾਲਸ ਵਿਚਾਰਾਂ ਦਾ ਹੈ, ਜਿਹੜੇ ਇਸੇ ਕਾਰਨ ਹੀ ਸੇਂਟ ਬਰੂਨੋ ਨੂੰ ਅਜਿਹੇ "ਵਿਚਾਰਾਂ" ਦੀ ਇੱਕ ਲੜੀ ਵਜੋਂ ਦਿਸਦੇ ਹਨ, ਜਿਹੜੇ ਇੱਕ ਦੂਜੇ ਨੂੰ ਹੜੱਪਦੇ ਹਨ ਅਤੇ ਅਖ਼ੀਰ "ਸਵੈ-ਚੇਤਨਤਾ" ਨੂੰ ਨਿਗਲ ਜਾਂਦੇ ਹਨ;* ਅਤੇ ਹੋਰ ਵਧੇਰੇ ਇਕਸਾਰਤਾ ਨਾਲ਼ ਇਹ ਲਾਜ਼ਮੀ ਹੈ ਕਿ ਸੇਂਟ ਮੈਕਸ ਸ਼ਟਿਰਨਰ ਨੂੰ, ਜਿਸ ਨੂੰ ਅਸਲ ਇਤਿਹਾਸ ਦਾ ਕੋਈ ਇਲਮ ਨਹੀਂ, ਇਤਿਹਾਸ "ਕੇਵਲ ਸੂਰਮਿਆਂ, ਡਾਕੂਆਂ ਅਤੇ ਭੂਤਾਂ ਦਾ ਕਿੱਸਾ" ਜਾਪੇ, ਜਿਨ੍ਹਾਂ ਦੇ ਖ਼ਿਆਲੀ-ਰੂਪ ਤੋਂ ਉਹ ਆਪਣੇ ਆਪ ਨੂੰ ਕੇਵਲ "ਅਪਵਿੱਤਰਤਾ" ਰਾਹੀਂ ਹੀ ਬਚਾ ਸਕਦਾ ਹੈ। ਇਹ ਸੰਕਲਪ ਸੱਚ ਮੁਚ ਧਾਰਮਕ ਹੈ: ਇਹ ਧਾਰਮਕ ਮਨੁੱਖ ਨੂੰ ਆਦਿ-ਕਾਲੀਨ ਮਨੁੱਖ ਵਜੋਂ, ਇਤਿਹਾਸ ਦੇ ਆਦਿ-ਬਿੰਦੂ ਵਜੋਂ ਮੁਢਲੀ ਮਨੌਤ ਸਮਝ ਲੈਂਦਾ ਹੈ ਅਤੇ ਆਪਣੀ ਕਲਪਨਾ ਵਿੱਚ ਖਿਆਲੀ ਉਡਾਰੀਆਂ ਦੇ ਧਾਰਮਕ ਉਤਪਾਦਨ ਨੂੰ ਉਪਜੀਵਕਾ ਦੇ ਵਾਸਤਵਿਕ ਉਤਪਾਦਨ ਦੀ ਥਾਂ ਅਤੇ ਖੁਦ ਜੀਵਨ ਦੀ ਥਾਂ ਰੱਖਦਾ ਹੈ।

ਇਤਿਹਾਸ ਦਾ ਇਹ ਸਾਰਾ ਸੰਕਲਪ, ਇਹਦੇ ਵਿਘਟਣ ਅਤੇ ਇਸ ਤੋਂ ਪੈਦਾ ਹੁੰਦੇ ਝੋਰਿਆਂ ਅਤੇ ਸੰਕੋਚਾਂ ਸਮੇਤ, ਜਰਮਨਾਂ ਲਈ ਖ਼ਾਲਸ **ਕੌਮੀ** ਮਾਮਲਾ ਹੈ ਅਤੇ ਇਹ ਕੇਵਲ ਜਰਮਨੀ ਲਈ **ਸਥਾਨਕ** ਦਿਲਚਸਪੀ ਵਾਲ਼ਾ ਹੈ ਜਿਵੇਂ, ਮਿਸਾਲ ਵਜੋਂ, ਇਹ ਮਹੱਤਵਪੂਰਨ ਪ੍ਰਸ਼ਨ ਹੈ ਜਿਹੜਾ ਪਿੱਛੇ ਜਿਹੇ ਤੋਂ ਬਹਿਸ ਦਾ ਵਿਸ਼ਾ ਰਿਹਾ ਹੈ: ਐਨ ਕਿਵੇਂ ਮਨੁੱਖ "ਰੱਬ ਦੇ ਖੇਤਰ ਤੋਂ ਮਨੁੱਖ ਦੇ ਖੇਤਰ ਵਿੱਚ ਆਉਂਦਾ ਹੈ"** —ਜਿਵੇਂ ਇਸ "ਰੱਬ ਦੇ ਖੇਤਰ" ਦੀ ਕਲਪਨਾ ਤੋਂ ਛੁਟ ਕਿਧਰੇ ਹੋਰ ਥਾਂ ਹੋਂਦ ਸੀ ਅਤੇ ਇਹ ਵਿਦਵਾਨ ਲੋਕ ਇਸ ਗੱਲ ਬਾਰੇ ਜਾਣੂ ਹੋਏ ਬਿਨਾਂ "ਮਨੁੱਖ ਦੇ ਖੇਤਰ" ਵਿੱਚ ਸਦਾ ਹੀ ਨਾ ਰਹਿ ਰਹੇ ਹੋਣ, ਜਿਸ ਵਲ ਉਹ ਹੁਣ ਰਾਹ ਲੱਭ ਰਹੇ ਹਨ; ਅਤੇ ਜਿਵੇਂ ਇਸ ਸਿਧਾਂਤਕ ਬੁਲਬੁਲੇ ਉਡਾਉਣ ਦੇ ਰਹੱਸ ਦੀ ਵਿਆਖਿਆ ਕਰਨ ਦਾ ਬੌਧਿਕ ਸ਼ੁਗਲ (ਕਿਉਂਕਿ ਇਹ ਇਸ ਤੋਂ ਵੱਧ ਹੋਰ ਕੁੱਝ ਨਹੀਂ) ਇਹਦੇ ਉਲਟ ਇਹਦਾ ਆਦਿ ਇਹਦੇ ਵਾਸਤਵਿਕ ਸੰਸਾਰਕ ਸਬੰਧਾਂ ਵਿੱਚ ਵਿਖਾਉਣ ਵਿੱਚ ਨਹੀਂ। ਇਹਨਾਂ ਜਰਮਨਾਂ ਲਈ ਉਸ ਬਣੀ ਬਣਾਈ ਵਾਹਯਾਤੀ ਨੂੰ ਜਿਹੜੀ ਉਹਨਾਂ ਨੂੰ ਮਿਲਦੀ ਹੈ [27] ਕਿਸੇ ਹੋਰ ਅਜੂਬੇ ਵਿੱਚ ਵਟ ਜਾਣ ਦਾ ਇਹ ਉੱਕਾ ਹੀ ਬੜਾ ਸਾਦਾ ਜਿਹਾ ਮਸਲਾ ਹੈ, ਅਰਥਾਤ, ਇਹ ਪਹਿਲੋਂ ਹੀ ਮੰਨ ਲੈਣ ਦਾ ਕਿ ਇਸ ਸਾਰੀ ਵਾਹਯਾਤੀ ਵਿੱਚ ਇੱਕ ਵਿਸ਼ੇਸ਼

---

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] ਅਖੌਤੀ **ਬਾਹਰਮੁਖੀ** ਇਤਿਹਾਸ-ਲੇਖਣ ਇਤਿਹਾਸਕ ਸਬੰਧਾਂ ਨੂੰ ਸਰਗਰਮੀ ਤੋਂ ਐਨ ਵੱਖ ਕਰਕੇ ਲੈਣਾ ਹੈ। ਪਿੱਛ-ਖਿੱਚੂ ਖ਼ਾਸਾ। **—ਸੰਪਾ.**

** ਲੁਡਵਿਗ ਫ਼ਿਉਰਬਾਖ਼, «Ueber das Wesen des Christenthums...»**—ਸੰਪਾ.**

**ਭਾਵ** ਹੈ, ਜਿਹੜਾ ਲੱਭਿਆ ਜਾ ਸਕਦਾ ਹੈ; ਜਦੋਂ ਕਿ ਯਥਾਰਥ ਵਿੱਚ ਇਹ ਕੇਵਲ ਇਹਨਾਂ ਸਿਧਾਂਤਕ ਵਾਕੰਸ਼ਾਂ ਦੀ ਵਾਸਤਵਿਕ ਵਿਦਮਾਨ ਸਬੰਧਾਂ ਤੋਂ ਵਿਆਖਿਆ ਕਰਨ ਦਾ ਸਵਾਲ ਹੈ। ਇਹਨਾਂ ਵਾਕੰਸ਼ਾਂ ਦਾ ਯਥਾਰਥਕ, ਅਮਲੀ ਹਲ, ਇਹਨਾਂ ਭਾਵਾਂ ਦਾ ਮਨੁੱਖਾਂ ਦੀ ਚੇਤਨਤਾ ਵਿਚੋਂ ਕੱਢਿਆ ਜਾਣਾ, ਜਿਹਾ ਕਿ **ਅਸਾਂ** ਪਹਿਲਾਂ ਕਿਹਾ ਹੈ, ਸਿਧਾਂਤਕ ਸਿੱਟਿਆਂ ਰਾਹੀਂ ਨਹੀਂ ਸਗੋਂ ਤਬਦੀਲ ਹੋਈਆਂ ਹਾਲਤਾਂ ਰਾਹੀਂ ਹੋਵੇਗਾ। ਮਨੁੱਖਾਂ ਦੇ ਸਮੂਹ, ਅਰਥਾਤ ਪ੍ਰੋਲੇਤਾਰੀ, ਲਈ ਇਹਨਾਂ ਸਿਧਾਂਤਕ ਭਾਵਾਂ ਦੀ ਹੋਂਦ ਨਹੀਂ ਅਤੇ ਇਸੇ ਲਈ ਉਹਨਾਂ ਦੇ ਹੱਲ ਕੀਤੇ ਜਾਣ ਦੀ ਲੋੜ ਨਹੀਂ, ਅਤੇ ਜੇ ਇਸ ਸਮੂਹ ਦੇ ਕਦੀ ਕੋਈ ਸਿਧਾਂਤਕ ਭਾਵ, ਮਿਸਾਲ ਲਈ, ਧਰਮ ਹੈ ਵੀ ਸੀ, ਤਾਂ ਹਾਲਤਾਂ ਨੇ ਉਹਨਾਂ ਨੂੰ ਬੜੇ ਲੰਮੇ ਸਮੇਂ ਤੋਂ ਖਤਮ ਕਰ ਦਿੱਤਾ ਹੋਇਆ ਹੈ।

ਹੋਰ, ਇਹਨਾਂ ਪ੍ਰਸ਼ਨਾਂ ਅਤੇ ਉਹਨਾਂ ਦੇ ਹੱਲਾਂ ਦਾ ਖ਼ਾਲਸ ਕੌਮੀ ਖ਼ਾਸਾ ਇਸ ਤੱਥ ਤੋਂ ਵੀ ਸਪਸ਼ਟ ਹੈ ਕਿ ਇਹ ਸਿਧਾਂਤਕਾਰ ਪੂਰੀ ਗੰਭੀਰਤਾ ਨਾਲ਼ ਯਕੀਨ ਰੱਖਦੇ ਹਨ ਕਿ "ਰੱਬ-ਮਨੁੱਖ" ਅਤੇ "ਮਨੁੱਖ" ਆਦਿ ਜਿਹੇ ਵਹਿਮ ਇਤਿਹਾਸ ਦੇ ਵਿਕੋਲਤ੍ਰੇ ਯੁਗਾਂ ਉੱਤੇ ਪ੍ਰਧਾਨ ਰਹੇ ਹਨ (ਸੇਂਟ ਬਰੂਨੋ ਤਾਂ ਇਥੋਂ ਤਕ ਚਲਾ ਜਾਂਦਾ ਹੈ ਕਿ ਉਹ ਕਹਿੰਦਾ ਹੈ ਕਿ ਕੇਵਲ "ਪੜਚੋਲ ਅਤੇ ਪੜਚੋਲੀਆਂ ਨੇ ਇਤਿਹਾਸ ਘੜਿਆ ਹੈ")*, ਅਤੇ ਜਦੋਂ ਉਹ ਆਮ ਇਤਿਹਾਸਕ ਪ੍ਰਣਾਲੀਆਂ ਘੜਦੇ ਹਨ ਤਾਂ ਉਹ ਅਤਿ-ਅੰਤ ਕਾਹਲ ਨਾਲ਼ ਪਹਿਲੇ ਯੁਗਾਂ ਉੱਤੋਂ ਛਾਲ ਮਾਰਕੇ ਲੰਘ ਜਾਂਦੇ ਹਨ ਅਤੇ ਇੱਕਦਮ ਮੰਗੋਲਿਜ਼ਮ** ਤੋਂ "ਅਰਥ-ਭਰਪੂਰ ਤੱਤ ਵਾਲੇ" ਇਤਿਹਾਸ ਤੱਕ ਅੱਪੜ ਜਾਂਦੇ ਹਨ, ਅਰਥਾਤ «Hallische Jahrbücher» ਅਤੇ «Deutsche Jahrbücher»[11] ਵਾਲੇ ਇਤਿਹਾਸ ਅਤੇ ਹੀਗਲਵਾਦੀ ਪਰਪਾਟੀ ਦੇ ਇੱਕ ਆਮ ਖਹਿਬੜ ਵਿੱਚ ਖ਼ਤਮ ਹੋ ਜਾਣ ਤੱਕ। ਉਹ ਇਹ ਭੁੱਲ ਜਾਂਦੇ ਹਨ ਕਿ ਬਾਕੀ ਸਭ ਕੌਮਾਂ, ਸਭੇ ਯਥਾਰਥਕ ਘਟਨਾਵਾਂ ਅਤੇ theatrum mundi (ਸੰਸਾਰ ਦੀ ਰੰਗ-ਭੂਮੀ — **ਅਨੁ.**) ਲਾਇਪਜ਼ਿਗ ਦੇ ਪੁਸਤਕ ਮੇਲੇ ਤਕ ਅਤੇ "ਪੜਚੋਲ", "ਮਨੁੱਖ", "ਅਦੁੱਤੀ"*** ਦੇ ਪ੍ਰਸਪਰ ਝਗੜਿਆਂ ਤੱਕ ਸੀਮਤ ਹੈ। ਜੇ ਕਦੀ ਕਦਾਈਂ ਇਹ ਸਿਧਾਂਤਕਾਰ ਸੱਚਮੁਚ ਦੇ ਇਤਿਹਾਸਕ ਤੱਥਾਂ ਨੂੰ ਲੈਂਦੇ ਵੀ ਹਨ, ਜਿਵੇਂ ਮਿਸਾਲ ਵਜੋਂ ਅਠਾਰ੍ਹਵੀਂ ਸਦੀ ਨੂੰ, ਤਾਂ ਉਹ ਕੇਵਲ ਤੱਥਾਂ ਅਤੇ ਉਹਨਾਂ ਦਾ ਆਧਾਰ ਅਮਲੀ ਘਟਨਾਵਾਂ ਤੋਂ ਵੱਖ ਹੋਏ ਵਿਚਾਰਾਂ ਦਾ ਇਤਿਹਾਸ ਦੇਂਦੇ ਹਨ; ਅਤੇ ਉਹ ਵੀ ਕੇਵਲ ਉਸ ਯੁਗ ਨੂੰ ਸੱਚੇ ਇਤਿਹਾਸਕ ਯੁਗ, ਅਰਥਾਤ 1840 ਤੋਂ 1844 ਤੱਕ ਜਰਮਨ ਦਾਰਸ਼ਨਿਕ ਘੋਲ਼ ਦੇ ਸਮੇਂ ਦੇ ਅਪੂਰਨ ਮੁਢਲੇ ਪੜਾਅ, ਅਜੇ ਤਕ ਸੱਚੇ ਇਤਿਹਾਸਕ ਯੁਗ ਦੇ ਸੀਮਤ ਪੂਰਬ-ਗਾਮੀ ਦੇ ਤੌਰ 'ਤੇ। ਜਿਹਾ ਕਿ ਆਸ ਕੀਤੀ ਜਾ ਸਕਦੀ ਹੈ ਜਦੋਂ ਪਹਿਲੇਰੇ ਸਮੇਂ ਦਾ ਇਤਿਹਾਸ ਇੱਕ ਅਣ-ਇਤਿਹਾਸਕ ਮਨੁੱਖ ਅਤੇ ਉਹਦੀਆਂ ਸਨਕਾਂ ਨੂੰ ਵਧਾਉਣ ਲਈ ਲਿਖਿਆ ਵੀ ਜਾਂਦਾ ਹੈ, ਤਾਂ ਸਭੇ ਇਤਿਹਾਸਕ

---

* ਬਰੂਨੋ ਬਾਵੇਰ, «Charakteristik Ludwig Feuerbachs»—**ਸੰਪਾ.**

** ਮੈਕਸ ਸ਼ਟਿਰਨਰ, Der Einzige und Sein Eigenthum—**ਸੰਪਾ.**

*** ਅਰਥਾਤ ਬਰੂਨੋ ਬਾਵੇਰ, ਲੁਡਵਿਗ ਫ਼ਿਉਰਬਾਖ਼ ਅਤੇ ਮੈਕਸ ਸ਼ਟਿਰਨਰ। —**ਸੰਪਾ.**

ਘਟਨਾਵਾਂ, ਇੱਥੋਂ ਤਕ ਕਿ ਇਤਿਹਾਸ ਵਿੱਚ ਰਾਜਨੀਤੀ ਦੇ ਸੱਚ ਮੁਚ ਇਤਿਹਾਸਕ ਦਖ਼ਲ ਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਹੁੰਦਾ। ਇਹ ਦੀ ਥਾਂ ਸਾਨੂੰ ਖੋਜ ਉੱਤੇ ਨਹੀਂ ਸਗੋਂ ਆਪਹੁਦਰੀਆਂ ਘਾੜਤਾਂ ਅਤੇ ਸਾਹਿਤਕ ਗੱਪ-ਬਾਜ਼ੀ ਉੱਤੇ ਆਧਾਰਤ ਬ੍ਰਿਤਾਂਤ ਮਿਲਦਾ ਹੈ, ਜਿਹਾ ਕਿ ਸੇਂਟ ਬਰੂਨੋ ਨੇ ਆਪਣੇ ਹੁਣ ਭੁਲਾਏ ਜਾ ਚੁੱਕੇ ਅਠਾਰ੍ਹਵੀਂ ਸਦੀ ਦੇ ਇਤਿਹਾਸ ਵਿੱਚ ਕੀਤਾ।* ਇਹ ਵਿਚਾਰਾਂ ਦੇ ਲਫ਼ੌੜੀ ਅਤੇ ਹੈਂਕੜੀ ਵਣਜਾਰੇ, ਜਿਹੜੇ ਆਪਣੇ ਆਪ ਨੂੰ ਸਭਨਾਂ ਕੌਮੀ ਤੁਅੱਸਬਾਂ ਤੋਂ ਉੱਚਾ ਸਮਝਦੇ ਹਨ, ਇਉਂ ਅਮਲ ਵਿੱਚ ਬੀਅਰ-ਡੱਫਣੇ** ਤੰਗ-ਨਜ਼ਰਾਂ ਨਾਲ਼ੋਂ, ਜਿਹੜੇ ਇੱਕ ਇੱਕ-ਮੁਠ ਜਰਮਨੀ ਦੇ ਸੁਪਨੇ ਲੈਂਦੇ ਹਨ,*** ਵਧੇਰੇ ਕੌਮੀ ਹਨ। ਉਹ ਹੋਰਨਾਂ ਕੌਮਾਂ ਦੇ ਕਾਰਨਾਮਿਆਂ ਨੂੰ ਇਤਿਹਾਸਕ ਨਹੀਂ ਮੰਨਦੇ; ਉਹ ਜਰਮਨੀ ਵਿੱਚ ਰਹਿੰਦੇ ਹਨ, ਜਰਮਨੀ ਰਾਹੀਂ [28], ਜਰਮਨੀ ਲਈ; ਉਹ ਰ੍ਹਾਈਨ ਗੀਤ[12] ਨੂੰ ਧਾਰਮਕ ਸ਼ਬਦ ਬਣਾ ਦੇਂਦੇ ਹਨ ਅਤੇ ਫ਼ਰਾਂਸੀਸੀ ਰਾਜ ਨੂੰ ਨਹੀਂ ਸਗੋਂ ਫ਼ਰਾਂਸੀਸੀ ਦਰਸ਼ਨ ਲੁੱਟ ਕੇ, ਫ਼ਰਾਂਸੀਸੀ ਸੂਬਿਆਂ ਨੂੰ ਨਹੀਂ, ਸਗੋਂ ਫ਼ਰਾਂਸੀਸੀ ਵਿਚਾਰਾਂ ਨੂੰ ਜਰਮਨ ਰੂਪ ਦੇ ਕੇ ਅਲਸਾਸ ਅਤੇ ਲੋਰੇਨ ਨੂੰ ਜਿੱਤਦੇ ਹਨ। ਸੇਂਟ ਬਰੂਨੋ ਅਤੇ ਸੇਂਟ ਮੈਕਸ ਦੇ ਮੁਕਾਬਲੇ ਉੱਤੇ, ਜਿਹੜੇ ਸਿਧਾਂਤ ਦੀ ਵਿਆਪਕ ਪ੍ਰਬਲਤਾ ਵਿੱਚ ਜਰਮਨੀ ਦੀ ਵਿਆਪਕ ਪ੍ਰਬਲਤਾ ਦਾ ਐਲਾਨ ਕਰਦੇ ਹਨ, ਸ਼੍ਰੀਮਾਨ ਵੇਨੇਦੀ ਸੰਸਾਰ-ਪ੍ਰੇਮੀ ਹੈ।

## [9. ਫ਼ਿਉਰਬਾਖ਼ ਦੀ, ਉਹਦੇ ਇਤਿਹਾਸ ਦੇ ਆਦਰਸ਼ਵਾਦੀ ਸੰਕਲਪ ਦੀ ਵਧੇਰੇ ਪੜਚੋਲ]

ਇਹਨਾਂ ਦਲੀਲਾਂ ਤੋਂ ਇਹ ਵੀ ਸਪਸ਼ਟ ਹੈ ਕਿ ਫ਼ਿਉਰਬਾਖ਼ ਕਿਵੇਂ ਆਪਣੇ ਆਪ ਨੂੰ ਘੋਰ ਧੋਖਾ ਦੇ ਰਿਹਾ ਹੈ (Wigand's Vierteljahrschrift, 1845 Band 2) ਜਦੋਂ "ਆਮ ਮਨੁੱਖ" ਦੀ ਸਿਫ਼ਤ ਸਦਕਾ ਉਹ ਆਪਣੇ ਕਮਿਊਨਿਸਟ[13] ਹੋਣ ਦਾ ਐਲਾਨ ਕਰਦਾ ਹੈ, ਪਿਛਲੇਰੇ ਨੂੰ "ਮਨੁੱਖ" ਦੇ ਗੁਣ ਵਿੱਚ ਤਬਦੀਲ ਕਰ ਦੇਂਦਾ ਹੈ, ਅਤੇ ਇਹ ਸਮਝਦਾ ਹੈ ਕਿ ਇਉਂ "ਕਮਿਊਨਿਸਟ" ਸ਼ਬਦ ਨੂੰ, ਜਿਸਦੇ ਅਰਥ ਯਥਾਰਥਕ ਦੁਨੀਆਂ ਵਿੱਚ ਇੱਕ ਖ਼ਾਸ ਇਨਕਲਾਬੀ ਪਾਰਟੀ ਦੇ ਹਾਮੀ ਦੇ ਹਨ, ਕੇਵਲ ਇੱਕ ਪ੍ਰਾਵਰਗ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਮਨੁੱਖਾਂ ਦੇ ਇੱਕ ਦੂਜੇ ਨਾਲ਼ ਸਬੰਧ ਸਬੰਧੀ ਫ਼ਿਉਰਬਾਖ਼ ਦੇ ਸਮੁੱਚੇ ਸਿੱਟੇ ਦਾ ਨਿਸ਼ਾਨਾ ਕੇਵਲ ਇਹ ਸਾਬਤ ਕਰਨਾ ਹੈ ਕਿ ਮਨੁੱਖਾਂ ਨੂੰ **ਇੱਕ ਦੂਜੇ** ਦੀ ਲੋੜ ਹੈ ਅਤੇ ਉਹਨਾਂ

---

* ਬਰੂਨੋ ਬਾਵੇਰ, (B. Bauer «Geschichte der Politik, Cultur und Aufklärung des achtzehnten Jahrhunderts» Bd, 1-2. Charlottenburg, 1843-1845) — **ਸੰਪਾ.**

** ਜਰਮਨ ਬਹੁਤ ਜ਼ਿਆਦਾ ਬੀਅਰ ਪੀਣ ਲਈ ਪ੍ਰਸਿੱਧ ਹਨ। **—ਅਨੁ.**

*** ਜਦੋਂ ਮਾਰਕਸ ਅਤੇ ਏਂਗਲਜ਼ ਨੇ ਇਹ ਪੁਸਤਕ ਲਿਖੀ ਉਸ ਸਮੇਂ ਜਰਮਨੀ ਇੱਕ ਇੱਕ-ਮੁਠ ਦੇਸ਼ ਨਹੀਂ ਸੀ ਸਗੋਂ ਵੱਖ ਵੱਖ ਰਜਵਾੜਿਆਂ ਵਿੱਚ ਵੰਡਿਆ ਹੋਇਆ ਸੀ। **—ਅਨੁ.**

ਨੂੰ ਸਦਾ **ਇਹ ਲੋੜ ਰਹੀ ਹੈ।** ਉਹ ਇਸ ਤੱਥ ਦੀ ਚੇਤਨਤਾ ਪੈਦਾ ਕਰਨਾ ਚਾਹੁੰਦਾ ਹੈ, ਅਰਥਾਤ, ਹੋਰਨਾਂ ਸਿਧਾਂਤਕਾਰਾਂ ਵਾਂਗ, ਉਹ ਕੇਵਲ ਇੱਕ **ਵਿਦਮਾਨ** ਤੱਥ ਬਾਰੇ ਇੱਕ ਠੀਕ ਚੇਤਨਤਾ ਪੈਦਾ ਕਰਨਾ ਚਾਹੁੰਦਾ ਹੈ; ਜਦੋਂ ਕਿ ਇੱਕ ਅਸਲੀ ਕਮਿਊਨਿਸਟ ਲਈ ਸਵਾਲ ਹਾਲਤਾਂ ਦੀ ਵਰਤਮਾਨ ਸਥਿਤੀ ਦਾ ਤਖ਼ਤਾ ਉਲਟਣਾ ਹੈ। ਪਰ ਸਾਨੂੰ ਇਸ ਗੱਲ ਦੀ ਪੂਰੀ ਸੋਝੀ ਹੈ ਕਿ ਐਨ **ਇਸ** ਤੱਥ ਦੀ ਚੇਤਨਤਾ ਪੈਦਾ ਕਰਨ ਦੇ ਜਤਨ ਵਿੱਚ ਫ਼ਿਉਰਬਾਖ਼ ਉਸ ਵੱਧ ਤੋਂ ਵੱਧ ਹਦ ਤੱਕ ਜਾ ਰਿਹਾ ਹੈ ਜਿਥੋਂ ਤੱਕ ਕੋਈ ਸਿਧਾਂਤਕਾਰ, ਸਿਧਾਂਤਕਾਰ ਅਤੇ ਦਾਰਸ਼ਨਿਕ ਹੋਣੋਂ ਹਟ ਜਾਣ ਬਿਨਾਂ, ਜਾ ਸਕਦਾ ਹੈ। ਇਹ ਗੱਲ ਲਖਣਾਇਕ ਹੈ ਕਿ ਸੇਂਟ ਬਰੂਨੋ ਅਤੇ ਸੇਂਟ ਮੈਕਸ ਇੱਕ ਦਮ ਅਸਲੀ ਕਮਿਊਨਿਸਟ ਦੀ ਥਾਂ ਕਮਿਊਨਿਸਟ ਸਬੰਧੀ ਫ਼ਿਉਰਬਾਖ਼ ਦੇ ਸੰਕਲਪ ਨੂੰ ਰੱਖ ਦੇਂਦੇ ਹਨ; ਉਹ ਅਜਿਹਾ ਕੁੱਝ ਹਦ ਤੱਕ ਕਮਿਊਨਿਜ਼ਮ ਦਾ "ਆਤਮਾ ਦੀ ਆਤਮਾ" ਵਜੋਂ, ਇੱਕ ਦਾਰਸ਼ਨਿਕ ਪ੍ਰਾਵਰਗ ਵਜੋਂ, ਇੱਕ ਸਾਵੇਂ ਵਿਰੋਧੀ ਵਜੋਂ ਮੁਕਾਬਲਾ ਕਰਨ ਲਈ ਕਰਦੇ ਹਨ, ਜਿਥੋਂ ਤੱਕ ਸੇਂਟ ਬਰੂਨੋ ਦਾ ਸਬੰਧ ਹੈ, ਯਥਾਰਥਕ ਕਾਰਨਾਂ ਕਰਕੇ ਵੀ।

ਫ਼ਿਉਰਬਾਖ਼ ਦੇ ਵਿਦਮਾਨ ਯਥਾਰਥ ਨੂੰ ਕਬੂਲ ਕਰਨ ਅਤੇ ਉਹਦੇ ਨਾਲ਼ ਹੀ ਨਾਲ਼ ਗ਼ਲਤ ਤਰ੍ਹਾਂ ਸਮਝਣ ਦੀ ਮਿਸਾਲ ਲਈ, ਜਿਸ ਵਿੱਚ ਅਜੇ ਵੀ ਸਾਡੇ ਵਿਰੋਧੀਆਂ ਨਾਲ਼ ਉਹਦੀ ਸਾਂਝ ਹੈ, ਅਸੀਂ Philosophie der Zukunft ਵਿਚੋਂ ਉਹ ਹਿੱਸਾ ਯਾਦ ਦਿਵਾਉਂਦੇ ਹਾਂ ਜਿੱਥੇ ਉਹ ਇਸ ਵਿਚਾਰ ਨੂੰ ਵਿਕਸਤ ਕਰਦਾ ਹੈ ਕਿ ਕਿਸੇ ਸ਼ੈਅ ਜਾਂ ਮਨੁੱਖ ਦੀ ਹੋਂਦ ਉਸੇ ਸਮੇਂ ਇਸਦਾ ਜਾਂ ਉਸਦਾ ਤੱਤ ਵੀ ਹੈ[14], ਕਿ ਹੋਂਦ ਦੀਆਂ ਮਿਥੀਆਂ ਹਾਲਤਾਂ, ਕਿਸੇ ਪਸ਼ੂ ਜਾਂ ਮਨੁੱਖੀ ਜੀਵ ਦਾ ਜੀਵਨ ਢੰਗ ਅਤੇ ਸਰਗਰਮੀ ਉਹ ਹਨ ਜਿਨ੍ਹਾਂ ਵਿੱਚ ਇਹ "ਤੱਤ" ਆਪਣੇ ਆਪ ਨੂੰ ਸੰਤੁਸ਼ਟ ਅਨੁਭਵ ਕਰਦਾ ਹੈ। ਇੱਥੇ ਹਰ ਛੋਟ ਸਪਸ਼ਟ ਤੌਰ 'ਤੇ ਇੱਕ ਅਸੁਖਾਵੀਂ ਦੇਵ-ਨੈਤ ਵਜੋਂ, ਇਕ ਅਸਾਧਾਰਤਨਤਾ ਵਜੋਂ ਸੰਕਲਪੀ ਗਈ ਹੈ, ਜਿਸਨੂੰ ਤਬਦੀਲ ਨਹੀਂ ਕੀਤਾ ਜਾ ਸਕਦਾ। ਸੋ, ਜੇ ਲਖੂਖਾਂ ਪ੍ਰੋਲੇਤਾਰੀ ਕਿਸੇ ਵੀ ਤਰ੍ਹਾਂ ਆਪਣੀਆਂ ਜੀਵਨ ਹਾਲਤਾਂ 'ਤੇ ਸੰਤੁਸ਼ਟ ਨਹੀਂ ਹੁੰਦੇ, ਜੇ ਉਹਨਾਂ ਦੀ "ਹੋਂਦ" [29] ਕਿਸੇ ਵੀ ਤਰ੍ਹਾਂ ਉਹਨਾਂ ਦੇ "ਤੱਤ" ਦੀ ਅਨੁਸਾਰੀ ਨਹੀਂ, ਤਾਂ ਉੱਪਰ ਜਿਸ ਪੈਰੇ ਦੀ ਟੂਕ ਦਿੱਤੀ ਗਈ ਹੈ, ਉਸ ਅਨੁਸਾਰ ਇਹ ਇੱਕ ਅਟੱਲ ਬਦਕਿਸਮਤੀ ਹੈ ਜਿਹੜੀ ਸਹਾਰਨੀ ਹੀ ਪਵੇਗੀ। ਪਰ ਇਹ ਲਖੂਖਾਂ ਪ੍ਰੋਲੇਤਾਰੀ ਉੱਕਾ ਵੱਖਰੀ ਤਰ੍ਹਾਂ ਸੋਚਦੇ ਹਨ, ਅਤੇ ਸਮਾਂ ਪਾਕੇ ਜਦੋਂ ਉਹ ਇਨਕਲਾਬ ਰਾਹੀਂ ਆਪਣੀ "ਹੋਂਦ" ਨੂੰ ਅਮਲੀ ਤੌਰ 'ਤੇ ਆਪਣੇ "ਤੱਤ" ਨਾਲ਼ ਸੁਰਮੇਲ ਵਿੱਚ ਲਿਆਉਣਗੇ ਤਾਂ ਉਹ ਇਹ ਗੱਲ ਸਾਬਤ ਕਰ ਦੇਣਗੇ। ਇਸ ਲਈ ਫ਼ਿਉਰਬਾਖ਼ ਅਜਿਹੀਆਂ ਹਾਲਤਾਂ ਵਿੱਚ ਮਨੁੱਖ ਦੀ ਦੁਨੀਆਂ ਦੀ ਗੱਲ ਨਹੀਂ ਕਰਦਾ ਸਗੋਂ ਕੁਦਰਤ ਵਿੱਚ ਸ਼ਰਨ ਲੈਂਦਾ ਹੈ, ਅਤੇ ਉਹ ਵੀ **ਉਸ** ਕੁਦਰਤ ਵਿੱਚ ਜਿਸਨੂੰ ਮਨੁੱਖ ਨੇ ਅਜੇ ਕਾਬੂ ਨਹੀਂ ਕੀਤਾ। ਹਰ ਨਵੀਂ ਕਾਢ, ਸਨਅਤ ਵਲੋਂ ਕੀਤੀ ਹਰ ਉੱਨਤੀ, ਇਸ ਖੇਤਰ ਵਿੱਚੋਂ ਇੱਕ ਹੋਰ ਹਿੱਸਾ ਵੱਖ ਕਰ ਲੈਂਦੀ ਹੈ, ਇਸ ਲਈ ਉਹ ਆਧਾਰ ਜਿਹੜਾ ਫ਼ਿਉਰਬਾਖ਼ੀ ਪ੍ਰਸਤਾਵਨਾਵਾਂ ਲਈ ਦ੍ਰਿਸਟਾਂਤ ਪੇਸ਼ ਕਰਦਾ ਹੈ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਮੱਛੀ ਦਾ "ਤੱਤ" ਉਹਦੀ "ਹੋਂਦ" ਹੈ,

ਪਾਣੀ—ਜੇ ਇੱਕ ਪ੍ਰਸਤਾਵਨਾ ਤੋਂ ਬਹੁਤ ਅੱਗੇ ਨਾ ਚਲੀਏ। ਪਰ ਤਾਜ਼ੇ ਪਾਣੀ ਦੀ ਮੱਛੀ ਦਾ "ਤੱਤ" ਦਰਿਆ ਦਾ ਪਾਣੀ ਹੈ। ਪਰ ਜਿਉਂ ਹੀ ਇਹਨੂੰ ਸਨਅਤ ਦੀ ਸੇਵਾ 'ਤੇ ਲਾਇਆ ਜਾਂਦਾ ਹੈ, ਜਿਉਂ ਹੀ ਰੰਗ ਅਤੇ ਹੋਰ ਗੰਦੇ ਪਦਾਰਥ ਇਹਨੂੰ ਗੰਦਾ ਕਰਨਾ ਸ਼ੁਰੂ ਕਰਦੇ ਹਨ, ਜਿਉਂ ਹੀ ਭਾਫ਼ ਨਾਲ਼ ਚਲਣ ਵਾਲੀਆਂ ਕਿਸ਼ਤੀਆਂ ਇਹਦੇ ਉੱਤੇ ਚੱਲਣ ਲੱਗ ਪੈਂਦੀਆਂ ਹਨ,ਜਾਂ ਜਿਉਂ ਹੀ ਪਾਣੀ ਨਹਿਰਾਂ ਵਲ ਮੋੜਿਆ ਜਾਂਦਾ ਹੈ ਜਿਥੇ ਨਾਲੀਆਂ ਦਾ ਆਮ ਪਾਣੀ ਮੱਛੀਆਂ ਨੂੰ ਉਹਨਾਂ ਦੇ ਉਪਜੀਵਕਾ ਦੇ ਮਾਧਿਅਮ ਤੋਂ ਵਿਰਵਾ ਕਰ ਦੇਂਦਾ ਹੈ, ਇਹ "ਤੱਤ" ਨਹੀਂ ਰਹਿੰਦਾ। ਇਹ ਵਿਆਖਿਆ ਕਿ ਅਜਿਹੇ ਵਿਰੋਧ ਅਟੱਲ ਅਸਾਧਾਰਨਤਾਵਾਂ ਹਨ, ਬੁਨਿਆਦੀ ਤੌਰ 'ਤੇ ਉਸ ਤਸੱਲੀ ਨਾਲ਼ੋਂ ਵੱਖ ਨਹੀਂ ਜਿਹੜੀ ਸੇਂਟ ਮੈਕਸ ਸ਼ਟਿਰਨਰ ਅਸੰਤੁਸ਼ਟ ਲੋਕਾਂ ਨੂੰ ਦੇਂਦਾ ਹੈ, ਇਹ ਕਹਿੰਦੇ ਹੋਏ ਕਿ ਅਜਿਹੇ ਵਿਰੋਧ ਉਹਨਾਂ ਦੇ ਆਪਣੇ ਵਿਰੋਧ ਹਨ, ਕਿ ਇਹ ਔਖ ਉਹਨਾਂ ਦੀ ਆਪਣੀ ਔਖ ਹੈ ਜਿਸ ਤੇ ਉਹ ਜਾਂ ਤਾਂ ਆਪਣੇ ਮਨ ਸ਼ਾਂਤ ਕਰ ਲੈਣ, ਆਪਣੀ ਘਿਰਣਾ ਆਪਣੇ ਆਪ ਤੱਕ ਰੱਖਣ ਜਾਂ ਇਸ ਵਿਰੁੱਧ ਕਿਸੇ ਅਣੋਖੇ ਢੰਗ ਨਾਲ਼ ਬਗ਼ਾਵਤ ਕਰਨ। ਇਹ ਸੇਂਟ ਬਰੂਨੋ ਦੇ ਇਸ ਦੋਸ਼ ਤੋਂ ਬਹੁਤ ਵੱਖਰੀ ਗੱਲ ਨਹੀਂ; ਕਿ ਮੰਦਭਾਗੀ ਹਾਲਤਾਂ ਦਾ ਕਾਰਨ ਇਹ ਤੱਥ ਹੈ ਕਿ ਸਬੰਧਤ ਲੋਕ "ਪਦਾਰਥ" ਦੇ ਮਲ੍ਹੜ ਵਿੱਚ ਫਸੇ ਹੋਏ ਹਨ, "ਨਿਰਪੇਖ ਸਵੈ-ਚੇਤਨਤਾ" ਤਕ ਅੱਗੇ ਨਹੀਂ ਵਧੇ, ਅਤੇ ਇਹ ਅਨੁਭਵ ਨਹੀਂ ਕਰਦੇ ਕਿ ਮਾੜੀਆਂ ਹਾਲਤਾਂ ਉਹਨਾਂ ਦੀ ਆਤਮਾ ਦੀ ਆਤਮਾ ਹਨ।*

---

* ਬਰੂਨੋ ਬਾਵੇਰ, «Charakteristik Ludwig Feuerbachs»—**ਸੰਪਾ**.

## III

## [1. ਹਾਕਮ ਸ਼੍ਰੇਣੀ ਅਤੇ ਹਾਕਮ ਚੇਤਨਤਾ। ਇਤਿਹਾਸ ਵਿੱਚ ਆਤਮਾ ਦੀ ਪ੍ਰਬਲਤਾ ਦਾ ਹੀਗਲਵਾਦੀ ਸੰਕਲਪ ਕਿਵੇਂ ਹੋਂਦ ਵਿੱਚ ਆਇਆ]

[30] ਹਰ ਯੁਗ ਵਿੱਚ ਹਾਕਮ ਜਮਾਤ ਦੇ ਵਿਚਾਰ ਪ੍ਰਧਾਨ ਵਿਚਾਰ ਹੁੰਦੇ ਹਨ: ਅਰਥਾਤ, ਜਿਹੜੀ ਜਮਾਤ ਸਮਾਜ ਦੀ ਹਾਕਮ **ਪਦਾਰਥਕ** ਸ਼ਕਤੀ ਹੁੰਦੀ ਹੈ ਉਹ ਉਸ ਸਮੇਂ ਹਾਕਮ **ਬੌਧਕ** ਸ਼ਕਤੀ ਵੀ ਹੁੰਦੀ ਹੈ। ਉਤਪਾਦਨ ਦੇ ਪਾਦਰਥਕ ਸਾਧਨ ਜਿਸ ਜਮਾਤ ਦਾ ਕਬਜ਼ਾ ਹੁੰਦਾ ਹੈ, ਉਹਨਾਂ ਦੇ ਸਿੱਟੇ ਵਜੋਂ ਉਹ ਦਿਮਾਗ਼ੀ ਉਤਪਾਦਨ ਉੱਤੇ ਵੀ ਕੰਟਰੋਲ ਕਰਦੀ ਹੈ, ਇਸ ਤਰ੍ਹਾਂ ਜਿਨ੍ਹਾਂ ਕੋਲ ਦਿਮਾਗ਼ੀ ਉਤਪਾਦਨ ਦੇ ਸਾਧਨਾਂ ਦੀ ਅਣਹੋਂਦ ਹੁੰਦੀ ਹੈ ਉਹਨਾਂ ਦੇ ਵਿਚਾਰ ਇਸ ਦੇ ਅਧੀਨ ਰਹਿੰਦੇ ਹਨ। ਹਾਕਮ ਵਿਚਾਰ ਪ੍ਰਧਾਨ ਪਦਾਰਥਕ ਸਬੰਧਾਂ ਦੇ ਆਦਰਸ਼ਕ ਪ੍ਰਗਟਾਅ ਤੋਂ ਵੱਧ, ਪ੍ਰਧਾਨ ਪਦਾਰਥਕ ਸਬੰਧਾਂ ਨੂੰ ਵਿਚਾਰਾਂ ਵਜੋਂ ਸਮਝਣ ਤੋਂ ਵੱਧ ਕੁੱਝ ਨਹੀਂ; ਜਿਹੜੇ ਸਬੰਧ ਇੱਕ ਜਮਾਤ ਨੂੰ ਹਾਕਮ ਬਣਾਉਂਦੇ ਹਨ, ਇਸ ਲਈ, ਇਹਦੀ ਪ੍ਰਧਾਨਤਾ ਦੇ ਵਿਚਾਰ ਪੈਦਾ ਕਰਦੇ ਹਨ। ਜਿਹੜੇ ਵਿਅਕਤੀ ਰਲ ਕੇ ਹਾਕਮ ਜਮਾਤ ਬਣਦੇ ਹਨ, ਉਹਨਾਂ ਕੋਲ ਹੋਰਨਾਂ ਗੱਲਾਂ ਤੋਂ ਬਿਨਾਂ ਚੇਤਨਤਾ ਹੁੰਦੀ ਹੈ, ਅਤੇ ਇਸ ਲਈ ਉਹ ਸੋਚਦੇ ਹਨ। ਇਸ ਲਈ, ਜਿੱਥੋਂ ਤੱਕ ਉਹ ਇਕ ਜਮਾਤ ਵਜੋਂ ਹਕੂਮਤ ਕਰਦੇ ਹਨ ਅਤੇ ਇਤਿਹਾਸਕ ਯੁਗ ਦਾ ਖੇਤਰ ਅਤੇ ਘੇਰਾ ਮਿਥਦੇ ਹਨ, ਇਹ ਗੱਲ ਸਵੈ-ਪ੍ਰਤੱਖ ਹੈ ਕਿ ਉਹ ਇਹਦੇ ਸਾਰੇ ਪਸਾਰ ਵਿੱਚ ਅਜਿਹਾ ਕਰਦੇ ਹਨ, ਇਸ ਲਈ ਹੋਰਨਾਂ ਗੱਲਾਂ ਦੇ ਨਾਲ਼ ਨਾਲ਼ ਉਹ ਵਿਚਾਰਕਾਂ ਵਜੋਂ, ਵਿਚਾਰਾਂ ਦੇ ਉਤਪਾਦਕਾਂ ਵਜੋਂ ਹਕੂਮਤ ਕਰਦੇ ਹਨ ਅਤੇ ਆਪਣੇ ਯੁਗ ਦੇ ਵਿਚਾਰਾਂ ਦੇ ਉਤਪਾਦਨ ਅਤੇ ਵੰਡ ਨੂੰ ਨਮਿੱਤਦੇ ਹਨ ਇਉਂ ਉਹਨਾਂ ਦੇ ਵਿਚਾਰ ਯੁਗ ਦੇ ਹਾਕਮ ਵਿਚਾਰ ਹਨ। ਮਿਸਾਲ ਵਜੋਂ, ਕਿਸੇ ਇੱਕ ਯੁਗ ਅਤੇ ਦੇਸ਼ ਵਿੱਚ, ਜਿਥੇ ਸ਼ਾਹੀ ਸ਼ਕਤੀ, ਅਮੀਰਸ਼ਾਹੀ ਅਤੇ ਬੁਰਜੁਆਜ਼ੀ ਪ੍ਰਬਲਤਾ ਲਈ ਲੜ ਰਹੇ ਹਨ ਅਤੇ ਜਿੱਥੇ, ਇਸੇ ਲਈ, ਪ੍ਰਬਲਤਾ ਸਾਂਝੀ ਹੈ, ਅਧਿਕਾਰਾਂ ਦੇ ਵਖਰੇਵੇਂ ਦਾ ਵਿਚਾਰ ਪ੍ਰਬਲ ਵਿਚਾਰ ਸਾਬਤ ਹੁੰਦਾ ਹੈ ਅਤੇ ਇੱਕ "ਸਦੀਵੀ ਕਨੂੰਨ" ਵਿੱਚ ਪ੍ਰਗਟ ਹੁੰਦਾ ਹੈ।

ਕਿਰਤ ਦੀ ਵੰਡ, ਜਿਹੜੀ ਅਸਾਂ ਪਹਿਲਾਂ ਹੀ (ਪੰਨੇ 15-18)* ਹੁਣ ਤੱਕ ਦੇ ਇਤਿਹਾਸ ਦੀਆਂ ਮੁੱਖ ਸ਼ਕਤੀਆਂ ਵਿੱਚੋਂ ਇੱਕ ਵਜੋਂ ਵੇਖੀ ਹੈ, ਹਾਕਮ ਜਮਾਤ ਵਿੱਚ ਵੀ

---

* ਵੇਖੋ ਹੱਥਲੀ ਪੁਸਤਕ, ਪੰਨੇ 34-38। **—ਸੰਪਾ.**

ਦਿਮਾਗ਼ੀ ਅਤੇ ਸਰੀਰਕ ਕਿਰਤ ਦੀ ਵੰਡ ਦੇ ਤੌਰ 'ਤੇ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ [31], ਤਾਂ ਜੋ ਇਸ ਜਮਾਤ ਅੰਦਰ ਇੱਕ ਹਿੱਸਾ ਜਮਾਤ ਦੇ ਵਿਚਾਰਕਾਂ ਵਜੋਂ ਸਾਹਮਣੇ ਆਉਂਦਾ ਹੈ (ਇਹਦੇ ਸਰਗਰਮ ਮਨੋਭਾਵਕ ਵਿਚਾਰਧਾਰਕਾਂ ਦੇ ਤੌਰ 'ਤੇ, ਜਿਹੜੇ ਖ਼ੁਦ ਇਹਦੇ ਆਪਣੇ ਬਾਰੇ ਅਤੇ ਉਹਨਾਂ ਦੀ ਉਪਜੀਵਕਾ ਦੇ ਮੁੱਖ ਸਾਧਨਾਂ ਬਾਰੇ ਜਮਾਤ ਦੇ ਭਰਮਾਂ ਨੂੰ ਰੂਪ ਦੇਂਦੇ ਹਨ) ਜਦੋਂ ਕਿ ਇਹਨਾਂ ਵਿਚਾਰਾਂ ਅਤੇ ਭਰਮਾਂ ਵੱਲ ਦੂਜਿਆਂ ਦਾ ਵਤੀਰਾ ਬੇਹਰਕਤ ਅਤੇ ਗ੍ਰਾਹੀ ਹੈ, ਕਿਉਂਕਿ ਅਸਲ ਵਿੱਚ ਉਹ ਇਸ ਜਮਾਤ ਦੇ ਸਰਗਰਮ ਜੀਅ ਹਨ ਅਤੇ ਉਹਨਾਂ ਕੋਲ ਆਪਣੇ ਬਾਰੇ ਵਿਚਾਰ ਅਤੇ ਭਰਮ ਘੜਨ ਲਈ ਥੋੜ੍ਹਾ ਸਮਾਂ ਹੈ। ਇਸ ਜਮਾਤ ਦੇ ਅੰਦਰ ਇਹ ਪਾੜ ਵਿਕਸਤ ਹੋ ਕੇ ਦੋਹਾਂ ਹਿੱਸਿਆਂ ਵਿਚਕਾਰ ਕੁੱਝ ਕੁ ਵਿਰੋਧ ਅਤੇ ਦਵੈਖ ਬਣ ਸਕਦਾ ਹੈ, ਪਰ ਜਦੋਂ ਕਦੀ ਅਮਲੀ ਟੱਕਰ ਹੁੰਦੀ ਹੈ, ਜਿਸ ਵਿੱਚ ਖ਼ੁਦ ਜਮਾਤ ਖ਼ਤਰੇ ਵਿੱਚ ਪੈ ਜਾਂਦੀ ਹੈ ਤਾਂ ਇਹ ਆਪਣੇ ਆਪ ਲੋਪ ਹੋ ਜਾਂਦੇ ਹਨ, ਜਿਸ ਹਾਲਤ ਵਿੱਚ ਹਾਕਮ ਵਿਚਾਰ ਹਾਕਮ ਜਮਾਤ ਦੇ ਵਿਚਾਰ ਨਾ ਹੋਣ, ਅਤੇ ਇਸ ਜਮਾਤ ਦੇ ਅਧਿਕਾਰ ਤੋਂ ਵੱਖਰੇ ਅਧਿਕਾਰ ਰੱਖਣ ਦਾ ਵਿਖਾਲਾ ਵੀ ਲੋਪ ਹੋ ਜਾਂਦਾ ਹੈ। ਕਿਸੇ ਵਿਸ਼ੇਸ਼ ਸਮੇਂ ਵਿੱਚ ਇਨਕਲਾਬੀ ਵਿਚਾਰਾਂ ਦੀ ਹੋਂਦ ਇਨਕਲਾਬੀ ਜਮਾਤ ਦੀ ਹੋਂਦ ਪਹਿਲਾਂ ਹੀ ਮਿਥ ਲੈਂਦੀ ਹੈ; ਪਿਛਲੇਰੇ ਦੇ ਆਧਾਰਾਂ ਸਬੰਧੀ ਉੱਪਰ ਚੋਖਾ ਕੁੱਝ ਕਿਹਾ ਗਿਆ ਹੈ। (ਵੇਖੋ ਹੱਥਲੀ ਪੁਸਤਕ ਪੰਨੇ 57-58, 61-62।)

ਹੁਣ ਜੇ ਇਤਿਹਾਸ ਦੇ ਵਹਿਣ ਨੂੰ ਵਿਚਾਰਦੇ ਹੋਏ ਅਸੀਂ ਹਾਕਮ ਜਮਾਤ ਦੇ ਵਿਚਾਰਾਂ ਨੂੰ ਖ਼ੁਦ ਹਾਕਮ ਜਮਾਤ ਤੋਂ ਵੱਖ ਕਰ ਦਈਏ ਅਤੇ ਉਹਨਾਂ ਨੂੰ ਇਕ ਅਜ਼ਾਦ ਹੋਂਦ ਦਈਏ, ਜੇ ਅਸੀਂ ਉਸ ਸਮੇਂ ਉਤਪਾਦਨ ਦੀਆਂ ਹਾਲਤਾਂ ਅਤੇ ਵਿਚਾਰਾਂ ਦੇ ਉਤਪਾਦਕਾਂ ਦੇ ਝੰਜਟ ਵਿੱਚ ਪਏ ਬਿਨਾਂ ਆਪਣੇ ਆਪ ਨੂੰ ਇਹ ਕਹਿਣ ਤੇ ਸੀਮਤ ਰੱਖੀਏ ਕਿ ਇਹ ਜਾਂ ਉਹ ਵਿਚਾਰ ਕਿਸੇ ਖ਼ਾਸ ਸਮੇਂ ਪ੍ਰਬਲ ਸਨ, ਜੇ ਇਉਂ ਅਸੀਂ ਵਿਅਕਤੀ ਅਤੇ ਵਿਚਾਰਾਂ ਦਾ ਸੋਮਾ ਸੰਸਾਰ ਹਾਲਤਾਂ ਨੂੰ ਅੱਖੋਂ ਓਹਲੇ ਕਰ ਦਈਏ ਤਾਂ ਅਸੀਂ ਕਹਿ ਸਕਦੇ ਹਾਂ, ਮਿਸਾਲ ਵਜੋਂ, ਜਿਸ ਸਮੇਂ ਵਿੱਚ ਅਮੀਰਸ਼ਾਹੀ ਪ੍ਰਬਲ ਸੀ ਸਨਮਾਨ ਵਫ਼ਾਦਾਰੀ ਆਦਿ ਦੇ ਮਨੋਭਾਵ ਪ੍ਰਬਲ ਸਨ, ਬੁਰਜੂਆਜ਼ੀ ਦੀ ਪ੍ਰਬਲਤਾ ਦੇ ਸਮੇਂ ਆਜ਼ਾਦੀ, ਬਰਾਬਰੀ ਆਦਿ ਦੇ ਮਨੋਭਾਵ ਪ੍ਰਬਲ ਸਨ। ਸਮੁੱਚੇ ਤੌਰ 'ਤੇ ਖ਼ੁਦ ਹਾਕਮ ਜਮਾਤ ਅਜਿਹਾ ਹੋਣ ਦੀ ਕਲਪਨਾ ਕਰਦੀ ਹੈ। ਇਤਿਹਾਸ ਦਾ ਇਹ ਸੰਕਲਪ, ਜਿਹੜਾ ਸਭਨਾਂ ਇਤਿਹਾਸਕਾਰਾਂ ਵਿੱਚ ਸਾਂਝਾ ਹੈ, ਵਿਸ਼ੇਸ਼ ਤੌਰ 'ਤੇ ਅਠਾਰ੍ਹਵੀਂ ਸਦੀ ਤੋਂ, ਲਾਜ਼ਮੀ ਤੌਰ 'ਤੇ ਇਸ ਵਰਤਾਰੇ ਨਾਲ਼ ਟਕਰਾਏਗਾ ਕਿ [32] ਸਦਾ ਵਧੇਰੇ ਸੂਖਮ ਵਿਚਾਰ ਪ੍ਰਬਲ ਹੁੰਦੇ ਜਾਂਦੇ ਹਨ, ਅਰਥਾਤ ਅਜਿਹੇ ਵਿਚਾਰ ਜਿਹੜੇ ਸਦਾ ਵਧੇਰੇ ਸੰਸਾਰ ਵਿਆਪੀ ਦਾ ਰੂਪ ਧਾਰ ਕਰਦੇ ਜਾਂਦੇ ਹਨ। ਕਿਉਂਕਿ ਹਰ ਹਾਕਮ ਜਮਾਤ ਜਿਹੜੀ ਆਪਣੇ ਆਪ ਨੂੰ ਆਪਣੇ ਤੋਂ ਪਹਿਲਾਂ ਹਕੂਮਤ ਕਰ ਰਹੀ ਜਮਾਤ ਦੀ ਥਾਂ ਸਥਾਪਤ ਕਰਦੀ ਹੈ, ਕੇਵਲ ਆਪਣੇ ਮੰਤਵ ਦੀ ਪ੍ਰਾਪਤੀ ਲਈ ਹੀ, ਇਸ ਗੱਲ 'ਤੇ ਮਜਬੂਰ ਹੋ ਜਾਂਦੀ ਹੈ ਕਿ ਆਪਣੇ ਹਿਤਾਂ ਨੂੰ ਸਮਾਜ ਦੇ ਸਭਨਾਂ ਜੀਆਂ ਦੇ ਹਿਤਾਂ ਵਜੋਂ, ਅਰਥਾਤ, ਆਦਰਸ਼ ਵਜੋਂ ਪੇਸ਼ ਕਰੇ: ਉਹਨੂੰ ਆਪਣੇ ਹਿਤਾਂ ਨੂੰ ਸੰਸਾਰ ਵਿਆਪੀ ਰੂਪ ਦੇਣਾ ਪੈਂਦਾ ਹੈ, ਅਤੇ ਉਹਨਾਂ ਨੂੰ ਇੱਕੋ ਇੱਕ

ਤਰਕਸ਼ੀਲ ਅਤੇ ਸੰਸਾਰ ਵਿਆਪੀ ਤੌਰ ’ਤੇ ਜਾਇਜ਼ ਤੌਰ ’ਤੇ ਪੇਸ਼ ਕਰਨਾ ਪੈਂਦਾ ਹੈ। ਜਿਹੜੀ ਜਮਾਤ ਇਨਕਲਾਬ ਕਰਦੀ ਹੈ, ਉਹ ਐਨ ਮੁੱਢ ਤੋਂ ਹੀ, ਜੇ ਕੇਵਲ ਇਸ ਲਈ ਕਿ ਇਕ **ਜਮਾਤ** ਦੇ ਵਿਰੁੱਧ ਹੈ, ਇਕ ਜਮਾਤ ਵਜੋਂ ਨਹੀਂ ਸਗੋਂ ਸਮੁੱਚੇ ਸਮਾਜ ਦੇ ਪ੍ਰਤਿਨਿਧ ਵਜੋਂ, ਹਾਕਮ ਜਮਾਤ ਦਾ ਵਿਰੋਧ ਕਰ ਰਹੇ ਸਮਾਜ ਦੇ ਸਮੁੱਚੇ ਸਮੂਹ ਦੇ ਤੌਰ ’ਤੇ ਸਾਹਮਣੇ ਆਉਂਦੀ ਹੈ।* ਮੁੱਢ ਵਿੱਚ ਉਹ ਅਜਿਹਾ ਕਰ ਸਕਦੀ ਹੈ ਕਿਉਂਕਿ ਇਹਦੇ ਹਿਤ ਸੱਚ ਮੁਚ ਅਜੇ ਤੱਕ ਵਧੇਰੇ ਬਾਕੀ ਸਭਨਾਂ ਗ਼ੈਰ-ਹਾਕਮ ਜਮਾਤਾਂ ਦੇ ਸਾਂਝੇ ਹਿਤ ਨਾਲ਼ ਜੁੜੇ ਹੋਏ ਹਨ ਕਿਉਂਕਿ ਅਜੇ ਤੱਕ ਵਿਦਮਾਨ ਹਾਲਤਾਂ ਦੇ ਅਸਰ ਹੇਠ ਇਹਦਾ ਹਿਤ ਵਿਕਸਤ ਹੋ ਕੇ ਇੱਕ ਵਿਸ਼ੇਸ਼ ਜਮਾਤ ਦਾ ਵਿਸ਼ੇਸ਼ ਹਿਤ ਨਹੀਂ ਬਣਿਆ। ਇਸ ਲਈ ਇਹਦੀ ਜਿੱਤ ਹੋਰਨਾਂ ਜਮਾਤਾਂ ਦੇ ਅਨੇਕਾਂ ਵਿਅਕਤੀਆਂ ਨੂੰ ਲਾਭ ਪੁਚਾਉਂਦੀ ਹੈ ਜਿਹੜੇ ਪ੍ਰਬਲ ਹਾਲਤਾਂ ਪ੍ਰਾਪਤ ਨਹੀਂ ਕਰ ਰਹੇ ਪਰ ਕੇਵਲ ਇਸ ਕਰਕੇ ਕਿ ਉਹ ਇਹਨਾਂ ਵਿਅਕਤੀਆਂ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਆਪਣੇ ਆਪ ਨੂੰ ਹਾਕਮ ਜਮਾਤ ਤੱਕ ਚੁੱਕ ਸਕਣ। ਜਦੋਂ ਫ਼ਰਾਂਸੀਸੀ ਬੁਰਜੂਆਜ਼ੀ ਨੇ ਅਮੀਰਸ਼ਾਹੀ ਦੀ ਹਕੂਮਤ ਦਾ ਤਖ਼ਤਾ ਉਲਟ ਦਿੱਤਾ, ਇਹਨੇ ਇਉਂ ਅਨੇਕ ਪ੍ਰੋਲਤਾਰੀਆਂ ਲਈ ਇਹ ਸੰਭਵ ਬਣਾਇਆ ਕਿ ਉਹ ਪ੍ਰੋਲਤਾਰੀ ਤੋਂ ਉੱਪਰ ਉੱਠਣ, ਪਰ ਕੇਵਲ ਉਸ ਹਦ ਤੱਕ ਜਿਸ ਤੱਕ ਉਹ ਬੁਰਜੂਆ ਬਣ ਗਏ। ਇਸ ਲਈ ਹਰ ਨਵੀਂ ਜਮਾਤ ਪਹਿਲਾਂ ਹਕੂਮਤ ਕਰ ਰਹੀ ਜਮਾਤ ਨਾਲ਼ੋਂ ਵਧੇਰੇ ਵਿਸ਼ਾਲ ਆਧਾਰ ਉੱਤੇ ਪ੍ਰਬਲਤਾ ਪ੍ਰਾਪਤ ਕਰਦੀ ਹੈ; ਦੂਜੇ ਹੱਥ ਗ਼ੈਰ-ਹਾਕਮ ਜਮਾਤ ਵਲੋਂ ਨਵੀਂ ਹਾਕਮ ਜਮਾਤ ਦਾ ਵਿਰੋਧ ਸਦਾ ਵਧੇਰੇ ਤੀਖਣਤਾ ਅਤੇ ਡੂੰਘਾਈ ਨਾਲ਼ ਵਿਕਸਤ ਹੁੰਦਾ ਹੈ। ਇਹ ਦੋਵੇਂ ਹਾਲਤਾਂ ਇਸ ਤੱਥ ਦਾ ਨਿਰਣਾ ਕਰਦੀਆਂ ਹਨ ਕਿ, ਆਪਣੀ ਵਾਰੀ, ਇਸ ਨਵੀਂ ਹਾਕਮ ਜਮਾਤ ਵਿਰੁੱਧ ਲੜੇ ਜਾਣ ਵਾਲ਼ੇ ਘੋਲ਼ ਦਾ ਨਿਸ਼ਾਨਾ ਸਮਾਜ ਦੀ ਪਹਿਲਾਂ ਦੀ ਹਾਲਤ ਦਾ ਉਸ ਨਾਲ਼ੋਂ ਵਧੇਰੇ ਨਿਰਣਾਇਕ ਅਤੇ ਵਧੇਰੇ ਬੁਨਿਆਦੀ ਨਿਖੇਧ ਹੁੰਦਾ ਹੈ ਜਿਹੜਾ ਉਹ [33] ਸਾਰੀਆਂ ਜਮਾਤਾਂ ਕਰ ਸਕੀਆਂ ਹੁੰਦੀਆਂ ਹਨ, ਜਿਨ੍ਹਾਂ ਹਕੂਮਤ ਕਰਨ ਦਾ ਯਤਨ ਕੀਤਾ।

ਇਹ ਸਾਰੀ ਦਿਖ ਦਾ, ਕਿ ਕਿਸੇ ਖ਼ਾਸ ਸ਼੍ਰੇਣੀ ਦੀ ਹਕੂਮਤ ਖ਼ਾਸ ਵਿਚਾਰਾਂ ਦੀ ਹਕੂਮਤ ਹੈ, ਨਿਰਸੰਦੇਹ, ਸੁਭਾਵਕ ਅੰਤ ਹੋ ਜਾਂਦਾ ਹੈ, ਜਿਉਂ ਹੀ ਜਮਾਤੀ ਹਕੂਮਤ ਆਮ ਤੌਰ ’ਤੇ ਉਸ ਤਰ੍ਹਾਂ ਦੀ ਨਹੀਂ ਰਹਿੰਦੀ ਜਿਸ ਰੂਪ ਵਿੱਚ ਸਮਾਜ ਨੂੰ ਜਥੇਬੰਦ ਕੀਤਾ ਗਿਆ ਹੁੰਦਾ ਹੈ। ਅਰਥਾਤ, ਜਿਉਂ ਹੀ ਕਿਸੇ ਵਿਸ਼ੇਸ਼ ਹਿਤ ਨੂੰ ਆਮ ਹਿਤ ਵਜੋਂ ਜਾਂ “ਆਮ ਹਿਤ” ਨੂੰ ਹਾਕਮ ਵਜੋਂ ਪੇਸ਼ ਕਰਨਾ ਜ਼ਰੂਰੀ ਨਹੀਂ ਰਹਿ ਜਾਂਦਾ।

ਜਦੋਂ ਇਕ ਵਾਰ ਹਾਕਮ ਵਿਚਾਰਾਂ ਨੂੰ ਹਾਕਮ ਵਿਅਕਤੀਆਂ ਤੋਂ ਅਤੇ ਸਭ ਤੋਂ ਵਧ, ਉਤਪਾਦਨ ਦੇ ਕਿਸੇ ਖ਼ਾਸ ਪੜਾਅ ਤੋਂ ਉਪਜਦੇ ਸਬੰਧਾਂ ਤੋਂ ਵੱਖ ਕਰ ਲਿਆ ਜਾਂਦਾ ਹੈ,

---

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] (ਸੰਸਾਰ ਵਿਆਪਕਤਾ ਅਨੁਸਾਰੀ ਹੈ:1) ਜਗੀਰਦਾਰੀ ਵਿਰੁੱਧ ਜਮਾਤ, 2) ਮੁਕਾਬਲਾ, ਸੰਸਾਰ ਮੇਲ-ਜੋਲ, ਆਦਿ, 3) ਹਾਕਮ ਜਮਾਤ ਦੀ ਗਿਣਤੀ ਪੱਖੋਂ ਵੱਡੀ ਸ਼ਕਤੀ, 4) **ਸਾਂਝੇ** ਹਿਤਾਂ ਦਾ ਭਰਮ, ਮੁੱਢ ਵਿੱਚ ਇਹ ਭਰਮ ਸੱਚਾ ਹੁੰਦਾ ਹੈ, 5) ਸਿਧਾਂਤਕਾਰਾਂ ਦੇ ਛਲ ਅਤੇ ਕਿਰਤ ਦੀ ਵੰਡ।) **—ਸੰਪਾ.**

ਅਤੇ ਇਉਂ ਇਸ ਸਿੱਟੇ ਉੱਤੇ ਅੱਪੜ ਲਿਆ ਜਾਂਦਾ ਹੈ ਕਿ ਇਤਿਹਾਸ ਉੱਤੇ ਹਮੇਸ਼ਾ ਵਿਚਾਰ ਛਾਏ ਰਹੇ ਹਨ, ਇਹਨਾਂ ਸਭਨਾਂ ਵਿਚਾਰਾਂ ਵਿਚੋਂ "ਨਿਰਪੇਖ ਵਿਚਾਰ", ਸੋਚ ਆਦਿ ਨੂੰ ਇਤਿਹਾਸ ਵਿੱਚ ਪ੍ਰਬਲ ਸ਼ਕਤੀ ਵਜੋਂ ਖਿੱਚ ਲੈਣਾ ਅਤੇ ਇਉਂ ਸਭਨਾਂ ਵੱਖੋ ਵੱਖ ਵਿਚਾਰਾਂ ਅਤੇ ਮਨੋਭਾਵਾਂ ਨੂੰ ਇਤਿਹਾਸ ਵਿੱਚ ਵਿਕਸਤ ਹੋ ਰਹੇ ਨਿਰਪੇਖ ਮਨੋਭਾਵ ਦੇ "ਸਵੈ-ਸਿੱਧੀ ਦੇ ਰੂਪ" ਸਮਝ ਲੈਣਾ ਬਹੁਤ ਸੌਖਾ ਹੈ। ਇਸ ਤੋਂ ਸੁਭਾਵਕ ਤੌਰ 'ਤੇ ਇਹ ਸਿੱਟਾ ਵੀ ਨਿਕਲਦਾ ਹੈ ਕਿ ਮਨੁੱਖਾਂ ਦੇ ਸਭੇ ਸਬੰਧ ਮਨੁੱਖ ਦੇ ਮਨੋਭਾਵ, ਉਸ ਰੂਪ ਵਿੱਚ ਮਨੁੱਖ ਜਿਸ ਵਿੱਚ ਉਹ ਸੰਕਲਪਿਆ ਗਿਆ ਹੈ, ਮਨੁੱਖ ਦੇ ਤੱਤ, ਨਿਰਪੇਖ "ਮਨੁੱਖ" ਤੋਂ ਕੱਢੇ ਜਾ ਸਕਦੇ ਹਨ। ਖ਼ੁਦ ਹੀਗਲ ਨੇ ਆਪਣੀ Geschichtsphilosophie* ਦੇ ਅੰਤ 'ਤੇ ਮੰਨਿਆ ਕਿ "ਉਹਨੇ ਕੇਵਲ **ਮਨੋਭਾਵ** ਦੀ ਉੱਨਤੀ ਨੂੰ ਹੀ ਵਿਚਾਰਿਆ ਹੈ" ਅਤੇ ਇਤਿਹਾਸ ਵਿੱਚ "ਖ਼ਾਲਸ theodicy"** ਨੂੰ ਪੇਸ਼ ਕੀਤਾ ਹੈ (ਪੰਨਾ 446)। ਹੁਣ ਅਸੀਂ "ਮਨੋਭਾਵ" ਦੇ ਉਪਜਕਾਰਾਂ, ਸਿਧਾਂਤਕਾਰਾਂ, ਵਿਚਾਰਧਾਰਕਾਂ ਅਤੇ ਦਾਰਸ਼ਨਿਕਾਂ ਵਲ ਮੁੜ ਸਕਦੇ ਹਾਂ ਅਤੇ ਬੰਦਾ ਇਸ ਸਿੱਟੇ ਉੱਤੇ ਅੱਪੜਦਾ ਹੈ ਕਿ ਦਾਰਸ਼ਨਿਕ, ਵਿਚਾਰਕ ਆਪਣੇ ਆਪ ਵਿੱਚ, ਸਦਾ ਹੀ ਇਤਿਹਾਸ ਵਿੱਚ ਪ੍ਰਬਲ ਰਹੇ ਹਨਃ ਇੱਕ ਅਜਿਹਾ ਸਿੱਟਾ, ਜਿਹਾ ਕਿ ਅਸੀਂ ਵੇਖਦੇ ਹਾਂ, ਪਹਿਲਾਂ ਹੀ ਹੀਗਲ ਨੇ ਬਿਆਨ ਕੀਤਾ ਹੈ।[15]

ਇਤਿਹਾਸ ਵਿੱਚ ਆਤਮਾ ਦੀ ਸਰਦਾਰੀ (ਸ਼ਟਿਰਨਰ ਇਹਨੂੰ ਦਰਜੇਬੰਦੀ ਕਹਿੰਦਾ ਹੈ) ਸਥਾਪਤ ਕਰਨ ਦੀ ਸਮੁੱਚੀ ਚਾਲ ਹੇਠ ਲਿਖੇ ਤਿੰਨ ਜਤਨਾਂ ਤੱਕ ਸੀਮਤ ਹੈ।

[34] ਨੰ. 1. ਇਹ ਲਾਜ਼ਮੀ ਹੈ ਕਿ ਪ੍ਰਯੋਗਕ ਕਾਰਨਾਂ ਕਰਕੇ, ਪ੍ਰਯੋਗਕ ਹਾਲਤਾਂ ਅਧੀਨ ਅਤੇ ਦੇਹਧਾਰੀ ਵਿਅਕਤੀਆਂ ਦੇ ਤੌਰ 'ਤੇ ਹਕੂਮਤ ਕਰ ਰਿਹਾਂ ਦੇ ਵਿਚਾਰਾਂ ਨੂੰ ਉਹਨਾਂ ਹਾਕਮਾਂ ਤੋਂ ਵੱਖ ਕੀਤਾ ਜਾਵੇ ਅਤੇ ਇਉਂ ਇਤਿਹਾਸ ਵਿੱਚ ਵਿਚਾਰਾਂ ਜਾਂ ਭਰਮਾਂ ਦੀ ਹਕੂਮਤ ਨੂੰ ਕਬੂਲ ਕੀਤਾ ਜਾਵੇ।

ਨੰ. 2. ਇਹ ਲਾਜ਼ਮੀ ਹੈ ਕਿ ਵਿਚਾਰਾਂ ਦੀ ਇਸ ਹਕੂਮਤ ਵਿੱਚ ਇੱਕ ਪ੍ਰਬੰਧ ਸਥਾਪਤ ਕੀਤਾ ਜਾਵੇ, ਇੱਕ ਤੋਂ ਪਿੱਛੋਂ ਆਏ ਦੂਜੇ ਹਾਕਮ ਵਿਚਾਰਾਂ ਵਿੱਚ ਇੱਕ ਛਾਇਆਵਾਦੀ ਜੋੜ ਸਾਬਤ ਕੀਤਾ ਜਾਵੇ, ਜਿਹੜਾ ਉਹਨਾਂ ਨੂੰ "ਮਨੋਭਾਵ ਦੀ ਸਵੈ-ਸਿੱਧੀ ਦੇ ਰੂਪ" ਸਮਝ ਕੇ ਕੀਤਾ ਜਾ ਸਕਦਾ ਹੈ (ਇਹ ਸੰਭਵ ਹੈ ਕਿਉਂਕਿ ਆਪਣੇ ਪ੍ਰਯੋਗਕ ਆਧਾਰ ਕਾਰਨ ਇਹ ਵਿਚਾਰ ਸੱਚਮੁਚ ਆਪੋ ਵਿੱਚ ਜੁੜੇ ਹੋਏ ਹਨ ਅਤੇ ਕਿਉਂਕਿ, **ਕੇਵਲ** ਵਿਚਾਰਾਂ ਵਜੋਂ ਸੰਕਲਪੇ ਜਾਣ ਕਾਰਨ, ਉਹ ਸਵੈ-ਵਖਰੇਵੇਂ, ਸੋਚ ਵਲੋਂ ਪੈਦਾ ਕੀਤੇ ਵਖਰੇਵੇਂ ਬਣ ਜਾਂਦੇ ਹਨ)।

ਨੰ. 3. ਇਸ "ਮਨੋਭਾਵ ਦੀ ਸਵੈ-ਸਿੱਧੀ" ਦੀ ਇਸ ਛਾਇਆਵਾਦੀ ਦਿੱਖ ਨੂੰ

---

* ਗ. ਵ. ਫ਼. ਹੀਗਲ, Vorlesungen über die Philsophie des Gescheichte—**ਸੰਪਾ.**

** ਰੱਬ ਦੇ ਸੱਚ ਨੂੰ ਸਾਬਤ ਕਰਨਾ, ਜਿਸ ਅਨੁਸਾਰ ਰੱਬ ਨੇ ਅਜਿਹਾ ਸੰਸਾਰ ਸਿਰਜਿਆ ਜਿਸ ਵਿੱਚ ਬੁਰਾਈ ਦੀ ਹੋਂਦ ਹੈ। **—ਅਨੁ.**

ਦੂਰ ਕਰਨ ਲਈ ਇਹਦੀ ਮਨੁੱਖ ਵਿੱਚ ਤਬਦੀਲੀ ਕੀਤੀ ਜਾਂਦੀ ਹੈ—"ਸਵੈ-ਚੇਤਨਤਾ"— ਜਾਂ ਵਧੇਰੇ ਪਦਾਰਥਵਾਦੀ ਜਾਪਣ ਲਈ ਮਨੁੱਖਾਂ ਦੀ ਇੱਕ ਲੜੀ ਵਿੱਚ ਤਬਦੀਲੀ ਕੀਤੀ ਜਾਂਦੀ ਹੈ, ਜਿਹੜੇ ਇਤਿਹਾਸ ਵਿੱਚ "ਮਨੋਭਾਵ" ਦੀ ਪ੍ਰਤਿਨਿਧਤਾ ਕਰਦੇ ਹਨ, "ਵਿਚਾਰਕਾਂ", "ਦਾਰਸ਼ਨਿਕਾਂ", ਵਿਚਾਰਧਾਰਕਾਂ ਵਿੱਚ, ਜਿਨ੍ਹਾਂ ਨੂੰ ਮੁੜ ਇਤਿਹਾਸ ਘੜਨ ਵਾਲਿਆਂ, "ਸਰਪ੍ਰਸਤਾਂ", ਹਾਕਮਾਂ ਵਜੋਂ ਸਮਝਿਆ ਜਾਂਦਾ ਹੈ।* ਇਉਂ ਪਦਾਰਥਵਾਦੀ ਅੰਸ਼ਾਂ ਦੇ ਸਮੁੱਚੇ ਸਮੂਹ ਨੂੰ ਇਤਿਹਾਸ ਵਿੱਚੋਂ ਕੱਢ ਦਿੱਤਾ ਜਾਂਦਾ ਹੈ ਅਤੇ ਹੁਣ ਕਿਆਸ ਦੇ ਘੋੜੇ ਦੀ ਲਗਾਮ ਉੱਕਾ ਖੁੱਲ੍ਹੀ ਛੱਡੀ ਜਾ ਸਕਦੀ ਹੈ।

ਇਹ ਇਤਿਹਾਸਕ ਢੰਗ ਜਿਹੜਾ ਜਰਮਨੀ ਵਿੱਚ ਪ੍ਰਚਲਤ ਸੀ, ਅਤੇ ਖ਼ਾਸ ਤੌਰ 'ਤੇ ਕਿ ਇਹ ਕਿਸ ਕਾਰਨ ਪ੍ਰਚਲਤ ਸੀ, ਦੀ ਵਿਆਖਿਆ ਆਮ ਤੌਰ 'ਤੇ ਵਿਚਾਰਧਾਰਕਾਂ ਦੇ ਭਰਮਾਂ ਨਾਲ਼ ਇਹਦੇ ਸੰਬੰਧ ਰਾਹੀਂ ਹੋ ਸਕਦੀ ਹੈ, ਮਿਸਾਲ ਵਜੋਂ, ਕਨੂੰਨਦਾਨਾਂ, ਸਿਆਸੀ ਨੇਤਾਵਾਂ (ਅਮਲੀ ਸਿਆਸੀ ਨੇਤਾਵਾਂ ਸਮੇਤ) ਦੇ ਭਰਮਾਂ ਰਾਹੀਂ, ਇਹਨਾਂ ਲੋਕਾਂ ਦੇ ਸਵੈ-ਮਤੀਏ ਸੁਪਨਿਆਂ ਅਤੇ ਵਿਗਾੜਾਂ ਰਾਹੀਂ; ਇਸ ਗਲ ਦੀ ਵਿਆਖਿਆ ਬਹੁਤ ਸੌਖੀ ਤਰ੍ਹਾਂ ਜੀਵਨ ਵਿੱਚ ਉਹਨਾਂ ਦੀ ਅਮਲੀ ਪ੍ਰਸਥਿਤੀ, ਉਹਨਾਂ ਦੀ ਪਦਵੀ ਅਤੇ ਕਿਰਤ ਦੀ ਵੰਡ ਰਾਹੀਂ ਹੁੰਦੀ ਹੈ।

[35] ਜਿੱਥੇ ਸਾਧਾਰਨ ਜੀਵਨ ਵਿੱਚ ਹਰ shopkeeper** ਬੜੀ ਚੰਗੀ ਤਰ੍ਹਾਂ ਉਸ ਵਿੱਚ ਫ਼ਰਕ ਕਰ ਸਕਦਾ ਹੈ ਜੋ ਕੁੱਝ ਕੋਈ ਜਣਾ ਹੋਣ ਦਾ ਦਾਹਵਾ ਕਰਦਾ ਹੈ ਅਤੇ ਜੋ ਕੁੱਝ ਉਹ ਹੈ, ਸਾਡੇ ਇਤਿਹਾਸ-ਲੇਖਣ ਨੇ ਅਜੇ ਤੱਕ ਇਹ ਨਿਗੂਣੀ ਅੰਤਰ-ਦ੍ਰਿਸ਼ਟੀ ਪ੍ਰਾਪਤ ਨਹੀਂ ਕੀਤੀ। ਉਹ ਹਰ ਯੁਗ ਦਾ ਮੁਲ ਉਹਦੇ ਕਥਨ ਅਨੁਸਾਰ ਪਾਉਂਦਾ ਹੈ ਅਤੇ ਇਹ ਯਕੀਨ ਕਰ ਲੈਂਦਾ ਹੈ ਕਿ ਉਹ ਆਪਣੇ ਬਾਰੇ ਜੋ ਕੁੱਝ ਕਹਿੰਦਾ ਅਤੇ ਜਿਸ ਕੁੱਝ ਦੀ ਕਲਪਨਾ ਕਰਦਾ ਹੈ, ਉਹ ਸੱਚ ਹੈ।

---

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] ਮਨੁੱਖ —"ਸੋਚਣ ਵਾਲ਼ੀ ਮਨੁੱਖੀ ਆਤਮਾ"। **—ਸੰਪਾ.**

** ਦੁਕਾਨਦਾਰ। **—ਅਨੁ.**

# [IV]

## [1. ਉਤਪਾਦਨ ਦੇ ਸੰਦ ਅਤੇ ਜਾਇਦਾਦ ਦੇ ਰੂਪ]

[...]* [40] ਪਹਿਲੇ ਨੁਕਤੇ ਤੋਂ ਬਹੁਤ ਜ਼ਿਆਦਾ ਵਿਕਸਤ ਕਿਰਤ ਦੀ ਵੰਡ ਅਤੇ ਵਿਸ਼ਾਲ ਵਣਜ ਦਾ ਆਧਾਰ ਆਉਂਦਾ ਹੈ; ਦੂਜੇ ਤੋਂ ਸਥਾਨਕ ਸੰਕੀਰਣਤਾ। ਪਹਿਲੀ ਹਾਲਤ ਵਿੱਚ ਵਿਅਕਤੀਆਂ ਨੂੰ ਜ਼ਰੂਰ ਹੀ ਇਕੱਠਾ ਕੀਤਾ ਗਿਆ ਹੋਣਾ ਹੈ, ਦੂਜੀ ਵਿੱਚ ਉਹ ਉਤਪਾਦਨ ਦੇ ਪ੍ਰਾਪਤ ਸੰਦਾਂ ਦੇ ਨਾਲ਼ ਨਾਲ਼ ਉਤਪਾਦਨ ਦੇ ਸੰਦ ਹਨ।

ਇਸ ਲਈ ਇੱਥੇ ਉਤਪਾਦਨ ਦੇ ਕੁਦਰਤੀ ਸੰਦਾਂ ਅਤੇ ਸੱਭਿਅਤਾ ਵੱਲੋਂ ਸਿਰਜੇ ਗਏ ਸੰਦਾਂ ਵਿਚਕਾਰ ਫ਼ਰਕ ਉਗੰਮਦਾ ਹੈ। ਖ਼ੇਤ (ਪਾਣੀ ਆਦਿ) ਨੂੰ ਉਤਪਾਦਨ ਦਾ ਕੁਦਰਤੀ ਸੰਦ ਸਮਝਿਆ ਜਾ ਸਕਦਾ ਹੈ। ਪਹਿਲੀ ਹਾਲਤ ਵਿੱਚ, ਉਤਪਾਦਨ ਦੇ ਕੁਦਰਤੀ ਸੰਦ ਦੀ ਹਾਲਤ ਵਿੱਚ, ਵਿਅਕਤੀ ਕੁਦਰਤ ਦੇ ਅਧੀਨ ਹੁੰਦਾ ਹੈ; ਦੂਜੀ ਵਿੱਚ ਕਿਰਤ ਦੀ ਉਪਜ ਦੇ। ਇਸ ਲਈ ਪਹਿਲੀ ਹਾਲਤ ਵਿੱਚ ਜਾਇਦਾਦ (ਭੋਂ ਜਾਇਦਾਦ) ਸਿੱਧੀ ਕੁਦਰਤੀ ਪ੍ਰਬਲਤਾ ਵਜੋਂ ਪ੍ਰਗਟ ਹੁੰਦੀ ਹੈ, ਦੂਜੀ ਵਿੱਚ, ਕਿਰਤ ਦੀ, ਵਿਸ਼ੇਸ਼ ਤੌਰ ’ਤੇ ਜਮ੍ਹਾਂ ਕੀਤੀ ਕਿਰਤ (ਸਰਮਾਏ) ਦੀ ਪ੍ਰਬਲਤਾ ਵਜੋਂ ਪ੍ਰਗਟ ਹੁੰਦੀ ਹੈ। ਪਹਿਲੀ ਹਾਲਤ ਇਹ ਫ਼ਰਜ਼ ਕਰਦੀ ਹੈ ਕਿ ਵਿਅਕਤੀ ਕਿਸੇ ਸਬੰਧ ਰਾਹੀਂ ਇੱਕਮੁਠ ਹਨ: ਟੱਬਰ, ਕਬੀਲਾ, ਖ਼ੁਦ ਭੋਂ ਆਦਿ; ਦੂਜਾ ਇਹ ਕਿ ਉਹ ਇੱਕ ਦੂਜੇ ਤੋਂ ਅਜ਼ਾਦ ਹਨ ਅਤੇ ਕੇਵਲ ਵਟਾਂਦਰੇ ਰਾਹੀਂ ਇਕੱਠੇ ਕੀਤੇ ਹੋਏ ਹਨ। ਪਹਿਲੀ ਹਾਲਤ ਵਿੱਚ ਜੋ ਕੁੱਝ ਸ਼ਾਮਲ ਹੈ ਉਹ ਮੁੱਖ ਤੌਰ ’ਤੇ ਮਨੁੱਖਾਂ ਅਤੇ ਕੁਦਰਤੀ ਵਿਚਕਾਰ ਵਟਾਂਦਰਾ ਹੈ ਜਿਸ ਵਿੱਚ ਪਹਿਲੇਰੇ ਦੀ ਕਿਰਤ ਦਾ ਪਿਛਲੇਰੀ ਦੀਆਂ ਉਪਜਾਂ ਨਾਲ਼ ਵਟਾਂਦਰਾ ਕੀਤਾ ਜਾਂਦਾ ਹੈ; ਦੂਜੀ ਵਿੱਚ ਇਹ ਪ੍ਰਬਲ ਤੌਰ ’ਤੇ ਮਨੁੱਖਾਂ ਦਾ ਆਪੋ ਵਿੱਚ ਵਟਾਂਦਰਾ ਹੈ। ਪਹਿਲੀ ਹਾਲਤ ਵਿੱਚ ਸਾਧਾਰਨ ਮਨੁੱਖੀ ਅਕਲ ਕਾਫ਼ੀ ਹੈ—ਸਰੀਰਕ ਸਰਗਰਮੀ ਅਤੇ ਦਿਮਾਗ਼ੀ ਸਰਗਰਮੀ ਅਜੇ ਵੱਖ ਵੱਖ ਨਹੀਂ ਹੋਏ; ਦੂਜੀ ਹਾਲਤ ਵਿੱਚ ਸਰੀਰਕ ਅਤੇ ਦਿਮਾਗ਼ੀ ਸਰਗਰਮੀ ਵਿਚਕਾਰ ਵੰਡ ਅਮਲ ਵਿੱਚ ਲਾਜ਼ਮੀ ਤੌਰ ’ਤੇ ਕੀਤੀ ਜਾ ਚੁੱਕੀ ਹੋਣੀ ਹੈ। ਪਹਿਲੀ ਹਾਲਤ ਵਿੱਚ ਜਾਇਦਾਦ-ਹੀਣਾਂ ਉੱਤੇ ਮਾਲਕ ਦੀ ਪ੍ਰਬਲਤਾ ਨਿੱਜੀ ਸਬੰਧਾਂ ਉੱਤੇ ਆਧਾਰਤ ਹੋ ਸਕਦੀ ਹੈ, ਇਕ ਤਰ੍ਹਾਂ ਦੇ ਭਾਈਚਾਰੇ [Gemeinwesen] ਉੱਤੇ; ਦੂਜੀ ਹਾਲਤ ਵਿੱਚ ਇਹਨੇ ਇਕ ਤੀਜੀ ਧਿਰ — ਮੁਦਰਾ — ਦੇ ਰੂਪ ਵਿੱਚ ਜ਼ਰੂਰ ਹੀ ਸਥੂਲ ਰੂਪ ਧਾਰਿਆ ਹੋਣੈ। ਪਹਿਲੀ ਹਾਲਤ ਵਿੱਚ ਛੋਟੀ ਪੱਧਰ ਦੀ ਸਨਅਤ ਦੀ ਹੋਂਦ ਹੈ ਪਰ ਇਹ ਉਤਪਾਦਨ ਦੇ

---

* ਖਰੜੇ ਦੇ ਚਾਰ ਪੰਨੇ ਗੁੰਮ ਹਨ। **—ਸੰਪਾ.**

ਪ੍ਰਕਿਰਤਕ ਸਾਧਨ ਵਰਤਣ ਰਾਹੀਂ, ਅਤੇ ਇਸੇ ਲਈ ਵਿਅਕਤੀਆਂ ਵਿਚਕਾਰ ਕਿਰਤ ਦੀ ਵੰਡ ਤੋਂ ਬਿਨਾਂ ਮਿਥੀ ਜਾਂਦੀ ਹੈ; ਦੂਜੀ ਹਾਲਤ ਵਿੱਚ ਸਨਅਤ ਦੀ ਹੋਂਦ ਕੇਵਲ ਕਿਰਤ ਦੀ ਵੰਡ ਵਿੱਚ ਅਤੇ ਇਸ ਵੰਡ ਰਾਹੀਂ ਹੁੰਦੀ ਹੈ।

[41] ਸਾਡੀ ਖੋਜ ਅਜੇ ਤੱਕ ਉਤਪਾਦਨ ਦੇ ਸੰਦਾਂ ਤੋਂ ਸ਼ੁਰੂ ਹੋਈ ਅਤੇ ਇਹਨੇ ਪਹਿਲਾਂ ਹੀ ਵਿਖਾ ਦਿੱਤਾ ਹੈ ਕਿ ਨਿੱਜੀ ਜਾਇਦਾਦ ਇੱਕ ਵਿਸ਼ੇਸ਼ ਸਨਅਤੀ ਪੜਾਅ ਉੱਤੇ ਲੋੜੀਂਦੀ ਸੀ। ਕਾਢਵੀਂ ਸਨਅਤ ਵਿੱਚ ਨਿੱਜੀ ਜਇਦਾਦ ਅਜੇ ਤਕ ਕਿਰਤ ਨਾਲ਼ ਸਗਵੀਂ ਹੈ; ਛੋਟੀ ਪੱਧਰ ਦੀ ਸਨਅਤ ਅਤੇ ਹੁਣ ਤੱਕ ਕੁਲ ਖੇਤੀ ਵਿੱਚ ਜਾਇਦਾਦ ਲਾਜ਼ਮੀ ਤੌਰ 'ਤੇ ਉਤਪਾਦਨ ਦੇ ਵਿਦਮਾਨ ਸੰਦਾਂ ਦਾ ਸਿੱਟਾ ਹੈ, ਉਤਪਾਦਨ ਦੇ ਸੰਦਾਂ ਅਤੇ ਨਿੱਜੀ ਜਾਇਦਾਦ ਵਿਚਕਾਰ ਵਿਰੋਧ ਕੇਵਲ ਵੱਡੀ ਪੱਧਰ ਦੀ ਸਨਅਤ ਦਾ ਹੀ ਸਿੱਟਾ ਹੈ, ਨਾਲ਼ੇ ਜਿਸਦਾ ਇਹ ਵਿਰੋਧ ਪੈਦਾ ਕਰਨ ਲਈ ਬਹੁਤ ਜ਼ਿਆਦਾ ਵਿਕਸਤ ਹੋਇਆ ਹੋਣਾ ਜ਼ਰੂਰੀ ਹੈ। ਇਉਂ ਕੇਵਲ ਵੱਡੀ ਪੱਧਰ ਦੀ ਸਨਅਤ ਨਾਲ਼ ਹੀ ਨਿੱਜੀ ਜਾਇਦਾਦ ਦਾ ਅੰਤ ਸੰਭਵ ਹੁੰਦਾ ਹੈ।

* * *

## [2. ਸਰੀਰਕ ਅਤੇ ਦਿਮਾਗ਼ੀ ਕਿਰਤ ਦੀ ਵੰਡ। ਸ਼ਹਿਰ ਅਤੇ ਪਿੰਡ ਵਿੱਚ ਵਖੇਵਾਂ। ਦਸਤਕਾਰ ਸੰਘ-ਪ੍ਰਣਾਲੀ]

ਸਰੀਰਕ ਅਤੇ ਦਿਮਾਗ਼ੀ ਕਿਰਤ ਦੀ ਸਭ ਤੋਂ ਮਹੱਤਵਪੂਰਨ ਵੰਡ ਸ਼ਹਿਰ ਅਤੇ ਪਿੰਡ ਦਾ ਵਖੇਵਾਂ ਹੈ। ਸ਼ਹਿਰ ਅਤੇ ਪਿੰਡ ਵਿਚਕਾਰ ਵਖੇਵਾਂ ਜਹਾਲਤ ਤੋਂ ਸੱਭਿਅਤਾ ਵਿੱਚ, ਕਬੀਲੇ ਤੋਂ ਰਾਜ ਵਿੱਚ, ਸਥਾਨਕਤਾ ਤੋਂ ਕੌਮ ਵਿੱਚ ਤਬਦੀਲੀ ਨਾਲ਼ ਸ਼ੁਰੂ ਹੁੰਦਾ ਹੈ ਅਤੇ ਅਜੋਕੇ ਦਿਨ ਤੱਕ ਸੱਭਿਅਤਾ ਦੇ ਸਾਰੇ ਇਤਿਹਾਸ ਵਿੱਚ ਚਲਦਾ ਹੈ (ਐਂਟੀ ਕਾਰਨ ਲਾਅ ਲੀਗ)।[16]

ਸ਼ਹਿਰਾਂ ਦੇ ਹੋਂਦ ਵਿੱਚ ਆਉਣ ਦਾ ਅਰਥ ਉਹਦੇ ਨਾਲ਼ ਨਾਲ਼ ਰਾਜ-ਪ੍ਰਬੰਧ, ਪੁਲੀਸ, ਟੈਕਸਾਂ ਆਦਿ ਦੀ ਮੁਕਦੀ ਗੱਲ ਮਿਉਂਸਪੈਲਟੀ [des Gemeindewesens] ਦੀ ਅਤੇ ਇਸ ਪ੍ਰਕਾਰ ਆਮ ਰੂਪ ਵਿੱਚ ਰਾਜਨੀਤੀ ਦੀ ਲੋੜ ਹੈ। ਇੱਥੇ ਪਹਿਲੀ ਵਾਰ ਅਬਾਦੀ ਦੀ ਦੋ ਮਹਾਨ ਸ਼੍ਰੇਣੀਆਂ ਵਿੱਚ ਵੰਡ ਪ੍ਰਤੱਖ ਹੁੰਦੀ ਹੈ, ਜਿਹੜੀ ਸਿੱਧੀ ਤਰ੍ਹਾਂ ਕਿਰਤ ਦੀ ਵੰਡ ਉੱਤੇ ਅਤੇ ਉਤਪਾਦਨ ਦੇ ਸੰਦਾਂ ਉੱਤੇ ਆਧਾਰਤ ਹੈ। ਸ਼ਹਿਰ ਵਾਸਤਵਿਕ ਤੱਥ ਵਿੱਚ ਪਹਿਲਾਂ ਹੀ ਅਬਾਦੀ ਦੀ, ਉਤਪਾਦਨ ਦੇ ਸੰਦਾਂ ਦੀ, ਸਰਮਾਏ ਦੀ, ਐਸ਼ ਦੀ, ਲੋੜਾਂ ਦੀ ਸੰਘਣਤਾ ਹੈ, ਜਿੱਥੇ ਕਿ ਪਿੰਡ ਐਨ ਉਲਟੇ ਤੱਥ ਨੂੰ ਦਰਸਾਉਂਦਾ ਹੈ, ਅਲੱਗ-ਥਲੱਗਤਾ ਅਤੇ ਵਖੇਵੇਂ ਨੂੰ। ਸ਼ਹਿਰ ਅਤੇ ਪਿੰਡ ਵਿਚਕਾਰ ਵਿਰੋਧ ਕੇਵਲ ਨਿੱਜੀ ਜਾਇਦਾਦ ਦੇ ਚੌਖਟੇ ਵਿੱਚ ਹੀ ਹੋਂਦ ਵਿੱਚ ਰਹਿ ਸਕਦਾ ਹੈ। ਇਹ ਕਿਰਤ ਦੀ ਵੰਡ ਅਧੀਨ, ਉਹਦੇ ਉੱਤੇ ਜੜੀ ਇੱਕ ਨਿਸ਼ਚਿਤ ਸਰਗਰਮੀ ਅਧੀਨ ਵਿਅਕਤੀ ਦੀ ਅਧੀਨਤਾ ਦਾ ਸਭ ਤੋਂ ਭੱਦਾ ਪ੍ਰਗਟਾਅ ਹੈ—ਇੱਕ ਅਜਿਹੀ ਅਧੀਨਤਾ ਜਿਹੜੀ ਇਕ ਜਣੇ ਨੂੰ ਸੀਮਤ ਸ਼ਹਿਰੀ-ਜਾਨਵਰ ਬਣਾ ਦੇਂਦੀ ਹੈ ਅਤੇ ਦੂਜੇ ਨੂੰ ਇਕ ਸੀਮਤ ਪੇਂਡੂ-ਜਾਨਵਰ ਅਤੇ ਉਹਨਾਂ ਦੇ ਹਿਤਾਂ ਵਿਚਕਾਰ ਟੱਕਰ ਨਿਤ ਸਿਰਜਦੀ ਹੈ।

ਕਿਰਤ ਇੱਥੇ ਵੀ ਮੁੱਖ ਸ਼ੈਅ ਹੈ, ਵਿਅਕਤੀਆਂ **ਉੱਤੇ ਸੱਤਾ**, ਅਤੇ ਜਦੋਂ ਤੱਕ ਇਸ ਸੱਤਾ ਦੀ ਹੋਂਦ ਹੈ, ਨਿੱਜੀ ਜਾਇਦਾਦ ਦੀ ਹੋਂਦ ਲਾਜ਼ਮੀ ਹੈ। ਸ਼ਹਿਰ ਅਤੇ ਪਿੰਡ ਵਿਚਕਾਰ ਵਿਰੋਧ ਦੂਰ ਕਰਨਾ ਭਾਈਚਾਰਕ ਜੀਵਨ ਦੀਆਂ ਪਹਿਲੀਆਂ ਸ਼ਰਤਾਂ ਵਿੱਚੋਂ ਹੈ [42], ਇਕ ਅਜਿਹੀ ਸ਼ਰਤ ਜਿਹੜੀ ਇਕ ਵਾਰ ਫਿਰ ਪਦਾਰਥਕ ਆਧਾਰਾਂ ਦੇ ਇਕ ਸਮੂਹ ਉੱਤੇ ਨਿਰਭਰ ਹੈ ਅਤੇ ਜਿਹਾ ਕਿ ਕੋਈ ਵੀ ਪਹਿਲੀ ਨਜ਼ਰੇ ਵੇਖ ਸਕਦਾ ਹੈ, ਕੇਵਲ ਇੱਛਾ ਰਾਹੀਂ ਹੀ ਪੂਰੀ ਨਹੀਂ ਕੀਤੀ ਜਾ ਸਕਦੀ। (ਇਹਨਾਂ ਸ਼ਰਤਾਂ ਨੂੰ ਅਜੇ ਪੇਸ਼ ਕੀਤਾ ਜਾਣਾ ਹੈ।) ਸ਼ਹਿਰ ਅਤੇ ਪਿੰਡ ਵਿਚਕਾਰ ਵਖੇਵੇਂ ਨੂੰ ਸਰਮਾਏ ਅਤੇ ਜ਼ਮੀਨੀ ਜਾਇਦਾਦ ਵਿਚਕਾਰ ਵਖੇਵੇਂ ਵਜੋਂ, ਸਰਮਾਏ ਦੀ ਜ਼ਮੀਨੀ ਜਾਇਦਾਦ ਤੋਂ ਅਜ਼ਾਦ ਹੋਂਦ ਅਤੇ ਵਿਕਾਸ ਵਜੋਂ—ਕੇਵਲ ਕਿਰਤ ਅਤੇ ਵਟਾਂਦਰੇ ਵਿੱਚ ਹੀ ਜਾਇਦਾਦ ਦੇ ਆਧਾਰ ਦੇ ਮੁੱਢ ਵਜੋਂ, ਵੀ ਸਮਝਿਆ ਜਾ ਸਕਦਾ ਹੈ।

ਮੱਧ ਕਾਲ ਦੌਰਾਨ, ਸ਼ਹਿਰਾਂ ਵਿੱਚ, ਜਿਹੜੇ ਇੱਕ ਪਹਿਲੇਰੇ ਸਮੇਂ ਤੋਂ ਬਣੇ ਬਣਾਏ ਨਹੀਂ ਸਨ ਆਏ ਸਗੋਂ ਜਿਨ੍ਹਾਂ ਨੂੰ ਆਜ਼ਾਦ ਹੋ ਗਏ ਖੇਤ-ਗ਼ੁਲਾਮਾਂ ਨੇ ਨਵੇਂ ਸਿਰਿਉਂ ਸਿਰਜਿਆ ਸੀ, ਹਰ ਮਨੁੱਖ ਦੀ ਵਿਸ਼ੇਸ਼ ਕਿਰਤ ਉਹਦੀ ਇਕੋ ਇਕ ਜਾਇਦਾਦ ਸੀ, ਉਸ ਥੋੜ੍ਹੇ ਜਿਹੇ ਸਰਮਾਏ ਤੋਂ ਇਲਾਵਾ ਜਿਹੜਾ ਉਹ ਨਾਲ਼ ਲਿਆਇਆ ਸੀ, ਜਿਹੜਾ ਲਗਭਗ ਮੁਕੰਮਲ ਤੌਰ 'ਤੇ ਉਹਦੇ ਕਿੱਤੇ ਦੇ ਅਤਿਅੰਤ ਲੋੜੀਂਦੇ ਸੰਦਾਂ ਦੇ ਰੂਪ ਵਿੱਚ ਸੀ। ਸ਼ਹਿਰਾਂ ਨੂੰ ਲਗਾਤਾਰ ਨੱਠੇ ਆਉਂਦੇ ਖੇਤ-ਗ਼ੁਲਾਮਾਂ ਵਲੋਂ ਮੁਕਾਬਲਾ, ਪਿੰਡਾਂ ਵਲੋਂ ਸ਼ਹਿਰਾਂ ਵਿਰੁੱਧ ਲਗਾਤਾਰ ਲੜਾਈ ਅਤੇ ਇਉਂ ਇਕ ਜਥੇਬੰਦ ਮਿਉਂਸਪਲ ਫ਼ੌਜੀ ਸ਼ਕਤੀ ਦੀ ਲੋੜ, ਇੱਕ ਕਿਸਮ ਦੀ ਕਿਰਤ ਦੀ ਸਾਂਝੀ ਮਾਲਕੀ ਦਾ ਸਬੰਧ, ਉਸ ਸਮੇਂ ਜਦੋਂ ਕਾਰੀਗਰ ਵਪਾਰੀ ਵੀ ਸਨ, ਉਹਨਾਂ ਦੇ ਮਾਲ ਨੂੰ ਵੇਚਣ ਲਈ ਸਾਂਝੀਆਂ ਇਮਾਰਤਾਂ ਦੀ ਲੋੜ ਅਤੇ ਇਹਦੇ ਸਿੱਟੇ ਵਜੋਂ ਅਣਅਧਿਕਰਿਤ ਲੋਕਾਂ ਦਾ ਇਹਨਾਂ ਇਮਾਰਤਾਂ ਤੋਂ ਬਾਹਰ ਰੱਖਿਆ ਜਾਣਾ, ਵੱਖ ਵੱਖ ਕਿਤਿਆਂ ਦੇ ਹਿੱਤਾਂ ਦੀ ਟੱਕਰ, ਉਹਨਾਂ ਦੀ ਮਿਹਨਤ ਨਾਲ਼ ਪ੍ਰਾਪਤ ਕੀਤੀ ਕਾਰੀਗਰੀ ਦੀ ਰੱਖਿਆ ਦੀ ਲੋੜ ਅਤੇ ਸਮੁੱਚੇ ਦੇਸ਼ ਦੀ ਜਗੀਰੂ ਜਥੇਬੰਦੀ: ਇਹ ਸਨ ਦਸਤਕਾਰੀ ਸੰਘਾਂ ਵਿੱਚ ਹਰ ਕਿੱਤੇ ਦੇ ਕਿਰਤੀਆਂ ਦੇ ਏਕੇ ਦੇ ਕਾਰਨ। ਇੱਕ ਪ੍ਰਸੰਗ ਵਿੱਚ ਸਾਡੇ ਲਈ ਦਸਤਕਾਰੀ ਸੰਘ ਪ੍ਰਣਾਲੀ ਦੇ ਅਨੇਕ ਬਦਲੇ ਰੂਪਾਂ ਨੂੰ ਲੈਣ ਦੀ ਲੋੜ ਨਹੀਂ, ਜਿਹੜੇ ਪਿੱਛੋਂ ਜਾਕੇ ਵਾਪਰੀਆਂ ਇਤਿਹਾਸਕ ਘਟਨਾਵਾਂ ਕਾਰਨ ਹੋਂਦ ਵਿੱਚ ਆਏ। ਸਮੁੱਚੇ ਮੱਧ ਕਾਲ ਵਿੱਚ ਖੇਤ-ਗ਼ੁਲਾਮਾਂ ਦਾ ਸ਼ਹਿਰਾਂ ਨੂੰ ਭੱਜਣਾ ਨਿਰੰਤਰ ਚਲਦਾ ਰਿਹਾ। ਖੇਤ-ਗ਼ੁਲਾਮ ਜਿਨ੍ਹਾਂ ਉੱਤੇ ਪਿੰਡਾਂ ਵਿੱਚ ਰਾਠ ਜ਼ੁਲਮ ਕਰਦੇ ਸਨ, ਇਕੱਲੇ ਇਕੱਲੇ ਸ਼ਹਿਰਾਂ ਵਿੱਚ ਆਉਂਦੇ, ਜਿੱਥੇ ਉਹਨਾਂ ਨੂੰ ਇੱਕ ਜਥੇਬੰਦ ਭਾਈਚਾਰਾ ਮਿਲਦਾ, ਜਿਸ ਵਿਰੁੱਧ ਉਹ ਬੇਬਸ ਸਨ ਅਤੇ ਜਿਸ ਵਿੱਚ ਉਹਨਾਂ ਨੂੰ ਉਹ ਸਥਾਨ ਕਬੂਲ ਕਰਨਾ ਪੈਂਦਾ ਜਿਹੜਾ ਉਹਨਾਂ ਦੀ ਕਿਰਤ ਦੀ ਮੰਗ ਅਤੇ ਉਹਨਾਂ ਦੇ ਜਥੇਬੰਦ ਸ਼ਹਿਰੀ ਵਿਰੋਧੀਆਂ ਦੇ ਹਿਤ ਉਨ੍ਹਾਂ ਲਈ ਮਿਥਦੇ। ਇਹ ਕਿਰਤੀ, ਜਿਹੜੇ ਵੱਖ ਵੱਖ ਦਾਖ਼ਲ ਹੁੰਦੇ, ਕਦੀ ਵੀ ਕੋਈ ਸੱਤਾ ਪ੍ਰਾਪਤ ਨਾ ਕਰ ਸਕੇ, ਕਿਉਂਕਿ, ਜੇ ਉਹਨਾਂ ਦੀ ਕਿਰਤ ਦਸਤਕਾਰੀ ਸੰਘ ਕਿਸਮ ਦੀ ਹੁੰਦੀ, ਜਿਹੜੀ ਸਿੱਖਣੀ ਪੈਂਦੀ ਤਾਂ ਦਸਤਕਾਰੀ ਸੰਘ ਦੇ ਮੁਖੀ ਉਹਨਾਂ ਨੂੰ ਆਪਣੀ ਮਰਜ਼ੀ ਅਨੁਸਾਰ ਝੁਕਾਉਂਦੇ ਅਤੇ ਉਹਨਾਂ ਨੂੰ ਆਪਣੇ ਹਿਤਾਂ ਅਨੁਸਾਰ ਜਥੇਬੰਦ

ਕਰਦੇ; ਜਾਂ ਜੇ ਉਹਨਾਂ ਦੀ ਕਿਰਤ ਅਜਿਹੀ ਸੀ ਜਿਹੜੀ ਸਿੱਖਣੀ ਨਹੀਂ ਸੀ ਪੈਂਦੀ ਅਤੇ ਇਉਂ ਦਸਤਕਾਰੀ ਸੰਘ ਕਿਸਮ ਦੀ ਨਹੀਂ ਸੀ, ਤਾਂ ਉਹ ਦਿਹਾੜੀਦਾਰ ਮਜ਼ਦੂਰ ਸਨ, ਜਿਹੜੇ ਕਦੀ ਜਥੇਬੰਦ ਹੋਣ ਵਿੱਚ ਸਫ਼ਲ ਨਾ ਹੁੰਦੇ ਅਤੇ ਇੱਕ ਅਣਜਥੇਬੰਦ ਭੀੜ ਹੀ ਬਣੇ ਰਹਿੰਦੇ। ਸ਼ਹਿਰਾਂ ਵਿੱਚ ਦਿਹਾੜੀਦਾਰ ਮਜ਼ਦੂਰਾਂ ਦੀ ਲੋੜ ਨੇ ਇੱਕ ਨਿਮਨ ਵਰਗ ਨੂੰ ਜਨਮ ਦਿੱਤਾ।

ਇਹ ਸ਼ਹਿਰ ਸੱਚਮੁਚ "ਏਕੇ"[17] ਸਨ, ਜਿਨ੍ਹਾਂ ਨੂੰ ਜਾਇਦਾਦ ਦੀ ਰੱਖਿਆ ਕਰਨ ਦੀ ਸਿੱਧੀ [43] ਲੋੜ ਨੇ ਅਤੇ ਉਤਪਾਦਨ ਦੇ ਸਾਧਨਾਂ ਵਿੱਚ ਵਾਧਾ ਕਰਨ ਅਤੇ ਵੱਖ ਵੱਖ ਮੈਂਬਰਾਂ ਦੀ ਰੱਖਿਆ ਦੀ ਲੋੜ ਨੇ ਹੋਂਦ ਵਿੱਚ ਲਿਆਂਦਾ। ਇਹਨਾਂ ਸ਼ਹਿਰਾਂ ਦੀ ਨਿਮਨ ਵਰਗ ਕਿਸੇ ਤਰ੍ਹਾਂ ਦੀ ਵੀ ਸੱਤਾ ਤੋਂ ਵਿਰਵਾ ਸੀ, ਕਿਉਂਕਿ ਇਹ ਅਜਿਹੇ ਵਿਅਕਤੀਆਂ ਤੋਂ ਬਣਿਆ ਹੋਈ ਸੀ, ਜਿਹੜੇ ਇੱਕ ਦੂਜੇ ਲਈ ਓਪਰੇ ਸਨ, ਜਿਹੜੇ ਵੱਖ ਵੱਖ ਆਏ ਸਨ ਅਤੇ ਜਿਹੜੇ ਇੱਕ ਅਜਿਹੀ ਜਥੇਬੰਦ ਸ਼ਕਤੀ ਵਿਰੁੱਧ ਜਿਹੜੀ ਯੁੱਧ ਲਈ ਹਥਿਆਰਬੰਦ ਸੀ ਅਤੇ ਉਹਨਾਂ ਉੱਤੇ ਚੌਕਸੀ ਨਾਲ਼ ਨਿਗਾਹ ਰੱਖ ਰਹੀ ਸੀ, ਗ਼ੈਰ-ਜਥੇਬੰਦ ਖੜੇ ਸਨ। ਹਰ ਕਿੱਤੇ ਵਿੱਚ ਭਾੜੇ ਦੇ ਕਾਰੀਗਰ ਅਤੇ ਸਿਖਾਂਦਰੂ ਉਸੇ ਤਰ੍ਹਾਂ ਜਥੇਬੰਦ ਸਨ, ਜਿਹੜਾ ਦਸਤਕਾਰੀ ਸੰਘਾਂ ਦੇ ਮੁੱਖੀਆਂ ਨੂੰ ਰਾਸ ਆਉਂਦਾ ਸੀ। ਉਹਨਾਂ ਅਤੇ ਉਹਨਾਂ ਦੇ ਮਾਲਕਾਂ ਵਿਚਕਾਰ ਜਿਹੜੇ ਪਿਤਰੀਵਾਦੀ ਸਬੰਧਾਂ ਦੀ ਹੋਂਦ ਸੀ, ਉਹ ਪਿਛਲੇਰਿਆਂ ਨੂੰ ਦੂਹਰੀ ਸ਼ਕਤੀ ਦੇਂਦੇ: ਇਕ ਹੱਥ ਉਹਨਾਂ ਨੂੰ ਭਾੜੇ ਦੇ ਕਾਰੀਗਰ ਦੇ ਸਮੁੱਚੇ ਜੀਵਨ ਉੱਤੇ ਸਿੱਧਾ ਪ੍ਰਭਾਵ ਪ੍ਰਾਪਤ ਸੀ ਅਤੇ ਦੂਜੇ ਹੱਥ, ਕਿਉਂਕਿ ਭਾੜੇ ਦੇ-ਕਾਰੀਗਰ ਇਕੋ ਇਕ ਮਾਲਕ ਲਈ ਕੰਮ ਕਰਦੇ ਸਨ, ਇਹ ਇੱਕ ਯਤਾਰਥਕ ਸਬੰਧ ਸੀ, ਜਿਹੜਾ ਉਹਨਾਂ ਨੂੰ ਹੋਰਨਾਂ ਮਾਲਕਾਂ ਦੇ ਭਾੜੇ ਦੇ ਕਾਰੀਗਰਾਂ ਵਿਰੁੱਧ ਇਕੱਠਾ ਰੱਖਦਾ ਅਤੇ ਉਹਨਾਂ ਨੂੰ ਇਹਨਾਂ ਤੋਂ ਵੱਖ ਕਰਦਾ। ਅਤੇ ਅੰਤ, ਭਾੜੇ ਦੇ-ਕਾਰੀਗਰ ਆਪ ਮਾਲਕ ਬਣਨ ਦੇ ਆਪਣੇ ਹਿਤਾਂ ਕਾਰਨ ਵੀ ਵਿਦਮਾਨ ਪ੍ਰਬੰਧ ਨਾਲ਼ ਬੱਝੇ ਹੋਏ ਸਨ। ਇਸ ਲਈ, ਜਦੋਂ ਨਿਮਨ ਵਰਗ ਨੇ ਘੱਟੋ ਘੱਟ ਸਮੁੱਚੇ ਮਿਉਂਸਪਲ ਪ੍ਰਬੰਧ ਵਿਰੁੱਧ ਬਗ਼ਾਵਤਾਂ ਕੀਤੀਆਂ, ਅਜਿਹੀਆਂ ਬਗ਼ਾਵਤਾਂ ਜਿਹੜੀਆਂ ਉਹਨਾਂ ਦੀ ਸ਼ਕਤੀ-ਹੀਣਤਾ ਕਾਰਨ ਉੱਕਾ ਹੀ ਬੇਅਸਰ ਰਹੀਆਂ, ਭਾੜੇ ਦੇ ਕਾਰੀਗਰ ਵੱਖ ਵੱਖ ਦਸਤਕਾਰੀ ਸੰਘਾਂ ਵਿੱਚ ਹੁਕਮ-ਅਦੂਲੀ ਦੀਆਂ ਨਿੱਕੀਆਂ ਮੋਟੀਆਂ ਕਾਰਵਾਈਆਂ ਤੋਂ, ਜਿਹੜੀਆਂ ਦਸਤਕਾਰੀ ਸੰਘ ਪ੍ਰਣਾਲੀ ਦੇ ਐਨ ਖ਼ਾਸੇ ਦਾ ਹਿੱਸਾ ਹਨ, ਅੱਗੇ ਨਾ ਵਧ ਸਕੇ। ਮੱਧ ਕਾਲ ਦੀਆਂ ਮਹਾਨ ਬਗ਼ਾਵਤਾਂ ਪੇਂਡੂ ਇਲਾਕਿਆਂ ਤੋਂ ਫੈਲੀਆਂ ਪਰ ਕਿਸਾਨਾਂ ਦੀ ਅਲੱਗ-ਥਲੱਗਤਾ ਅਤੇ ਇਹਦੇ ਸਿੱਟੇ ਵਜੋਂ ਭੱਦੇਪੁਣੇ ਕਾਰਨ ਸਾਵੀਂ ਤਰ੍ਹਾਂ ਉੱਕਾ ਹੀ ਬੇਅਸਰ ਰਹੀਆਂ।

ਸੁਭਾਵਕ ਹੀ ਇਹਨਾਂ ਸ਼ਹਿਰਾਂ ਵਿੱਚ ਸਰਮਾਇਆ ਕੁਦਰਤੀ ਤੌਰ 'ਤੇ ਵਿਕਸਤ ਹੋਇਆ ਸਰਮਾਇਆ ਸੀ, ਇਹਦੇ ਵਿੱਚ ਸ਼ਾਮਲ ਸਨ ਇਕ ਮਕਾਨ, ਕਿੱਤੇ ਦੇ ਸੰਦ ਅਤੇ ਰਵਾਇਤੀ ਜੱਦੀ-ਪੁਸ਼ਤੀ ਗਾਹਕ; ਅਤੇ ਵਰਤੋਂ-ਵਿਹਾਰ ਦੇ ਪਛੜੇਵੇਂ ਅਤੇ ਗੇੜ ਦੀ ਅਣਹੋਂਦ ਕਾਰਨ, ਸਾਕਾਰਨ ਯੋਗ ਨਾ ਹੋਣ ਕਾਰਨ ਇਹ ਪਿਤਾ ਵਲੋਂ ਪੁੱਤਰ ਨੂੰ ਦਿੱਤਾ ਜਾਣਾ ਲਾਜ਼ਮੀ ਸੀ। ਨਵੀਨ ਸਰਮਾਏ ਦੇ ਉਲਟ, ਜਿਹੜਾ ਮੁਦਰਾ ਦੇ ਰੂਪ ਵਿੱਚ ਸਕਾਰਿਆ ਜਾ ਸਕਦਾ ਹੈ ਅਤੇ ਕਿਸੇ ਫ਼ਰਕ ਤੋਂ ਬਿਨਾਂ ਇਸ ਜਾਂ ਉਸ ਸ਼ੈਅ ਵਿੱਚ ਲਾਇਆ ਜਾ ਸਕਦਾ ਹੈ, ਇਸ

ਸਰਮਾਏ ਦਾ ਮਾਲਕ ਦੇ ਵਿਸ਼ੇਸ਼ ਕੰਮ ਨਾਲ਼ ਸਿੱਧਾ ਸਬੰਧ ਸੀ, ਇਹ ਉਸ ਤੋਂ ਅਨਿਖੜਵਾਂ ਸੀ ਅਤੇ ਇਸ ਹੱਦ ਤੱਕ ਜਗੀਰੂ ਸਰਮਾਇਆ ਸੀ।

ਸ਼ਹਿਰਾਂ ਵਿੱਚ, ਵੱਖ ਵੱਖ ਦਸਤਕਾਰੀ ਸੰਘਾਂ ਵਿਚਕਾਰ ਕਿਰਤ ਦੀ ਵੰਡ [44] ਅਜੇ ਬਹੁਤ ਘੱਟ ਵਿਕਸਤ ਹੋਈ ਸੀ* ਅਤੇ ਖ਼ੁਦ ਦਸਤਕਾਰੀ ਸੰਘਾਂ ਵਿੱਚ ਵਿਕੋਲਤ੍ਰੇ ਕਿਰਤੀਆਂ ਵਿੱਚ ਇਹਦੀ ਹੋਂਦ ਉੱਕਾ ਹੀ ਨਹੀਂ ਸੀ। ਹਰ ਕਾਰੀਗਰ ਨੂੰ ਕਾਰਜਾਂ ਦੀ ਪੂਰੀ ਲੋੜੀਂਦੀ ਜਾਚ ਆਉਣੀ ਚਾਹੀਦੀ ਸੀ ਅਤੇ ਉਹਨੂੰ ਉਹ ਸਭ ਕੁੱਝ ਬਣਾਉਣਾ ਆਉਣਾ ਚਾਹੀਦਾ ਸੀ ਜਿਹੜਾ ਉਹਦੇ ਸੰਦਾਂ ਨਾਲ਼ ਬਣ ਸਕਦਾ ਸੀ। ਸੀਮਤ ਵਰਤੋਂ-ਵਿਹਾਰ ਅਤੇ ਵੱਖ ਵੱਖ ਸ਼ਹਿਰਾਂ ਵਿਚਕਾਰ ਕਮਜ਼ੋਰ ਸਬੰਧ, ਵਿਰਲੀ ਅਬਾਦੀ ਅਤੇ ਸੌੜੀਆਂ ਲੋੜਾਂ ਕਿਰਤ ਦੀ ਵਧੇਰੇ ਉੱਨਤ ਵੰਡ ਦੀ ਆਗਿਆ ਨਹੀਂ ਸਨ ਦੇਂਦੀਆਂ ਅਤੇ ਇਸੇ ਲਈ ਹਰ ਉਹ ਮਨੁੱਖ ਜਿਹੜਾ ਮਾਲਕ ਬਣਨਾ ਚਾਹੁੰਦਾ ਸੀ, ਉਸ ਲਈ ਇਹ ਲਾਜ਼ਮੀ ਸੀ ਕਿ ਉਹ ਆਪਣੇ ਸਮੁੱਚੇ ਕਿੱਤੇ ਵਿੱਚ ਨਿਪੁੰਨ ਹੋਵੇ। ਇਸ ਲਈ ਮੱਧ ਕਾਲ ਦੇ ਕਾਰੀਗਰ ਨੂੰ ਆਪਣੇ ਵਿਸ਼ੇਸ਼ ਕੰਮ ਵਿੱਚ ਅਤੇ ਉਸ ਵਿੱਚ ਨਿਪੁੰਨਤਾ ਵਿੱਚ ਦਿਲਚਸਪੀ ਸੀ, ਜਿਹੜਾ ਇੱਕ ਸੀਮਤ ਕਲਾਤਮਕ ਅਰਥ ਵਿੱਚ ਉੱਪਰ ਉੱਠਣ ਯੋਗ ਸੀ। ਇਸੇ ਕਾਰਨ ਹੀ ਮੱਧ ਕਾਲ ਦਾ ਹਰ ਕਾਰੀਗਰ ਆਪਣੇ ਕੰਮ ਵਿੱਚ ਪੂਰੀ ਤਰ੍ਹਾਂ ਮਗਨ ਸੀ, ਜਿਸ ਨਾਲ਼ ਉਹਦਾ ਸੰਤੋਖੀ ਦਾਸਤਾ ਵਾਲ਼ਾ ਰਿਸ਼ਤਾ ਸੀ ਅਤੇ ਜਿਸ ਵਿੱਚ ਅਜੋਕੇ ਕਿਰਤੀ ਨਾਲ਼ੋਂ, ਜਿਸ ਲਈ ਉਹਦਾ ਕੰਮ ਬੇਪ੍ਰਵਾਹੀ ਵਾਲ਼ਾ ਮਾਮਲਾ ਹੈ, ਬਹੁਤ ਜ਼ਿਆਦਾ ਹਦ ਤੱਕ ਲੀਨ ਸੀ।

## [3. **ਕਿਰਤ ਦੀ ਹੋਰ ਵੰਡ। ਵਪਾਰ ਅਤੇ ਸਨਅਤ ਦਾ ਵਖੇਵਾਂ। ਵੱਖ ਵੱਖ ਸ਼ਹਿਰਾਂ ਵਿਚਕਾਰ ਕਿਰਤ ਦੀ ਵੰਡ। ਕਾਰਖ਼ਾਨੇਦਾਰੀ**]

ਕਿਰਤ ਦੀ ਵੰਡ ਦਾ ਅਗਲਾ ਵਾਧਾ ਉਤਪਾਦਨ ਅਤੇ ਵਰਤੋਂ-ਵਿਹਾਰ ਦਾ ਵੱਖ ਹੋਣਾ, ਵਪਾਰੀਆਂ ਦੀ ਇੱਕ ਵਿਸ਼ੇਸ਼ ਜਮਾਤ ਦਾ ਹੋਂਦ ਵਿੱਚ ਆਉਣਾ ਸੀ, ਇੱਕ ਵਖੇਵਾਂ ਜਿਹੜਾ ਪੁਰਾਣੇ ਸਮਿਆਂ ਤੋਂ ਵਿਰਸੇ ਵਿੱਚ ਮਿਲੇ ਸ਼ਹਿਰਾਂ ਵਿੱਚ ਪੀੜ੍ਹੀਓਂ ਪੀੜ੍ਹੀ ਚਲਾ ਆਇਆ ਸੀ (ਹੋਰਨਾਂ ਗੱਲਾਂ ਸਮੇਤ ਯਹੂਦੀਆਂ ਵਿੱਚ ) ਅਤੇ ਜਿਹੜਾ ਨਵੇਂ ਬਣੇ ਸ਼ਹਿਰਾਂ ਵਿੱਚ ਬਹੁਤ ਛੇਤੀ ਹੋਂਦ ਵਿੱਚ ਆ ਗਿਆ। ਇਹਦੇ ਨਾਲ਼ ਵਪਾਰਕ ਆਵਾ-ਜਾਈ ਦੇ ਫ਼ੌਰੀ ਗਵਾਂਢ ਤੋਂ ਅੱਗੇ ਚਲੇ ਜਾਣ ਦੀ ਸੰਭਾਵਨਾ ਪੈਦਾ ਹੋਈ, ਜਿਸ ਦੀ ਪ੍ਰਾਪਤੀ ਦੀ ਸੰਭਾਵਨਾ ਨਿਰਭਰ ਸੀ ਆਵਾਜਾਈ ਦੇ ਸਾਧਨਾਂ ਦੀ ਵਿਦਮਾਨ ਪੱਧਰ ਉੱਤੇ, ਪੇਂਡੂ ਇਲਾਕਿਆਂ ਵਿੱਚ ਸਰਵਜਨਕ ਸੁਰੱਖਿਆ ਦੀ ਹਾਲਤ ਉੱਤੇ, ਜਿਸਨੂੰ ਸਿਆਸੀ ਹਾਲਤਾਂ ਮਿਥਦੀਆਂ ਸਨ (ਜਿਹਾ ਕਿ ਚੰਗੀ ਤਰ੍ਹਾਂ ਪਤਾ ਹੀ ਹੈ ਸਮੁੱਚੇ ਮੱਧ ਕਾਲ ਵਿੱਚ ਵਪਾਰੀ ਹਥਿਆਰਬੰਦ ਕਾਫ਼ਲਿਆਂ ਵਿੱਚ ਸਫ਼ਰ ਕਰਦੇ ਸਨ), ਅਤੇ ਵਪਾਰ ਦੀ ਪਹੁੰਚ ਵਿੱਚ ਆਉਂਦੇ ਇਲਾਕੇ ਦੀਆਂ ਘਟੀਆ ਜਾਂ ਵਧੇਰੇ ਉੱਨਤ ਲੋੜਾਂ ਉੱਤੇ (ਜਿਸ ਨੂੰ ਸੱਭਿਆਚਾਰ ਦੀ ਪ੍ਰਾਪਤ ਕੀਤੀ ਪੱਧਰ ਮਿਥਦੀ ਸੀ)।

---

* ਇਥੇ ਖਰੜਾ ਖ਼ਰਾਬ ਹੈ। —**ਸੰਪਾ.**

ਜਦੋਂ ਵਪਾਰ ਇੱਕ ਵਿਸ਼ੇਸ਼ ਜਮਾਤ ਦੇ ਹੱਥ ਆ ਗਿਆ, ਜਦੋਂ ਵਪਾਰੀਆਂ ਰਾਹੀਂ ਵਪਾਰ ਸ਼ਹਿਰਾਂ ਦੇ ਨਾਲ਼ ਲੱਗਦੇ ਇਲਾਕਿਆਂ ਤੋਂ ਅੱਗੇ ਲਿਜਾਇਆ ਗਿਆ, ਤਾਂ ਉਤਪਾਦਨ ਅਤੇ ਲਵਾਲੀ-ਵਿਕਵਾਲੀ ਵਿਚਕਾਰ ਇੱਕ ਪ੍ਰਸਪਰ ਅਮਲ ਪੈਦਾ ਹੁੰਦਾ ਹੈ। ਸ਼ਹਿਰ **ਇੱਕ ਦੂਜੇ ਨਾਲ਼** ਸਬੰਧ ਸਥਾਪਤ ਕਰਦੇ ਹਨ, ਨਵੇਂ ਸੰਦ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਲਿਜਾਏ ਜਾਂਦੇ ਹਨ ਅਤੇ ਉਤਪਾਦਨ ਅਤੇ ਲਵਾਲੀ-ਵਿਕਵਾਲੀ ਵਿਚਕਾਰ ਵਖੇਵਾਂ ਵਿਕੋਲਤ੍ਰੇ ਸ਼ਹਿਰਾਂ ਵਿਚਕਾਰ [45] ਉਤਪਾਦਨ ਦੀ ਨਵੀਂ ਵੰਡ ਪੈਦਾ ਕਰਦਾ ਹੈ, ਜਿਨ੍ਹਾਂ ਵਿਚੋਂ ਹਰ ਇੱਕ ਛੇਤੀ ਹੀ ਸਨਅਤ ਦੀ ਇਕ ਪ੍ਰਮੁੱਖ ਸ਼ਾਖ਼ ਨੂੰ ਵਰਤਣ ਲੱਗ ਪੈਂਦਾ ਹੈ। ਪਹਿਲੇਰੇ ਸਮਿਆਂ ਦੀਆਂ ਸਥਾਨਕ ਰੋਕਾਂ ਹੌਲੀ ਹੌਲੀ ਟੁੱਟਣ ਲੱਗ ਪੈਂਦੀਆਂ ਹਨ।

ਇਹ ਉੱਕਾ ਹੀ ਲਵਾਲੀ-ਵਿਕਵਾਲੀ ਦੇ ਫੈਲਣ ਉੱਤੇ ਨਿਰਭਰ ਹੈ ਕਿ ਕਿਸੇ ਥਾਂ ਵਿਕਸਤ ਹੋਈਆਂ ਉਤਪਾਦਕ ਸ਼ਕਤੀਆਂ, ਵਿਸ਼ੇਸ਼ ਤੌਰ 'ਤੇ ਕਾਢਾਂ, ਅੱਗੋਂ ਜਾਕੇ ਵਿਕਾਸ ਲਈ ਗਵਾਚ ਜਾਂਦੀਆਂ ਹਨ ਜਾਂ ਨਹੀਂ। ਜਦੋਂ ਤੱਕ ਇੱਕ ਦਮ ਗਵਾਂਢਲੀ ਇਲਾਕਿਆਂ ਤੋਂ ਪਰ੍ਹਾਂ ਜਾਣ ਵਾਲੀ ਕੋਈ ਲਵਾਲੀ-ਵਿਕਵਾਲੀ ਨਹੀਂ ਹੁੰਦੀ, ਹਰ ਕਾਢ ਹਰ ਸਥਾਨ ਉੱਤੇ ਵੱਖਰੀ ਕਰਨੀ ਪੈਂਦੀ ਹੈ, ਅਤੇ ਬਸ ਦੇਵ-ਨੈਤ ਹੀ, ਜਿਵੇਂ ਕਿ ਜਾਹਲ ਕੌਮਾਂ ਦੇ ਹਮਲੇ, ਇੱਥੋਂ ਤੱਕ ਕਿ ਸਾਧਾਰਨ ਯੁੱਧ ਵੀ, ਉੱਨਤ ਉਤਪਾਦਕ ਸ਼ਕਤੀਆਂ ਅਤੇ ਲੋੜਾਂ ਵਾਲੇ ਦੇਸ਼ ਨੂੰ ਫਿਰ ਮੁੱਢੋਂ ਸੁੱਢੋਂ ਸ਼ੁਰੂ ਕਰਨ 'ਤੇ ਮਜਬੂਰ ਕਰਨ ਲਈ ਕਾਫੀ ਹਨ। ਆਦਿ-ਕਾਲੀਨ ਇਤਿਹਾਸ ਵਿੱਚ ਹਰ ਕਾਢ ਰੋਜ਼ਾਨਾ ਨਵੇਂ ਸਿਰਿਉਂ ਅਤੇ ਹਰ ਥਾਂ ਅਜ਼ਾਦਾਨਾ ਤੌਰ 'ਤੇ ਕਰਨੀ ਪੈਂਦੀ ਸੀ। ਇਹ ਗੱਲ ਕਿ ਨਿਸਬਤਨ ਵਿਸ਼ਾਲ ਵਣਜ ਹੁੰਦਿਆਂ ਹੋਇਆਂ ਵੀ ਉੱਚੇ ਵਿਕਾਸ ਵਾਲੀਆਂ ਉਤਪਾਦਕ ਸ਼ਕਤੀਆਂ ਪੂਰਨ ਤਬਾਹੀ ਤੋਂ ਸੁਰੱਖਿਅਤ ਨਹੀਂ, ਫ਼ੋਨੀਸੀਆਂ ਦੀ ਮਿਸਾਲ ਤੋਂ ਸਿੱਧ ਹੁੰਦੀ ਹੈ। ਇਸ ਕੌਮ ਦੇ ਵਣਜ ਵਿੱਚੋਂ ਕੱਢ ਦਿੱਤੇ ਜਾਣ, ਉਹਨਾਂ ਉੱਤੇ ਸਿਕੰਦਰ ਦੀ ਜਿੱਤ ਅਤੇ ਇਹਦੇ ਸਿੱਟੇ ਵਜੋਂ ਉਹਨਾਂ ਦੀ ਗਿਰਾਵਟ ਕਾਰਨ, ਉਹਨਾਂ ਦੀਆਂ ਕਾਢਾਂ ਵਧੇਰੇ ਕਰਕੇ ਲੰਮੇ ਸਮੇਂ ਤੱਕ ਗੁਆਚ ਗਈਆਂ। ਮਿਸਾਲ ਵਜੋਂ, ਮੱਧ ਕਾਲ ਵਿੱਚ ਸ਼ੀਸ਼ੇ ਵਿੱਚ ਰੰਗ ਭਰ ਕੇ ਮੂਰਤਾਂ ਬਣਾਉਣ ਦੀ ਕਲਾ। ਕੇਵਲ ਜਦੋਂ ਲਵਾਲੀ-ਵਿਕਵਾਲੀ ਸੰਸਾਰ ਲਵਾਲੀ-ਵਿਕਵਾਲੀ ਬਣ ਜਾਂਦੀ ਹੈ ਅਤੇ ਇਹਦਾ ਆਧਾਰ ਵੱਡ-ਪੱਧਰੀ ਸਨਅਤ ਹੁੰਦੀ ਹੈ ਤਾਂ ਪ੍ਰਾਪਤ ਕੀਤੀਆਂ ਉਤਪਾਦਕ ਸ਼ਕਤੀਆਂ ਦੀ ਸਥਿਰਤਾ ਯਕੀਨੀ ਬਣਾਈ ਜਾ ਸਕਦੀ ਹੈ।

ਵੱਖ ਵੱਖ ਸ਼ਹਿਰਾਂ ਵਿਚਕਾਰ ਕਿਰਤ ਦੀ ਵੰਡ ਦਾ ਫ਼ੌਰੀ ਸਿੱਟਾ ਕਾਰਖ਼ਾਨੇਦਾਰੀਆਂ ਦਾ ਉਭਰਨਾ ਸੀ, ਉਤਪਦਾਨ ਦੀਆਂ ਉਹ ਸ਼ਾਖ਼ਾਂ ਜਿਹੜੀਆਂ ਦਸਤਕਾਰੀ ਸੰਘਾਂ ਪ੍ਰਣਾਲੀ ਤੋਂ ਬਾਹਰ ਵੱਧ ਗਈਆਂ ਸਨ। ਵਿਦੇਸ਼ੀ ਕੌਮਾਂ ਨਾਲ਼ ਲਵਾਲੀ-ਵਿਕਵਾਲੀ ਕਾਰਖਾਨੇਦਾਰੀਆਂ ਦੀ ਪਹਿਲੀ ਪ੍ਰਫੁਲਤਾ ਦਾ ਇਤਿਹਾਸਕ ਆਧਾਰ ਸੀ, ਇਟਲੀ ਵਿੱਚ ਅਤੇ ਪਿੱਛੋਂ ਜਾਕੇ ਫ਼ਲੈਂਡਰਜ਼ ਵਿੱਚ। ਹੋਰਨਾਂ ਦੇਸ਼ਾਂ ਵਿੱਚ, ਮਿਸਾਲ ਵਜੋਂ ਬਰਤਾਨੀਆ ਅਤੇ ਫ਼ਰਾਂਸ ਵਿੱਚ ਕਾਰਖਾਨੇਦਾਰੀਆਂ ਪਹਿਲੇ ਪਹਿਲ ਘਰੋਗੀ ਮੰਡੀ ਤੱਕ ਸੀਮਤ ਸਨ। ਉੱਪਰ ਜਿਹੜੇ ਆਧਾਰ ਦੱਸੇ ਗਏ ਹਨ ਉਹਨਾਂ ਤੋਂ ਬਿਨਾਂ ਕਾਰਖਾਨੇਦਾਰੀਆਂ ਪਹਿਲਾਂ ਹੀ ਮਿੱਥ ਲੈਂਦੀਆਂ ਹਨ, ਅਬਾਦੀ ਦੀ ਪਹਿਲਾਂ ਹੀ ਵੱਧ ਚੁੱਕੀ ਸੰਘਣਤਾ, ਵਿਸ਼ੇਸ਼ ਤੌਰ 'ਤੇ ਪੇਂਡੂ ਇਲਾਕੇ ਵਿੱਚ, ਅਤੇ

ਸਰਮਾਏ ਦਾ ਇਕਤ੍ਰੀਕਰਣ ਜਿਹੜਾ ਵਿਅਕਤੀਆਂ ਦੇ ਹੱਥਾਂ ਵਿੱਚ ਇਕੱਠਾ ਹੋਣਾ ਸ਼ੁਰੂ ਹੋ ਗਿਆ, ਕੁੱਝ ਹਦ ਤੱਕ ਦਸਤਕਾਰੀ ਸੰਘਾਂ ਦੇ ਨਿਯਮਾਂ ਦੇ ਬਾਵਜੂਦ ਦਸਤਕਾਰੀ ਸੰਘਾਂ ਵਿੱਚ, ਕੁੱਝ ਹਦ ਤੱਕ ਵਪਾਰੀਆਂ ਵਿੱਚ।

[46] ਕਿਰਤ ਦੀ ਜਿਸ ਕਿਸਮ ਨੇ ਮੁੱਢ ਤੋਂ ਹੀ ਮਸ਼ੀਨਾਂ ਦੀ ਵਰਤੋਂ ਕਰਨੀ ਲਾਜ਼ਮੀ ਬਣਾ ਦਿੱਤੀ, ਭਾਵੇਂ ਉਹ ਕਿੰਨੀ ਕਚਘਰੜ ਕਿਸਮ ਦੀਆਂ ਕਿਉਂ ਨਹੀਂ ਸਨ, ਉਸ ਨੇ ਛੇਤੀ ਹੀ ਆਪਣੇ ਆਪ ਨੂੰ ਸਭ ਤੋਂ ਵੱਧ ਵਿਕਾਸ ਕਰਨ ਯੋਗ ਸਿੱਧ ਕੀਤਾ। ਬੁਣਾਈ, ਜਿਹੜੀ ਪਹਿਲੀਆਂ ਵਿੱਚ ਪਿੰਡਾਂ ਵਿੱਚ ਕਿਸਾਨ ਆਪਣੇ ਕੱਪੜੇ ਪ੍ਰਾਪਤ ਕਰਨ ਲਈ ਸਹਾਇਕ ਕਿੱਤੇ ਵਜੋਂ ਕਰਦੇ ਸਨ, ਉਹ ਪਹਿਲੀ ਕਿਰਤ ਸੀ ਜਿਸਨੂੰ ਲਵਾਲੀ-ਵਿਕਵਾਲੀ ਦੇ ਵਾਧੇ ਰਾਹੀਂ ਉਤਸ਼ਾਹ ਅਤੇ ਹੋਰ ਵਿਕਾਸ ਪ੍ਰਾਪਤ ਹੋਇਆ। ਬੁਣਾਈ ਪਹਿਲੀ ਕਾਰਖਾਨੇਦਾਰੀ ਸੀ ਅਤੇ ਮੁੱਖ ਕਾਰਖਾਨੇਦਾਰੀ ਰਹੀ। ਅਬਾਦੀ ਵਿੱਚ ਵਾਧਾ, ਵੱਧ ਰਹੇ ਇਕਤ੍ਰੀਕਰਣ ਅਤੇ ਤੇਜ਼ ਹੋਏ ਗੇੜ ਰਾਹੀਂ ਕੁਦਰਤੀ ਸਰਮਾਏ ਨੂੰ ਵਰਤੋਂ ਵਿੱਚ ਲਿਆਏ ਜਾਣ ਕਾਰਨ ਲਿਬਾਸ ਲਈ ਸਮੱਗਰੀ ਦੀ ਮੰਗ ਵਿੱਚ ਵਾਧੇ, ਅਤੇ ਇਸਨੇ ਅੱਯਾਸ਼ੀ ਦੇ ਪਦਾਰਥਾਂ ਲਈ ਜਿਸ ਮੰਗ ਨੂੰ ਪੈਦਾ ਕੀਤਾ ਅਤੇ ਜਿਸਨੂੰ ਲਵਾਲੀ-ਵਿਕਵਾਲੀ ਵਿੱਚ ਹੌਲੀ ਹੌਲੀ ਵਾਧੇ ਨੇ ਆਮ ਤੌਰ ’ਤੇ ਉਤਸ਼ਾਹਤ ਕੀਤਾ, ਉਹਨੇ ਕੱਪੜਾ ਬੁਣਨ ਨੂੰ ਅਜਿਹਾ ਮਿਕਦਾਰੀ ਅਤੇ ਸਿਫ਼ਤੀ ਉਗਾਸਾ ਦਿੱਤਾ, ਜਿਸਨੇ ਉਸ ਸਮੇਂ ਤੱਕ ਵਿਦਮਾਨ ਉਤਪਾਦਨ ਦੇ ਢੰਗ ਵਿੱਚੋਂ ਇਹਨੂੰ ਬਾਹਰ ਖਿੱਚ ਲਿਆ। ਆਪਣੀ ਵਰਤੋਂ ਲਈ ਬੁਣਦੇ ਕਿਸਾਨਾਂ ਦੇ ਨਾਲ਼ ਨਾਲ਼, ਜਿਨ੍ਹਾਂ ਇਹ ਕੰਮ ਜਾਰੀ ਰੱਖਿਆ ਅਤੇ ਹੁਣ ਵੀ ਜਾਰੀ ਰੱਖ ਰਹੇ ਹਨ, ਸ਼ਹਿਰਾਂ ਵਿੱਚ ਬੁਣਕਰਾਂ ਦੀ ਇੱਕ ਨਵੀਂ ਜਮਾਤ ਪੈਦਾ ਹੋ ਗਈ, ਜਿਸਦੇ ਬੁਣੇ ਕੱਪੜੇ ਸਮੁੱਚੀ ਘਰੋਗੀ ਮੰਡੀ ਲਈ ਅਤੇ ਆਮ ਤੌਰ ’ਤੇ ਵਿਦੇਸ਼ੀ ਮੰਡੀਆਂ ਲਈ ਵੀ ਹੁੰਦੇ ਸਨ।

ਕੱਪੜਾ ਬੁਣਨਾ, ਇੱਕ ਅਜਿਹਾ ਕਿੱਤਾ ਜਿਸ ਲਈ ਆਮ ਤੌਰ ’ਤੇ ਕਿਸੇ ਯੋਗਤਾ ਦੀ ਲੋੜ ਨਹੀਂ ਸੀ ਹੁੰਦੀ ਅਤੇ ਜਿਹੜਾ ਛੇਤੀ ਹੀ ਅਣਗਿਣਤ ਸ਼ਾਖ਼ਾਂ ਵਿੱਚ ਵੰਡਿਆ ਗਿਆ, ਆਪਣੇ ਸਾਰੇ ਖ਼ਾਸੇ ਕਾਰਨ ਦਸਤਕਾਰ ਸੰਘਾਂ ਦੀਆਂ ਜਕੜਾਂ ਦਾ ਵਿਰੋਧ ਕਰਦਾ ਰਿਹਾ। ਇਸ ਲਈ ਬੁਣਾਈ ਦਸਤਕਾਰ ਸੰਘ ਜਥੇਬੰਦੀ ਤੋਂ ਬਿਨਾਂ ਵਧੇਰੇ ਪਿੰਡਾਂ ਅਤੇ ਮੰਡੀ ਕੇਂਦਰਾਂ ਵਿੱਚ ਹੁੰਦੀ ਸੀ, ਜਿਹੜੇ ਹੌਲੀ ਹੌਲੀ ਸ਼ਹਿਰ ਬਣ ਗਏ ਅਤੇ ਨਿਰਸੰਦੇਹ ਹਰ ਦੇਸ਼ ਵਿੱਚ ਸਭ ਤੋਂ ਵੱਧ ਪ੍ਰਫੁਲਤ ਸ਼ਹਿਰ ਬਣ ਗਏ।

ਦਸਤਕਾਰ ਸੰਘ-ਮੁਕਤ ਕਾਰਖਾਨੇਦਾਰੀ ਨਾਲ਼ ਜਾਇਦਾਦੀ ਸਬੰਧ ਵੀ ਛੇਤੀ ਹੀ ਤਬਦੀਲ ਹੋ ਗਏ। ਕੁਦਰਤੀ ਤੌਰ ’ਤੇ ਪ੍ਰਾਪਤ ਕੀਤੇ ਜਾਗੀਰੂ ਸਰਮਾਏ ਤੋਂ ਅੱਗੇ ਪਹਿਲਾ ਵਾਧਾ ਵਪਾਰੀਆਂ ਦੇ ਉਭਰਨ ਨਾਲ਼ ਹੋਇਆ, ਜਿਨ੍ਹਾਂ ਦਾ ਸਰਮਾਇਆ ਮੁੱਢ ਤੋਂ ਹੀ ਚੱਲ ਸਰਮਾਇਆ ਸੀ, ਨਵੀਨ ਅਰਥਾਂ ਵਿੱਚ ਸਰਮਾਇਆ, ਜਿੱਥੋਂ ਤੱਕ ਮਨੁੱਖ ਉਸ ਸਮੇਂ ਦੀਆਂ ਪ੍ਰਸਥਿਤੀਆਂ ਅਨੁਸਾਰ ਗੱਲ ਕਰ ਸਕਦਾ ਹੈ। ਦੂਜਾ ਵਾਧਾ ਕਾਰਖਾਨੇਦਾਰੀ ਨਾਲ਼ ਆਇਆ, ਜਿਸ ਨੇ ਇੱਕ ਵਾਰ ਫਿਰ ਕੁਦਰਤੀ ਸਰਮਾਏ ਨੂੰ ਲਾਮਬੰਦ ਕੀਤਾ ਅਤੇ ਕੁਲ ਮਿਲਾਕੇ ਚਲ ਸਰਮਾਏ ਦੀ ਮਾਤਰਾ ਨੂੰ ਕੁਦਰਤੀ ਸਰਮਾਏ ਦੇ ਮੁਕਾਬਲੇ ਉੱਤੇ ਵਧਾ ਦਿੱਤਾ।

ਇਹਦੇ ਨਾਲ਼ ਹੀ ਨਾਲ਼ ਕਾਰਖਾਨੇਦਾਰੀ ਕਿਸਾਨ ਲਈ ਦਸਤਕਾਰ ਸੰਘਾਂ ਤੋਂ ਬਚਣ ਲਈ ਸ਼ਰਨ ਬਣ ਗਈ, ਜਿਹੜੀ ਉਹਨੂੰ ਆਪਣੇ ਤੋਂ ਬਾਹਰ ਰੱਖਦੀ ਸੀ ਜਾਂ ਬਹੁਤ ਥੋੜ੍ਹੀ ਉਜਰਤ ਦੇਂਦੀ ਸੀ, ਐਨ ਉਸੇ ਤਰ੍ਹਾਂ ਜਿਵੇਂ ਪਹਿਲੀਆਂ ਵਿੱਚ ਦਸਤਕਾਰ-ਸੰਘਾਂ ਦੇ ਸ਼ਹਿਰ ਕਿਸਾਨਾਂ ਲਈ [47] ਜਗੀਰਦਾਰਾਂ ਤੋਂ ਬਚਣ ਲਈ ਸ਼ਰਨ ਬਣ ਗਏ ਸਨ।*

ਇਹਦੇ ਨਾਲ਼ ਹੀ ਨਾਲ਼ ਕਾਰਖ਼ਾਨੇਦਾਰੀਆਂ ਦੇ ਸ਼ੁਰੂ ਹੋਣ ਨਾਲ਼ ਅਵਾਰਾਗਰਦੀ ਦਾ ਇੱਕ ਸਮਾਂ ਆਇਆ, ਜਿਸਦਾ ਕਾਰਨ ਸੀ ਨੌਕਰਾਂ ਚਾਕਰਾਂ ਦੇ ਜਗੀਰੂ ਸਮੂਹਾਂ ਦਾ ਖ਼ਾਤਮਾ, ਭਾਂਤ-ਸੁਭਾਂਤੇ ਲੋਕਾਂ ਦੀਆਂ ਬਣੀਆਂ ਫ਼ੌਜਾਂ ਦਾ ਤੋੜਿਆ ਜਾਣਾ ਜਿਹੜੀਆਂ ਲਗਾਨਦਾਰਾਂ ਵਿਰੁੱਧ ਬਾਦਸ਼ਾਹਾਂ ਦੀ ਸੇਵਾ ਕਰਦੀਆਂ ਸਨ, ਖੇਤੀ ਦਾ ਚੰਗੇਰਾ ਹੋ ਜਾਣਾ, ਵਾਹੀ ਵਾਲ਼ੇ ਬਹੁਤ ਵੱਡੇ ਹਿੱਸਿਆਂ ਦਾ ਚਰਾਂਦੀ ਭੋਂ ਵਿੱਚ ਤਬਦੀਲ ਕੀਤਾ ਜਾਣਾ। ਕੇਵਲ ਇਸ ਗੱਲ ਤੋਂ ਹੀ ਇਹ ਸਪੱਸ਼ਟ ਹੈ ਕਿ ਇਸ ਆਵਾਰਾਗਰਦੀ ਦਾ ਸਖ਼ਤੀ ਨਾਲ਼ ਜਗੀਰੂ ਪ੍ਰਣਾਲੀ ਦੇ ਖਿੰਡ-ਪੁੰਡ ਹੋਣ ਨਾਲ਼ ਸਬੰਧ ਹੈ। ਤੇਰ੍ਹਵੀਂ ਸਦੀ ਜਿਹੇ ਸ਼ੁਰੂਆਤੀ ਸਮੇਂ ਵਿੱਚ ਹੀ ਅਸੀਂ ਇਸ ਕਿਸਮ ਦੇ ਕਈ ਦੌਰ ਵੇਖਦੇ ਹਾਂ, ਪਰ ਕੇਵਲ ਪੰਦਰ੍ਹਵੀਂ ਸਦੀ ਦੇ ਅੰਤ ਅਤੇ ਸੋਲ੍ਹਵੀਂ ਸਦੇ ਦੇ ਸ਼ੁਰੂ ਵਿੱਚ ਹੀ ਆਵਾਰਾਗਰਦੀ ਆਮ ਅਤੇ ਸਥਾਈ ਰੂਪ ਵਿੱਚ ਪ੍ਰਗਟ ਹੁੰਦੀ ਹੈ। ਇਹਨਾਂ ਆਵਾਰਾਗਰਦਾਂ ਨੂੰ, ਜਿਨ੍ਹਾਂ ਦੀ ਗਿਣਤੀ ਇਨੀ ਵੱਡੀ ਸੀ ਕਿ ਮਿਸਾਲ ਵਜੋਂ, ਇੰਗਲੈਂਡ ਦੇ ਹੈਨਰੀ ਅੱਠਵੇਂ ਨੇ ਉਹਨਾਂ ਵਿੱਚੋਂ 72,000 ਨੂੰ ਫਾਹੇ ਲਵਾ ਦਿੱਤਾ, ਅਤਿਅੰਤ ਔਖ ਨਾਲ਼ ਅਤੇ ਅਤਿਅੰਤ ਲੋੜ ਕਾਰਨ ਅਤੇ ਉਹ ਵੀ ਲੰਮੇ ਸਮੇਂ ਤੱਕ ਵਿਰੋਧ ਪਿੱਛੋਂ, ਕੰਮ ਕਰਨ ’ਤੇ ਰਜ਼ਾਮੰਦ ਕੀਤਾ ਜਾ ਸਕਿਆ। ਕਾਰਖਾਨੇਦਾਰੀਆਂ ਦੇ ਤੇਜ਼ ਉਭਾਰ ਨੇ, ਵਿਸ਼ੇਸ਼ ਤੌਰ ’ਤੇ ਇੰਗਲੈਂਡ ਵਿੱਚ, ਹੌਲੀ ਹੌਲੀ ਉਹਨਾਂ ਨੂੰ ਸਮੋ ਲਿਆ।

ਕਾਰਖਾਨੇਦਾਰੀ ਦੇ ਆਉਂਣ ਨਾਲ਼ ਵੱਖ ਵੱਖ ਕੌਮਾਂ ਵਿੱਚ ਮੁਕਾਬਲੇ ਵਾਲ਼ੇ ਸਬੰਧ ਸ਼ੁਰੂ ਹੋ ਗਏ, ਇੱਕ ਵਪਾਰਕ ਘੋਲ਼ ਸ਼ੁਰੂ ਹੋ ਗਿਆ, ਜਿਹੜਾ ਯੁੱਧਾਂ, ਰੱਖਿਅਕ ਟੈਕਸਾਂ ਅਤੇ ਪਾਬੰਦੀਆਂ ਰਾਹੀਂ ਲੜਿਆ ਗਿਆ, ਜਦੋਂ ਕਿ ਪਹਿਲੀਆਂ ਵਿੱਚ ਜੇ ਕੌਮਾਂ ਵਿੱਚ ਕੋਈ ਸਬੰਧ ਸੀ, ਤਾਂ ਉਹ ਸੀ ਇਕ ਦੂਜੇ ਨਾਲ਼ ਗੈਰ-ਹਮਲਾਵਰ ਵਟਾਂਦਰਾ ਕਰਦੀਆਂ। ਹੁਣ ਤੋਂ ਵਪਾਰ ਦੀ ਸਿਆਸੀ ਮਹੱਤਤਾ ਹੋ ਗਈ।

ਕਾਰਖ਼ਾਨੇਦਾਰੀ ਦੇ ਆਉਂਣ ਨਾਲ਼ ਕਿਰਤੀ ਅਤੇ ਮਾਲਕ ਵਿਚਕਾਰ ਸਬੰਧ ਤਬਦੀਲ ਹੋ ਗਏ। ਦਸਤਕਾਰੀ ਸੰਘਾਂ ਵਿੱਚ ਭਾੜੇ ਦੇ ਕਾਰੀਗਰ ਅਤੇ ਮਾਲਕ ਵਿਚਕਾਰ ਪਿਤਰੀਵਾਦ ਸਬੰਧਾਂ ਦੀ ਹੋਂਦ ਕਾਇਮ ਰਹਿੰਦੀ; ਕਾਰਖ਼ਾਨੇਦਾਰੀ ਵਿੱਚ ਉਹਨਾਂ ਦੀ ਥਾਂ ਕਿਰਤੀ ਅਤੇ ਸਰਮਾਏਦਾਰ ਵਿਚਕਾਰ ਮੁਦਰਾ ਸਬੰਧਾਂ ਨੇ ਲੈ ਲਈ—ਸਬੰਧ, ਜਿਨ੍ਹਾਂ ਵਿੱਚ ਪਿੰਡਾਂ ਅਤੇ ਨਿੱਕੇ ਸ਼ਹਿਰਾਂ ਵਿੱਚ ਪਿਤਰੀਵਾਦੀ ਭਾਹ ਬਾਕੀ ਰਹੀ ਪਰ ਵਡੇਰੇ, ਅਸਲੀ ਕਾਰਖ਼ਾਨੇਦਾਰੀ ਸ਼ਹਿਰਾਂ ਵਿੱਚ, ਉਹਨਾਂ ਦਾ ਲਗਭਗ ਸਾਰੇ ਦਾ ਸਾਰਾ ਪਿਤਰੀਵਾਦੀ ਮੁਹਾਂਦਰਾ ਬਹੁਤ ਛੇਤੀ ਜਾਂਦਾ ਰਿਹਾ।

---

* ਇਥੇ ਖਰੜਾ ਖ਼ਰਾਬ ਹੋਇਆ ਹੈ। **—ਸੰਪਾ.**

ਅਮਰੀਕਾ ਦੀ ਅਤੇ ਪੂਰਬੀ ਹਿੰਦਾਇਣ (East Indies) ਵੱਲ ਜਾਂਦੇ ਸਮੁੰਦਰੀ ਰਾਹਾਂ ਦੀ ਲੱਭਤ ਨੇ ਲਵਾਲੀ-ਵਿਕਵਾਲੀ ਵਿੱਚ ਵਾਧੇ ਰਾਹੀਂ ਕਾਰਖ਼ਾਨੇਦਾਰੀ ਅਤੇ ਉਤਪਾਦਨ ਦੀ ਗਤੀਸ਼ੀਲਤਾਂ ਨੂੰ ਆਮ ਤੌਰ 'ਤੇ ਬਹੁਤ ਉਤਸ਼ਾਹ ਦਿੱਤਾ। ਉੱਥੋਂ ਜਿਹੜੀਆਂ ਨਵੀਆਂ ਉਪਜਾਂ ਦਰਾਮਦ ਕੀਤੀਆਂ ਗਈਆਂ, ਵਿਸ਼ੇਸ਼ ਤੌਰ 'ਤੇ ਸੋਨੇ ਅਤੇ ਚਾਂਦੀ ਦੀਆਂ ਵੱਡੀਆਂ ਮਾਤਰਾਵਾਂ ਜਿਹੜੀਆਂ ਗੇੜ ਵਿੱਚ ਆ ਗਈਆਂ, ਉਹਨਾਂ ਇੱਕ ਦੂਜੇ ਵੱਲ ਜਮਾਤਾਂ ਦੀ ਪ੍ਰਸਥਿਤੀ ਉੱਕਾ ਹੀ ਤਬਦੀਲ ਕਰ ਦਿੱਤੀ, ਜਗੀਰੂ ਭੋਂ ਜਾਇਦਾਦ ਅਤੇ ਕਿਰਤੀਆਂ ਉੱਤੇ ਕਰਾਰੀ ਸੱਟ ਲਾਈ; ਮਾਹਰਕੇਬਾਜ਼ਾਂ ਅਤੇ ਬਸਤੀਆਂ ਵਧਾਉਣ ਦੀਆਂ ਮੁਹਿੰਮਾਂ ਨੇ ਅਤੇ ਸਭ ਤੋਂ ਵੱਧ ਮੰਡੀਆਂ ਦੇ ਫੈਲ ਕੇ ਸੰਸਾਰ ਮੰਡੀਆਂ ਬਣ ਜਾਣ ਨੇ, ਜਿਹੜਾ ਹੁਣ ਸੰਭਵ ਹੋ ਗਿਆ ਸੀ ਅਤੇ ਸਦਾ ਵਧੇਰੇ ਇੱਕ ਤੱਥ ਬਣਦਾ ਜਾ ਰਿਹਾ ਸੀ, ਇਤਿਹਾਸਕ ਵਿਕਾਸ ਵਿੱਚ ਇੱਕ ਨਵਾਂ ਯੁੱਗ [48] ਸ਼ੁਰੂ ਕੀਤਾ, ਜਿਸ ਸਬੰਧੀ ਆਮ ਤੌਰ 'ਤੇ ਹੋਰ ਵਿਚਾਰ ਕਰਨ ਦੀ ਸਾਨੂੰ ਲੋੜ ਨਹੀਂ। ਨਵੇਂ ਲੱਭੇ ਗਏ ਦੇਸ਼ਾਂ ਵਿੱਚ ਬਸਤੀਆਂ ਸਥਾਪਤ ਕਰਨ ਨੇ ਕੌਮਾਂ ਵਿੱਚ ਇੱਕ ਦੂਜੇ ਵਿਰੁੱਧ ਵਪਾਰਕ ਘੋਲ਼ ਦੀ ਬਲਦੀ ਉੱਤੇ ਤੇਲ ਪਾਇਆ ਅਤੇ ਇਸ ਅਨੁਸਾਰ ਹੀ ਇਹ ਘੋਲ਼ ਹੋਰ ਵਧਿਆ ਅਤੇ ਦੁਸ਼ਮਣੀ ਪੈਦਾ ਹੋਈ।

ਵਪਾਰ ਅਤੇ ਕਾਰਖਾਨੇਦਾਰੀ ਦੇ ਫੈਲਣ ਨੇ ਚਲ ਸਰਮਾਏ ਦੇ ਇਕਤ੍ਰੀਕਰਣ ਨੂੰ ਤਿਖੇਰਾ ਕੀਤਾ, ਜਦੋਂ ਕਿ ਦਸਤਕਾਰੀ ਸੰਘਾਂ ਵਿੱਚ, ਜਿਹੜੀਆਂ ਆਪਣਾ ਉਤਪਾਦਨ ਵਧਾਉਣ ਲਈ ਉਤਸ਼ਾਹਤ ਨਾ ਹੋਈਆਂ, ਕੁਦਰਤੀ ਸਰਮਾਇਆ ਅਹਿਲ ਰਿਹਾ ਅਤੇ ਇੱਥੋਂ ਤਕ ਕਿ ਘੱਟ ਗਿਆ। ਵਪਾਰ ਅਤੇ ਕਾਰਖਾਨੇਦਾਰੀ ਨੇ ਵੱਡੀ ਬੁਰਜੂਆਜ਼ੀ ਪੈਦਾ ਕੀਤੀ; ਦਸਤਕਾਰੀ ਸੰਘਾਂ ਵਿੱਚ ਨਿੱਕੀ ਬੁਰਜੂਆਜ਼ੀ ਜੁੜੀ ਹੋਈ ਸੀ, ਜਿਹੜੀ ਹੁਣ ਪਹਿਲਾਂ ਵਾਂਗ ਸ਼ਹਿਰਾਂ ਵਿੱਚ ਪ੍ਰਧਾਨ ਨਹੀਂ ਸੀ ਰਹੀ ਸਗੋਂ ਵੱਡੇ ਵਪਾਰੀਆਂ ਅਤੇ ਕਾਰਖਾਨੇਦਾਰਾਂ ਦੀ ਤਾਕਤ ਅੱਗੇ ਝੁਕਣ 'ਤੇ ਮਜਬੂਰ ਸੀ।* ਇਸ ਲਈ, ਜਿਉਂ ਹੀ ਉਹਨਾਂ ਦਾ ਵਾਸਤਾ ਕਾਰਖ਼ਾਨੇਦਾਰੀ ਨਾਲ਼ ਪਿਆ, ਉਹਨਾਂ ਵਿੱਚ ਗਿਰਾਵਟ ਆ ਗਈ।

ਅਸੀਂ ਜਿਹੜੇ ਯੁਗ ਦੀ ਗੱਲ ਕਰ ਰਹੇ ਹਾਂ, ਉਸ ਵਿੱਚ ਕੌਮਾਂ ਵਿਚਕਾਰ ਲੈਣ-ਦੇਣ ਦੇ ਸਬੰਧ ਨੇ ਦੋ ਵੱਖ ਵੱਖ ਰੂਪ ਧਾਰੇ। ਪਹਿਲਾਂ ਪਹਿਲ ਗੇੜ ਵਿੱਚ ਸੋਨੇ ਅਤੇ ਚਾਂਦੀ ਦੀ ਨਿਗੂਣੀ ਮਾਤਰਾ ਨੇ ਇਹਨਾਂ ਧਾਤਾਂ ਦੀ ਬਰਾਮਦ ਉੱਤੇ ਪਾਬੰਦੀ ਲਵਾਈ; ਅਤੇ ਜਿਹੜੀ ਵਧ ਰਹੀ ਸ਼ਹਿਰੀ ਅਬਾਦੀ ਨੂੰ ਕੰਮ 'ਤੇ ਲਾਉਣ ਦੀ ਲੋੜ ਅਤੇ ਵਿਦੇਸ਼ਾਂ ਤੋਂ ਵਧੇਰੇ ਦਰਾਮਦ ਕੀਤੀ ਜਾਂਦੀ ਸੀ, ਸਨਅਤ ਦਾ ਉਹਨਾਂ ਵਿਸ਼ੇਸ਼ ਹੱਕਾਂ ਤੋਂ ਬਿਨਾਂ ਗੁਜ਼ਾਰਾ ਨਹੀਂ ਸੀ ਹੋ ਸਕਦਾ, ਜਿਹੜੇ, ਨਿਸ਼ਚੇ ਹੀ, ਨਾ ਕੇਵਲ ਘਰੋਗੀ ਮੁਕਾਬਲੇ ਵਿਰੁੱਧ ਸਗੋਂ ਮੁੱਖ ਤੌਰ 'ਤੇ ਵਿਦੇਸ਼ੀ ਮੁਕਾਬਲੇ ਵਿਰੁੱਧ ਦਿੱਤੇ ਜਾ ਸਕਦੇ ਸਨ। ਸਥਾਨਕ ਦਸਤਕਾਰੀ ਸੰਘ ਵਿਸ਼ੇਸ਼ ਹੱਕ, ਇਹਨਾਂ ਆਦਿ ਪਾਬੰਦੀਆਂ ਵਿੱਚ ਸਮੁੱਚੀ ਕੌਮ ਉੱਤੇ ਵਧਾ ਦਿੱਤੇ ਗਏ ਸਨ। ਸਰਹੱਦੀ ਚੁੰਗੀ ਉਹਨਾਂ ਖ਼ਿਰਾਜਾਂ ਤੋਂ ਪੈਦਾ ਹੋਈ ਜਿਹੜੇ ਜਗੀਰੂ ਰਾਠ ਆਪਣੇ ਇਲਾਕਿਆਂ ਵਿੱਚੋਂ ਲੰਘਣ

* [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] ਨਿੱਕੀ ਬੁਰਜੂਆਜ਼ੀ—ਦਰਮਿਆਨੀ ਜਮਾਤ—ਵੱਡੀ ਬੁਰਜੂਆਜ਼ੀ। **—ਸੰਪਾ.**

ਵਾਲ਼ੇ ਵਪਾਰੀਆਂ ਨੂੰ ਲੁੱਟ ਵਿਰੁੱਧ ਰੱਖਿਆ ਲਈ ਦੇਣ 'ਤੇ ਮਜਬੂਰ ਕਰਦੇ ਸਨ, ਖ਼ਿਰਾਜ ਜਿਹੜੇ ਇਸੇ ਤਰ੍ਹਾਂ ਪਿੱਛੋਂ ਜਾਕੇ ਸ਼ਹਿਰਾਂ ਨੇ ਲਾਏ, ਅਤੇ ਜਿਹੜੇ ਨਵੀਨ ਰਾਜਾਂ ਦੇ ਹੋਂਦ ਵਿੱਚ ਆਉਣ ਨਾਲ਼ ਧਨ ਇਕੱਠਾ ਕਰਨ ਲਈ ਖ਼ਜ਼ਾਨੇ ਦਾ ਸਭ ਤੋਂ ਸਪੱਸ਼ਟ ਸਾਧਨ ਸਨ।

ਯੂਰਪੀ ਮੰਡੀਆਂ ਵਿੱਚ ਅਮਰੀਕੀ ਸੋਨੇ ਅਤੇ ਚਾਂਦੀ ਦੇ ਪ੍ਰਗਟ ਹੋਣ, ਸਨਅਤ ਦੇ ਹੌਲੀ ਹੌਲੀ ਵਧਣ, ਵਪਾਰ ਦੇ ਤੇਜ਼ ਵਾਧੇ ਅਤੇ ਇਹਦੇ ਸਿੱਟੇ ਵਜੋਂ ਗ਼ੈਰ-ਦਸਤਕਾਰੀ ਸੰਘ ਬੁਰਜੂਆਜ਼ੀ ਦੇ ਉਭਰਨ ਅਤੇ ਮੁਦਰਾ ਦੀ ਵੱਧ ਰਹੀ ਮਹੱਤਤਾ ਨੇ ਇਹਨਾਂ ਕਦਮਾਂ ਨੂੰ ਵਧੇਰੇ ਮਹੱਤਤਾ ਦੇ ਦਿੱਤੀ। ਰਾਜ ਨੇ, ਜਿਹੜਾ ਹੁਣ ਧਨ ਤੋਂ ਬਿਨਾਂ ਕਿਤੇ ਘੱਟ ਗੁਜ਼ਾਰਾ ਕਰ ਸਕਦਾ ਸੀ, ਹੁਣ ਸੋਨੇ ਅਤੇ ਚਾਂਦੀ ਦੀ ਬਰਾਮਦ ਉੱਤੇ ਪਾਬੰਦੀ ਮਾਲੀ ਕਾਰਨਾਂ ਕਰਕੇ ਜਾਰੀ ਰੱਖੀ; ਬੁਰਜੂਆ, ਜਿਸ ਲਈ ਮੰਡੀ ਵਿੱਚ ਸੁੱਟੀਆਂ ਮੁਦਰਾ ਦੀਆਂ ਇਹ ਮਾਤਰਾਵਾਂ ਸੱਟੇਬਾਜ਼ ਲਵਾਲੀ ਦਾ ਮੁੱਖ ਮੰਤਵ ਬਣ ਗਈਆਂ, ਇਸ ਗੱਲ ਉੱਤੇ ਪੂਰੀ ਤਰ੍ਹਾਂ ਸੰਤੁਸ਼ਟ ਸੀ; ਪਹਿਲੀਆਂ ਵਿੱਚ ਸਥਾਪਤ ਕੀਤੇ ਵਿਸ਼ੇਸ਼ ਹੱਕ ਹਕੂਮਤ ਲਈ ਆਮਦਨ ਦਾ ਸੋਮਾ ਬਣ ਗਏ ਅਤੇ ਮੁਦਰਾ ਲਈ ਵੇਚੇ ਜਾਂਦੇ ਸਨ; ਸਰਹੱਦੀ ਚੁੰਗੀ ਕਨੂੰਨਾਂ ਵਿੱਚ ਬਰਾਮਦੀ ਟੈਕਸ ਪ੍ਰਗਟ ਹੋਏ, ਅਤੇ ਕਿਉਂਕਿ ਉਹ ਸਨਅਤ ਦੇ ਰਾਹ ਵਿੱਚ ਰੋਕ ਹੀ ਪਾਉਂਦੇ ਸਨ [49] ਇਸ ਲਈ ਉਹਨਾਂ ਦਾ ਮੰਤਵ ਖ਼ਾਲਸ ਮਾਲੀ ਸੀ।

ਦੂਜਾ ਯੁਗ ਸਤਾਰ੍ਹਵੀਂ ਸਦੀ ਦੇ ਮੁੱਢ ਵਿੱਚ ਸ਼ੁਰੂ ਹੋਇਆ ਅਤੇ ਲਗ ਭਗ ਅਠਾਰਵੀਂ ਸਦੀ ਦੇ ਅੰਤ ਤੱਕ ਜਾਰੀ ਰਿਹਾ। ਵਪਾਰ ਅਤੇ ਜਹਾਜ਼ਰਾਨੀ ਕਾਰਥਾਨੇਦਾਰੀ ਨਾਲ਼ੋਂ ਵਧੇਰੇ ਤੇਜ਼ੀ ਨਾਲ਼ ਫੈਲੇ ਸਨ, ਜਿਸਦਾ ਰੋਲ ਦੁਜੈਲਾ ਸੀ; ਬਸਤੀਆਂ ਚੋਖੀਆਂ ਖਪਤਕਾਰ ਬਣਦੀਆਂ ਜਾ ਰਹੀਆਂ ਸਨ; ਅਤੇ ਲੰਮੇ ਘੋਲ਼ਾਂ ਤੋਂ ਪਿਛੋਂ ਵੱਖ ਵੱਖ ਕੌਮਾਂ ਨੇ ਖੁੱਲ੍ਹ ਰਹੀ ਸੰਸਾਰ ਮੰਡੀ ਆਪੋ ਵਿੱਚ ਵੰਡ ਲਈ ਸੀ। ਇਹ ਯੁਗ ਜਹਾਜ਼ਰਾਨੀ ਦੇ ਕਨੂੰਨਾਂ ਅਤੇ ਬਸਤੀਵਾਦੀ ਅਜਾਰੇਦਾਰੀਆਂ ਨਾਲ਼ ਸ਼ੁਰੂ ਹੋਇਆ। ਜਿੱਥੋਂ ਤੱਕ ਸੰਭਵ ਸੀ ਕੌਮਾਂ ਵਿਚਕਾਰ ਮੁਕਾਬਲਾ ਮਹਿਸੂਲਾਂ, ਪਾਬੰਦੀਆਂ ਅਤੇ ਸੰਧੀਆਂ ਰਾਹੀਂ ਰੋਕ ਦਿੱਤਾ ਗਿਆ; ਅਤੇ ਅਖ਼ੀਰਲੇ ਹਥਿਆਰ ਵਜੋਂ ਮੁਕਾਬਲੇ ਦਾ ਘੋਲ਼ ਜੰਗਾਂ (ਖ਼ਾਸ ਤੌਰ 'ਤੇ ਸਮੁੰਦਰੀ ਜੰਗਾਂ) ਰਾਹੀਂ ਚਲਾਇਆ ਅਤੇ ਹੱਲ ਕੀਤਾ ਗਿਆ। ਸਭ ਤੋਂ ਵੱਧ ਬਲਵਾਨ ਸਮੁੰਦਰੀ ਕੌਮ, ਅੰਗ੍ਰੇਜ਼ਾਂ ਨੂੰ ਵਪਾਰ ਅਤੇ ਕਾਰਖਾਨੇਦਾਰੀ ਵਿੱਚ ਪ੍ਰਮੁੱਖਤਾ ਪ੍ਰਾਪਤ ਰਹੀ। ਇੱਥੇ ਅਸੀਂ ਪਹਿਲਾਂ ਹੀ ਇਕ ਦੇਸ਼ ਵਿੱਚ ਇਕਤ੍ਰੀਕਰਣ ਵੇਖ ਸਕਦੇ ਹਾਂ।

ਕਾਰਖਾਨੇਦਾਰੀ ਦੀ ਸਾਰਾ ਸਮਾਂ ਘਰੋਗੀ ਮੰਡੀ ਵਿੱਚ ਰੱਖਿਆਤਮਕ ਟੈਕਸਾਂ ਰਾਹੀਂ, ਬਸਤੀਵਾਦੀ ਮੰਡੀਆਂ ਵਿੱਚ ਅਜਾਰੇਦਾਰੀਆਂ ਰਾਹੀਂ ਅਤੇ ਵਿਦੇਸ਼ਾਂ ਵਿੱਚ, ਜਿੱਥੋਂ ਤੱਕ ਹੋ ਸਕੇ, ਫ਼ਰਕਦਾਰ ਟੈਕਸਾਂ ਰਾਹੀਂ ਰੱਖਿਆ ਕੀਤੀ ਜਾਂਦੀ ਸੀ। ਦੇਸ਼ ਵਿੱਚ ਪੈਦਾ ਕੀਤੀਆਂ ਵਸਤਾਂ ਤੋਂ ਮਾਲ ਤਿਆਰ ਕਰਨ ਨੂੰ ਉਤਸ਼ਾਹ ਦਿੱਤਾ ਜਾਂਦਾ ਸੀ (ਇੰਗਲੈਂਡ ਵਿੱਚ ਉੱਨ ਅਤੇ ਲਿਨਿਨ, ਫ਼ਰਾਂਸ ਵਿੱਚ ਰੇਸ਼ਮ)। ਦੇਸ਼ ਵਿੱਚ ਪੈਦਾ ਕੀਤੇ ਕੱਚੇ ਮਾਲ ਦੀ ਬਰਾਮਦ ਉੱਤੇ ਪਾਬੰਦੀ ਲਾਈ ਜਾਂਦੀ ਸੀ (ਇੰਗਲੈਂਡ ਵਿੱਚ ਉੱਨ) ਅਤੇ ਦਰਾਮਦ ਕੀਤੇ ਕੱਚੇ ਮਾਲ ਤੋਂ ਵਸਤਾਂ ਤਿਆਰ ਕਰਨ (ਇੰਗਲੈਂਡ ਵਿੱਚ ਰੂੰ) ਵੱਲ ਅਣਗਹਿਲੀ ਵਰਤੀ ਜਾਂਦੀ ਜਾਂ ਉਹਨੂੰ

ਦਬਾਇਆ ਜਾਂਦਾ। ਸਮੁੰਦਰੀ ਵਪਾਰ ਅਤੇ ਬਸਤੀਵਾਦੀ ਸ਼ਕਤੀ ਵਿੱਚ ਮੋਹਰੀ ਕੌਮ ਨੇ ਸੁਭਾਵਕ ਹੀ ਆਪਣੇ ਲਈ ਵੱਧ ਤੋਂ ਵੱਧ ਕਾਰਖਾਨੇਦਾਰੀ ਦਾ ਮਾਤਰਕ ਅਤੇ ਸਿਫ਼ਤੀ ਪਸਾਰ ਪ੍ਰਾਪਤ ਕਰ ਲਿਆ। ਕਾਰਖਾਨੇਦਾਰੀ ਰਖਿਆ ਤੋਂ ਬਿਨਾਂ ਜਾਰੀ ਨਹੀਂ ਰੱਖੀ ਜਾ ਸਕਦੀ, ਕਿਉਂਕਿ, ਜੇ ਹੋਰਨਾਂ ਦੇਸ਼ਾਂ ਵਿੱਚ ਮਾੜੀ ਜਿਹੀ ਤਬਦੀਲੀ ਵੀ ਆਵੇ, ਇਹਦੀ ਮੰਡੀ ਖੁਸ ਸਕਦੀ ਹੈ ਅਤੇ ਇਹ ਤਬਾਹ ਹੋ ਸਕਦੀ ਹੈ; ਮੁਨਾਸਬ ਹਦ ਤੱਕ ਸੁਖਾਵੀਆਂ ਪ੍ਰਸਥਿਤੀਆਂ ਵਿੱਚ ਇਹ ਸੌਖੇ ਹੀ ਕਿਸੇ ਦੇਸ਼ ਵਿੱਚ ਲਾਗੂ ਕੀਤੀ ਜਾ ਸਕਦੀ ਹੈ ਪਰ ਇਸੇ ਕਾਰਨ ਹੀ ਇਹ ਸੌਖੇ ਹੀ ਤਬਾਹ ਹੋ ਸਕਦੀ ਹੈ। ਇਹਦੇ ਨਾਲ਼ ਹੀ ਜਿਸ ਢੰਗ ਨਾਲ਼ ਇਹ ਚਲਾਈ ਜਾਂਦੀ ਹੈ, ਵਿਸ਼ੇਸ਼ ਤੌਰ ’ਤੇ ਅਠਾਰ੍ਹਵੀਂ ਸਦੀ ਦੇ ਪੇਂਡੂ ਇਲਾਕੇ ਵਿੱਚ, ਵਿਅਕਤੀਆਂ ਦੇ ਵੱਡੇ ਸਮੂਹ ਦੀਆਂ ਜੀਵਨ ਪ੍ਰਸਥਿਤੀਆਂ ਨਾਲ਼ ਇਹਦੀ ਤਾਣੀ ਇੰਨੀ ਰਲ਼ੀ ਹੁੰਦੀ ਹੈ ਕਿ ਕੋਈ ਵੀ ਦੇਸ਼ ਆਜ਼ਾਦ ਮੁਕਾਬਲੇ ਦੀ ਆਗਿਆ ਦੇਕੇ ਇਹਨੂੰ ਖ਼ਤਰੇ ਵਿੱਚ ਪਾਉਣ ਦਾ ਹੀਆ ਨਹੀਂ ਕਰਦਾ। ਇਹਦੇ ਸਿੱਟੇ ਵਜੋਂ ਜਿਥੋਂ ਤੱਕ ਕਾਰਖਾਨੇਦਾਰੀ ਬਰਾਮਦ ਵਿੱਚ ਸਫ਼ਲ ਹੁੰਦੀ ਹੈ, ਉਹ ਸਮੁੱਚੇ ਤੌਰ ’ਤੇ ਵਪਾਰ ਦੇ ਫ਼ੈਲਣ ਜਾਂ ਸੀਮਤ ਹੋਣ ਉੱਤੇ ਨਿਰਭਰ ਹੁੰਦੀ ਹੈ ਅਤੇ [ਪਿਛਲੇਰੇ ਉੱਤੇ] ਇਹਦਾ ਪ੍ਰਤਿਕਰਮ ਨਿਸਬਤਨ ਬਹੁਤ ਥੋੜ੍ਹਾ ਹੁੰਦਾ ਹੈ। ਇਸੇ ਲਈ ਅਠਾਰ੍ਹਵੀਂ ਸਦੀ ਵਿੱਚ ਇਹਦਾ ਦੁਜੈਲਾ [ਰੋਲ] ਅਤੇ [ਵਪਾਰੀਆਂ] ਦਾ ਪ੍ਰਭਾਵ। [50] ਇਹ ਵਪਾਰੀ ਅਤੇ ਖ਼ਾਸ ਤੌਰ ’ਤੇ ਜਹਾਜ਼ਾਂ ਦੇ ਮਾਲਕ ਹੀ ਸਨ, ਜਿਨ੍ਹਾਂ ਕਿਸੇ ਹੋਰ ਨਾਲ਼ੋਂ ਵੱਧ ਰਾਜ ਦੀ ਰੱਖਿਆ ਅਤੇ ਅਜਾਰੇਦਾਰੀਆਂ ਲਈ ਜ਼ੋਰ ਦਿੱਤਾ; ਨਿਰਸੰਦੇਹ, ਕਾਰਖਾਨੇਦਾਰਾਂ ਨੇ ਵੀ ਰੱਖਿਆ ਦੀ ਮੰਗ ਕੀਤੀ ਅਤੇ ਨਿਸ਼ਚੇ ਹੀ ਉਹਨਾਂ ਨੂੰ ਇਹ ਮਿਲੀ ਪਰ ਸਾਰਾ ਸਮਾਂ ਉਹ ਸਿਆਸੀ ਮਹੱਤਤਾ ਵਿੱਚ ਵਪਾਰੀਆਂ ਨਾਲ਼ੋਂ ਹੀਣੇ ਸਨ। ਵਪਾਰਕ ਸ਼ਹਿਰ, ਵਿਸ਼ੇਸ਼ ਤੌਰ ’ਤੇ ਤੱਟ-ਵਰਤੀ ਸ਼ਹਿਰ, ਕੁੱਝ ਹਦ ਤਕ ਸਭਿਆ ਹੋ ਗਏ ਅਤੇ ਉਹਨਾਂ ਵੱਡੀ ਬੁਰਜੂਆਜ਼ੀ ਦੀ ਦਿਖ ਪ੍ਰਾਪਤ ਕਰ ਲਈ, ਪਰ ਕਾਰਖਾਨਿਆਂ ਵਾਲ਼ੇ ਸ਼ਹਿਰਾਂ ਵਿੱਚ ਅਤਿਅੰਤ ਨਿੱਕ-ਬੁਰਜੂਆ ਦਿਖ ਜੰਮੀ ਰਹੀ। ਵੇਖੋ ਏਕਿਨ, ਆਦਿ।* ਅਠਾਰ੍ਹਵੀਂ ਸਦੀ ਵਪਾਰ ਦੀ ਸਦੀ ਸੀ। ਪਿੰਟੋ ਬੜੇ ਪ੍ਰਗਟਾਊ ਢੰਗ ਨਾਲ਼ ਕਹਿੰਦਾ ਹੈ: «Le Commerce fait la marotte du siècle»** ਅਤੇ «Depuis quelque temps il n’est plus question que de commerce,

---

* J. Aikin. «A Description of the Country from thirty to forty miles round Manchester». London 1795. ਜਾਨ ਏਕਿਨ, ਮਾਨਚੇਸਟਰ ਦੇ ਦੁਆਲੇ ਦੇ ਤੀਹ ਤੋਂ ਚਾਲ੍ਹੀ ਮੀਲ ਇਲਾਕੇ ਦਾ ਬਿਆਨ। —**ਸੰਪਾ.**

** ਲੇਖਕ ਇੱਥੇ ਪਿੰਟੋ ਦੀ ਪੁਸਤਕ «Traité de la Circulation et du Crédit» (“ਗੇੜ ਅਤੇ ਕਰਜ਼ੇ ਬਾਰੇ ਨਿਬੰਧ”), ਐਮਸਟਰਡਮ, 1771, ਪੰਨੇ 234 ਅਤੇ 283 ਵਿੱਚ ਛਪੇ «Lettre sur la Jalousie de Commerce» (“ਵਪਾਰ ਵਿੱਚ ਮੁਕਾਬਲੇ ਬਾਰੇ ਖ਼ਤ” ਵਿਚੋਂ ਟੂਕ ਦੇ ਰਹੇ ਹਨ। —**ਸੰਪਾ.**

de navigation et de marine»*

ਸਰਮਾਏ ਦੀ ਗਤੀਸ਼ੀਲਤਾ, ਭਾਵੇਂ ਇਹ ਚੋਖੀ ਤਿੱਖੀ ਹੋ ਗਈ ਸੀ, ਪਰ ਅਜੇ ਵੀ ਨਿਸਬਤਨ ਮਧਮ ਹੀ ਰਹੀ। ਸੰਸਾਰ ਮੰਡੀ ਦਾ ਵੱਖ ਵੱਖ ਹਿੱਸਿਆਂ ਵਿੱਚ ਵੰਡਿਆ ਜਾਣਾ ਜਿਨ੍ਹਾਂ ਵਿੱਚੋਂ ਹਰ ਇੱਕ ਤੋਂ ਇਕ ਵਿਸ਼ੇਸ਼ ਕੌਮ ਲੁੱਟ ਦਾ ਲਾਭ ਉਠਾਉਂਦੀ ਸੀ, ਵੱਖ ਵੱਖ ਕੌਮਾਂ ਵਿਚਕਾਰ ਮੁਕਾਬਲੇ ਵਿੱਚ ਰੋਕਾਂ, ਉਤਪਾਦਨ ਦਾ ਬੇਢੰਗੇਪਣ ਅਤੇ ਇਹ ਤੱਥ ਕਿ ਮਾਲੀ ਪ੍ਰਬੰਧ ਆਪਣੇ ਮੁਢਲੇ ਪੜਾਆਂ ਵਿੱਚ ਹੀ ਵਿਕਸਤ ਹੋ ਰਹੀ ਸੀ, ਇਹਨਾਂ ਨੇ ਗੇੜ ਵਿੱਚ ਬਹੁਤ ਰੁਕਾਵਟ ਪਾਈ। ਇਹਦਾ ਸਿੱਟਾ ਸੌਦੇਬਾਜ਼, ਨੀਚ ਅਤੇ ਕੰਜੂਸ ਭਾਵਨਾ ਸੀ ਜਿਹੜੀ ਸਭਨਾਂ ਵਪਾਰੀਆਂ ਨੂੰ ਅਤੇ ਵਪਾਰ ਕਰਨ ਦੇ ਸਾਰੇ ਢੰਗ ਨੂੰ ਚੰਬੜੀ ਰਹਿੰਦੀ। ਕਾਰਖਾਨੇਦਾਰਾਂ ਅਤੇ ਸਭ ਤੋਂ ਵੱਧ ਦਸਤਕਾਰਾਂ ਦੇ ਮੁਕਾਬਲੇ ਉੱਤੇ ਉਹ ਨਿਸਚੇ ਹੀ ਵੱਡੀ ਬੁਰਜੂਆਜ਼ੀ ਸਨ; ਅਗਲੇ ਸਮੇਂ ਦੇ ਵਪਾਰੀਆਂ ਸਨਅਤਕਾਰਾਂ ਦੇ ਮੁਕਬਾਲੇ ਉੱਤੇ ਉਹ ਨਿੱਕੀ ਬੁਰਜੂਆਜ਼ੀ ਸਨ। ਵੇਖੋ ਐਡਮ ਸਮਿਥ।[18]

ਸੋਨੇ ਅਤੇ ਚਾਂਦੀ ਦੀ ਬਰਾਮਦ ਉੱਤੇ ਪਾਬੰਦੀ ਦਾ ਅੰਤ, ਮੁਦਰਾ ਵਪਾਰ, ਬੈਕਾਂ, ਕੌਮੀ ਕਰਜ਼ੇ, ਕਾਗ਼ਜ਼ੀ ਮੁਦਰਾ, ਹੁੰਡੀਆਂ ਅਤੇ ਹਿੱਸਿਆਂ ਦੀ ਸੱਟੇਬਾਜ਼ੀ, ਸਭਨਾਂ ਵਸਤਾਂ ਵਿੱਚ ਹਿੱਸਿਆਂ ਦੀ ਦਲਾਲੀ ਅਤੇ ਆਮ ਤੌਰ ’ਤੇ ਵਿੱਤ ਸਰਮਾਏ ਦਾ ਵਿਕਾਸ ਵੀ ਇਸ ਸਮੇਂ ਦੇ ਲੱਛਣ ਹਨ। ਸਰਮਾਏ ਦੇ ਕੁਦਰਤੀ ਖ਼ਾਸੇ ਦੇ ਇੱਕ ਵੱਡਾ ਹਿੱਸੇ ਦਾ, ਜਿਹੜਾ ਅਜੇ ਤੱਕ ਇਹਨੂੰ ਚੰਬੜਿਆ ਹੋਇਆ ਸੀ, ਅੰਤ ਹੋ ਗਿਆ।

## [4. ਕਿਰਤ ਦੀ ਅਤਿ-ਅੰਤ ਵਿਸ਼ਾਲ ਵੰਡ। ਵੱਡ-ਪੱਧਰੀ ਸਨਅਤ]

ਇੱਕ ਦੇਸ਼ ਇੰਗਲੈਂਡ ਵਿੱਚ ਵਪਾਰ ਅਤੇ ਕਾਰਖਾਨੇਦਾਰੀ ਦੇ ਕੇਂਦਰੀਕਰਣ ਨੇ, ਜਿਸਦਾ ਸਤਾਰ੍ਹਵੀਂ ਸਦੀ ਵਿੱਚ ਅਮੋੜ ਵਿਕਾਸ ਹੋਇਆ, ਹੌਲੀ ਹੌਲੀ ਇਸ ਦੇਸ਼ ਲਈ ਇੱਕ ਅਜਿਹੀ ਮੰਗ ਪੈਦਾ ਕਰ ਦਿੱਤੀ ਜਿਹੜੀ ਉਹ ਉਤਪਾਦਕ ਸ਼ਕਤੀਆਂ ਪੂਰੀ ਨਹੀਂ ਸਨ ਕਰ ਸਕਦੀਆਂ ਜਿਨ੍ਹਾਂ ਦੀ ਹੁਣ ਤੱਕ ਹੋਂਦ ਰਹੀ ਸੀ। ਇਹ ਮੰਗ ਜਿਹੜੀ ਉਤਪਾਦਕ ਸ਼ਕਤੀਆਂ ਤੋਂ ਅੱਗੇ ਲੰਘ ਗਈ ਸੀ, ਉਹ ਚਾਲਕ ਸ਼ਕਤੀ ਸੀ, ਜਿਸਨੇ ਵੱਡ-ਪੱਧਰੀ ਸਨਅਤ—ਕੁਦਰਤੀ ਸ਼ਕਤੀਆਂ ਨੂੰ ਸਨਅਤੀ ਮੰਤਵਾਂ ਲਈ ਵਰਤਣਾ, ਮਸ਼ੀਨਾਂ ਅਤੇ ਕਿਰਤ ਦੀ ਅਤਿਅੰਤ ਵਿਸ਼ਾਲ ਵੰਡ ਪੈਦਾ ਕਰਕੇ ਮੱਧ ਕਾਲ ਦੇ ਸਮੇਂ ਤੋਂ ਨਿੱਜੀ ਜਾਇਦਾਦ ਦੇ ਤੀਜੇ ਰੂਪ ਨੂੰ ਹੋਂਦ ਵਿੱਚ ਲਿਆਂਦਾ [51]। ਇੰਗਲੈਂਡ ਵਿੱਚ ਇਸ ਨਵੇਂ ਦੌਰ ਲਈ ਬਾਕੀ ਸਭ ਮੁਢਲੀਆਂ ਸ਼ਰਤਾਂ ਮੌਜੂਦ ਸਨ: ਕੌਮ ਦੇ ਅੰਦਰ ਮੁਕਬਾਲੇ ਦੀ ਆਜ਼ਾਦੀ, ਸਿਧਾਂਤਕ ਯੰਤਰ-ਵਿਗਿਆਨ

* “ਕੁੱਝ ਸਮੇਂ ਤੋਂ ਲੋਕ ਕੇਵਲ ਵਪਾਰ, ਜਹਾਜ਼ਰਾਨੀ ਅਤੇ ਸਮੁੰਦਰੀ ਬੇੜੇ ਦੀਆਂ ਹੀ ਗੱਲਾਂ ਕਰਦੇ ਰਹੇ ਹਨ।” (ਉਪਰੋਕਤ) —**ਸੰਪਾ.**

ਦਾ ਵਿਕਾਸ ਆਦਿ (ਨਿਰਸੰਦੇਹ, ਜਿਸ ਰੂਪ ਵਿੱਚ ਨਿਊਟਨ ਨੇ ਇਹਨੂੰ ਵਿਕਸਤ ਕੀਤਾ, ਯੰਤਰ-ਵਿਗਿਆਨ (Machanics) ਉਸ ਰੂਪ ਵਿੱਚ ਅਠਾਰ੍ਹਵੀਂ ਸਦੀ ਵਿੱਚ ਇੰਗਲੈਂਡ ਅਤੇ ਫ਼ਰਾਂਸ ਵਿੱਚ ਉਕਾ ਹੀ ਸਭ ਤੋਂ ਵੱਧ ਲੋਕ-ਪ੍ਰਿਅ ਵਿਗਿਆਨ ਸੀ।) (ਕੌਮ ਦੇ ਅੰਦਰ ਆਜ਼ਾਦ ਮੁਕਾਬਲਾ ਹਰ ਥਾਂ ਇਨਕਲਾਬ ਰਾਹੀਂ ਜਿੱਤਣਾ ਪਿਆ ਸੀ—1640 ਅਤੇ 1688 ਇੰਗਲੈਂਡ ਵਿੱਚ, 1789 ਫ਼ਰਾਂਸ ਵਿੱਚ।)

ਛੇਤੀ ਹੀ ਮੁਕਾਬਲੇ ਨੇ ਹਰ ਉਸ ਦੇਸ਼ ਨੂੰ ਜਿਹੜਾ ਆਪਣਾ ਇਤਿਹਾਸਕ ਰੋਲ ਕਾਇਮ ਰੱਖਣਾ ਚਾਹੁੰਦਾ ਸੀ, ਇਸ ਗੱਲ ਉੱਤੇ ਮਜਬੂਰ ਕਰ ਦਿੱਤਾ ਕਿ ਉਹ ਆਪਣੀਆਂ ਕਾਰਖਾਨੇਦਾਰੀਆਂ ਦੀ ਨਵੇਂ ਚੁੰਗੀ ਨਿਯਮਾਂ ਰਾਹੀਂ ਰੱਖਿਆ ਕਰੇ (ਪੁਰਾਣੇ ਟੈਕਸ ਵੱਡ-ਪੱਧਰੀ ਸਨਅਤ ਵਿਰੁੱਧ ਹੁਣ ਕਿਸੇ ਕੰਮ ਦੇ ਨਹੀਂ ਸਨ ਰਹੇ) ਅਤੇ ਛੇਤੀ ਹੀ ਰੱਖਿਅਕ ਟੈਕਸਾਂ ਅਧੀਨ ਵਡ-ਪੱਧਰੀ ਸਨਅਤ ਸ਼ੁਰੂ ਕਰੇ। ਇਹਨਾਂ ਰੱਖਿਅਕ ਕਦਮਾਂ ਦੇ ਬਾਵਜੂਦ ਵੱਡ-ਪੱਧਰੀ ਸਨਅਤ ਨੇ ਮੁਕਾਬਲੇ ਨੂੰ ਸੰਸਾਰ ਵਿਆਪੀ ਬਣਾਇਆ (ਇਹ ਅਮਲੀ ਤੌਰ ’ਤੇ ਆਜ਼ਾਦ ਵਪਾਰ ਹੈ; ਰੱਖਿਅਕ ਟੈਕਸ ਕੇਵਲ ਇੱਕ ਘਟਾਊ ਹੈ, ਆਜ਼ਾਦ ਵਪਾਰ ਦੇ **ਅੰਦਰ** ਰੱਖਿਆ ਦਾ ਇੱਕ ਕਦਮ ਹੈ), ਸੰਚਾਰ ਦੇ ਸਾਧਨ ਅਤੇ ਨਵੀਨ ਸੰਸਾਰ ਮੰਡੀ ਸਥਾਪਤ ਕੀਤੀ, ਵਪਾਰ ਨੂੰ ਆਪਣੇ ਅਧੀਨ ਕੀਤਾ, ਕੁੱਲ ਸਰਮਾਏ ਨੂੰ ਸਨਅਤੀ ਸਰਮਾਏ ਵਿੱਚ ਤਬਦੀਲ ਕਰ ਦਿੱਤਾ ਅਤੇ ਇਉਂ ਤੇਜ਼ ਗੇੜ (ਵਿੱਤ ਪ੍ਰਣਾਲੀ ਦਾ ਵਿਕਾਸ) ਅਤੇ ਸਰਮਾਏ ਦਾ ਕੇਂਦਰੀਕਰਣ ਪੈਦਾ ਕੀਤੇ। ਸੰਸਾਰ ਵਿਆਪੀ ਮੁਕਾਬਲੇ ਰਾਹੀਂ ਇਹਨੇ ਵਿਅਕਤੀਆਂ ਨੂੰ ਮਜਬੂਰ ਕੀਤਾ ਕਿ ਉਹ ਆਪਣੀ ਸ਼ਕਤੀ ਉੱਤੇ ਵੱਧ ਤੋਂ ਵੱਧ ਦਬਾਅ ਪਾਉਣ। ਜਿੱਥੋਂ ਤੱਕ ਸੰਭਵ ਹੋਇਆ ਇਹਨੇ ਵਿਚਾਰਧਾਰਾ, ਧਰਮ, ਸਦਾਚਾਰ ਆਦਿ ਨੂੰ ਤਬਾਹ ਕਰ ਦਿੱਤਾ, ਅਤੇ ਜਿੱਥੇ ਉਹ ਅਜਿਹਾ ਨਾ ਕਰ ਸਕਿਆ ਉੱਥੇ ਉਹਨਾਂ ਨੂੰ ਇੱਕ ਸਪਸ਼ਟ ਝੂਠ ਵਿੱਚ ਤਬਦੀਲ ਕਰ ਦਿੱਤਾ। ਇਹਨੇ ਪਹਿਲੀ ਵਾਰ ਸੰਸਾਰ ਇਤਿਹਾਸ ਪੈਦਾ ਕੀਤਾ, ਕਿਉਂਕਿ ਇਹਨੇ ਸਭਨਾਂ ਸਭਿਆਂ ਕੌਮਾਂ ਅਤੇ ਉਹਨਾਂ ਦੇ ਹਰ ਵਿਅਕਤੀ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਮੁੱਚੇ ਸੰਸਾਰ ਉੱਤੇ ਨਿਰਭਰ ਕਰ ਦਿੱਤਾ ਅਤੇ ਇਉਂ ਵੱਖ ਵੱਖ ਕੌਮਾਂ ਦੀ ਪਹਿਲੀਆਂ ਦੀ ਅਨੰਨਤਾ ਖ਼ਤਮ ਕਰ ਦਿੱਤੀ। ਇਹਨੇ ਕੁਦਰਤੀ ਵਿਗਿਆਨ ਨੂੰ ਸਰਮਾਏ ਦੇ ਅਧੀਨ ਕਰ ਦਿੱਤਾ ਅਤੇ ਕਿਰਤ ਦੀ ਵੰਡ ਤੋਂ ਇਹਦੇ ਕੁਦਰਤੀ ਖ਼ਾਸੇ ਦੀ ਆਖ਼ਰੀ ਸਰੂਪਤਾ ਲੈ ਲਈ। ਜਿੱਥੋਂ ਤੱਕ ਇਹ ਕਿਰਤ ਲਈ ਸੰਭਵ ਹੈ, ਇਹਨੇ ਉਹਦਾ ਕੁਦਰਤੀ ਖ਼ਾਸਾ ਉਕਾ ਤਬਾਹ ਕਰ ਦਿੱਤਾ ਅਤੇ ਸਭਨਾਂ ਕੁਦਰਤੀ ਸਬੰਧਾਂ ਨੂੰ ਘਟਾ ਕੇ ਮੁਦਰਾ ਸਬੰਧ ਬਣਾ ਦਿੱਤਾ। ਕੁਦਰਤੀ ਤੌਰ ’ਤੇ ਬਣੇ ਨਗਰਾਂ ਦੀ ਥਾਂ ਇਹਨੇ ਨਵੀਨ, ਵੱਡੇ ਸਨਅਤੀ ਸ਼ਹਿਰ ਸਿਰਜੇ, ਜਿਹੜੇ ਰਾਤੋ ਰਾਤ ਉਭਰ ਆਏ ਸਨ। ਜਿਥੇ ਕਿਧਰੇ ਇਹਨੇ ਸਰਦਾਰੀ ਪ੍ਰਾਪਤ ਕਰ ਲਈ, ਇਹਨੇ ਕਿੱਤੇ ਅਤੇ ਸਨਅਤ ਦੇ ਸਭ ਪਹਿਲੇਰੇ ਪੜਾਅ ਤਬਾਹ ਕਰ ਦਿੱਤੇ। ਇਹਨੇ ਪਿੰਡ ਉੱਤੇ ਸ਼ਹਿਰ ਦੀ ਜਿੱਤ ਨੂੰ ਮੁਕੰਮਲ ਕੀਤਾ। ਇਹਦਾ [ਆਧਾਰ]* ਸਵੈਚਾਲਿਤ ਪ੍ਰਬੰਧ ਹੈ। ਇਹਨੇ ਉਤਪਾਦਕ ਸ਼ਕਤੀਆਂ ਦਾ

* ਇੱਥੇ ਖਰੜਾ ਖ਼ਰਾਬ ਹੋਇਆ ਹੈ। **—ਸੰਪਾ.**

ਇੱਕ ਸਮੂਹ ਪੈਦਾ ਕੀਤਾ, ਜਿਸ ਲਈ ਨਿੱਜੀ ਜਾਇਦਾਦ ਉਸੇ ਤਰ੍ਹਾਂ ਇੱਕ ਸੰਗਲ ਬਣ ਗਈ [52] ਜਿਸ ਤਰ੍ਹਾਂ ਦਸਤਕਾਰੀ ਸੰਘ ਕਾਰਖਾਨੇਦਾਰੀ ਲਈ ਸੀ ਅਤੇ ਨਿੱਕੀ ਪੇਂਡੂ ਵਰਕਸ਼ਾਪ ਵਿਕਸਤ ਹੋ ਰਹੀਆਂ ਦਸਤਕਾਰੀਆਂ ਲਈ। ਨਿੱਜੀ ਜਾਇਦਾਦ ਦੀ ਪ੍ਰਣਾਲੀ ਅਧੀਨ ਇਹਨਾਂ ਉਤਪਾਦਕ ਸ਼ਕਤੀਆਂ ਨੂੰ ਕੇਵਲ ਇੱਕ-ਪੱਖੀ ਵਿਕਾਸ ਪ੍ਰਾਪਤ ਹੁੰਦਾ ਹੈ ਅਤੇ ਬਹੁ-ਗਿਣਤੀ ਲਈ ਉਹ ਤਬਾਹਕਰੂ ਸ਼ਕਤੀਆਂ ਬਣ ਜਾਂਦੀਆਂ ਹਨ; ਨਾਲ਼ੇ ਇਹਨਾਂ ਵਿਚੋਂ ਬਹੁਤ ਸਾਰੀਆਂ ਸ਼ਕਤੀਆਂ ਨੂੰ ਨਿੱਜੀ ਜਾਇਦਾਦ ਦੀ ਪ੍ਰਣਾਲੀ ਅਧੀਨ ਕੋਈ ਕਾਰਜ ਨਹੀਂ ਲੱਭਦਾ। ਆਮ ਤੌਰ 'ਤੇ ਗੱਲ ਕਰਦਿਆਂ ਵੱਡ-ਪੱਧਰੀ ਸਨਅਤ ਹਰ ਥਾਂ ਸਮਾਜ ਦੀਆਂ ਸ਼੍ਰੇਣੀਆਂ ਵਿਚਕਾਰ ਇੱਕੋ ਜਿਹੇ ਸਬੰਧ ਪੈਦਾ ਕਰਦੀ ਹੈ ਅਤੇ ਇਉਂ ਵੱਖ ਵੱਖ ਕੌਮੀਅਤਾਂ ਦੇ ਵਿਸ਼ੇਸ਼ ਲੱਛਣਾਂ ਨੂੰ ਖ਼ਤਮ ਕਰ ਦੇਂਦੀ ਹੈ। ਅਤੇ ਅੰਤ, ਜਿੱਥੇ ਹਰ ਕੌਮੀਅਤ ਦੀ ਬੁਰਜੂਆਜ਼ੀ ਦੇ ਅਜੇ ਵੀ ਆਪਣੇ ਵੱਖ ਵੱਖ ਨਿਜੀ ਹਿਤ ਹਨ, ਵੱਡ-ਪੱਧਰੀ ਸਨਅਤ ਨੇ ਇਕ ਅਜਿਹੀ ਜਮਾਤ ਪੈਦਾ ਕੀਤੀ ਹੈ ਜਿਸਦੇ ਸਭਨਾਂ ਕੌਮਾਂ ਵਿੱਚ ਇਕੋ ਜਿਹੇ ਹਿਤ ਹਨ ਅਤੇ ਜਿਸ ਲਈ ਕੌਮੀਅਤ ਪਹਿਲਾਂ ਹੀ ਮਰ ਚੁੱਕੀ ਹੈ; ਇਕ ਅਜਿਹੀ ਜਮਾਤ ਜਿਹੜੀ ਕੁੱਲ ਪੁਰਾਣੀ ਦੁਨੀਆਂ ਤੋਂ ਸੱਚਮੁਚ ਮੁਕਤ ਹੈ ਅਤੇ ਨਾਲ਼ ਦੀ ਨਾਲ਼ ਉਹਦੇ ਵਿਰੁੱਧ ਡਟੀ ਹੋਈ ਹੈ। ਕਿਰਤੀ ਲਈ ਇਹ ਨਾ ਕੇਵਲ ਸਰਮਾਏਦਾਰ ਨਾਲ਼ ਸਬੰਧ, ਸਗੋਂ ਖ਼ੁਦ ਕਿਰਤ ਵੀ, ਅਸਹਿ ਬਣਾ ਦੇਂਦੀ ਹੈ।

ਇਹ ਸਪਸ਼ਟ ਹੈ ਕਿ ਵੱਡ-ਪੱਧਰੀ ਸਨਅਤ ਦੇਸ਼ ਦੇ ਸਭਨਾਂ ਇਲਾਕਿਆਂ ਵਿੱਚ ਇਕੋ ਜਿਹੀ ਵਿਕਸਤ ਨਹੀਂ ਹੁੰਦੀ। ਪਰ ਇਸ ਨਾਲ਼ ਪ੍ਰੋਲਤਾਰੀ ਦੀ ਜਮਾਤੀ ਲਹਿਰ ਵਿੱਚ ਰੋਕ ਨਹੀਂ ਪੈਂਦੀ, ਕਿਉਂਕਿ ਵੱਡੀ ਸਨਅਤ ਵਲੋਂ ਪੈਦਾ ਕੀਤੇ ਪ੍ਰੋਲਤਾਰੀ ਇਸ ਲਹਿਰ ਦੀ ਅਗਵਾਈ ਆਪਣੇ ਹੱਥ ਲੈ ਲੈਂਦੇ ਹਨ ਅਤੇ ਸਾਰੇ ਸਮੂਹ ਨੂੰ ਆਪਣੇ ਨਾਲ਼ ਖਿੱਚ ਲਿਜਾਂਦੇ ਹਨ ਅਤੇ ਕਿਉਂਕਿ ਵਡ-ਪੱਧਰੀ ਸਨਅਤ ਤੋਂ ਵੱਖ ਕੀਤੇ ਕਿਰਤੀ ਉਸ ਨਾਲ਼ੋਂ ਵੀ ਭੈੜੀ ਪ੍ਰਸਥਿਤੀ ਵਿੱਚ ਅੱਪੜ ਜਾਂਦੇ ਹਨ, ਜਿਸ ਵਿੱਚ ਖ਼ੁਦ ਵਡ-ਪੱਧਰੀ ਸਨਅਤ ਦੇ ਕਿਰਤੀ ਹੁੰਦੇ ਹਨ। ਜਿਨ੍ਹਾਂ ਦੇਸ਼ਾਂ ਵਿੱਚ ਵੱਡ-ਪੱਧਰੀ ਸਨਅਤ ਵਿਕਸਤ ਹੋ ਗਈ ਹੈ ਉਹ ਗ਼ੈਰ-ਸਨਅਤੀ ਦੇਸ਼ਾਂ ਉੱਤੇ ਘੱਟ ਜਾਂ ਵੱਧ ਇਸੇ ਤਰ੍ਹਾਂ ਅਮਲ ਕਰਦੇ ਹਨ, ਕਿਉਂਕਿ ਸੰਸਾਰ ਲਵਾਲੀ-ਵਿਕਵਾਲੀ ਕਾਰਨ ਪਿਛਲੇਰੇ ਸੰਸਾਰ ਵਿਆਪੀ ਮੁਕਾਬਲੇ ਦੇ ਘੋਲ਼ ਵਿੱਚ ਖਿੱਚੇ ਆਉਂਦੇ ਹਨ।

* * *

[ਉਤਪਾਦਨ ਦੇ] ਇਹ ਵੱਖ ਵੱਖ ਰੂਪ ਕਿਰਤ ਦੀ ਜਥੇਬੰਦੀ ਦੇ ਅਤੇ ਇਸੇ ਲਈ ਜਾਇਦਾਦ ਦੇ, ਇਨੇ ਸਾਰੇ ਵੱਖ ਵੱਖ ਰੂਪ ਹੀ ਹਨ। ਹਰ ਸਮੇਂ ਵਿੱਚ ਵਿਦਮਾਨ ਉਤਪਾਦਕ ਸ਼ਕਤੀਆਂ ਦਾ ਏਕੀਕਰਨ ਹੁੰਦਾ ਹੈ, ਜਿਸ ਹਦ ਤੱਕ ਇਹ ਲੋੜਾਂ ਨੇ ਜ਼ਰੂਰੀ ਬਣਾ ਦਿੱਤਾ ਹੁੰਦਾ ਹੈ।

———————

## [5. ਸਮਾਜਕ ਇਨਕਲਾਬ ਦੇ ਆਧਾਰ ਵਜੋਂ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਰੂਪ ਵਿੱਚ ਵਿਰੋਧ]

ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਰੂਪ ਵਿਚਕਾਰ ਵਿਰੋਧ, ਜਿਹੜਾ ਕਿ ਜਿਵੇਂ ਅਸੀਂ ਵੇਖਿਆ ਹੈ, ਇਹਦੇ ਆਧਾਰ ਨੂੰ ਖ਼ਤਰੇ ਵਿੱਚ ਪਾਏ ਬਿਨਾਂ ਬੀਤੇ ਇਤਿਹਾਸ ਵਿੱਚ ਕਈ ਵਾਰ ਪੈਦਾ ਹੋਇਆ ਹੈ, ਕਈ ਗੌਣ ਰੂਪ, ਜਿਵੇਂ ਵਿਆਪਕ ਟੱਕਰਾਂ, ਵੱਖ ਵੱਖ ਜਮਾਤਾਂ ਵਿਚਕਾਰ ਟੱਕਰਾਂ, ਚੇਤਨਤਾ ਦੇ ਵਿਰੋਧ, ਵਿਚਾਰਾਂ ਦੀ ਜੰਗ, ਸਿਆਸੀ ਘੋਲ਼ ਆਦਿ ਧਾਰਨ ਕਰਦੇ ਹੋਏ ਹਰ ਮੌਕੇ 'ਤੇ ਲਾਜ਼ਮੀ ਤੌਰ 'ਤੇ ਇਨਕਲਾਬ ਵਿੱਚ ਫੁਟ ਪਿਆ। ਤੰਗ ਨਜ਼ਰੀਏ ਤੋਂ ਵੇਖਦੇ ਹੋਏ ਮਨੁੱਖ ਇਹਨਾਂ ਵਿਚੋਂ ਕਿਸੇ ਇੱਕ ਗੌਣ ਰੂਪ ਨੂੰ ਵੱਖਰਾ ਕਰ ਸਕਦਾ ਹੈ ਅਤੇ ਉਹਨੂੰ ਇਹਨਾਂ ਇਨਕਲਾਬਾਂ ਦਾ ਆਧਾਰ ਸਮਝ ਸਕਦਾ ਹੈ; ਅਤੇ ਇਸ ਲਈ ਹੋਰ ਵੀ ਸੌਖਾ ਹੈ ਕਿਉਂਕਿ ਜਿਨ੍ਹਾਂ ਵਿਅਕਤੀਆਂ ਨੇ ਇਹ ਇਨਕਲਾਬ ਸ਼ੁਰੂ ਕੀਤੇ ਉਹਨਾਂ ਨੂੰ ਆਪਣੀ ਸਭਿਆਚਾਰ ਦੀ ਪੱਧਰ ਅਤੇ ਇਤਿਹਾਸਕ ਵਿਕਾਸ ਦੇ ਪੜਾਅ ਅਨੁਸਾਰ ਆਪਣੀ ਸਰਗਰਮੀ ਬਾਰੇ ਭਰਮ ਸਨ।

————————

ਇਉਂ, ਸਾਡੇ ਵਿਚਾਰ ਅਨੁਸਾਰ, ਇਤਿਹਾਸ ਵਿੱਚ ਸਭਨਾਂ ਟੱਕਰਾਂ ਦਾ ਸ੍ਰੋਤ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਰੂਪ [53] ਵਿਚਕਾਰ ਵਿਰੋਧ ਹੈ। ਲਗਦੇ ਹੱਥ, ਕਿਸੇ ਇੱਕ ਦੇਸ਼ ਵਿੱਚ ਟੱਕਰਾਂ ਤੱਕ ਅਪੜਨ ਲਈ ਇਹ ਲਾਜ਼ਮੀ ਨਹੀਂ ਕਿ ਇਹ ਵਿਰੋਧ ਕਿਸੇ ਵਿਸ਼ੇਸ਼ ਦੇਸ਼ ਵਿੱਚ ਆਪਣੀ ਅਤਿਅੰਤ ਹਦ ਤੱਕ ਅੱਪੜ ਗਿਆ ਹੋਵੇ। ਸਨਅਤੀ ਤੌਰ 'ਤੇ ਵਧੇਰੇ ਵਿਕਸਤ ਦੇਸ਼ਾਂ ਨਾਲ਼ ਮੁਕਾਬਲਾ, ਜਿਹੜਾ ਕੌਮਾਂਤਰੀ ਵਰਤੋਂ-ਵਿਹਾਰ ਦੇ ਵਿਸ਼ਾਲ ਹੋਣ ਤੋਂ ਪੈਦਾ ਹੋਇਆ, ਘੱਟ ਉੱਨਤ ਸਨਅਤ ਵਾਲ਼ੇ ਦੇਸ਼ਾਂ ਵਿੱਚ ਅਜਿਹੇ ਹੀ ਵਿਰੋਧ ਪੈਦਾ ਕਰਨ ਲਈ ਕਾਫ਼ੀ ਹੈ (ਮਿਸਾਲ ਵਜੋਂ, ਅੰਗ੍ਰੇਜ਼ ਸਨਅਤ ਨਾਲ਼ ਮੁਕਾਬਲੇ ਨੇ ਜਰਮਨੀ ਵਿੱਚ ਲੁਪਤ ਪ੍ਰੋਲਤਾਰੀ ਨੂੰ ਵਧੇਰੇ ਉਭਾਰ ਕੇ ਸਾਹਮਣੇ ਲਿਆਂਦਾ)।

————————

## [6. ਵਿਅਕਤੀਆਂ ਦਾ ਮੁਕਬਾਲਾ ਅਤੇ ਜਮਾਤਾਂ ਦਾ ਬਣਨਾ। ਵਿਅਕਤੀਆਂ ਅਤੇ ਉਹਨਾਂ ਦੀਆਂ ਜੀਵਨ ਪ੍ਰਸਥਿਤੀਆਂ ਵਿਚਕਾਰ ਵਿਰੋਧ। ਬੁਰਜੂਆ ਸਮਾਜ ਵਿੱਚ ਵਿਅਕਤੀਆਂ ਦਾ ਭਰਮਾਵੀ ਭਾਈਚਾਰਾ ਅਤੇ ਕਮਿਊਨਿਜ਼ਮ ਅਧੀਨ ਵਿਅਕੀਤਆਂ ਦਾ ਯਥਾਰਥਕ ਏਕਾ। ਇਕਮੁਠ ਹੋਏ ਵਿਅਕਤੀਆਂ ਦੀ ਸ਼ਕਤੀ ਅੱਗੇ ਜੀਵਨ ਦੀਆਂ ਸਮਾਜੀ ਪ੍ਰਸਥਿਤੀਆਂ ਦੀ ਅਧੀਨਗੀ।]

ਇਸ ਤੱਥ ਦੇ ਬਾਵਜੂਦ ਕਿ ਇਹ ਉਹਨਾਂ ਨੂੰ ਇਕੱਠਾ ਕਰਦਾ ਹੈ, ਮੁਕਾਬਲਾ ਵਿਅਕਤੀਆਂ ਨੂੰ ਇੱਕ ਦੂਜੇ ਤੋਂ ਵੱਖ ਕਰਦਾ ਹੈ ਨਾ ਕੇਵਲ ਬੁਰਜੂਆਜ਼ੀ ਨੂੰ ਸਗੋਂ ਇਸ ਤੋਂ ਵੀ ਵੱਧ ਪ੍ਰੋਲੇਤਾਰੀ ਨੂੰ। ਇਸ ਲਈ ਇਹ ਵਿਅਕਤੀ ਬਹੁਤ ਸਮਾਂ ਪਾਕੇ ਹੀ ਇਕਮੁਠ ਹੋ ਸਕਦੇ

ਹਨ। ਇਸ ਤੱਥ ਤੋਂ ਵੱਖ ਕਿ ਇਸ ਏਕੇ ਦੇ ਮਨੋਰਥ ਲਈ —ਜੇ ਇਹ ਇਕਮੁਠਤਾ ਕੇਵਲ ਸਥਾਨਕ ਨਹੀਂ ਹੋਣੀ ਤਾਂ—ਪਹਿਲਾਂ ਹੀ ਵੱਡ-ਪੱਧਰੀ ਸਨਅਤ ਵੱਲੋਂ ਲੋੜੀਂਦੇ ਸਾਧਨ, ਵੱਡੇ ਸਨਅਤੀ ਸ਼ਹਿਰ ਅਤੇ ਸੰਚਾਰ ਦੇ ਸਸਤੇ ਅਤੇ ਤਿੱਖੇ ਸਾਧਨ ਸਿਰਜੇ ਜਾਣੇ ਲਾਜ਼ਮੀ ਹਨ। ਇਸ ਲਈ ਹਰ ਜਥੇਬੰਦ ਸ਼ਕਤੀ ਉੱਤੇ, ਜਿਹੜੀ ਇਹਨਾਂ ਵੱਖਰੇ ਵੱਖਰੇ ਵਿਅਕਤੀਆਂ ਦੇ ਵਿਰੁੱਧ ਤੇ ਉੱਪਰ ਖੜੀ ਹੈ, ਜਿਹੜੇ ਅਜਿਹੀਆਂ ਹਾਲਤਾਂ ਵਿੱਚ ਰਹਿੰਦੇ ਹਨ ਜਿਹੜੀਆਂ ਨਿਤ ਇਸ ਅਲੱਗ-ਥਲੱਗਤਾ ਨੂੰ ਪੈਦਾ ਕਰਦੀਆਂ ਹਨ, ਕੇਵਲ ਲੰਮੇ ਘੋਲ਼ਾਂ ਪਿੱਛੋਂ ਹੀ ਕਾਬੂ ਪਾਇਆ ਜਾ ਸਕਦਾ ਹੈ। ਇਹਦੇ ਉਲਟ ਮੰਗ ਕਰਨਾ ਇਹ ਮੰਗ ਕਰਨ ਦੇ ਤੁਲ ਹੋਵੇਗਾ ਕਿ ਇਤਿਹਾਸ ਦੇ ਇਸ ਨਿਸ਼ਚਿਤ ਯੁਗ ਵਿੱਚ ਮੁਕਾਬਲੇ ਦੀ ਹੋਂਦ ਨਾ ਹੋਵੇ ਜਾਂ ਇਹ ਕਿ ਵਿਅਕਤੀ ਆਪਣੇ ਮਨਾਂ ਵਿੱਚੋਂ ਉਹ ਪ੍ਰਸਥਿਤੀਆਂ ਕੱਢ ਦੇਣ ਜਿਨ੍ਹਾਂ ਉੱਤੇ ਉਹਨਾਂ ਨੂੰ ਆਪਣੀ ਅਲੱਗ-ਥਲੱਗਤਾ ਵਿੱਚ ਕੋਈ ਕੰਟਰੋਲ ਪ੍ਰਾਪਤ ਨਹੀਂ।

—————

ਮਕਾਨਾਂ ਦੀ ਉਸਾਰੀ। ਵਹਿਸ਼ੀਆਂ ਵਿੱਚ ਹਰ ਟੱਬਰ ਦੀ ਸੁਭਾਵਕ ਹੀ ਉਹਦੀ ਆਪਣੀ ਠਾਹਰ ਜਾਂ ਝੁੱਗੀ ਹੁੰਦੀ ਸੀ, ਜਿਵੇਂ ਟੱਪਰੀਵਾਸਾਂ ਵਿੱਚ ਹਰ ਟੱਬਰ ਦਾ ਆਪਣਾ ਤੰਬੂ ਹੁੰਦਾ ਸੀ। ਨਿੱਜੀ ਜਾਇਦਾਦ ਦੇ ਹੋਰ ਵਿਕਾਸ ਨਾਲ਼ ਇਹ ਵਿਅਕਤੀਗਤ ਘਰੋਗੀ ਆਰਥਕਤਾ ਹੋਰ ਵੀ ਲੋੜੀਂਦੀ ਹੋ ਜਾਂਦੀ ਹੈ। ਖੇਤੀ ਕਰਨ ਵਾਲ਼ੇ ਲੋਕਾਂ ਲਈ ਇੱਕ ਭਾਈਚਾਰਕ ਘਰੋਗੀ ਆਰਥਕਤਾ ਉਸੇ ਤਰ੍ਹਾਂ ਅਸੰਭਵ ਹੈ ਜਿਵੇਂ ਭੋਂ ਦੀ ਭਾਈਚਾਰਕ ਵਾਹੀ। ਨਗਰਾਂ ਦੀ ਉਸਾਰੀ ਇੱਕ ਬਹੁਤ ਵੱਡੀ ਉੱਨਤੀ ਸੀ। ਪਰ ਪਹਿਲੇ ਸਭਨਾਂ ਸਮਿਆਂ ਵਿੱਚ ਵਿਅਕਤੀਗਤ ਆਰਥਕਤਾ ਦਾ ਅੰਤ [Aufhebung]*, ਜਿਹੜਾ ਨਿੱਜੀ ਜਾਇਦਾਦ ਦੇ ਅੰਤ ਨਾਲ਼ੋਂ ਉੱਕਾ ਹੀ ਅਵੰਡ ਹੈ, ਇਸ ਸਾਦੇ ਕਾਰਨ ਕਰਕੇ ਅਸੰਭਵ ਸੀ ਕਿ ਲੋੜੀਂਦੀਆਂ ਪਦਾਰਥਕ ਹਾਲਤਾਂ ਮੌਜੂਦ ਨਹੀਂ ਸਨ। ਭਾਈਚਾਰਕ ਘਰੋਗੀ ਆਰਥਕਤਾ ਦੀ ਸਥਾਪਤੀ ਮਸ਼ੀਨਾਂ ਦੇ ਵਿਕਾਸ, ਕੁਦਰਤੀ ਸ਼ਕਤੀਆਂ ਅਤੇ ਕਈ ਹੋਰ ਉਤਪਾਦ ਸ਼ਕਤੀਆਂ—ਮਿਸਾਲ ਵਜੋਂ ਪਾਣੀ ਦੀ ਨਿਯਮਿਤ ਸਪਲਾਈ, [54] ਗੈਸ ਰਾਹੀਂ ਰੌਸ਼ਨੀ, ਭਾਫ਼ ਨਾਲ਼ ਗਰਮਾਉਣ ਆਦਿ ਦੀ ਵਰਤੋਂ ਨੂੰ, ਸ਼ਹਿਰ ਅਤੇ ਪਿੰਡ ਦੇ ਅੰਤ [Aufhebung] ਨੂੰ, ਪਹਿਲਾਂ ਹੀ ਮੰਨ ਲੈਂਦੀ ਹੈ। ਇਹਨਾਂ ਹਾਲਤਾਂ ਤੋਂ ਬਿਨਾਂ ਇਕ ਭਾਈਚਾਰਕ ਆਰਥਕਤਾ ਆਪਣੇ ਆਪ ਵਿੱਚ ਇੱਕ ਨਵੀਂ ਉਤਪਾਦਕ ਸ਼ਕਤੀ ਨਹੀਂ ਬਣੇਗੀ; ਇਹਦੇ ਲਈ ਪਦਾਰਥਕ ਆਧਾਰ ਨਹੀਂ ਹੋਵੇਗਾ ਅਤੇ ਇਹ ਖ਼ਾਲਸ ਸਿਧਾਂਤਕ ਬੁਨਿਆਦ ਉੱਤੇ ਆਧਾਰਤ ਹੋਵੇਗੀ, ਦੂਜੇ ਸ਼ਬਦਾਂ ਵਿੱਚ ਇਹ ਇੱਕ ਅਜੂਬਾ ਹੋਵੇਗੀ ਅਤੇ ਇੱਕ ਮੱਠ ਦੀ ਆਰਥਕਤਾ ਤੋਂ ਵੱਧ ਕੁੱਝ ਨਹੀਂ ਹੋਵੇਗੀ। ਜੋ ਕੁੱਝ ਸੰਭਵ ਸੀ ਉਹ ਕੇਂਦਰੀਕਰਣ ਕਾਰਨ ਹੋਂਦ ਵਿੱਚ ਆਏ ਨਗਰਾਂ ਅਤੇ ਵਿਸ਼ੇਸ਼ ਮੰਤਵਾਂ ਲਈ ਲੋੜੀਂਦੀਆਂ ਵੱਖ ਵੱਖ ਭਾਈਚਾਰਕ ਇਮਾਰਤਾਂ (ਜੇਲ੍ਹਾਂ, ਬਾਰਕਾਂ ਆਦਿ) ਦੀ ਉਸਾਰੀ ਵਿੱਚ

* ਹੀਗਲ ਵੱਲੋਂ ਪੁਰਾਣੇ ਦੇ ਰੂਪ ਦਾ ਨਿਖੇਧ ਕਰਦੇ ਹੋਏ, ਇਹਦੀ ਥਾਂ ਲੈਣ ਵਾਲ਼ੇ ਨਵੇਂ ਵਿੱਚ ਉਹਦੇ ਹਾਂ-ਪੱਖੀ ਤੱਤ ਨੂੰ ਕਾਇਮ ਰੱਖਣ ਲਈ ਵਰਤੀ ਇਸਤਲਾਹ। **—ਸੰਪਾ.**

ਵੇਖਿਆ ਜਾ ਸਕਦਾ ਹੈ। ਇਹ ਸਵੈ-ਸਪਸ਼ਟ ਹੈ ਕਿ ਵਿਅਕਤੀਗਤ ਆਰਥਕਤਾ ਦਾ ਅੰਤ ਟੱਬਰ ਦੇ ਅੰਤ ਨਾਲ਼ੋਂ ਅਨਿਖੜਵਾਂ ਹੈ।

—————

(ਸੇਂਟ ਮੈਕਸ* ਜਿਹੜਾ ਬਿਆਨ ਅਕਸਰ ਪੇਸ਼ ਕਰਦਾ ਹੈ ਕਿ ਹਰ ਮਨੁੱਖ ਜੋ ਸਭ ਕੁੱਝ ਉਹ ਹੈ ਉਹ ਰਾਜ ਕਾਰਨ ਹੀ ਹੈ, ਬੁਨਿਆਦੀ ਤੌਰ ’ਤੇ ਇਹੀ ਬਿਆਨ ਹੈ ਕਿ ਬੁਰਜੂਆ ਕੇਵਲ ਬੁਰਜੂਆ ਜਾਤੀ ਦਾ ਪ੍ਰਤੀਨਿਧ ਮਾਤਰ ਹੈ; ਇੱਕ ਅਜਿਹਾ ਬਿਆਨ ਜਿਹੜਾ ਇਹ ਪਹਿਲਾਂ ਹੀ ਮੰਨ ਲੈਂਦਾ ਹੈ ਕਿ ਇਹਨੂੰ ਬਣਾਉਣ ਵਾਲ਼ੇ ਵਿਅਕਤੀਆਂ ਤੋਂ ਪਹਿਲਾਂ ਬੁਰਜੂਆ **ਜਮਾਤ** ਦੀ ਹੋਂਦ ਸੀ।)**

ਮੱਧ ਕਾਲ ਵਿੱਚ ਹਰ ਨਗਰ ਦੇ ਨਾਗਰਿਕ ਆਪਣੀ ਰਖਿਆ ਲਈ ਭੌਂ-ਮਾਲਕ ਰਾਠਸ਼ਾਹੀ ਵਿਰੁੱਧ ਇਕਮੁਠ ਹੋਣ ਲਈ ਮਜਬੂਰ ਸਨ। ਵਪਾਰ ਦੇ ਵਾਧੇ, ਸੰਚਾਰ ਦੀ ਸਥਾਪਤੀ ਦਾ ਸਿੱਟਾ ਵੱਖ ਵੱਖ ਨਗਰਾਂ ਦੇ, ਜਿਨ੍ਹਾਂ ਉਸੇ ਹੀ ਵਿਰੋਧੀ ਵਿਰੁੱਧ ਉਹਨਾਂ ਹੀ ਹਿਤਾਂ ਉੱਤੇ ਜ਼ੋਰ ਦਿੱਤਾ ਸੀ, ਹੋਰਨਾਂ ਨਗਰਾਂ ਨਾਲ਼ ਸਬੰਧ ਸਥਾਪਤ ਕਰਨ ਵਿੱਚ ਨਿਕਲਿਆ। ਵੱਖ ਵੱਖ ਨਗਰਾਂ ਵਿੱਚ ਨਾਗਰਿਕਾਂ ਦੇ ਅਨੇਕ ਸਥਾਨਕ ਭਾਈਚਾਰਿਆਂ ਵਿਚੋਂ ਕੇਵਲ ਹੌਲੀ ਹੌਲੀ ਹੀ ਵਿਚਕਾਰਲੀ **ਜਮਾਤ** ਉਭਰੀ। ਵਿਦਮਾਨ ਸਬੰਧਾਂ ਨਾਲ਼ ਉਹਨਾਂ ਦੇ ਵਿਰੋਧ ਕਾਰਨ ਅਤੇ ਉਹਨਾਂ ਵੱਲੋਂ ਮਿਥੇ ਕਿਰਤ ਦੇ ਢੰਗ ਕਾਰਨ, ਹਰ ਵਿਕੋਲਤ੍ਰੇ ਸ਼ਹਿਰੀ ਦੀਆਂ ਜੀਵਨ ਹਾਲਤਾਂ ਉਹ ਹਾਲਤਾਂ ਬਣ ਗਈਆਂ, ਜਿਹੜੀਆਂ ਉਹਨਾਂ ਸਭਨਾਂ ਲਈ ਸਾਂਝੀਆਂ ਸਨ ਅਤੇ ਹਰ ਵਿਅਕਤੀ ਤੋਂ ਅਜ਼ਾਦ ਸਨ। ਨਾਗਰਿਕਾਂ ਨੇ ਇਹ ਹਾਲਤਾਂ ਸਿਰਜੀਆਂ ਕਿਉਂਕਿ ਉਹਨਾਂ ਨੇ ਆਪਣੇ ਆਪ ਨੂੰ ਜਗੀਰੂ ਸਬੰਧਾਂ ਤੋਂ ਅਜ਼ਾਦ ਕਰ ਲਿਆ ਅਤੇ ਆਪਣੀ ਵਾਰੀ ਉਹ ਇਹਨਾਂ ਹਾਲਤਾਂ ਰਾਹੀਂ ਸਿਰਜੇ ਗਏ ਕਿਉਂਕਿ ਉਹਨਾਂ ਨੂੰ ਜਿਹੜੀ ਜਗੀਰੂ ਪ੍ਰਣਾਲੀ ਹੋਂਦ ਵਿੱਚ ਮਿਲੀ ਉਹਦੇ ਵਿਰੋਧ ਰਾਹੀਂ ਉਹ ਮਿਥੇ ਗਏ। ਵੱਖ ਵੱਖ ਨਗਰਾਂ ਵਿਚਕਾਰ ਪ੍ਰਸਪਰ ਸੰਚਾਰ ਸਥਾਪਤੀ ਨਾਲ਼ ਇਹ ਸਾਂਝੀਆਂ ਹਾਲਤਾਂ ਵਿਕਸਤ ਹੋਕੇ ਜਮਾਤੀ ਹਾਲਤਾਂ ਬਣ ਗਈਆਂ। ਇਹ ਲਾਜ਼ਮੀ ਸੀ ਕਿ ਸਗਵੀਆਂ ਹਾਲਤਾਂ, ਸਗਵੇਂ ਵਿਰੋਧ, ਸਗਵੇਂ ਹਿਤ, ਸਮੁੱਚੇ ਤੌਰ ’ਤੇ ਹਰ ਥਾਂ ਇਕੋ ਜਿਹੇ ਰਵਾਜਾਂ ਨੂੰ ਜਨਮ ਦੇਣ। ਖ਼ੁਦ ਬੁਰਜੂਆਜ਼ੀ ਇਹਨਾਂ ਹਾਲਤਾਂ ਨਾਲ਼ ਹੌਲ਼ੀ ਹੌਲ਼ੀ ਵਿਕਸਤ ਹੁੰਦੀ ਹੈ, ਕਿਰਤ ਦੀ ਵੰਡ ਅਨੁਸਾਰ ਵੱਖ ਵੱਖ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ ਅਤੇ ਅੰਤ ਉਹਨਾਂ ਸਭਨਾਂ ਜਾਇਦਾਦ-ਮਾਲਕ ਜਮਾਤਾਂ ਨੂੰ, ਜਿਨ੍ਹਾਂ ਨੂੰ ਇਹ ਹੋਂਦ ਵਿੱਚ ਵੇਖਦੀ ਹੈ***, ਉਸ ਹਦ ਤੱਕ ਆਪਣੇ ਵਿੱਚ ਸਮੋ ਲੈਂਦੀ ਹੈ ਜਿਸ ਤੱਕ ਹੋਂਦ ਵਿਚਲੀ ਸਾਰੀ ਜਾਇਦਾਦ ਸਨਅਤੀ ਜਾਂ ਵਪਾਰਿਕ ਸਰਮਾਏ ਵਿੱਚ ਤਬਦੀਲ ਕਰ ਦਿੱਤੀ ਜਾਂਦੀ ਹੈ (ਜਿੱਥੇ ਕਿ ਇਹ

* ਮੈਕਸ ਸ਼ਟਿਰਨਰ «Der Einzige und sein Eigentum»—**ਸੰਪਾ.**

** [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] ਦਾਰਸ਼ਨਿਕਾਂ ਲਈ ਸ਼੍ਰੇਣੀ ਦੀ **ਪੂਰਬ-ਹੋਂਦ।—ਸੰਪਾ.**

*** [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] ਮੁੱਢ ਵਿੱਚ ਇਹ ਕਿਰਤ ਦੀਆਂ ਉਹਨਾਂ ਸ਼ਾਖਾਂ ਨੂੰ ਸਮੋਂਦੀ ਹੈ ਜਿਹੜੀਆਂ ਸਿੱਧੀਆਂ ਰਾਜ ਦੀ ਮਾਲਕ ਹਨ ਅਤੇ ਫਿਰ ± [ਘਟ ਜਾਂ ਵੱਧ] ਸਭਨਾਂ ਵਿਚਾਰਧਾਰਕ ਪ੍ਰਾਵਰਗਾਂ ਨੂੰ।—**ਸੰਪਾ.**

ਪਹਿਲਾਂ ਦੀ ਜਾਇਦਾਦ-ਰਹਿਤ ਸ਼੍ਰੇਣੀ ਦੀ ਬਹੁ-ਗਿਣਤੀ ਨੂੰ ਅਤੇ ਹੁਣ ਤੱਕ ਜਾਇਦਾਦ-ਮਾਲਕ ਜਮਾਤ ਦੇ ਇੱਕ ਹਿੱਸੇ ਨੂੰ ਪ੍ਰੋਲੇਤਾਰੀ ਵਿੱਚ ਤਬਦੀਲ ਕਰ ਦੇਂਦੀ ਹੈ)।

ਵੱਖ ਵੱਖ ਵਿਅਕਤੀ ਇਸ ਲਈ ਇਕ ਜਮਾਤ ਬਣਦੇ ਹਨ ਕਿ [55] ਉਹਨਾਂ ਇੱਕ ਹੋਰ ਜਮਾਤ ਵਿਰੁੱਧ ਘੋਲ ਕਰਨਾ ਹੁੰਦਾ ਹੈ; ਹੋਰਨਾਂ ਪੱਖਾਂ ਤੋਂ ਉਹ ਮੁਕਾਬਲਾ ਕਰਨ ਵਾਲਿਆਂ ਵਜੋਂ ਇੱਕ ਦੂਜੇ ਨਾਲ਼ ਦੁਸ਼ਮਣਾਨਾ ਸੰਬੰਧਾਂ ਵਾਲ਼ੇ ਹਨ। ਦੂਜੇ ਹੱਥ, ਸ਼੍ਰੇਣੀ ਵਿਅਕਤੀਆਂ ਦੇ ਮੁਕਾਬਲੇ ਉੱਤੇ ਇੱਕ ਅਜ਼ਾਦ ਹੋਂਦ ਅਖਤਿਆਰ ਕਰ ਲੈਂਦੀ ਹੈ, ਤਾਂ ਜੁ ਪਿਛਲੇਰੇ ਆਪਣੀਆਂ ਜੀਵਨ ਦੀਆਂ ਹਾਲਤਾਂ ਅਤੇ ਜੀਵਨ ਵਿੱਚ ਆਪਣਾ ਸਥਾਨ ਅਤੇ ਇਹਦੇ ਸਿੱਟੇ ਵਜੋਂ ਆਪਣਾ ਵਿਕਾਸ ਆਪਣੀ ਜਮਾਤ ਹੱਥੋਂ ਪਹਿਲੋਂ ਹੀ ਮਿਥਿਆ ਹੋਇਆ ਵੇਖਦੇ ਹਨ ਅਤੇ ਇਉਂ ਇਹਦੇ ਵਿੱਚ ਸ਼ਾਮਲ ਹੋ ਜਾਂਦੇ ਹਨ। ਇਹ ਵਰਤਾਰਾ ਵਿਅਕਤੀਆਂ ਨੂੰ ਕਿਰਤ ਦੀ ਵੰਡ ਦੇ ਅਧੀਨ ਕਰਨ ਨਾਲ਼ ਸਗਵਾਂ ਹੈ ਅਤੇ ਕੇਵਲ ਨਿੱਜੀ ਜਾਇਦਾਦ ਅਤੇ ਕਿਰਤ ਦਾ ਅੰਤ ਕਰਕੇ ਹੀ* ਇਹਨੂੰ ਖ਼ਤਮ ਕੀਤਾ ਜਾ ਸਕਦਾ ਹੈ। ਅਸੀਂ ਪਹਿਲਾਂ ਹੀ ਕਈ ਵਾਰ ਸੰਕੇਤ ਕਰ ਚੁੱਕੇ ਹਾਂ ਕਿ ਵਿਅਕਤੀਆਂ ਨੂੰ ਇਉਂ ਜਮਾਤ ਵਿੱਚ ਸ਼ਾਮਲ ਕਰਨਾ ਆਪਣੇ ਨਾਲ਼ ਉਹਨਾਂ ਦੀ ਹਰ ਤਰ੍ਹਾਂ ਦੇ ਵਿਚਾਰਾਂ ਆਦਿ ਦੀ ਅਧੀਨਗੀ ਲਿਆਉਂਦਾ ਹੈ।

ਜੇ ਵਿਅਕਤੀਆਂ ਦਾ ਇਹ ਵਿਕਾਸ, ਜਿਹੜਾ ਇਤਿਹਾਸਕ ਤੌਰ ’ਤੇ ਇੱਕ ਤੋਂ ਪਿੱਛੋਂ ਦੂਜੇ ਆਉਣ ਵਾਲ਼ੀਆਂ ਹਕੂਮਤਾਂ ਅਤੇ ਜਮਾਤਾਂ ਦੀ ਹੋਂਦ ਦੀਆਂ ਹਾਲਤਾਂ ਅਤੇ ਇਉਂ ਉਹਨਾਂ ਉੱਤੇ ਠੋਸੇ ਗਏ ਆਮ ਸੰਕਲਪਾਂ ਦੇ ਅੰਦਰ ਚਲਦਾ ਹੈ—ਜੇ ਇਸ ਵਿਕਾਸ ਨੂੰ **ਦਾਰਸ਼ਨਿਕ** ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ, ਨਿਸ਼ਚੇ ਹੀ ਇਹ ਫ਼ਰਜ਼ ਕਰਨਾ ਬਹੁਤ ਸੌਖੀ ਗੱਲ ਹੈ ਕਿ ਇਹਨਾਂ ਵਿੱਚ ਵਿਅਕਤੀ ਜਾਤੀ, ਜਾਂ ਮਨੁੱਖ, ਵਿਕਸਤ ਹੋਇਆ, ਜਾਂ ਇਹ ਕਿ ਇਹਨਾਂ ਮਨੁੱਖ ਨੂੰ ਵਿਕਸਤ ਕੀਤਾ—ਅਤੇ ਇਉਂ ਮਨੁੱਖ ਇਤਿਹਾਸ ਦੇ ਮੌਰਾਂ ’ਤੇ ਕੁੱਝ ਕਰਾਰੀਆਂ ਜੜ ਸਕਦਾ ਹੈ। ਤਾਂ ਮਨੁੱਖ ਇਹਨਾਂ ਵੱਖ ਵੱਖ ਹਕੂਮਤਾਂ ਅਤੇ ਜਮਾਤਾਂ ਨੂੰ ਆਮ ਪ੍ਰਗਟਾਅ ਦੀਆਂ ਵਿਸ਼ੇਸ਼ ਹਾਲਤਾਂ ਵਜੋਂ, ਜਾਤੀ ਦੀਆਂ ਗੌਣ ਕਿਸਮਾਂ, ਜਾਂ ਮਨੁੱਖ ਦੇ ਵਿਕਾਸੀ ਪੜਾਆਂ ਵਜੋਂ ਸੰਕਲਪ ਸਕਦਾ ਹੈ।

ਵਿਅਕਤੀਆਂ ਦਾ ਨਿਸ਼ਚਿਤ ਜਮਾਤਾਂ ਵਿੱਚ ਸ਼ਾਮਲ ਕੀਤੇ ਜਾਣ ਦਾ ਉਸ ਸਮੇਂ ਤੱਕ ਅੰਤ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਇਕ ਅਜਿਹੀ ਜਮਾਤ ਵਿਕਸਤ ਨਹੀਂ ਹੋ ਜਾਂਦੀ ਜਿਸਦੇ ਕੋਲ਼ ਆਪਣੇ ਆਪ ਨੂੰ ਹਾਕਮ ਜਮਾਤ ਵਜੋਂ ਸਥਾਪਿਤ ਕਰਨ ਲਈ ਕੋਈ ਕਾਰਨ ਨਾ ਰਿਹਾ ਹੋਵੇ।

——————

ਕਿਰਤ ਦੀ ਵੰਡ ਰਾਹੀਂ ਨਿੱਜੀ ਸ਼ਕਤੀਆਂ (ਸਬੰਧਾਂ) ਦੀ ਪਦਾਰਥਕ ਸ਼ਕਤੀਆਂ ਵਿੱਚ ਤਬਦੀਲੀ ਮਨੁੱਖ ਦੇ ਮਨ ਵਿਚੋਂ ਇਹਦੇ ਆਮ ਵਿਚਾਰ ਨੂੰ ਕੱਢ ਦੇਣ ਨਾਲ਼ ਦੂਰ ਨਹੀਂ ਕੀਤੀ ਜਾ ਸਕਦੀ ਸਗੋਂ ਕੇਵਲ ਵਿਅਕਤੀਆਂ ਵੱਲੋਂ ਇਹਨਾਂ ਸ਼ਕਤੀਆਂ ਨੂੰ ਆਪਣੇ ਅਧੀਨ

* “ਕਿਰਤ ਦੇ ਅੰਤ” (Aufhebung der Ardeit) ਦੇ ਅਰਥ ਲਈ ਵੇਖੋ ਇਸ ਪੁਸਤਕ ਦੇ ਪੰਨੇ 50-51, 85-86, 91-95।—**ਸੰਪਾ.**

ਕਰਨ ਅਤੇ ਕਿਰਤ ਦੀ ਵੰਡ ਦਾ ਅੰਤ ਕਰਨ ਰਾਹੀਂ ਹੀ ਖ਼ਤਮ ਕੀਤੀ ਜਾ ਸਕਦੀ ਹੈ।* ਇਹ ਗੱਲ ਭਾਈਚਾਰੇ ਤੋਂ ਬਿਨਾਂ ਸੰਭਵ ਨਹੀਂ। ਕੇਵਲ ਭਾਈਚਾਰੇ ਦੇ ਅੰਦਰ ਹੀ ਹਰ ਵਿਅਕਤੀ [56] ਨੂੰ ਆਪਣੇ ਗੁਣ ਸਭਨਾਂ ਦਿਸ਼ਾਵਾਂ ਵਿੱਚ ਵਿਕਸਤ ਕਰਨ ਦੇ ਸਾਧਨ ਮਿਲਦੇ ਹਨ; ਇਸ ਲਈ ਨਿੱਜੀ ਆਜ਼ਾਦੀ ਕੇਵਲ ਭਾਈਚਾਰੇ ਅੰਦਰ ਹੀ ਸੰਭਵ ਹੋ ਸਕਦੀ ਹੈ। ਭਾਈਚਾਰੇ ਦੇ ਪਹਿਲੀਆਂ ਦੇ ਬਦਲਾਂ, ਰਾਜ, ਆਦਿ ਵਿੱਚ, ਨਿੱਜੀ ਆਜ਼ਾਦੀ ਦੀ ਕੇਵਲ ਉਹਨਾਂ ਵਿਅਕਤੀਆਂ ਲਈ ਹੋਂਦ ਸੀ ਜਿਹੜੇ ਹਾਕਮ ਜਮਾਤ ਦੀਆਂ ਸ਼ਰਤਾਂ ਅਧੀਨ ਵਿਕਸਤ ਹੋਏ, ਅਤੇ ਜਿਸ ਹੱਦ ਤੱਕ ਉਹ ਇਸ ਜਮਾਤ ਦੇ ਵਿਅਕਤੀ ਸਨ। ਉਸ ਭਰਮਾਵੀ ਭਾਈਚਾਰੇ ਨੇ, ਜਿਸ ਵਿੱਚ ਵਿਅਕਤੀ ਹੁਣ ਤਕ ਜੁੜੇ ਹਨ, ਹਮੇਸ਼ਾ ਉਹਨਾਂ ਵਿਅਕਤੀਆਂ ਵਿਰੁੱਧ ਅਜ਼ਾਦ ਹੋਂਦ ਲਈ ਹੈ, ਅਤੇ ਕਿਉਂਕਿ ਇਹ ਇੱਕ ਜਮਾਤ ਵਿਰੁੱਧ ਦੂਜੇ ਦੀ ਜੁੜਤ ਸੀ, ਇਸ ਲਈ ਇਹ ਨਾਲ਼ ਹੀ ਨਾਲ਼ ਪਸਿੱਤੀ ਸ਼੍ਰੇਣੀ ਲਈ ਨਾ ਕੇਵਲ ਇੱਕ ਭਰਮਾਵੀ ਭਾਈਚਾਰਾ ਸੀ ਸਗੋਂ ਨਵਾਂ ਸੰਗਲ ਵੀ ਸੀ। ਅਸਲੀ ਭਾਈਚਾਰੇ ਵਿੱਚ ਵਿਅਕਤੀ ਇਕੱਠੇ ਹੋਣ ਵਿੱਚ ਅਤੇ ਇਕੱਠੇ ਹੋਣ ਰਾਹੀਂ ਆਪਣੀ ਆਜ਼ਾਦੀ ਪ੍ਰਾਪਤ ਕਰਦੇ ਸਨ।

ਵਿਅਕਤੀ ਸਦਾ ਹੀ ਆਪਣੇ ਆਪ ਤੋਂ ਮੁੱਢ ਬੰਨ੍ਹਦੇ ਰਹੇ ਹਨ, ਪਰ ਨਿਸ਼ਚੇ ਹੀ ਵਰਤਮਾਨ ਇਤਿਹਾਸਕ ਹਾਲਤਾਂ ਅਤੇ ਸਬੰਧਾਂ ਦੇ ਅੰਦਰ ਆਪਣੇ ਆਪ ਤੋਂ, ਨਾ ਕਿ ਸਿਧਾਂਤਕਾਰਾਂ ਦੇ ਅਰਥਾਂ ਵਿੱਚ ਕਿਸ "ਖ਼ਾਲਸ" ਵਿਅਕਤੀ ਤੋਂ। ਪਰ ਇਤਿਹਾਸਕ ਵਿਕਾਸ ਦੇ ਦੌਰਾਨ, ਅਤੇ ਐਨ ਇਸ ਤੱਥ ਰਾਹੀਂ ਕਿ ਕਿਰਤ ਦੀ ਵੰਡ ਦੇ ਅੰਦਰ ਸਮਾਜੀ ਸਬੰਧ ਅਟੱਲ ਤੌਰ 'ਤੇ ਇੱਕ ਅਜ਼ਾਦ ਹੋਂਦ ਪ੍ਰਾਪਤ ਕਰ ਲੈਂਦੇ ਹਨ, ਹਰ ਵਿਅਕਤੀ ਦੇ ਜੀਵਨ ਵਿੱਚ ਇੱਕ ਪਾੜ ਆਉਂਦਾ ਹੈ, ਕਿਉਂਕਿ ਇਹ ਨਿੱਜੀ ਹੈ ਅਤੇ ਕਿਉਂਕਿ ਇਹ ਕਿਰਤ ਦੀ ਕਿਸੇ ਸ਼ਾਖ਼ ਅਤੇ ਉਸ ਨਾਲ਼ ਸਬੰਧਤ ਹਾਲਤਾਂ ਰਾਹੀਂ ਮਿਥਿਆ ਜਾਂਦਾ ਹੈ। (ਇਸ ਤੋਂ ਸਾਡਾ ਇਹ ਅਰਥ ਉੱਕਾ ਹੀ ਨਹੀਂ ਕਿ ਇਹ ਸਮਝਿਆ ਜਾਵੇ ਕਿ, ਮਿਸਾਲ ਵਜੋਂ, ਹਿੱਸਿਆਂ ਆਦਿ ਤੋਂ ਪੱਕੀ ਆਮਦਨ ਪ੍ਰਾਪਤ ਕਰਨ ਵਾਲ਼ਾ ਸਰਮਾਏਦਾਰ ਆਦਿ ਮਨੁੱਖ ਨਹੀਂ ਰਹਿੰਦੇ; ਪਰ ਉਹਨਾਂ ਦੀ ਸ਼ਖ਼ਸੀਅਤ ਬਿਲਕੁਲ ਨਿਸ਼ਚਿਤ ਜਮਾਤੀ ਸਬੰਧਾਂ ਰਾਹੀਂ ਘੜੀ ਅਤੇ ਮਿਥੀ ਜਾਂਦੀ ਹੈ, ਅਤੇ ਪਾੜ ਕੇਵਲ ਉਹਨਾਂ ਦੇ ਇੱਕ ਹੋਰ ਜਮਾਤ ਦੇ ਵਿਰੋਧ ਵਿੱਚ ਅਤੇ ਉਹਨਾਂ ਦੇ ਆਪਣੇ ਲਈ ਉਦੋਂ ਜਦੋਂ ਉਹ ਦਿਵਾਲੀਆ ਹੋ ਜਾਂਦੇ ਹਨ, ਪ੍ਰਗਟ ਹੁੰਦਾ ਹੈ)। ਜਗੀਰਦਾਰੀ (ਅਤੇ ਉਸ ਤੋਂ ਵੀ ਵੱਧ ਕਬੀਲੇ ਵਿੱਚ) ਇਹ ਅਜੇ ਲੁਕਿਆ ਹੋਇਆ ਸੀ: ਮਿਸਾਲ ਵਜੋਂ, ਇੱਕ ਰਾਠ ਸਦਾ ਰਾਠ ਰਹਿੰਦਾ ਹੈ, ਇੱਕ ਆਮ ਮਨੁੱਖ ਸਦਾ ਇੱਕ ਆਮ ਮਨੁੱਖ ਰਹਿੰਦਾ ਹੈ, ਇੱਕ ਅਜਿਹੀ ਸਿਫ਼ਤ ਜਿਹੜੀ ਉਹਨਾਂ ਦੇ ਹੋਰ ਸਬੰਧ ਕੁੱਝ ਵੀ ਹੋਣ ਦੇ ਬਾਵਜੂਦ ਉਹਨਾਂ ਦੀ ਸ਼ਖ਼ਸੀਅਤ ਤੋਂ ਅਨਿਖੜਵੀਂ ਹੈ। ਨਿੱਜੀ ਵਿਅਕਤੀ ਅਤੇ ਜਮਾਤ ਵਿਅਕਤੀ ਵਿਚਕਾਰ ਫ਼ਰਕ, ਵਿਅਕਤੀ ਲਈ ਜੀਵਨ ਦੀਆਂ ਦੇਵ-ਨੈਤਿਕ ਹਾਲਤਾਂ, ਕੇਵਲ ਜਮਾਤ ਦੇ ਪ੍ਰਗਟ ਹੋਣ ਨਾਲ਼, ਜਿਹੜੀ ਖ਼ੁਦ ਬੁਰਜੂਆਜ਼ੀ ਦੀ ਉਪਜ ਹੈ, ਸਾਹਮਣੇ ਆਉਂਦੀਆਂ ਹਨ। ਇਹ ਦੇਵ-ਨੈਤਿਕ ਖ਼ਾਸਾ

* [ਹਾਸ਼ੀਏ ਉੱਤੇ ਏਂਗਲਜ਼ ਵੱਲੋਂ ਨੋਟ:] (ਫ਼ਿਉਰਬਾਖ਼: ਹੋਂਦ ਅਤੇ ਤੱਤ)। [ਇਸ ਪੁਸਤਕ ਦੇ ਪੰਨੇ 57-59 ਵੇਖੋ। -**ਸੰਪਾ.**]

ਵਿਅਕਤੀਆਂ ਦੇ ਆਪੋ ਵਿੱਚ ਮੁਕਾਬਲੇ ਅਤੇ ਘੋਲ਼ ਵਿਚੋਂ ਪੈਦਾ ਹੁੰਦਾ ਅਤੇ ਵਿਕਸਤ [57] ਹੁੰਦਾ ਹੈ । ਇਉਂ, ਕਲਪਨਾ ਵਿੱਚ ਵਿਅਕਤੀ ਬੁਰਜੂਆਜ਼ੀ ਦੀ ਪ੍ਰਧਾਨਤਾ ਅਧੀਨ ਪਹਿਲਾਂ ਨਾਲ਼ੋਂ ਵਧੇਰੇ ਅਜ਼ਾਦ ਜਾਪਦੇ ਹਨ ਕਿਉਂਕਿ ਉਹਨਾਂ ਉੱਤੇ ਵਧੇਰੇ ਹਦ ਤੱਕ ਪਦਾਰਥਕ ਸ਼ਕਤੀਆਂ ਦੀ ਹਕੂਮਤ ਹੈ। ਜਗੀਰਦਾਰੀ ਨਾਲ਼ੋਂ ਫ਼ਰਕ ਵਿਸ਼ੇਸ਼ ਤੌਰ ’ਤੇ ਬੁਰਜੂਆਜ਼ੀ ਅਤੇ ਪ੍ਰੋਲੇਤਾਰੀ ਵਿਚਕਾਰ ਵਿਰੋਧ ਵਿੱਚ ਉਭਰਦਾ ਹੈ। ਜਦੋਂ ਸ਼ਹਿਰੀ ਨਾਗਰਿਕਾਂ ਦੇ ਸੰਗਠਨ, ਸਭਾਵਾਂ ਆਦਿ ਪਹਿਲੀ ਵਾਰ ਭੋਂ-ਮਾਲਕ ਰਾਠ-ਸ਼ਾਹੀ ਵਿਰੁੱਧ ਉਭਰੇ ਤਾਂ ਉਹਨਾਂ ਦੀਆਂ ਜੀਵਨ ਹਾਲਤਾਂ —ਚਲ ਜਾਇਦਾਦ ਅਤੇ ਦਸਤਕਾਰੀ ਕਿਰਤ, ਜਿਸਦੀ ਉਹਨਾਂ ਦੇ ਜਗੀਰੂ ਸੰਸਥਾਵਾਂ ਤੋਂ ਵੱਖ ਹੋਣ ਤੋਂ ਪਹਿਲਾਂ ਲੁਪਤ ਤੌਰ ’ਤੇ ਹੋਂਦ ਸੀ— ਕਿਸੇ ਹਾਂ-ਪੱਖੀ ਵਰਤਾਰੇ ਵਜੋਂ ਪ੍ਰਗਟ ਹੋਈਆਂ, ਜਿਨ੍ਹਾਂ ਨੇ ਜਗੀਰੂ ਭੋਂ-ਮਾਲਕੀ ਵਿਰੁੱਧ ਦਾਹਵਾ ਕੀਤਾ, ਅਤੇ, ਇਸੇ ਲਈ, ਪਹਿਲਾਂ ਪਹਿਲ ਉਹਨਾਂ ਆਪਣੇ ਹੀ ਤਰੀਕੇ ਨਾਲ਼ ਇਕ ਜਗੀਰੂ ਰੂਪ ਧਾਰਿਆ। ਨਿਸ਼ਚੇ ਹੀ ਭਗੌੜੇ ਖੇਤ-ਗ਼ੁਲਾਮਾਂ ਨੇ ਆਪਣੀ ਪੁਰਾਣੀ ਦਾਸਤਾ ਨੂੰ ਆਪਣੀ ਸ਼ਖ਼ਸੀਅਤ ਤੋਂ ਕੁੱਝ ਬਾਹਰਾ ਸਮਝਿਆ। ਪਰ ਇੱਥੇ ਉਹ ਐਨ ਉਹੋ ਕੁੱਝ ਕਰ ਰਹੇ ਸਨ ਜੋ ਆਪਣੇ ਆਪ ਨੂੰ ਸੰਗਲ ਤੋਂ ਮੁਕਤ ਕਰਾਉਣ ਵਾਲ਼ੀ ਹਰ ਜਮਾਤ ਕਰਦੀ ਹੈ; ਅਤੇ ਉਹਨਾਂ ਆਪਣੇ ਆਪ ਨੂੰ ਜਮਾਤ ਵਜੋਂ ਨਹੀਂ ਸਗੋਂ ਇਕੱਲੇ ਇਕੱਲੇ ਆਜ਼ਾਦ ਕਰਵਾਇਆ। ਨਾਲ਼ੇ ਉਹ ਜਗੀਰਾਂ ਦੀ ਪ੍ਰਣਾਲੀ ਤੋਂ ਵੱਖ ਨਾ ਹੋਏ, ਸਗੋਂ ਉਹਨਾਂ ਇੱਕ ਨਵਾਂ ਜਗੀਰੂ ਰੂਪ ਧਾਰ ਲਿਆ, ਨਵੀਂ ਹਾਲਤ ਵਿੱਚ ਵੀ ਆਪਣੀ ਕਿਰਤ ਦੇ ਪੁਰਾਣਾ ਢੰਗ ਜਾਰੀ ਰੱਖਦੇ ਹੋਏ, ਅਤੇ ਇਹਨੂੰ ਪਹਿਲੀਆਂ ਦੇ ਸੰਗਲਾਂ, ਜਿਹੜੇ ਪਹਿਲਾਂ ਹੀ ਪ੍ਰਾਪਤ ਕੀਤੇ ਵਿਕਾਸ ਨਾਲ਼ ਹੁਣ ਮੇਲ ਨਹੀਂ ਸਨ ਖਾਂਦੇ, ਤੋਂ ਮੁਕਤ ਕਰਵਾ ਕੇ ਹੋਰ ਵਿਕਸਤ ਕੀਤਾ।

ਦੂਜੇ ਹੱਥ, ਪ੍ਰੋਲਤਾਰੀ ਲਈ, ਉਹਨਾਂ ਦੇ ਜੀਵਨ, ਕਿਰਤ ਦੀਆਂ ਹਾਲਤਾਂ ਅਤੇ ਇਹਦੇ ਨਾਲ਼ ਨਵੇਂ ਸਮਾਜ ਦੀ ਹੋਂਦ ਦੀਆਂ ਸਭ ਹਾਲਤਾਂ ਉਪਰੀਆਂ ਬਣ ਗਈਆਂ ਹਨ, ਕੋਈ ਅਜਿਹੀ ਸ਼ੈਅ ਜਿਸ ਉੱਤੇ ਵੱਖ ਵੱਖ ਵਿਅਕਤੀਆਂ ਵਜੋਂ ਉਹਨਾਂ ਦਾ ਕੋਈ ਕੰਟਰੋਲ ਨਹੀਂ, ਅਤੇ ਜਿਨ੍ਹਾਂ ਉੱਤੇ ਕੋਈ **ਸਮਾਜੀ** ਜਥੇਬੰਦੀ ਵੀ ਉਹਨਾਂ ਨੂੰ ਕੰਟਰੋਲ ਨਹੀਂ ਦੇ ਸਕਦੀ। ਹਰ ਵੱਖਰੇ ਪ੍ਰੋਲੇਤਾਰੀ ਦੀ ਸ਼ਖ਼ਸੀਅਤ ਅਤੇ ਕਿਰਤ ਵਿਚਕਾਰ ਵਿਰੋਧ, ਜੀਵਨ ਦੀ ਜਿਹੜੀ ਹਾਲਤ ਉਹਦੇ ਉੱਤੇ ਠੋਸੀ ਜਾਂਦੀ ਹੈ, ਉਹਦੇ ਲਈ ਸਪਸ਼ਟ ਹੋ ਜਾਂਦੀ ਹੈ, ਕਿਉਂਕਿ ਜਵਾਨੀ ਤੋਂ ਉਹਨੂੰ ਕੁਰਬਾਨ ਕੀਤਾ ਜਾਂਦਾ ਹੈ ਅਤੇ, ਉਹਦੀ ਆਪਣੀ ਜਮਾਤ ਵਿੱਚ ਉਹਦੇ ਲਈ ਉਸ ਹਾਲਤ ਤੱਕ ਅਪੜਨ ਦਾ ਕੋਈ ਮੌਕਾ ਨਹੀਂ ਜਿਹੜੀ ਉਹਨੂੰ ਹੋਰ ਹਾਲਤ ਵਿੱਚ ਰੱਖ ਦੇਵੇ।

[58] ਯਾਦ ਰਖੋ ਇਹ ਗੱਲ ਭੁੱਲੀ ਨਹੀਂ ਜਾਣੀ ਚਾਹੀਦੀ ਕਿ ਖੇਤ-ਗ਼ੁਲਾਮ ਦੀ ਹੋਂਦ ਬਣਾਈ ਰੱਖਣ ਦੀ ਲੋੜ ਨੇ ਹੀ ਅਤੇ ਵੱਡ-ਪੱਧਰੀ ਆਰਥਕਤਾ ਦੀ ਅਸੰਭਾਵਨਾ ਨੇ ਖੇਤ-ਗ਼ੁਲਾਮਾਂ ਵਿੱਚ allotments* ਲਿਆਂਦੀ ਅਤੇ ਬਹੁਤ ਛੇਤੀ ਖ਼ੇਤ-ਗ਼ੁਲਾਮਾਂ ਵੱਲੋਂ ਆਪਣੇ ਮਾਲਕ ਲੀ ਸੇਵਾਵਾਂ ਨੂੰ ਔਸਤ ਨਾਲ਼ ਜਿਣਸ ਵਿੱਚ ਅਦਾਇਗੀ ਅਤੇ ਕਿਰਤ-

---

* ਖਰੜੇ ਵਿੱਚ ਇਹ ਸ਼ਬਦ ਅੰਗ੍ਰਜ਼ੀ ਵਿੱਚ ਹੈ। **—ਸੰਪਾ**. ਪਿੰਡ ਦੀ ਭੋਂ ਸਾਂਝੀ ਮਾਲਕੀ ਹੋਣ ਅਤੇ ਉਸ ਵਿਚੋਂ ਵੱਖ-ਵੱਖ ਟੱਬਰਾਂ ਨੂੰ ਵਰਤੋਂ ਲਈ ਭੋਂ ਦੇਣ ਦਾ ਪ੍ਰਬੰਧ।**—ਅਨੁ**.

ਸੇਵਾਵਾਂ ਤੱਕ ਸੀਮਤ ਦਿੱਤਾ। ਇਸ ਗੱਲ ਨੇ ਖੇਤ-ਗ਼ੁਲਾਮਾਂ ਲਈ ਚਲ ਜਾਇਦਾਦ ਜਮ੍ਹਾਂ ਕਰਨਾ ਸੰਭਵ ਬਣਾਇਆ ਅਤੇ ਇਹਦੇ ਸਿੱਟੇ ਵਜੋਂ ਆਪਣੇ ਮਾਲਕ ਤੋਂ ਉਹਦਾ ਛੁਟਕਾਰਾ ਸੌਖਾ ਬਣਾਇਆ ਅਤੇ ਉਹਨੂੰ ਇੱਕ ਨਗਰਵਾਸੀ ਦੇ ਤੌਰ 'ਤੇ ਅੱਗੇ ਵੱਧਣ ਦੀ ਸੰਭਾਵਨਾ ਦਿੱਤੀ; ਇਹਨੇ ਖੇਤ-ਗ਼ੁਲਾਮਾਂ ਵਿੱਚ ਦਰਜੇਬੰਦੀ ਵੀ ਪੈਦਾ ਕੀਤੀ ਅਤੇ ਭਗੌੜੇ ਖੇਤ-ਗ਼ੁਲਾਮ ਪਹਿਲਾਂ ਹੀ ਅੱਧੇ ਨਗਰ-ਵਾਸੀ ਸਨ। ਇਸੇ ਤਰ੍ਹਾਂ ਇਹ ਗੱਲ ਵੀ ਸਪੱਸ਼ਟ ਹੈ ਕਿ ਜਿਹੜੇ ਖੇਤ-ਗ਼ੁਲਾਮ ਕੋਈ ਕਿੱਤਾ ਜਾਣਦੇ ਸਨ ਉਹਨਾਂ ਦੇ ਚਲ ਜਾਇਦਾਦ ਪ੍ਰਾਪਤ ਕਰਨ ਦੀ ਸੰਭਾਵਨਾ ਸਭ ਤੋਂ ਵੱਧ ਸੀ।

ਇਉਂ ਜਿੱਥੇ ਭਗੌੜੇ ਖੇਤ-ਗ਼ੁਲਾਮ ਕੇਵਲ ਜੀਵਨ ਦੀਆਂ ਉਹਨਾਂ ਹਾਲਤਾਂ ਨੂੰ, ਜਿਹੜੀਆਂ ਪਹਿਲਾਂ ਹੀ ਮੌਜੂਦ ਸਨ, ਵਿਕਸਤ ਕਰਨ ਅਤੇ ਉਹਨਾਂ ਦਾ ਦਾਹਵਾ ਕਰਨ ਲਈ ਪੂਰੀ ਸੰਭਾਵਨਾ ਪ੍ਰਾਪਤ ਕਰਨਾ ਚਾਹੁੰਦੇ ਸਨ, ਅਤੇ ਇਸੇ ਲਈ, ਅੰਤ ਉਹ ਕੇਵਲ ਅਜ਼ਾਦ ਕਿਰਤ ਤੱਕ ਅੱਪੜੇ, ਉੱਤੇ ਜੇ ਪ੍ਰੋਲਤਾਰੀ ਨੇ ਵਿਅਕਤੀਆਂ ਵਜੋਂ ਆਪਣਾ ਦਾਹਵਾ ਕਰਨਾ ਹੈ, ਤਾਂ ਉਹਨਾਂ ਨੂੰ ਆਪਣੇ ਜੀਵਨ ਦੀਆਂ ਹੁਣ ਤੱਕ ਮੌਜੂਦ ਹਾਲਤਾਂ ਨੂੰ (ਜਿਹੜੀਆਂ, ਇਸ ਤੋਂ ਵੱਧ, ਉਦੋਂ ਤੱਕ ਸਮੁੱਚੇ ਸਮਾਜ ਦੀਆਂ ਹਾਲਤਾਂ ਰਹੀਆਂ ਹਨ), ਅਰਥਾਤ, ਕਿਰਤ ਨੂੰ ਖ਼ਤਮ ਕਰਨਾ ਪਵੇਗਾ। ਇਉਂ ਉਹ ਆਪਣੇ ਆਪ ਨੂੰ ਸਿੱਧੀ ਤਰ੍ਹਾਂ ਉਸ ਰੂਪ ਦਾ ਵਿਰੋਧ ਕਰਦੇ ਵੇਖਦੇ ਹਨ, ਜਿਸ ਵਿੱਚ ਹੁਣ ਤੱਕ ਵਿਅਕਤੀਆਂ ਨੇ, ਜਿਨ੍ਹਾਂ ਤੋਂ ਸਮਾਜ ਬਣਦਾ ਹੈ, ਆਪਣੇ ਆਪ ਨੂੰ ਸਮੂਹਕ ਪ੍ਰਗਟਾਅ ਦਿੱਤਾ ਹੈ, ਅਰਥਾਤ ਰਾਜ; ਇਸ ਲਈ ਵਿਅਕਤੀਆਂ ਵਜੋਂ ਆਪਣਾ ਦਾਹਵਾ ਕਰਨ ਲਈ ਇਹ ਲਾਜ਼ਮੀ ਹੈ ਕਿ ਉਹ ਰਾਜ ਦਾ ਤਖ਼ਤਾ ਉਲਟਣ।

————————

ਅਸੀਂ ਹੁਣ ਤੱਕ ਜੋ ਕੁੱਝ ਕਹਿੰਦੇ ਆਏ ਹਾਂ ਉਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ* ਜਿਸ ਭਾਈਚਾਰਕ ਸਬੰਧ ਵਿੱਚ ਇੱਕ ਜਮਾਤ ਦੇ ਵਿਅਕਤੀ ਪ੍ਰਵੇਸ਼ ਕਰਦੇ ਹਨ, ਅਤੇ ਜਿਹੜਾ ਕਿਸੇ ਹੋਰ ਧਿਰ ਵਿਰੁੱਧ ਉਹਨਾਂ ਦੇ ਸਾਂਝੇ ਹਿਤਾਂ ਰਾਹੀਂ ਮਿਥਿਆ ਜਾਂਦਾ ਹੈ, ਉਹ ਸਦਾ ਹੀ ਇੱਕ ਅਜਿਹਾ ਭਾਈਚਾਰਾ ਸੀ ਜਿਸ ਵਿੱਚ ਇਹ ਵਿਅਕਤੀ ਕੇਵਲ ਔਸਤ ਵਿਅਕਤੀਆਂ ਵਜੋਂ ਸ਼ਾਮਲ ਸਨ, ਕੇਵਲ ਇਸ ਲਈ ਕਿ ਉਹ ਆਪਣੀ ਜਮਾਤ ਦੀਆਂ ਜੀਵਨ ਹਾਲਤਾਂ ਵਿੱਚ ਰਹਿੰਦੇ ਸਨ—ਇੱਕ ਅਜਿਹਾ ਸਬੰਧ ਜਿਸ ਵਿੱਚ ਉਹ ਵਿਅਕਤੀਆਂ ਵਜੋਂ ਨਹੀਂ ਸਗੋਂ ਇਕ ਜਮਾਤ ਦੇ ਮੈਂਬਰਾਂ ਵਜੋਂ ਸ਼ਾਮਲ ਹੋਏ। ਦੂਜੇ ਹੱਥ, ਇਨਕਲਾਬੀ ਪ੍ਰੋਲੇਤਾਰੀ ਭਾਈਚਾਰੇ ਲਈ, ਜਿਹੜੇ ਆਪਣੀਆਂ ਜੀਵਨ ਹਾਲਤਾਂ [59] ਅਤੇ ਸਮਾਜ ਦੇ ਸਭਨਾਂ ਮੈਂਬਰਾਂ ਦੀ ਹਾਲਤਾਂ ਨੂੰ ਆਪਣੇ ਕੰਟਰੋਲ ਵਿੱਚ ਲੈਂਦੇ ਹਨ, ਹਾਲਤ ਬਿਲਕੁਲ ਉਲਟੀ ਹੈ; ਵਿਅਕਤੀ ਵਿਅਕਤੀਆਂ ਵਜੋਂ ਇਸ ਵਿੱਚ ਹਿੱਸਾ ਲੈਂਦੇ ਹਨ। ਕਿਉਂਕਿ ਇਹ ਵਿਅਕਤੀਆਂ ਦੀ

* [ਹੇਠ ਲਿਖਿਆ ਹਿੱਸਾ ਖਰੜੇ ਵਿੱਚ ਕਟਿਆ ਹੋਇਆ ਹੈ:] ਜਿਨ੍ਹਾਂ ਵਿਅਕਤੀਆਂ ਨੇ ਕਿਸੇ ਇਤਿਹਾਸਕ ਯੁਗ ਵਿੱਚ ਆਪਣੇ ਆਪ ਨੂੰ ਆਜ਼ਾਦ ਕਰਵਾ ਲਿਆ, ਉਹਨਾਂ ਨੇ ਕੇਵਲ ਹੋਂਦ ਦੀਆਂ ਉਹਨਾਂ ਪ੍ਰਸਥਿਤੀਆਂ ਨੂੰ ਜਿਹੜੀਆਂ ਪਹਿਲਾਂ ਹੀ ਮੌਜੂਦ ਸਨ ਅਤੇ ਜਿਹੜੀਆਂ ਉਹਨਾਂ ਨੂੰ ਵਿਦਮਾਨ ਮਿਲੀਆਂ, ਕੇਵਲ ਵਿਕਸਤ ਹੀ ਕੀਤਾ। **—ਸੰਪਾ.**

ਭਾਈਵਾਲੀ ਹੀ ਹੈ (ਨਿਰਸੰਦੇਹ ਨਵੀਆਂ ਉਤਪਾਦਕ ਸ਼ਕਤੀਆਂ ਦੀ ਉੱਨਤ ਪੱਧਰ ਫ਼ਰਜ਼ ਕਰਦੇ ਹੋਏ) ਜਿਹੜੀ ਵਿਅਕਤੀਆਂ ਦੇ ਆਜ਼ਾਦ ਵਿਕਾਸ ਅਤੇ ਹਰਕਤ ਨੂੰ ਉਹਨਾਂ ਦੇ ਕੰਟਰੋਲ ਹੇਠ ਲਿਆਉਂਦੀ ਹੈ—ਹਾਲਤਾਂ ਜਿਹੜੀਆਂ ਪਹਿਲੀਆਂ ਵਿੱਚ ਸੰਯੋਗ 'ਤੇ ਛੱਡ ਦਿੱਤੀਆਂ ਗਈਆਂ ਸਨ ਅਤੇ ਜਿਨ੍ਹਾਂ ਨੇ ਵੱਖ ਵੱਖ ਵਿਅਕਤੀਆਂ ਵਿਰੁੱਧ ਅਜ਼ਾਦ ਹੋਂਦ ਪ੍ਰਾਪਤ ਕਰ ਲਈ ਸੀ, ਐਨ ਇਸ ਕਾਰਨ ਕਿ ਉਹ ਵਿਅਕਤੀਆਂ ਦੇ ਤੌਰ 'ਤੇ ਵੱਖ ਵੱਖ ਸਨ ਅਤੇ ਇਸ ਕਾਰਨ ਕਿ ਉਹਨਾਂ ਦੀ ਭਾਈਵਾਲੀ ਅਟੱਲ ਸੀ, ਜਿਹੜੀ ਕਿਰਤ ਦੀ ਵੰਡ ਰਾਹੀਂ ਮਿਥੀ ਹੋਈ ਸੀ ਅਤੇ ਉਹਨਾਂ ਦੇ ਵੱਖ ਵੱਖ ਹੋਣ ਕਾਰਨ ਉਹਨਾਂ ਲਈ ਇਕ ਓਪਰਾ ਬੰਧਨ ਬਣ ਗਈ ਸੀ। ਹੁਣ ਤੱਕ ਭਾਈਵਾਲੀ (ਜਿਹੜੀ ਕਿਸੇ ਵੀ ਤਰ੍ਹਾਂ ਆਪਹੁਦਰੀ ਨਹੀਂ ਸੀ ਜਿਹੋ ਜਿਹੀ ਦੀ ਸਮਾਜੀ ਕਰਾਰ ਵਿੱਚ ਵਿਆਖਿਆ ਕੀਤੀ ਗਈ ਹੈ*, ਸਗੋਂ ਲੋੜੀਂਦੀ ਸੀ) ਕੇਵਲ ਉਹਨਾਂ ਸ਼ਰਤਾਂ ਸਬੰਧੀ ਇੱਕ ਕਰਾਰ ਸੀ ਜਿਨ੍ਹਾਂ ਅਧੀਨ ਵਿਅਕਤੀ ਕਿਸਮਤ ਦੇ ਚਮਤਕਾਰਾਂ ਦਾ ਸਵਾਦ ਮਾਣ ਸਕਣ ਲਈ ਅਜ਼ਾਦ ਸਨ (ਮਿਸਾਲ ਵਜੋਂ, ਉੱਤਰੀ ਅਮਰੀਕੀ ਰਾਜ ਅਤੇ ਦੱਖਣੀ ਅਮਰੀਕੀ ਗਣ-ਰਾਜਾਂ ਦੇ ਬਣਨ ਦਾ ਮੁਕਾਬਲਾ ਕਰੋ)। ਸਬੱਬ ਅਤੇ ਸੰਯੋਗ ਦਾ, ਕੁੱਝ ਸ਼ਰਤਾਂ ਅਧੀਨ, ਬਿਨਾਂ ਰੋਕ ਟੋਕ ਲਾਭ ਉਠਾਉਣ ਦੇ ਹੱਕ ਨੂੰ ਹੁਣ ਤੱਕ ਸ਼ਖ਼ਸੀ ਆਜ਼ਾਦੀ ਕਿਹਾ ਗਿਆ ਹੈ। —ਨਿਰਸੰਦੇਹ, ਹੋਂਦ ਦੀਆਂ ਇਹ ਸ਼ਰਤਾਂ ਕਿਸੇ ਵਿਸ਼ੇਸ਼ ਸਮੇਂ ਦੀਆਂ ਉਤਪਦਾਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਰੂਪ ਹਨ।

————————

ਕਮਿਊਨਿਜ਼ਮ ਪਹਿਲੀ ਦੀਆਂ ਸਭਨਾਂ ਲਹਿਰਾਂ ਤੋਂ ਇਸ ਗੱਲੋਂ ਵੱਖਰਾ ਹੈ ਕਿ ਇਹ ਪਹਿਲਾਂ ਦੇ ਉਤਪਾਦਨ ਅਤੇ ਵਰਤੋਂ-ਵਿਹਾਰ ਦੇ ਸਭਨਾਂ ਸਬੰਧਾਂ ਨੂੰ ਉਲਟਾ ਦੇਂਦਾ ਹੈ ਅਤੇ ਪਹਿਲੀ ਵਾਰ ਕੁਦਰਤੀ ਤੌਰ 'ਤੇ ਵਿਕਸਤ ਹੋਏ ਆਧਾਰਾਂ ਨੂੰ ਚੇਤੰਨ ਤੌਰ 'ਤੇ ਹੁਣ ਤੱਕ ਵਿਦਮਾਨ ਰਹੇ ਮਨੁੱਖਾਂ ਦੀਆਂ ਸਿਰਜਣਾਵਾਂ ਸਮਝਦਾ ਹੈ ਅਤੇ ਉਹਨਾਂ ਨੂੰ ਉਹਨਾਂ ਦੇ ਕੁਦਰਤੀ ਖਾਸੇ ਤੋਂ ਮੁਕਤ ਕਰਦਾ ਹੈ ਅਤੇ ਉਹਨਾਂ ਨੂੰ ਇੱਕ-ਮੁਠ ਵਿਅਕਤੀਆਂ ਦੀ ਸ਼ਕਤੀ ਦੇ ਅਧੀਨ ਕਰਦਾ ਹੈ। ਇਸ ਲਈ ਇਹਦੀ ਸਥਾਪਤੀ ਬੁਨਿਆਦੀ ਤੌਰ 'ਤੇ ਆਰਥਕ ਹੈ, ਇਹ ਏਕਤਾ ਦੀਆਂ ਹਾਲਤਾਂ ਦਾ ਪਦਾਰਥਕ ਉਤਪਾਦਨ ਹੈ; ਇਹ ਵਿਦਮਾਨ ਹਾਲਤਾਂ ਨੂੰ ਏਕਤਾ ਦੀਆਂ ਹਾਲਤਾਂ ਵਿੱਚ ਤਬਦੀਲ ਕਰਦੀ ਹੈ। ਕਮਿਊਨਿਜ਼ਮ ਜਿਹੜਾ ਯਥਾਰਥ ਸਿਰਜਦਾ ਹੈ ਉਹ ਇਹ ਗੱਲ ਅਸੰਭਵ ਬਣਾਉਣ ਦਾ ਐਨ ਉਹੀ ਆਧਾਰ ਹੈ ਕਿ ਕੋਈ ਸ਼ੈਅ ਵਿਅਕਤੀਆਂ ਤੋਂ ਅਜ਼ਾਦ ਹੋਂਦ ਵਿੱਚ ਰਹਿ ਸਕੇ, ਕਿਉਂਕਿ, ਭਾਵੇਂ ਕੁੱਝ ਵੀ ਹੋਵੇ, ਯਥਾਰਥ ਵਿਅਕਤੀਆਂ ਵਿਚਕਾਰ ਇਸ ਤੋਂ ਪਹਿਲਾਂ ਵਰਤੋਂ-ਵਿਹਾਰ ਦੇਣ ਦੀ ਇੱਕ ਉਪਜ ਹੀ ਹੈ। ਇਉਂ ਅਮਲ ਵਿੱਚ ਕਮਿਊਨਿਸਟ ਹੁਣ ਤੱਕ ਉਤਪਾਦਨ ਅਤੇ ਵਰਤੋਂ-ਵਿਹਾਰ ਰਾਹੀਂ ਸਿਰਜੀਆਂ ਹਾਲਤਾਂ ਨੂੰ ਗ਼ੈਰ-ਨਿਰਜੀਵ ਹਾਲਤਾਂ ਸਮਝਦੇ ਹਨ, ਪਰ ਇਹ ਸਮਝੇ ਬਿਨਾਂ ਕਿ ਇਹ ਪਹਿਲੀਆਂ

* J. J. Rousseau. «Du Contract social, ou, Principes du droit politique», Amsterdam. 1762. (ਜੀਨ ਜੈਕੂਅਸ ਰੂਸੋ, "ਸਮਾਜੀ ਕਰਾਰ ਜਾਂ ਰਾਜਸੀ ਕਨੂੰਨ ਦੇ ਨਿਯਮ"। **—ਸੰਪਾ.**

ਪੀੜ੍ਹੀਆਂ ਦੀ ਹੋਣੀ ਜਾਂ ਯੋਜਨਾ ਸੀ ਕਿ ਉਹਨਾਂ ਨੂੰ ਪਦਾਰਥ ਦੇਣ ਅਤੇ ਇਹ ਸਮਝੇ ਬਿਨਾਂ ਕਿ ਇਹ ਹਾਲਤਾਂ ਉਹਨਾਂ ਨੂੰ ਸਿਰਜ ਰਹੇ ਮਨੁੱਖਾਂ ਲਈ ਵੀ ਨਿਰ-ਜੀਵ ਸਨ।

## [7. ਵਿਅਕਤੀਆਂ ਅਤੇ ਉਹਨਾਂ ਦੀਆਂ ਜੀਵਨ ਪ੍ਰਸਥਿਤੀਆਂ ਵਿਚਕਾਰ ਵਿਰੋਧ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਵਿਚਕਾਰ ਵਿਰੋਧ ਵਜੋਂ। ਉਤਪਾਦਕ ਸ਼ਕਤੀਆਂ ਦਾ ਵਿਕਾਸ ਅਤੇ ਵਰਤੋਂ-ਵਿਹਾਰ ਦੇ ਤਬਦੀਲ ਹੋ ਰਹੇ ਰੂਪ]

[60] ਇੱਕ ਮਨੁੱਖ ਵਜੋਂ ਵਿਅਕਤੀ ਅਤੇ ਜੋ ਕੁੱਝ ਉਹਦੇ ਲਈ ਬਾਹਰ ਹੈ ਉਸ ਵਿਚਕਾਰ ਫ਼ਰਕ ਇੱਕ ਖਿਆਲੀ ਫ਼ਰਕ ਨਹੀਂ ਸਗੋਂ ਇਤਿਹਾਸਕ ਫ਼ਰਕ ਹੈ। ਵੱਖ ਵੱਖ ਸਮਿਆਂ ਉੱਤੇ ਇਸ ਫ਼ਰਕ ਦੀ ਵੱਖ ਵੱਖ ਮਹੱਤਤਾ ਰਹੀ ਹੈ, ਮਿਸਾਲ ਵਜੋਂ, ਅਠਾਰ੍ਹਵੀਂ ਸਦੀ ਵਿੱਚ ਜਗੀਰਦਾਰੀ ਵਿਅਕਤੀ ਤੋਂ ਕੁੱਝ ਬਾਹਰੀ ਵਜੋਂ, ਅਤੇ ਇਸੇ ਤਰ੍ਹਾਂ ਹੀ, ਘੱਟ ਜਾਂ ਵੱਧ, ਟੱਬਰ। ਇਹ ਕੋਈ ਅਜਿਹਾ ਵਖਰੇਵਾਂ ਨਹੀਂ ਜਿਹੜਾ ਅਸਾਂ ਹਰ ਯੁਗ ਲਈ ਕਰਨਾ ਹੈ, ਸਗੋਂ ਇਹ ਉਹ ਵਖਰੇਵਾਂ ਹੈ ਜਿਹੜਾ ਹਰ ਯੁਗ ਉਹਨਾਂ ਵੱਖ ਵੱਖ ਅੰਸ਼ਾਂ ਵਿਚੋਂ ਕਰਦਾ ਹੈ ਜਿਹੜੇ ਉਹਨੂੰ ਵਿਦਮਾਨ ਮਿਲਦੇ ਹਨ ਅਤੇ ਨਿਰਸੰਦੇਹ ਕਿਸੇ ਵਿਚਾਰ ਅਨੁਸਾਰ ਨਹੀਂ ਕਰਦਾ ਸਗੋਂ ਜੀਵਨ ਵਿੱਚ ਯਥਾਰਥਕ ਟਕਰਾਵਾਂ ਤੋਂ ਮਜਬੂਰ ਹੋ ਕੇ ਕਰਦਾ ਹੈ।

ਜੋ ਕੁੱਝ ਕਿਸੇ ਪਿੱਛੋਂ ਆਉਣ ਵਾਲ਼ੇ ਯੁਗ ਨੂੰ ਪਹਿਲੇਰੇ ਦੇ ਮੁਕਾਬਲੇ ਉੱਤੇ ਇਤਫਾਕੀਆ ਜਾਪਦਾ ਹੈ—ਅਤੇ ਇਹ ਪਹਿਲੇਰੇ ਯੁਗ ਵੱਲੋਂ ਦਿੱਤੇ ਅੰਸ਼ਾਂ ਉੱਤੇ ਵੀ ਲਾਗੂ ਹੁੰਦਾ ਹੈ— ਉਹ ਵਰਤੋਂ-ਵਿਹਾਰ ਦਾ ਇੱਕ ਰੂਪ ਹੈ, ਜਿਹੜਾ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਇੱਕ ਨਿਸ਼ਚਿਤ ਪੜਾਅ ਦਾ ਅਨੁਸਾਰੀ ਸੀ। ਵਰਤੋਂ-ਵਿਹਾਰ ਦੇ ਰੂਪ ਨਾਲ਼ ਉਤਪਾਦਕ ਸ਼ਕਤੀਆਂ ਦਾ ਸਬੰਧ ਵਿਅਕਤੀਆਂ ਦੇ ਕਿੱਤੇ ਜਾਂ ਸਰਗਰਮੀ ਨਾਲ਼ ਵਰਤੋਂ-ਵਿਹਾਰ ਦੇ ਰੂਪ ਦਾ ਸੰਬੰਧ ਹੈ (ਨਿਰਸੰਦੇਹ, ਇਸ ਅਮਲ ਦਾ ਬੁਨਿਆਦੀ ਰੂਪ ਪਦਾਰਥਕ ਹੈ ਜਿਸ ਉੱਤੇ ਹੋਰ ਸਾਰੇ ਰੂਪ—ਦਿਮਾਗ਼ੀ, ਰਾਜਸੀ, ਧਾਰਮਕ ਆਦਿ—ਆਧਾਰਤ ਹਨ। ਪਦਾਰਥਕ ਜੀਵਨ ਦੇ ਵੱਖ ਵੱਖ ਰੂਪ, ਨਿਰਸੰਦੇਹ ਹਰ ਹਾਲਤ ਵਿੱਚ ਉਹਨਾਂ ਲੋੜਾਂ ਉੱਤੇ, ਜਿਹੜੀਆਂ ਪਹਿਲਾਂ ਹੀ ਵਿਕਸਤ ਹੋ ਚੁੱਕੀਆਂ ਹਨ, ਆਧਾਰਤ ਹਨ, ਅਤੇ ਇਹਨਾਂ ਲੋੜਾਂ ਦਾ ਉਤਪਾਦਨ ਅਤੇ ਪੂਰਤੀ ਵੀ ਇੱਕ ਇਤਿਹਾਸਕ ਅਮਲ ਹੈ, ਜਿਹੜਾ ਭੇਡ ਜਾਂ ਕੁੱਤੇ ਦੀ ਹਾਲਤ ਵਿੱਚ ਨਹੀਂ ਹੁੰਦਾ (ਸ਼ਟਿਰਨਰ ਦੀ ਮੁੱਖ ਵਿਸ਼ਲੇਸ਼ਣਾਤਮਕ ਦਲੀਲ* adversus hominem,**) ਭਾਵੇਂ ਇਹ ਪੱਕੀ ਗੱਲ ਹੈ ਕਿ ਆਪਣੇ ਅਜੋਕੇ ਰੂਪ ਵਿੱਚ, ਭੇਡ ਅਤੇ ਕੁੱਤਾ ਆਪਣੇ ਆਪ ਦੇ ਬਾਵਜੂਦ, ਇਤਿਹਾਸਕ ਅਮਲ ਦੀ ਉਪਜ ਹਨ।) ਜਦੋਂ ਤੱਕ ਵਿਰੋਧ ਦੀ ਅਣਹੋਂਦ ਹੈ, ਜਿਹਨ੍ਹਾਂ ਹਾਲਤਾਂ ਅਧੀਨ ਵਿਅਕਤੀ ਇੱਕ ਦੂਜੇ ਨਾਲ਼ ਵਰਤੋਂ-ਵਿਹਾਰ ਕਰਦੇ ਹਨ, ਉਹਨਾਂ

* ਵੇਖੋ ਮੈਕਸ ਸ਼ਟਿਰਨਰ, «Recensenten Stirners» -**ਸੰਪਾ.**

** ਮਨੁੱਖ ਵਿਰੁੱਧ। -**ਸੰਪਾ.**

ਦੀ ਸ਼ਖ਼ਸੀਅਤ ਨਾਲ਼ ਸਬੰਧਤ ਹਾਲਤਾਂ ਹਨ, ਜਿਹੜੀਆਂ ਕਿਸੇ ਵੀ ਤਰ੍ਹਾਂ ਉਹਨਾਂ ਤੋਂ ਬਾਹਰੀਆਂ ਨਹੀਂ; ਅਜਿਹੀਆਂ ਹਾਲਤਾਂ ਕੇਵਲ ਜਿਨ੍ਹਾਂ ਅਧੀਨ ਹੀ ਇਹ ਵਿਸ਼ੇਸ਼ ਵਿਅਕਤੀ, ਵਿਸ਼ੇਸ਼ ਸਬੰਧਾਂ ਅਧੀਨ ਰਹਿੰਦੇ ਹੋਏ, ਆਪਣੇ ਪਦਾਰਥਕ ਜੀਵਨ ਦਾ ਅਤੇ ਜੋ ਕੁੱਝ ਇਹਦੇ ਨਾਲ਼ ਸਬੰਧਤ ਹੈ, ਉਤਪਾਦਨ ਕਰ ਸਕਦੇ ਹਨ, ਇਉਂ ਉਹ ਉਹਨਾਂ ਦੀ ਸਵੈ-ਸਰਗਰਮੀ ਦੀਆਂ ਹਾਲਤਾਂ ਹਨ ਅਤੇ ਸਵੈ-ਸਰਗਰਮੀ ਰਾਹੀਂ ਉਪਜਦੀਆਂ ਹਨ।* ਜਿਸ ਨਿਸ਼ਚਿਤ ਹਾਲਤ ਅਧੀਨ ਉਹ ਉਤਪਾਦਨ ਕਰਦੇ ਹਨ, ਜਿੰਨਾਂ ਚਿਰ [61] ਵਿਰੋਧ ਅਜੇ ਪ੍ਰਗਟ ਨਹੀਂ ਹੋਇਆ, ਉਹਨਾਂ ਦੇ ਸ਼ਰਤੀ ਖ਼ਾਸੇ ਦੀ, ਉਹਨਾਂ ਦੀ ਇੱਕ-ਪੱਖੀ ਹੋਂਦ ਦੀ ਅਨੁਸਾਰੀ ਹੈ, ਜਿਸਦਾ ਇੱਕ-ਪੱਖੀਪੁਣਾ ਉਹਨਾਂ ਲਈ ਕੇਵਲ ਉਦੋਂ ਹੈ ਜਿਹੜੇ ਅੱਗੋਂ ਜਾਕੇ ਜਿਉਂਦੇ ਹਨ। ਫਿਰ ਇਹ ਹਾਲਤ ਇੱਕ ਦੇਵ-ਨੈਤੀ ਸੰਗਲ ਪ੍ਰਤੱਖ ਹੁੰਦੀ ਹੈ ਜਦੋਂ ਵਿਰੋਧ ਸਾਹਮਣੇ ਆਉਂਦਾ ਹੈ ਅਤੇ ਇਸ ਤਰ੍ਹਾਂ ਇਹਦੀ ਕੇਵਲ ਉਹਨਾਂ ਲਈ ਹੋਂਦ ਜਾਪਦੀ ਹੈ ਅਤੇ ਇਹ ਚੇਤਨਤਾ ਕਿ ਇਹ ਇੱਕ ਸੰਗਲ ਹੈ ਪਹਿਲੇਰੇ ਯੁਗ ਸਿਰ ਵੀ ਮੜ੍ਹੀ ਜਾਂਦੀ ਹੈ।

ਉਹ ਵੱਖ ਵੱਖ ਹਾਲਤਾਂ ਜਿਹੜੀਆਂ ਪਹਿਲਾਂ ਸਵੈ-ਸਰਗਰਮੀ ਦੀਆਂ ਹਾਲਤਾਂ ਵਜੋਂ ਪ੍ਰਗਟ ਹੁੰਦੀਆਂ ਹਨ, ਪਿੱਛੋਂ ਇਹਦੇ ਉੱਤੇ ਸੰਗਲਾਂ ਵਜੋਂ, ਇਤਿਹਾਸ ਦੇ ਸਮੁੱਚੇ ਵਿਕਾਸ ਵਿੱਚ ਵਰਤੋਂ-ਵਿਹਾਰ ਦੇ ਰੂਪਾਂ ਦੀ ਇੱਕ ਜੁੜਤ ਵਾਲੀ ਲੜੀ ਬਣਦੀਆਂ ਹਨ, ਜਿਨ੍ਹਾਂ ਦੀ ਜੁੜਤ ਇਸ ਵਿੱਚ ਬਣਦੀ ਹੈ: ਵਰਤੋਂ-ਵਿਹਾਰ ਦਾ ਇੱਕ ਪਹਿਲਾ ਰੂਪ, ਜਿਹੜਾ ਇਕ ਸੰਗਲ ਬਣ ਗਿਆ ਹੈ, ਉਹਦੀ ਥਾਂ ਇਕ ਨਵਾਂ ਰੂਪ ਲੈ ਲੈਂਦਾ ਹੈ, ਜਿਹੜਾ ਵਧੇਰੇ ਵਿਕਸਤ ਉਤਪਾਦਕ ਸ਼ਕਤੀਆਂ ਦਾ ਅਤੇ, ਇਸੇ ਲਈ, ਵਿਅਕਤੀਆਂ ਦੀ ਸਵੈ-ਸਰਗਰਮੀ ਦੇ ਉੱਨਤ ਰੂਪ ਦਾ ਅਨੁਸਾਰੀ ਹੈ—ਇਕ ਅਜਿਹਾ ਰੂਪ ਜਿਹੜਾ ਆਪਣੀ ਵਾਰੀ ਇੱਕ ਸੰਗਲ ਬਣ ਜਾਂਦਾ ਹੈ ਅਤੇ ਜਿਸਦੀ ਥਾਂ ਇਕ ਹੋਰ ਨੂੰ ਦੇ ਦਿੱਤੀ ਜਾਂਦੀ ਹੈ। ਕਿਉਂਕਿ ਇਹ ਹਾਲਤਾਂ ਹਰ ਪੜਾਅ ਉੱਤੇ ਨਾਲ਼ ਹੀ ਨਾਲ਼ ਹੋਏ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੀਆਂ ਅਨੁਸਾਰੀ ਹੁੰਦੀਆਂ ਹਨ, ਉਹਨਾਂ ਦਾ ਇਤਿਹਾਸ ਨਾਲ਼ ਹੀ ਨਾਲ਼ ਵਿਕਸਤ ਹੋ ਰਹੀਆਂ ਉਤਪਾਦਕ ਸ਼ਕਤੀਆਂ ਦਾ, ਜਿਨ੍ਹਾਂ ਨੂੰ ਹਰ ਨਵੀਂ ਪੀੜ੍ਹੀ ਹੱਥ ਵਿੱਚ ਲੈਂਦੀ ਹੈ, ਇਤਿਹਾਸ ਵੀ ਹੈ ਅਤੇ ਇਸ ਲਈ ਖ਼ੁਦ ਵਿਅਕਤੀਆਂ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਇਤਿਹਾਸ ਵੀ ਹੈ।

ਕਿਉਂਕਿ ਇਹ ਵਿਕਾਸ ਆਪ-ਮੁਹਾਰੇ ਹੁੰਦਾ ਹੈ, ਅਰਥਾਤ, ਆਜ਼ਾਦ ਤੌਰ 'ਤੇ ਇਕੱਠੇ ਹੋਏ ਵਿਅਕਤੀਆਂ ਦੀ ਆਮ ਪਲਾਨ ਦੇ ਅਧੀਨ ਨਹੀਂ, ਇਹ ਵੱਖ ਵੱਖ ਸਥਾਨਾਂ, ਕਬੀਲਿਆਂ, ਕੌਮਾਂ, ਕਿਰਤ ਦੀਆਂ ਸ਼ਾਖ਼ਾਂ ਆਦਿ ਤੋਂ ਸ਼ੁਰੂ ਹੁੰਦਾ ਹੈ, ਜਿਨ੍ਹਾਂ ਵਿਚੋਂ ਹਰ ਇੱਕ ਮੁੱਢ ਵਿੱਚ ਅਜ਼ਾਦ ਤੌਰ 'ਤੇ ਵਿਕਸਤ ਹੁੰਦਾ ਹੈ ਅਤੇ ਕੇਵਲ ਬਹੁਤ ਹੌਲੀ ਹੌਲੀ ਹੁੰਦਾ ਹੈ; ਵੱਖ ਵੱਖ ਪੜਾਆਂ ਅਤੇ ਹਿਤਾਂ ਉਤੇ ਕਦੀ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਜਾਂਦਾ, ਸਗੋਂ ਉਹਨਾਂ ਨੂੰ ਕੇਵਲ ਪ੍ਰਚਲਤ ਹਿਤਾਂ ਦੇ ਅਧੀਨ ਕਰ ਲਿਆ ਜਾਂਦਾ ਹੈ ਅਤੇ ਉਹ ਪਿੱਛੋਂ ਸਦੀਆਂ ਤਕ ਪਿਛਲੇਰੇ ਦੇ ਨਾਲ਼ ਨਾਲ਼ ਘਿਸਟਦੇ ਚਲੇ ਆਉਂਦੇ ਹਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕਿਸੇ ਕੌਮ ਦੇ ਅੰਦਰ ਵੀ ਵਿਅਕਤੀਆਂ ਦੇ, ਆਪਣੇ ਆਰਥਕ ਪ੍ਰਸਥਿਤੀਆਂ ਤੋਂ ਵੱਖ

* [ਮਾਰਕਸ ਵੱਲੋਂ ਹਾਸ਼ੀਏ ਉੱਤੇ ਨੋਟ:] ਖ਼ੁਦ ਵਰਤੋਂ-ਵਿਹਾਰ ਦੇ ਰੂਪ ਦਾ ਉਤਪਾਦਨ। **-ਸੰਪਾ.**

ਵਿਕਾਸ ਹੁੰਦੇ ਹਨ, ਅਤੇ ਇਹ ਕਿ ਇੱਕ ਪਹਿਲੇਰਾ ਹਿਤ, ਵਰਤੋਂ-ਵਿਹਾਰ ਦਾ ਵਿਸ਼ੇਸ਼ ਰੂਪ ਜਿਸਨੂੰ ਕਿਸੇ ਅਗਲੇਰੇ ਹਿਤ ਦੇ ਰੂਪ ਨੇ ਮੈਦਾਨੋਂ ਬਾਹਰ ਕੱਢ ਦਿੱਤਾ ਹੁੰਦਾ ਹੈ, ਲੰਮੇ ਸਮੇਂ ਤੱਕ ਭਰਮਾਵੀ ਭਾਈਚਾਰੇ (ਰਾਜ ਕਨੂੰਨ) ਵਿੱਚ ਇੱਕ ਰਵਾਇਤੀ ਸ਼ਕਤੀ ਦੀ ਮਿਲਖ ਰਹਿੰਦਾ ਹੈ, ਜਿਸਨੇ ਵਿਅਕਤੀਆਂ ਤੋਂ ਅਜ਼ਾਦ ਹੋਂਦ ਪ੍ਰਾਪਤ ਕਰ ਲਈ ਹੁੰਦੀ ਹੈ; ਇੱਕ ਅਜਿਹੀ ਸ਼ਕਤੀ ਜਿਸਨੂੰ ਅੰਤਲੇ ਵਿਸ਼ਲੇਸ਼ਣ ਵਿੱਚ ਕੇਵਲ ਇੱਕ ਇਨਕਲਾਬ ਰਾਹੀਂ ਹੀ ਤੋੜਿਆ ਜਾਂ ਸਕਦਾ ਹੈ। ਇਸ ਤੋਂ ਇਸ ਗੱਲ ਦੀ ਵਿਆਖਿਆ ਹੁੰਦੀ ਹੈ ਕਿ ਵਿਕੋਲਿਤਰੇ ਨੁਕਤਿਆਂ ਸਬੰਧ, [62] ਜਿਹੜੇ ਵਧੇਰੇ ਵਿਆਪਕ ਸਾਰ ਕੱਢਣ ਦੀ ਆਗਿਆ ਦੇਂਦੇ ਹਨ ਕਈ ਵਾਰ ਚੇਤਨਤਾ ਸਮਕਾਲੀ ਪ੍ਰਯੋਗਕ ਪ੍ਰਸਥਿਤੀਆਂ ਨਾਲ਼ੋਂ ਵਧੇਰੇ ਉੱਨਤ ਪ੍ਰਤੀਤ ਹੁੰਦੀ ਹੈ, ਤਾਂ ਜੋ ਇੱਕ ਅਗਲੇਰੇ ਯੁਗ ਦੇ ਘੋਲ਼ਾਂ ਵਿੱਚ ਪਹਿਲੇਰੇ ਸਿਧਾਂਤਕਾਰਾਂ ਨੂੰ ਪ੍ਰਮਾਣ ਵਜੋਂ ਪੇਸ਼ ਕਰਨਾ ਸੰਭਵ ਹੁੰਦਾ ਹੈ।

ਦੂਜੇ ਹੱਥ ਉੱਤਰੀ ਅਮਰੀਕਾ ਜਿਹੇ ਦੇਸ਼ਾਂ ਵਿੱਚ, ਜਿਹੜੇ ਇੱਕ ਪਹਿਲਾਂ ਹੀ ਉੱਨਤ ਇਤਿਹਾਸਕ ਯੁਗ ਵਿੱਚ ਆਦਿ ਤੋਂ ਸ਼ੁਰੂ ਕਰ ਰਹੇ ਹੁੰਦੇ ਹਨ, ਵਿਕਾਸ ਬਹੁਤ ਤੇਜ਼ੀ ਨਾਲ਼ ਹੁੰਦਾ ਹੈ। ਇਹਨਾਂ ਦੇਸ਼ਾਂ ਦਾ ਉਹਨਾਂ ਵਿਅਕਤੀਆਂ ਤੋਂ ਬਿਨਾਂ ਹੋਰ ਕੋਈ ਆਧਾਰ ਨਹੀਂ ਹੁੰਦਾ ਜਿਹੜੇ ਉੱਥੇ ਵਸ ਗਏ ਹਨ ਅਤੇ ਇਸ ਲਈ ਅਜਿਹਾ ਕਰਨ 'ਤੇ ਮਜਬੂਰ ਹੋਏ ਕਿ ਪੁਰਾਣੇ ਦੇਸ਼ਾਂ ਦੇ ਵਰਤੋਂ-ਵਿਹਾਰ ਦੇ ਰੂਪ ਉਹਨਾਂ ਦੀਆਂ ਲੋੜਾਂ ਦੇ ਅਨੁਸਾਰੀ ਨਹੀਂ ਸਨ ਰਹੇ। ਇਉਂ ਉਹ ਪੁਰਾਣੇ ਦੇਸ਼ਾਂ ਦੇ ਸਭ ਤੋਂ ਉੱਨਤ ਵਿਅਕਤੀਆਂ ਨਾਲ਼, ਅਤੇ, ਇਸੇ ਲਈ ਵਰਤੋਂ-ਵਿਹਾਰ ਦੇ ਅਨੁਸਾਰੀ ਅਤਿਅੰਤ ਉੱਨਤ ਰੂਪਾਂ ਨਾਲ਼, ਉਸ ਤੋਂ ਪਹਿਲਾਂ ਕਿ ਵਰਤੋਂ-ਵਿਹਾਰ ਦਾ ਇਹ ਰੂਪ ਪੁਰਾਣੇ ਦੇਸ਼ਾਂ ਵਿੱਚ ਸਥਾਪਤ ਹੋਇਆ ਹੋਵੇ ਅਰੰਭ ਕਰਦੇ ਹਨ। ਇਹ ਸਭਨਾਂ ਬਸਤੀਆਂ ਦੀ ਹਾਲਤ ਵਿੱਚ ਹੁੰਦਾ ਹੈ, ਜੇ ਉਹ ਕੇਵਲ ਫ਼ੌਜੀ ਜਾਂ ਵਪਾਰਕ ਅੱਡੇ ਹੀ ਨਹੀਂ। ਕਾਰਥੇਜ, ਯੂਨਾਨੀ ਬਸਤੀਆਂ, ਗਿਆਰਵੀਂ ਅਤੇ ਬਾਰ੍ਹਵੀਂ ਸਦੀ ਵਿੱਚ ਆਈਸਲੈਂਡ ਇਸਦੀਆਂ ਮਿਸਾਲਾਂ ਪੇਸ਼ ਕਰਦੇ ਹਨ। ਅਜਿਹਾ ਹੀ ਰਿਸ਼ਤਾ ਜਿੱਤ ਨਾਲ਼ ਸਥਾਪਤ ਹੁੰਦਾ ਹੈ ਜਦੋਂ ਵਰਤੋਂ-ਵਿਹਾਰ ਦਾ ਇੱਕ ਅਜਿਹਾ ਰੂਪ, ਜਿਹੜਾ ਕਿਸੇ ਹੋਰ ਧਰਤੀ ਉੱਤੇ ਵਿਕਸਤ ਹੋਇਆ ਹੁੰਦਾ ਹੈ ਪੂਰਨ ਰੂਪ ਵਿੱਚ ਜਿੱਤੇ ਹੋਏ ਦੇਸ਼ ਵਿੱਚ ਲਿਆਇਆ ਜਾਂਦਾ ਹੈ: ਜਿੱਥੇ ਆਪਣੇ ਵਤਨ ਵਿੱਚ ਇਹਦੇ ਉੱਤੇ ਅਜੇ ਵੀ ਪਹਿਲੇ ਸਮਿਆਂ ਦੇ ਹਿਤਾਂ ਅਤੇ ਸਬੰਧਾਂ ਦਾ ਭਾਰ ਹੈ, ਇਥੇ ਇਹ ਮੁਕੰਮਲ ਤੌਰ 'ਤੇ ਅਤੇ ਬੇਰੋਕ ਟੋਕ ਸਥਾਪਤ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਚਾਹੀਦਾ ਹੈ, ਜੇ ਹੋਰ ਨਹੀਂ ਤਾਂ ਕੇਵਲ ਜੇਤੂਆਂ ਦੀ ਸਥਿਰ ਸ਼ਕਤੀ ਯਕੀਨੀ ਬਣਾਉਣ ਲਈ। (ਨਾਰਮਨ ਜਿੱਤ ਤੋਂ ਪਿੱਛੋਂ ਇੰਗਲੈਂਡ ਅਤੇ ਨੇਪਲਜ਼, ਜਦੋਂ ਉਹਨਾਂ ਨੂੰ ਜਗੀਰੂ ਜਥੇਬੰਦੀ ਦਾ ਅਤਿਅੰਤ ਨਿਪੁੰਨ ਰੂਪ ਮਿਲਿਆ।)

——————

## [8. ਇਤਿਹਾਸ ਵਿੱਚ ਹਿੰਸਾ (ਜਿੱਤ) ਦਾ ਰੋਲ]

ਜਿੱਤ ਦਾ ਤੱਥ ਇਤਿਹਾਸ ਦੇ ਇਸ ਸਾਰੇ ਸੰਕਲਪ ਦਾ ਖੰਡਨ ਕਰਦਾ ਜਾਪਦਾ ਹੈ। ਹੁਣ ਤੱਕ ਹਿੰਸਾ, ਯੁੱਧ, ਲੁੱਟ ਮਾਰ, ਕਤਲ ਅਤੇ ਧਾੜੇ ਆਦਿ ਨੂੰ ਇਤਿਹਾਸ ਦੀ ਚਾਲਕ

ਸ਼ਕਤੀ ਵਜੋਂ ਕਬੂਲ ਕੀਤਾ ਜਾਂਦਾ ਰਿਹਾ ਹੈ। ਇਹ ਲਾਜ਼ਮੀ ਹੈ ਕਿ ਇੱਥੇ ਅਸੀਂ ਆਪਣੇ ਆਪ ਨੂੰ ਮੁੱਖ ਨੁਕਤਿਆਂ ਤਕ ਹੀ ਸੀਮਤ ਰੱਖੀਏ ਅਤੇ, ਇਸ ਲਈ ਅਤਿਅੰਤ ਉਘੜਵੀਆਂ ਮਿਸਾਲਾਂ ਲਈਏ—ਕਿਸੇ ਜਾਹਲ ਲੋਕਾਂ ਵੱਲੋਂ ਕਿਸੇ ਪੁਰਾਣੀ ਸੱਭਿਅਤਾ ਦੀ ਤਬਾਹੀ ਅਤੇ ਸਮਾਜ ਦੀ ਇੱਕ ਉੱਕਾ ਹੀ ਨਵੀਂ ਜਥੇਬੰਦੀ ਦਾ ਬਣਨਾ। (ਰੋਮ ਅਤੇ ਜਾਹਲ ਲੋਕ; ਜਗੀਰਦਾਰੀ ਅਤੇ ਗਾਲ; ਬਾਜ਼ਨਤੀਨੀ ਸਲਤਨਤ ਅਤੇ ਤੁਰਕ)।

[63] ਜੇਤੂ ਜਾਹਲਾਂ ਲਈ ਯੁੱਧ ਅਜੇ ਵੀ, ਜਿਹਾ ਕਿ ਉੱਪਰ ਕਿਹਾ ਗਿਆ ਹੈ ਵਰਤੋਂ-ਵਿਹਾਰ ਦਾ ਇੱਕ ਸਾਧਾਰਨ ਰੂਪ ਹੈ, ਜਿਸ ਨੂੰ ਉਦੋਂ ਵਧੇਰੇ ਉਤਸ਼ਾਹ ਨਾਲ਼ ਵਰਤਿਆ ਜਾਂਦਾ ਹੈ ਜਦੋਂ ਅਬਾਦੀ ਵਿੱਚ ਵਾਧਾ ਹੈ ਅਤੇ ਇਹਦੇ ਨਾਲ਼ ਹੀ ਨਾਲ਼ ਰਵਾਇਤੀ ਅਤੇ, ਇਹਦੇ ਲਈ ਉਤਪਾਦਨ ਦਾ ਇਕੋ ਇੱਕ ਸੰਭਵ ਪਿਛੜਿਆ ਢੰਗ ਉਤਪਾਦਨ ਦੇ ਨਵੇਂ ਸਾਧਨਾਂ ਦੀ ਲੋੜ ਪੈਦਾ ਕਰਦੇ ਹਨ। ਦੂਜੇ ਹੱਥ ਇਟਲੀ ਵਿੱਚ ਜ਼ਮੀਨੀ ਜਾਇਦਾਦ ਦੇ ਕੇਂਦਰੀਕਰਣ ਨਾਲ਼, (ਜਿਸਦਾ ਕਾਰਨ ਖ਼ਰੀਦਾਰੀ ਅਤੇ ਕਰਜ਼ਾ ਹੀ ਨਹੀਂ ਸੀ ਸਗੋਂ ਵਿਰਾਸਤ ਵੀ ਸੀ, ਕਿਉਂਕਿ ਐਸ਼ੀ ਜੀਵਨ ਆਮ ਪ੍ਰਚਲਤ ਹੋਣ ਅਤੇ ਵਿਆਹ ਕਦੀ ਕਦਾਈਂ ਦੀ ਗੱਲ ਹੋਣ ਕਾਰਨ, ਪੁਰਾਣੇ ਪਰਿਵਾਰ ਹੌਲੀ ਹੌਲੀ ਖ਼ਤਮ ਹੋ ਗਏ ਅਤੇ ਉਹਨਾਂ ਦੀਆਂ ਮਿਲਖਾਂ ਥੋੜ੍ਹੇ ਜਿਹਾਂ ਦੇ ਹੱਥਾਂ ਵਿੱਚ ਆ ਗਈਆਂ) ਅਤੇ ਇਹਦੇ ਚਰਾਂਦੀ-ਭੋਂ ਵਿੱਚ ਤਬੀਦਲ ਹੋਣ ਨਾਲ਼ (ਜਿਸਦਾ ਕਾਰਨ ਕੇਵਲ ਸਾਧਾਰਨ ਆਰਥਕ ਅੰਸ਼ ਹੀ ਨਹੀਂ ਸਨ, ਜਿਹੜੇ ਅੱਜ ਵੀ ਲਾਗੂ ਹੁੰਦੇ ਹਨ ਸਗੋਂ ਲੁੱਟੇ ਅਤੇ ਖ਼ਿਰਾਜ ਵਿੱਚ ਮਿਲੇ ਅਨਾਜ ਦੀ ਦਰਾਮਦ ਵੀ ਸੀ, ਜਿਸ ਦੇ ਸਿੱਟੇ ਵਜੋਂ ਇਟਲੀ ਦੇ ਅਨਾਜ ਦੀ ਮੰਗ ਨਾ ਰਹੀ) ਆਜ਼ਾਦ ਵਸੋਂ ਲਗ ਭਗ ਉੱਕਾ ਹੀ ਖ਼ਤਮ ਹੋ ਗਈ; ਗ਼ੁਲਾਮ ਘੜੀ ਮੁੜੀ ਮਰ ਜਾਂਦੇ, ਅਤੇ ਉਹਨਾਂ ਦੀ ਥਾਂ ਲਗਾਤਾਰ ਨਵੇਂ ਲਿਆਉਣੇ ਪੈਂਦੇ ਸਨ। ਗ਼ੁਲਾਮੀ ਕੁੱਲ ਉਤਪਾਦਕ ਅਮਲ ਦਾ ਆਧਾਰ ਰਹੀ। ਨਿਮਨ ਵਰਗ, ਆਜ਼ਾਦ ਲੋਕਾਂ ਅਤੇ ਗ਼ੁਲਾਮਾਂ ਦੇ ਵਿੱਚ ਵਿਚਾਲੇ, ਪ੍ਰੋਲੇਤਾਰੀ ਭੀੜ ਤੋਂ ਕੁੱਝ ਵੱਧ ਬਣਨ ਵਿੱਚ ਕਦੀ ਸਫ਼ਲ ਨਾ ਹੋਏ; ਰੋਮ, ਨਿਰਸੰਦੇਹ ਇੱਕ ਸ਼ਹਿਰ ਤੋਂ ਵੱਧ ਕਦੀ ਕੁੱਝ ਨਾ ਬਣਿਆ, ਸੂਬਿਆਂ ਨਾਲ਼ ਇਹਦਾ ਸਬੰਧ ਲਗਭਗ ਮੁਕੰਮਲ ਤੌਰ 'ਤੇ ਸਿਆਸੀ ਸੀ ਅਤੇ, ਇਸੇ ਲਈ ਸਿਆਸੀ ਘਟਨਾਵਾਂ ਰਾਹੀਂ ਫਿਰ ਤੋੜਿਆ ਜਾ ਸਕਦਾ ਸੀ।

————————

ਇਸ ਭਾਵ ਤੋਂ ਵੱਧ ਕੁੱਝ ਵਧੇਰੇ ਆਮ ਨਹੀਂ ਕਿ ਹੁਣ ਤੱਕ ਇਤਿਹਾਸ ਕੇਵਲ **ਲੈਣ** ਦਾ ਪ੍ਰਸ਼ਨ ਰਿਹਾ ਹੈ। ਜਾਹਲ ਰੋਮ ਦੀ ਸਲਤਨਤ ਨੂੰ **ਲੈ ਲੈਂਦੇ ਹਨ** ਅਤੇ ਲੈਣ ਦਾ ਇਹ ਤੱਥ ਪੁਰਾਣੀ ਦੁਨੀਆਂ ਤੋਂ ਜਗੀਰੂ ਪ੍ਰਣਾਲੀ ਵੱਲ ਤਬਦੀਲੀ ਦੀ ਵਿਆਖਿਆ ਕਰਨ ਲਈ ਵਰਤਿਆ ਜਾਂਦਾ ਹੈ। ਪਰ, ਜਾਹਲਾਂ ਵੱਲੋਂ ਇਸ ਲੈਣ ਵਿੱਚ ਪ੍ਰਸ਼ਨ ਇਹ ਹੈ ਕਿ ਕੀ ਜਿੱਤੀ ਗਈ ਕੌਮ ਨੇ ਸਨਅਤੀ ਉਤਪਾਦਕ ਸ਼ਕਤੀਆਂ ਵਿਕਸਤ ਕਰ ਲਈਆਂ ਹੋਈਆਂ ਹਨ ਜਿਵੇਂ ਕਿ ਨਵੀਨ ਕੌਮਾਂ ਦੀ ਹਾਲਤ ਵਿੱਚ ਹੈ, ਜਾਂ ਇਹ ਕਿ ਇਹਦੀਆਂ ਉਤਪਾਦਕ ਸ਼ਕਤੀਆਂ ਵਧੇਰੇ ਹਦ ਤੱਕ ਕੇਵਲ ਉਹਨਾਂ ਦੇ ਕੇਂਦਰੀਕਰਣ ਅਤੇ ਭਾਈਚਾਰੇ ਉੱਤੇ ਆਧਾਰਤ ਹਨ। ਹੋਰ ਲੈਣਾ ਉਸ ਸ਼ੈਅ ਰਾਹੀਂ ਵੀ ਮਿਥਿਆ ਜਾ ਸਕਦਾ ਹੈ ਜਿਹੜੀ ਲਈ ਜਾਂਦੀ ਹੈ। ਸਾਹੂਕਾਰ ਦਾ

ਸਰਮਾਇਆ, ਜਿਹੜਾ ਕਾਗ਼ਜ਼ਾਂ ਤੋਂ ਬਣਦਾ ਹੈ, ਉਦੋਂ ਤਕ ਨਹੀਂ ਲਿਆ ਜਾ ਸਕਦਾ ਜਦੋਂ ਤੱਕ ਲੈਣ ਵਾਲਾ ਕਬਜ਼ਾ ਕੀਤੇ ਦੇਸ਼ ਦੀਆਂ ਉਤਪਾਦਨ ਅਤੇ ਵਰਤੋਂ-ਵਿਹਾਰ ਦੀਆਂ ਹਾਲਤਾਂ ਨੂੰ ਕਬੂਲ ਨਾ ਕਰੇ। ਇਸੇ ਤਰ੍ਹਾਂ ਹੀ ਕਿਸੇ ਨਵੀਨ ਸਨਅਤੀ ਦੇਸ਼ ਦਾ ਕੁਲ ਸਨਅਤੀ ਸਰਮਾਇਆ। ਅਤੇ ਅੰਤ ਹਰ ਥਾਂ ਬਹੁਤ ਛੇਤੀ ਕੁਲ ਲੈਣ ਦਾ ਅੰਤ ਹੋ ਜਾਂਦਾ ਹੈ, ਅਤੇ ਜਦੋਂ ਲੈਣ ਲਈ ਕੁੱਝ ਨਹੀਂ ਰਹਿ ਜਾਂਦਾ ਤਾਂ ਤੁਹਾਨੂੰ ਉਤਪਾਦਨ ਸ਼ੁਰੂ ਕਰਨਾ ਪੈਂਦਾ ਹੈ। ਉਤਪਾਦਨ ਕਰਨ ਦੀ ਇਸ ਲੋੜ ਤੋਂ, ਜਿਹੜੀ ਬਹੁਤ ਛੇਤੀ ਹੀ ਆਪਣਾ ਬਲ ਪ੍ਰਗਟ ਕਰਦੀ ਹੈ, ਇਹ ਸਿੱਟਾ ਨਿਕਲਦਾ ਹੈ [64] ਕਿ ਵਸ ਜਾਣ ਵਾਲ਼ੇ ਜੇਤੂ ਭਾਈਚਾਰੇ ਦਾ ਜਿਹੜਾ ਰੂਪ ਅਖਤਿਆਰ ਕਰਦੇ ਹਨ, ਉਹ ਲਾਜ਼ਮੀ ਤੌਰ 'ਤੇ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਉਸ ਪੜਾਅ ਦਾ ਅਨੁਸਾਰੀ ਹੋਣਾ ਚਾਹੀਦਾ ਹੈ ਜਿਹੜਾ ਉਹਨਾਂ ਨੂੰ ਵਿਦਮਾਨ ਮਿਲਦਾ ਹੈ; ਜਾਂ ਜੇ ਮੁੱਢ ਵਿੱਚ ਅਜਿਹਾ ਨਾ ਹੋਵੇ ਤਾਂ ਇਹਨੂੰ ਜ਼ਰੂਰ ਹੀ ਉਤਪਾਦਕ ਸ਼ਕਤੀਆਂ ਅਨੁਸਾਰ ਤਬਦੀਲ ਹੋਣਾ ਪਵੇਗਾ। ਇਸ ਤੋਂ ਇਸ ਤੱਥ ਦੀ ਵੀ ਵਿਆਖਿਆ ਹੁੰਦੀ ਹੈ, ਜਿਸ ਨੂੰ ਲੋਕ ਕੌਮਾਂ ਦੇ ਪਰਵਾਸ ਦੇ ਦਿਨਾਂ ਵਿੱਚ ਵੇਖ ਲਏ ਹੋਣ ਦਾ ਦਾਹਵਾ ਕਰਦੇ ਹਨ, ਅਰਥਾਤ ਕਿ ਨੌਕਰ ਮਾਲਕ ਸੀ, ਅਤੇ ਇਹ ਕਿ ਜੇਤੂਆਂ ਨੇ ਛੇਤੀ ਹੀ ਜਿੱਤਿਆਂ ਗਿਆਂ ਦੀ ਭਾਸ਼ਾ, ਸਭਿਆਚਾਰ ਅਤੇ ਵਰਤੋਂ-ਵਿਹਾਰ ਅਪਣਾ ਲਏ।

ਜਗੀਰੂ ਪ੍ਰਣਾਲੀ ਕਿਸੇ ਵੀ ਤਰ੍ਹਾਂ ਮੁਕੰਮਲ ਰੂਪ ਵਿੱਚ ਜਰਮਨੀ ਤੋਂ ਨਹੀਂ ਲਿਆਂਦੀ ਗਈ, ਸਗੋਂ, ਜਿੱਥੇ ਤੱਕ ਜੇਤੂਆਂ ਦਾ ਸਬੰਧ ਹੈ, ਇਹਦਾ ਮੁੱਢ ਅਸਲ ਜਿੱਤ ਦੇ ਦੌਰਾਨ ਫ਼ੌਜ ਦੀ ਜੰਗੀ ਬਣਤਰ ਵਿੱਚ ਹੋਇਆ ਅਤੇ ਇਹ ਕੇਵਲ ਜਿੱਤ ਤੋਂ ਪਿੱਛੋਂ ਹੀ ਜਿੱਤੇ ਦੇਸ਼ਾਂ ਵਿੱਚ ਮਿਲੀਆਂ ਉਤਪਾਦਕ ਸ਼ਕਤੀਆਂ ਦੇ ਅਮਲ ਰਾਹੀਂ ਹੀ ਖ਼ਾਲਸ ਜਗੀਰੂ ਪ੍ਰਣਾਲੀ ਵਿੱਚ ਵਿਕਸਤ ਹੋਈ। ਇਹ ਰੂਪ ਉਤਪਾਦਕ ਸ਼ਕਤੀਆਂ ਰਾਹੀਂ ਕਿਸੇ ਹੱਦ ਤੱਕ ਮਿਥਿਆ ਗਿਆ, ਉਹ ਪ੍ਰਾਚੀਨ ਰੋਮ ਦੀਆਂ ਯਾਦਾਂ ਤੋਂ ਕੱਢੇ ਰੂਪਾਂ ਨੂੰ ਸਥਾਪਤ ਕਰਨ ਦੇ ਮੁੱਢੋਂ ਹੀ ਅਸਫਲ ਯਤਨਾਂ ਤੋਂ ਸਪਸ਼ਟ ਹੈ। Charlemagne (ਚਾਰਲਸ ਮਹਾਨ), ਆਦਿ।

ਚਲਦਾ।

## [9. ਵੱਡ-ਪੱਧਰੀ ਸਨਅਤ ਅਤੇ ਆਜ਼ਾਦ ਮੁਕਾਬਲੇ ਦੀਆਂ ਹਾਲਤਾਂ ਅਧੀਨ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਰੂਪ ਵਿਚਕਾਰ ਵਿਰੋਧ। ਕਿਰਤ ਅਤੇ ਸਰਮਾਏ ਵਿਚਕਾਰ ਵਿਰੋਧ]

ਵੱਡ-ਪੱਧਰੀ ਸਨਅਤ ਅਤੇ ਮੁਕਾਬਲੇ ਵਿੱਚ ਹੋਂਦ ਦੀਆਂ ਹਾਲਤਾਂ, ਹੱਦਾਂ, ਵਿਅਕਤੀਆਂ ਦੇ ਤੁਅੱਸਬਾਂ ਦਾ ਕੁਲ ਸਮੂਹ ਘੁਲ਼ ਮਿਲ ਕੇ ਦੋ ਅਤਿਅੰਤ ਸਾਦੇ ਰੂਪ ਧਾਰਨ ਕਰ ਲੈਂਦਾ ਹੈ: ਨਿੱਜੀ ਜਾਇਦਾਦ ਅਤੇ ਕਿਰਤ। ਮੁਦਰਾ ਨਾਲ਼ ਹੁਣ ਤੱਕ ਦਾ ਵਰਤੋਂ-ਵਿਹਾਰ ਦਾ ਹਰ ਰੂਪ ਅਤੇ ਖ਼ੁਦ ਲੈਣ ਦੇਣ ਵਿਅਕਤੀਆਂ ਲਈ ਸਬੱਬੀ ਬਣ ਜਾਂਦਾ ਹੈ। ਇਉਂ ਮੁਦਰਾ ਦੇ ਅਰਥ ਇਹ ਨਿਕਲਦੇ ਹਨ ਕਿ ਹੁਣ ਤੱਕ ਦਾ ਵਰਤੋਂ-ਵਿਹਾਰ ਵਿਸ਼ੇਸ਼ ਪ੍ਰਸਥਿਤੀਆਂ

ਅਧੀਨ ਵਿਅਕਤੀਆਂ ਦਾ ਵਰਤੋਂ-ਵਿਹਾਰ ਸੀ ਅਤੇ ਵਿਅਕਤੀਆਂ ਦਾ ਵਿਅਕਤੀਆਂ ਵਜੋਂ ਵਰਤੋਂ-ਵਿਹਾਰ ਨਹੀਂ ਸੀ। ਇਹ ਹਾਲਤਾਂ ਘੱਟ ਕੇ ਦੋ ਰਹਿ ਜਾਂਦੀਆਂ ਹਨ: ਜਮ੍ਹਾਂ ਹੋਈ ਕਿਰਤ ਜਾਂ ਨਿੱਜੀ ਜਾਇਦਾਦ ਅਤੇ ਵਾਸਤਵਿਕ ਕਿਰਤ। ਜੇ ਦੋਵੇਂ ਜਾਂ ਉਹਨਾਂ ਵਿਚੋਂ ਇੱਕ ਖ਼ਤਮ ਹੋ ਜਾਵੇ ਤਾਂ ਵਰਤੋਂ-ਵਿਹਾਰ ਵਿੱਚ ਖੜੋਤ ਆ ਜਾਂਦੀ ਹੈ। ਖ਼ੁਦ ਵਰਤਮਾਨ ਯੁਗ ਦੇ ਅਰਥ-ਵਿਗਿਆਨੀ, ਮਿਸਾਲ ਵਜੋਂ, ਸਿਸਮੋਂਦੀ, ਚੇਰਬੂਲੀਜ਼ ਆਦਿ association de individus ਦੇ ਮੁਕਾਬਲੇ 'ਤੇ association de capitaux* ਪੇਸ਼ ਕਰਦੇ ਹਨ। ਦੂਜੇ ਹੱਥ ਇਹ ਵਿਅਕਤੀ ਖ਼ੁਦ ਉੱਕਾ ਹੀ ਕਿਰਤ ਦੀ ਵੰਡ ਦੇ ਅਧੀਨ ਹਨ ਅਤੇ ਇਸ ਲਈ ਇੱਕ ਦੂਜੇ ਉੱਤੇ ਮੁਕੰਮਲ ਨਿਰਭਰਤਾ ਦੀ ਹਾਲਤ ਵਿੱਚ ਲਿਆਏ ਜਾਂਦੇ ਹਨ। ਨਿੱਜੀ ਜਾਇਦਾਦ ਤੋਂ, ਜਿੱਥੋਂ ਤੱਕ ਇਹ ਕਿਰਤ ਦੇ ਅੰਦਰ ਕਿਰਤ ਦਾ ਸਾਹਮਣਾ ਕਰਦੀ ਹੈ, ਇਕਤ੍ਰੀਕਰਣ ਦੀ ਲੋੜ ਤੋਂ ਪੈਦਾ ਹੁੰਦੀ ਹੈ ਅਤੇ ਮੁੱਢ ਵਿੱਚ ਇਹਦਾ ਰੂਪ ਅਜੇ ਵਧੇਰੇ ਭਾਈਚਾਰਕ ਹੁੰਦਾ ਹੈ ਪਰ ਆਪਣੇ ਹੋਰ ਵਿਕਾਸ ਵਿੱਚ ਇਹ ਸਦਾ ਵਧੇਰੇ ਨਿੱਜੀ ਜਾਇਦਾਦ ਦੇ ਨਵੀਨ ਰੂਪ ਦੇ ਨੇੜੇ ਅੱਪੜਦੀ ਹੈ। ਕਿਰਤ ਦੀ ਵੰਡ ਦੇ ਅਰਥ ਮੁੱਢ ਤੋਂ ਹੀ ਕਿਰਤ ਦੀਆਂ **ਹਾਲਤਾਂ** ਦੀ, ਸੰਦਾਂ ਅਤੇ ਸਮੱਗਰੀ ਦੀ ਵੰਡ ਹੈ, ਅਤੇ ਇਉਂ ਇਕੱਤਰ ਹੋਏ ਸਰਮਾਏ ਦਾ ਵੱਖ ਵੱਖ ਮਾਲਕਾਂ ਵਿੱਚ ਟੋਟੇ ਟੋਟੇ ਹੋਣਾ ਹੈ, ਅਤੇ ਸਰਮਾਏ ਅਤੇ ਕਿਰਤ ਵਿਚਕਾਰ, ਅਤੇ ਜਾਇਦਾਦ ਦੇ ਵੱਖ ਵੱਖ ਰੂਪਾਂ ਵਿਚਕਾਰ ਟੋਟੇ ਟੋਟੇ ਹੋਣਾ ਹੈ। ਕਿਰਤ ਦੀ ਵੰਡ ਜਿੰਨਾ ਵਧੇਰੇ ਵਿਕਾਸ ਕਰਦੀ ਹੈ [65] ਅਤੇ ਇਕੱਤ੍ਰੀਕਰਣ ਵੱਧਦਾ ਹੈ, ਉਨਾ ਵਧੇਰੇ ਟੋਟੇ ਹੋਣਾ ਵਿਕਸਤ ਹੁੰਦਾ ਹੈ। ਖ਼ੁਦ ਕਿਰਤ ਕੇਵਲ ਟੋਟੇ ਹੋਣ ਦੇ ਆਧਾਰ 'ਤੇ ਜ਼ਿੰਦਾ ਰਹਿ ਸਕਦੀ ਹੈ।

——————

(ਵੱਖ ਵੱਖ ਕੌਮਾਂ ਦੇ ਵਿਅਕਤੀਆਂ ਦੀ ਨਿੱਜੀ ਸ਼ਕਤੀ—ਜਰਮਨ ਅਤੇ ਅਮਰੀਕੀ—ਇੱਥੋਂ ਤੱਕ ਕਿ ਦੋਗਲੇਪੁਣੇ ਦੇ ਸਿੱਟੇ ਵਜੋਂ ਸ਼ਕਤੀ—ਇਸੇ ਲਈ ਜਰਮਨਾਂ ਦਾ ਮੂੜ੍ਹਪੁਣਾ; ਫ਼ਰਾਂਸ, ਇੰਗਲੈਂਡ ਆਦਿ ਵਿੱਚ ਵਿਦੇਸ਼ੀ ਲੋਕ ਪਹਿਲਾਂ ਹੀ ਵਿਕਸਤ ਹੋਈ ਭੋਂ ਉੱਤੇ ਬਿਠਾ ਦਿੱਤੇ ਗਏ, ਅਮਰੀਕਾ ਵਿੱਚ ਉੱਕਾ ਹੀ ਨਵੀਂ ਭੋਂ ਉੱਤੇ; ਜਰਮਨੀ ਵਿੱਚ ਸਥਾਨਕ ਵਸੋਂ ਚੁੱਪ ਚਾਪ ਉੱਥੇ ਹੀ ਰਹੀ ਜਿੱਥੇ ਇਹ ਹੈ ਸੀ।)

————————

ਇਉਂ ਦੋ ਤੱਥ ਪ੍ਰਗਟ ਹੁੰਦੇ ਹਨ।** ਪਹਿਲੇ, ਉਤਪਾਦਕ ਸ਼ਕਤੀਆਂ ਆਪਣੇ ਆਪ ਵਿੱਚ ਇਕ ਸੰਸਾਰ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ, ਵਿਅਕਤੀਆਂ ਤੋਂ ਅਜ਼ਾਦ ਅਤੇ ਉਕਾ ਹੀ ਵੱਖ, ਵਿਅਕਤੀਆਂ ਦੇ ਨਾਲ਼ ਨਾਲ਼; ਇਹਦਾ ਕਾਰਨ ਇਹ ਹੈ ਕਿ ਵਿਅਕਤੀ, ਜਿਨ੍ਹਾਂ ਦੀਆਂ ਸ਼ਕਤੀਆਂ ਉਹ ਹਨ, ਇੱਕ ਦੂਜੇ ਦੇ ਵਿਰੋਧ ਵਿੱਚ ਪਾਟੇ ਹੋਏ ਵਿਦਮਾਨ ਹਨ, ਜਦੋਂ ਕਿ ਇਹ ਸ਼ਕਤੀਆਂ ਵਿਅਕਤੀਆਂ ਵਿਚਕਾਰ ਲੈਣ ਦੇਣ ਅਤੇ ਵਰਤੋਂ-ਵਿਹਾਰ ਵਿੱਚ ਇਕੋ ਇਕ ਯਥਾਰਥਕ ਸ਼ਕਤੀਆਂ ਹਨ। ਇਉਂ, ਇਕ ਹੱਥ ਸਾਡੇ ਕੋਲ ਉਤਪਾਦਕ ਸ਼ਕਤੀਆਂ

* ਵਿਅਕਤੀਆਂ ਦੇ ਮੇਲ ਦੇ ਮੁਕਾਬਲੇ ਉੱਤੇ ਸਰਮਾਇਆਂ ਦਾ ਮੇਲ। **—ਸੰਪਾ.**

** [ਹਾਸ਼ੀਏ ਉੱਤੇ ਏਂਗਲਜ਼ ਵੱਲੋਂ ਨੋਟ:] ਸਿਸਮੋਂਦੀ। **-ਸੰਪਾ.**

ਦਾ ਸਮੂਹ ਹੈ, ਜਿਨ੍ਹਾਂ ਨੇ, ਜਾਪਦਾ ਹੈ, ਇੱਕ ਸਥੂਲ ਰੂਪ ਧਾਰਨ ਕਰ ਲਿਆ ਹੈ ਅਤੇ ਖ਼ੁਦ ਵਿਅਕਤੀਆਂ ਲਈ ਵਿਅਕਤੀਆਂ ਦੀਆਂ ਨਹੀਂ ਸਗੋਂ ਨਿੱਜੀ ਜਾਇਦਾਦ ਦੀਆਂ ਸ਼ਕਤੀਆਂ ਹਨ ਅਤੇ ਇਉਂ, ਜਿੱਥੋਂ ਤੱਕ ਉਹ ਨਿੱਜੀ ਜਾਇਦਾਦ ਦੇ ਮਾਲਕ ਹਨ, ਵਿਅਕਤੀਆਂ ਦੀਆਂ ਸ਼ਕਤੀਆਂ ਹਨ। ਪਹਿਲੇ ਕਿਸੇ ਵੀ ਯੁਗ ਵਿੱਚ, ਕਦੀ ਵੀ ਉਤਪਾਦਕ ਸ਼ਕਤੀਆਂ ਨੇ ਵਿਅਕਤੀਆਂ ਦੇ **ਵਿਅਕਤੀਆਂ ਵਜੋਂ** ਵਰਤੋਂ-ਵਿਹਾਰ ਤੋਂ ਬੇਪ੍ਰਵਾਹ ਰੂਪ ਧਾਰਨ ਨਹੀਂ ਕੀਤਾ, ਕਿਉਂਕਿ ਅਜੇ ਤਕ ਉਹਨਾਂ ਦਾ ਵਰਤੋਂ-ਵਿਹਾਰ ਸੀਮਤ ਸੀ। ਦੂਜੇ ਹੱਥ, ਇਹਨਾਂ ਸ਼ਕਤੀਆਂ ਵਿਰੁੱਧ ਖੜੇ ਅਸੀਂ ਵਿਅਕਤੀਆਂ ਦੀ ਬਹੁ-ਗਿਣਤੀ ਨੂੰ ਵੇਖਦੇ ਹਾਂ, ਜਿਨ੍ਹਾਂ ਤੋਂ ਇਹ ਸ਼ਕਤੀਆਂ ਖੋਹ ਲਈਆਂ ਗਈਆਂ ਹਨ, ਅਤੇ ਜਿਹੜੇ, ਇਉਂ ਯਥਾਰਥਕ ਜੀਵਨ-ਤੱਤ ਤੋਂ ਵਿਰਵੇ ਹੋਏ, ਖ਼ਿਆਲੀ ਵਿਅਕਤੀ ਬਣ ਗਏ ਹਨ, ਪਰ ਜਿਹੜੇ ਐਨ ਇਸੇ ਤੱਥ ਕਾਰਨ ਹੀ ਅਜਿਹੀ ਹਾਲਤ ਵਿੱਚ ਆ ਗਏ ਹਨ ਕਿ ਇੱਕ ਦੂਜੇ ਨਾਲ਼ **ਵਿਅਕਤੀਆਂ ਵਜੋਂ** ਸਬੰਧ ਸਥਾਪਤ ਕਰ ਸਕਣ।

ਉਹਨਾਂ ਨੂੰ ਉਤਪਾਦਕ ਸ਼ਕਤੀਆਂ ਅਤੇ ਉਹਨਾਂ ਦੀ ਆਪਣੀ ਹੋਂਦ ਨਾਲ਼ ਜੋੜਨ ਵਾਲ਼ੇ ਇਕੋ ਇੱਕ ਸਬੰਧ, ਕਿਰਤ, ਦੀ ਸਵੈ-ਸਰਗਰਮੀ ਦੀ ਇਕੋ ਇੱਕ ਦਿਖ ਜਾਂਦੀ ਰਹੀ ਹੈ ਅਤੇ ਇਹ ਉਹਨਾਂ ਦੇ ਜੀਵਨ ਨੂੰ [66] ਬੌਣਾ ਬਣਾ ਕੇ ਹੀ ਇਹਨੂੰ ਕਾਇਮ ਰੱਖਦੀ ਹੈ। ਜਿੱਥੇ ਪਹਿਲੇਰੇ ਸਮਿਆਂ ਵਿੱਚ ਸਵੈ-ਸਰਗਰਮੀ ਅਤੇ ਪਦਾਰਥਕ ਜੀਵਨ ਦਾ ਉਤਪਾਦਨ ਵੱਖ ਵੱਖ ਸਨ ਕਿਉਂਕਿ ਉਹਨਾਂ ਦੀ ਜ਼ਿੰਮੇਵਾਰੀ ਵੱਖ ਵੱਖ ਲੋਕਾਂ ਉੱਤੇ ਪੈਂਦੀ ਸੀ, ਅਤੇ ਜਿੱਥੇ ਵਿਅਕਤੀਆਂ ਦੀ ਖੁਦ ਬਾਰੇ ਤੰਗਨਜ਼ਰੀ ਕਾਰਨ ਪਦਾਰਥਕ ਜੀਵਨ ਦਾ ਉਤਪਾਦਨ ਸਵੈ-ਸਰਗਰਮੀ ਦਾ ਇੱਕ ਅਧੀਨ ਰੂਪ ਸਮਝਿਆ ਜਾਂਦਾ ਸੀ, ਉਹ ਹੁਣ ਇਸ ਹੱਦ ਤੱਕ ਵੱਖ ਵੱਖ ਹੋ ਜਾਂਦੇ ਹਨ ਕਿ ਪਦਾਰਥਕ ਜੀਵਨ ਆਪਣੇ ਆਪ ਵਿੱਚ ਇੱਕ ਨਿਸ਼ਾਨਾ ਜਾਪਦਾ ਹੈ ਅਤੇ ਜੋ ਕੁੱਝ ਇਹ ਪਦਾਰਥਕ ਜੀਵਨ ਪੈਦਾ ਕਰਦਾ ਹੈ, ਕਿਰਤ (ਜਿਹੜੀ ਹੁਣ ਸਵੈ-ਸਰਗਰਮੀ ਦਾ ਇਕੋ ਇੱਕ ਪਰ, ਜਿਹਾ ਕਿ ਅਸੀਂ ਵੇਖਦੇ ਹਾਂ, ਨਾਂਹ-ਪੱਖੀ ਰੂਪ ਹੈ) ਸਾਧਨ ਵਜੋਂ ਪ੍ਰਗਟ ਹੁੰਦੀ ਹੈ।

## [10. **ਨਿੱਜੀ ਜਾਇਦਾਦ ਦੇ ਅੰਤ ਦੀ ਲੋੜ**, **ਇਸ ਲਈ ਮੁਢਲੀਆਂ ਸ਼ਰਤਾਂ ਅਤੇ ਸਿੱਟੇ**]

ਸੋ ਮਾਮਲਾ ਇੱਥੋਂ ਤੱਕ ਅੱਪੜ ਗਿਆ ਹੈ ਕਿ ਇਹ ਲਾਜ਼ਮੀ ਹੈ ਕਿ ਵਿਅਕਤੀ ਕੇਵਲ ਸਵੈ-ਸਰਗਰਮੀ ਪ੍ਰਾਪਤ ਕਰਨ ਲਈ ਹੀ ਨਹੀਂ, ਸਗੋਂ ਕੇਵਲ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਹੀ ਉਤਪਾਦਕ ਸ਼ਕਤੀਆਂ ਦੀ ਵਿਦਮਾਨ ਸਮੁੱਚਤਾ ਨੂੰ ਹੜੱਪ ਜਾਣ।

ਇਹ ਹੜੱਪਣਾ ਪਹਿਲਾਂ ਹੜੱਪੇ ਜਾਣ ਵਾਲ਼ੀ ਸ਼ੈਅ ਰਾਹੀਂ ਮਿਥਿਆ ਜਾਂਦਾ ਹੈ, ਉਤਪਾਦਕ ਸ਼ਕਤੀਆਂ ਰਾਹੀਂ, ਜਿਨ੍ਹਾਂ ਨੂੰ ਇੱਕ ਸਮੁੱਚਤਾ ਤੱਕ ਵਿਕਸਤ ਕਰ ਲਿਆ ਗਿਆ ਹੈ ਅਤੇ ਜਿਹੜੀਆਂ ਕੇਵਲ ਸੰਸਾਰ ਵਿਆਪੀ ਵਰਤੋਂ-ਵਿਹਾਰ ਵਿੱਚ ਹੀ ਵਿਦਮਾਨ ਰਹਿ ਸਕਦੀਆਂ ਹਨ। ਇਸ ਲਈ, ਕੇਵਲ ਇਸ ਪੱਖ ਤੋਂ ਵੀ ਇਹ ਲਾਜ਼ਮੀ ਹੈ ਕਿ ਇਸ ਹੜੱਪਣ

ਦਾ ਖ਼ਾਸਾ ਸੰਸਾਰ ਵਿਆਪੀ ਹੋਵੇ, ਜਿਹੜਾ ਉਤਪਾਦਕ ਸ਼ਕਤੀਆਂ ਅਤੇ ਵਰਤੋਂ-ਵਿਹਾਰ ਦੇ ਅਨੁਸਾਰ ਹੋਵੇ। ਇਹਨਾਂ ਸ਼ਕਤੀਆਂ ਨੂੰ ਹੜੱਪਣਾ ਆਪਣੇ ਆਪ ਵਿੱਚ ਉਤਪਾਦਨ ਦੇ ਪਦਾਰਥਕ ਸਾਧਨਾਂ ਦੇ ਅਨੁਸਾਰੀ ਵਿਅਕਤੀਗਤ ਸ਼ਕਤੀਆਂ ਦੇ ਵਿਕਾਸ ਤੋਂ ਵੱਧ ਕੁੱਝ ਨਹੀਂ। ਇਸੇ ਕਾਰਨ ਉਤਪਾਦਨ ਦੇ ਸਾਧਨਾਂ ਦੀ ਸਮੁੱਚਤਾ ਨੂੰ ਹੜੱਪਣਾ ਖ਼ੁਦ ਵਿਅਕਤੀਆਂ ਵਿੱਚ ਸਮਰਥਾਵਾਂ ਦੀ ਸਮੁੱਚਤਾ ਦਾ ਵਿਕਾਸ ਹੈ।

ਹੋਰ ਇਹ ਹੜੱਪਣਾ ਹੜੱਪਣ ਵਾਲ਼ੇ ਵਿਅਕਤੀਆਂ ਰਾਹੀਂ ਮਿਥਿਆ ਜਾਂਦਾ ਹੈ। ਕੇਵਲ ਅਜੋਕੇ ਪ੍ਰੋਲੇਤਾਰੀ ਹੀ, ਜਿਹੜੇ ਸਵੈ-ਸਰਗਰਮੀ ਤੋਂ ਉੱਕਾ ਹੀ ਕੱਟੇ ਹੋਏ ਹਨ, ਮੁਕੰਮਲ ਅਤੇ ਹੁਣ ਉੱਕਾ ਹੀ ਨਾ ਸੀਮਤ ਸਵੈ-ਸਰਗਰਮੀ ਪ੍ਰਾਪਤ ਕਰਨ ਦੀ ਹਾਲਤ ਵਿੱਚ ਹਨ, ਜਿਹੜੀ ਉਤਪਾਦਕ ਸ਼ਕਤੀਆਂ ਦੀ ਸਮੁੱਚਤਾ ਦੇ ਹੜੱਪਣ ਅਤੇ ਇਹਦੇ ਸਿੱਟੇ ਵਜੋਂ ਪੈਦਾ ਹੁੰਦੀ ਸਮਤਾਵਾਂ ਦੀ ਸਮੁੱਚਤਾ ਦੇ ਵਿਕਾਸ ਤੋਂ ਪੈਦਾ ਹੁੰਦੀ ਹੈ। ਪਹਿਲੀਆਂ ਦੇ ਸਭੇ ਇਨਕਲਾਬੀ ਹੜੱਪਣ ਤੱਕ ਸੀਮਤ ਸਨ; ਵਿਅਕਤੀ, ਜਿਨ੍ਹਾਂ ਦੀ ਸਵੈ-ਸਰਗਰਮੀ ਉਤਪਾਦਨ ਦੇ ਅਣ-ਵਿਕਸਤ ਸੰਦ ਅਤੇ ਸੀਮਤ ਵਰਤੋਂ-ਵਿਹਾਰ ਕਾਰਨ ਸੀਮਤ ਸੀ ਉਹਨਾਂ ਉਤਪਾਦਨ ਦੇ ਇਸ ਅਣ-ਵਿਕਸਤ [67] ਸੰਦ ਨੂੰ ਹੜੱਪ ਲਿਆ ਅਤੇ ਇਉਂ ਕੇਵਲ ਸੀਮਾਬੰਦੀ ਦੀ ਇੱਕ ਨਵੀਂ ਹਾਲਤ ਹੀ ਪ੍ਰਾਪਤ ਕੀਤੀ। ਉਹਨਾਂ ਦਾ ਉਤਪਾਦਨ ਦਾ ਸੰਦ ਉਹਨਾਂ ਦੀ ਜਾਇਦਾਦ ਬਣ ਗਿਆ ਪਰ ਉਂਞ ਆਪ ਕਿਰਤ ਦੀ ਵੰਡ ਅਤੇ ਉਤਪਾਦਨ ਦੇ ਆਪਣੇ ਸੰਦਾਂ ਦੀ ਤਾਬਿਆ ਰਹੇ। ਹੁਣ ਤੱਕ ਦੇ ਸਭਨਾਂ ਹੜੱਪਣ ਵਿੱਚ ਵਿਅਕਤੀਆਂ ਦਾ ਸਮੂਹ ਉਤਪਾਦਨ ਦੇ ਇੱਕੋ ਇੱਕ ਸਾਧਨ ਦਾ ਤਾਬਿਆ ਰਿਹਾ; ਪ੍ਰੋਲੇਤਾਰੀਆਂ ਵਲੋਂ ਹੜੱਪਣ ਵਿੱਚ ਉਤਪਾਦਨ ਦੇ ਸਾਧਨਾਂ ਦਾ ਇੱਕ ਸਮੂਹ ਹਰ ਵਿਅਕਤੀ ਦੇ ਅਧੀਨ ਅਤੇ ਜਾਇਦਾਦ ਨੂੰ ਸਭਨਾਂ ਦੇ ਅਧੀਨ ਕਰਨਾ ਲਾਜ਼ਮੀ ਹੈ। ਜੇ ਉਹ ਸਾਰੇ ਹੀ ਇਹਦੇ ਉੱਤੇ ਕੰਟਰੋਲ ਨਾ ਕਰਨ ਤਾਂ ਵਿਅਕਤੀ ਨਵੀਨ ਸੰਸਾਰ ਵਿਆਪੀ ਲੈਣ ਦੇਣ ਉੱਤੇ ਕੰਟਰੋਲ ਨਹੀਂ ਕਰ ਸਕਦੇ।

ਇਹ ਹੜੱਪਣਾ ਹੋਰ ਅੱਗੋਂ ਉਸ ਢੰਗ ਰਾਹੀਂ ਮਿਥਿਆ ਜਾਂਦਾ ਹੈ ਜਿਸ ਨਾਲ਼ ਇਹ ਅਮਲ ਵਿੱਚ ਲਿਆਇਆ ਜਾਂਦਾ ਹੈ। ਇਹ ਕੇਵਲ ਇੱਕ ਏਕੇ ਰਾਹੀਂ ਹੀ ਅਮਲ ਵਿੱਚ ਲਿਆਇਆ ਜਾ ਸਕਦਾ ਹੈ, ਜਿਹੜਾ ਫ਼ਿਰ ਖ਼ੁਦ ਪ੍ਰੋਲੇਤਾਰੀ ਦੇ ਖ਼ਾਸੇ ਕਾਰਨ ਕੇਵਲ ਸੰਸਾਰ ਵਿਆਪੀ ਹੀ ਹੋ ਸਕਦਾ ਹੈ, ਅਤੇ ਇੱਕ ਇਨਕਲਾਬ ਰਾਹੀਂ, ਜਿਸ ਵਿੱਚ, ਇੱਕ ਹੱਥ, ਪਹਿਲੀਆਂ ਦੇ ਉਤਪਾਦਨ ਅਤੇ ਵਰਤੋਂ-ਵਿਹਾਰ ਦੇ ਢੰਗ ਅਤੇ ਸਮਾਜੀ ਜਥੇਬੰਦੀ ਦਾ ਤਖ਼ਤਾ ਉਲਟਾ ਦਿੱਤਾ ਜਾਂਦਾ ਹੈ, ਅਤੇ ਦੂਜੇ ਹੱਥ, ਪ੍ਰੋਲਤਾਰੀ ਦਾ ਸੰਸਾਰ ਵਿਆਪੀ ਖ਼ਾਸਾ ਅਤੇ ਸ਼ਕਤੀ ਵਿਕਸਤ ਹੁੰਦੀ ਹੈ, ਜਿਨ੍ਹਾਂ ਦੀ ਹੜੱਪਣ ਦਾ ਹੱਕ ਪ੍ਰਾਪਤ ਕਰਨ ਲਈ ਲੋੜ ਹੁੰਦੀ ਹੈ, ਅਤੇ ਨਾਲ਼ੇ ਪ੍ਰੋਲੇਤਾਰੀ ਆਪਣੇ ਆਪ ਨੂੰ ਉਸ ਸਭ ਕੁੱਝ ਤੋਂ ਮੁਕਤ ਕਰਵਾ ਲੈਂਦਾ ਹੈ ਜਿਹੜਾ ਸਮਾਜ ਵਿੱਚ ਇਹਦੀ ਪਹਿਲੀਆਂ ਦੀ ਹਾਲਤ ਕਾਰਨ ਇਹਨੂੰ ਚੰਬੜਿਆ ਹੁੰਦਾ ਹੈ।

ਕੇਵਲ ਇਸ ਪੜਾਅ ਉੱਤੇ ਹੀ ਸਵੈ-ਸਰਗਰਮੀ ਪਦਾਰਥਕ ਜੀਵਨ ਨਾਲ਼ ਸਗਵੀਂ ਹੋ ਜਾਂਦੀ ਹੈ, ਜਿਹੜੀ ਵਿਅਕਤੀਆਂ ਦੇ ਮੁਕੰਮਲ ਵਿਅਕਤੀਆਂ ਵਿੱਚ ਵਿਕਸਤ ਹੋਣ ਅਤੇ ਕੁਲ ਪ੍ਰਕਿਰਤਕ ਮਜਬੂਰੀਆਂ ਨੂੰ ਲਾਹ ਸੁੱਟਣ ਦੇ ਅਨੁਸਾਰੀ ਹੈ। ਕਿਰਤ ਦੀ ਸਵੈ-ਸਰਗਰਮੀ

ਵਿੱਚ ਕਾਇਆ-ਪਲਟ ਪਹਿਲੀਆਂ ਦੇ ਸੀਮਤ ਵਰਤੋਂ-ਵਿਹਾਰ ਦੇ ਵਿਅਕਤੀਆਂ ਦੇ ਵਰਤੋਂ-ਵਿਹਾਰ ਦੀ ਤਬਦੀਲੀ ਦੀ ਅਨੁਸਾਰੀ ਹੈ। ਇਕਮੁੱਠ ਵਿਅਕਤੀਆਂ ਵਲੋਂ ਸਮੁੱਚੀਆਂ ਉਤਪਾਦਕ ਸ਼ਕਤੀਆਂ ਹੜੱਪ ਲੈਣ ਨਾਲ਼ ਨਿੱਜੀ ਜਾਇਦਾਦ ਦਾ ਅੰਤ ਹੋ ਜਾਂਦਾ ਹੈ। ਜਿੱਥੇ ਪਹਿਲੀਆਂ ਵਿੱਚ ਇਤਿਹਾਸ ਵਿੱਚ ਕੋਈ ਹਾਲਤ ਸਦਾ ਹੀ ਦੇਵ-ਨੈਤੀ ਜਾਪਦੀ ਸੀ, ਹੁਣ ਵਿਅਕਤੀਆਂ ਦੀ ਅਲੱਗ-ਥਲੱਗਤਾ ਅਤੇ ਹਰ ਵਿਅਕਤੀ ਦੇ ਆਪਣੇ ਲਈ ਉਪਜੀਵਕਾ ਪ੍ਰਾਪਤ ਕਰਨ ਦੇ ਵਿਸ਼ੇਸ਼ ਢੰਗ ਆਪਣੇ ਆਪ ਵਿੱਚ ਦੇਵ-ਨੈਤੀ ਬਣ ਗਏ ਹਨ।

ਵਿਅਕਤੀ, ਜਿਹੜੇ ਹੁਣ ਕਿਰਤ ਦੀ ਵੰਡ [68] ਦਾ ਸ਼ਿਕਾਰ ਨਹੀਂ ਰਹੇ, ਦਾਰਸ਼ਨਿਕਾਂ ਨੇ ਉਹਨਾਂ ਨੂੰ ਆਦਰਸ਼ ਵਜੋਂ, "ਮਨੁੱਖ" ਦੇ ਨਾਂ ਹੇਠ ਸੰਕਲਪਿਆ ਹੈ, ਅਤੇ ਅਸਾਂ ਜਿਹੜਾ ਸਾਰਾ ਅਮਲ ਉਲੀਕਿਆ ਹੈ, ਉਹਨੂੰ "ਮਨੁੱਖ" ਦਾ ਵਿਕਾਸੀ ਅਮਲ ਸਮਝਿਆ ਗਿਆ ਹੈ, ਅਤੇ ਇਉਂ ਹਰ ਇਤਿਹਾਸਕ ਪੜਾਅ ਉੱਤੇ ਉਦੋਂ ਤੱਕ ਵਿਦਮਾਨ ਵਿਅਕਤੀਆਂ ਦੀ ਥਾਂ "ਮਨੁੱਖ" ਨੂੰ ਦੇ ਦਿੱਤੀ ਗਈ ਅਤੇ ਉਹਨੂੰ ਇਤਿਹਾਸ ਦੀ ਚਾਲਕ ਸ਼ਕਤੀ ਵਜੋਂ ਪ੍ਰਗਟ ਕੀਤਾ ਗਿਆ। ਇਉਂ ਸਾਰਾ ਅਮਲ ਮਨੁੱਖ ਦੀ ਸਵੈ-ਬੇਗਾਨਗੀ [Selbstentftremdungsprozess]* ਦੇ ਅਮਲ ਵਜੋਂ ਚਿਤਵਿਆ ਗਿਆ, ਅਤੇ ਬੁਨਿਆਦੀ ਤੌਰ 'ਤੇ ਇਹਦਾ ਕਾਰਨ ਇਹ ਸੀ ਕਿ ਸਦਾ ਇੱਕ ਪਿਛਲੇਰੇ ਪੜਾਅ ਦੇ ਔਸਤ ਵਿਅਕਤੀ ਨੂੰ ਇੱਕ ਪਹਿਲੇ ਪੜਾਅ ਉੱਤੇ ਠੋਸਿਆ ਗਿਆ ਅਤੇ ਇੱਕ ਪਿਛਲੇਰੇ ਪੜਾਅ ਦੀ ਚੇਤਨਤਾ ਨੂੰ ਪਹਿਲੇਰੇ ਦੇ ਵਿਅਕਤੀਆਂ ਉੱਤੇ। ਇਸ ਉਲਟਾਉਣ ਰਾਹੀਂ, ਜਿਸ ਨੇ ਮੁਢ ਤੋਂ ਹੀ ਵਾਸਤਵਿਕ ਹਾਲਤਾਂ ਨੂੰ ਅੱਖੋਂ ਉਹਲੇ ਕੀਤਾ, ਸਾਰੇ ਇਤਿਹਾਸ ਨੂੰ ਚੇਤਨਤਾ ਦੇ ਵਿਕਾਸੀ ਅਮਲ ਵਿੱਚ ਤਬਦੀਲ ਕਰਨਾ ਸੰਭਵ ਹੋਇਆ।

* * *

ਸ਼ਹਿਰੀ ਸਮਾਜ ਉਤਪਾਦਕ ਸ਼ਕਤੀਆਂ ਦੇ ਵਿਕਾਸ ਇੱਕ ਨਿਸ਼ਚਿਤ ਪੜਾਅ ਉੱਤੇ ਵਿਅਕਤੀਆਂ ਦੇ ਸਮੁੱਚੇ ਪਦਾਰਥਕ ਵਰਤੋਂ-ਵਿਹਾਰ ਨੂੰ ਆਪਣੀ ਵਲਗਣ ਵਿੱਚ ਲੈ ਲੈਂਦਾ ਹੈ। ਉਹ ਕਿਸੇ ਖ਼ਾਸ ਪੜਾਅ ਦੇ ਸਮੁੱਚੇ ਵਪਾਰਕ ਅਤੇ, ਸਨਅਤੀ ਜੀਵਨ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ, ਜਿਸ ਹੱਦ ਤੱਕ ਇਹ ਰਾਜ ਅਤੇ ਕੌਮ ਤੋਂ ਉੱਪਰ ਹੈ, ਭਾਵੇਂ ਫਿਰ ਦੂਜੇ ਹੱਥ, ਇਹ ਲਾਜ਼ਮੀ ਹੈ ਕਿ ਇਹ ਬਾਹਰਲੇ ਸਬੰਧਾਂ ਵਿੱਚ ਇੱਕ ਕੌਮੀਅਤ ਵਜੋਂ ਅਤੇ ਘਰੋਗੀ ਮਾਮਲਿਆਂ ਵਿੱਚ ਰਾਜ ਵਜੋਂ ਖ਼ੁਦ ਨੂੰ ਜਥੇਬੰਦ ਕਰੇ। ਸ਼ਹਿਰੀ ਸਮਾਜ ਦੀ ਪ੍ਰੀਭਾਸ਼ਾ ਅਠਾਰ੍ਹਵੀਂ ਸਦੀ ਵਿੱਚ ਹੋਂਦ ਵਿੱਚ ਆਈ, ਜਦੋਂ ਜਾਇਦਾਦੀ ਸਬੰਧਾਂ ਨੇ ਪਹਿਲਾਂ ਹੀ ਆਪਣੇ ਆਪ ਨੂੰ ਪ੍ਰਾਚੀਨ ਅਤੇ ਮੱਧ-ਕਾਲੀ ਭਾਈਚਾਰੇ ਵਿੱਚੋਂ ਕੱਢ ਲਿਆ ਸੀ। ਆਪਣੇ ਆਪ ਵਿੱਚ ਸ਼ਹਿਰੀ ਸਮਾਜ ਕੇਵਲ ਬੁਰਜੂਆਜ਼ੀ ਨਾਲ਼ ਵਿਕਸਤ ਹੁੰਦਾ ਹੈ; ਸਮਾਜੀ ਜਥੇਬੰਦੀ ਸਿੱਧੀ ਉਤਪਾਦਨ ਵਿਚੋਂ ਵਿਕਸਤ ਹੁੰਦੀ ਹੈ ਅਤੇ ਵਰਤੋਂ-ਵਿਹਾਰ ਨੂੰ, ਜਿਹੜਾ ਸਭਨਾਂ ਯੁਗਾਂ ਵਿੱਚ ਰਾਜ ਦਾ ਅਤੇ ਬਾਕੀ ਦੇ ਆਦਰਸ਼ਵਾਦੀ** ਉੱਚ ਉਸਾਰ ਦਾ ਆਧਾਰ ਬਣਦਾ ਹੈ, ਸਦਾ ਇਕੋ ਨਾਂ

* [ਮਾਰਕਸ ਵੱਲੋਂ ਹਾਸ਼ੀਏ ਉੱਤੇ ਨੋਟ:] ਸਵੈ-ਬੇਗਾਨਗੀ। **—ਸੰਪਾ.**

** ਅਰਥਾਤ ਆਦਰਸ਼, ਵਿਚਾਰਧਾਰਕ। **—ਸੰਪਾ.**

ਦਿੱਤਾ ਜਾਂਦਾ ਹੈ।

## [11. ਜਾਇਦਾਦ ਵੱਲ ਰਾਜ ਅਤੇ ਕਨੂੰਨ ਦਾ ਵਤੀਰਾ]

ਪ੍ਰਾਚੀਨ ਦੁਨੀਆਂ ਵਿੱਚ, ਜਿਵੇਂ ਕਿ ਇਹ ਮੱਧ ਕਾਲ ਵਿੱਚ ਵੀ ਸੀ, ਜਾਇਦਾਦ ਦਾ ਪਹਿਲਾ ਰੂਪ ਕਬਾਇਲੀ ਜਾਇਦਾਦ ਹੈ, ਜਿਹੜੀ ਰੋਮਵਾਸੀਆਂ ਵਿੱਚ ਮੁੱਖ ਤੌਰ 'ਤੇ ਜੰਗ ਰਾਹੀਂ ਅਤੇ [69] ਜਰਮਨਾਂ ਵਿੱਚ ਪਸ਼ੂ-ਪਾਲਣ ਰਾਹੀਂ ਮਿਥੀ ਜਾਂਦੀ ਸੀ। ਕਿਉਂਕਿ ਪ੍ਰਾਚੀਨ ਲੋਕਾਂ ਵਿੱਚ ਕਈ ਕਈ ਕਬੀਲੇ ਇਕ ਸ਼ਹਿਰ ਵਿੱਚ ਇਕੱਠੇ ਰਹਿੰਦੇ ਸਨ, ਇਸ ਲਈ ਕਬਾਇਲੀ ਜਾਇਦਾਦ ਰਾਜ ਦੀ ਜਾਇਦਾਦ ਵਜੋਂ ਪ੍ਰਗਟ ਹੁੰਦੀ ਹੈ, ਅਤੇ ਇਹਦੇ ਉੱਤੇ ਵਿਅਕਤੀ ਦਾ ਹੱਕ ਕੇਵਲ "ਕਬਜ਼ੇ" ਵਜੋਂ ਪ੍ਰਗਟ ਹੁੰਦਾ ਹੈ, ਜਿਹੜਾ ਸਮੁੱਚੀ ਕਬਾਇਲੀ ਜਾਇਦਾਦ ਵਾਂਗ ਕੇਵਲ ਜ਼ਮੀਨੀ ਜਾਇਦਾਦ ਤੱਕ ਸੀਮਤ ਹੈ। ਅਸਲੀ ਨਿੱਜੀ ਜਾਇਦਾਦ ਨਵੀਆਂ ਕੌਮਾਂ ਵਾਂਗ ਪ੍ਰਾਚੀਨ ਲੋਕਾਂ ਵਿੱਚ ਵੀ ਚਲ ਜਾਇਦਾਦ (ਗ਼ੁਲਾਮੀ ਅਤੇ ਭਾਈਚਾਰਾ) (dominium ex jure Quiritum)* ਨਾਲ਼ ਸ਼ੁਰੂ ਹੋਈ। ਜਿਹੜੀਆਂ ਕੌਮਾਂ ਮੱਧ ਕਾਲ ਵਿਚੋਂ ਉਭਰੀਆਂ, ਕਬਾਇਲੀ ਜਾਇਦਾਦ ਵੱਖ ਵੱਖ ਪੜਾਆਂ ਰਾਹੀਂ—ਜਗੀਰੂ ਜ਼ਮੀਨੀ ਜਾਇਦਾਦ, ਸਮੂਹਕ ਚਲ ਜਾਇਦਾਦ, ਕਾਰਖਾਨੇਦਾਰੀ ਵਿੱਚ ਲਾਇਆ ਸਰਮਾਇਆ—ਨਵੇਂ ਸਰਮਾਏ ਵਿੱਚ ਵਿਕਸਤ ਹੋਈ, ਜਿਸਨੂੰ ਵੱਡੀ ਪੱਧਰ ਦੀ ਸਨਅਤ ਅਤੇ ਸੰਸਾਰ ਵਿਆਪੀ ਮੁਕਾਬਲਾ ਮਿਥਦੇ ਹਨ, ਅਰਥਾਤ ਖ਼ਾਲਸ ਨਿੱਜੀ ਜਾਇਦਾਦ ਜਿਸਨੇ ਸਮੂਹਕ ਸੰਸਥਾ ਦਾ ਹਰ ਰੂਪ ਤਿਆਗ ਦਿੱਤਾ ਹੈ ਅਤੇ ਰਾਜ ਨੂੰ ਜਾਇਦਾਦ ਦੇ ਵਿਕਾਸ ਉੱਤੇ ਕਿਸੇ ਵੀ ਪ੍ਰਭਾਵ ਤੋਂ ਵਿਰਵਿਆਂ ਕਰ ਦਿੱਤਾ ਹੈ। ਨਵੇਂ ਰਾਜ ਇਸ ਨਵੀਂ ਜਾਇਦਾਦ ਦਾ ਅਨੁਸਾਰੀ ਹੈ, ਜਿਸਨੂੰ ਜਾਇਦਾਦ ਦੇ ਮਾਲਕਾਂ ਨੇ ਹੌਲੀ ਹੌਲੀ ਟੈਕਸਾਂ ਰਾਹੀਂ ਮੁੱਲ ਲਿਆ ਹੈ ਅਤੇ ਜਿਹੜੀ ਕੌਮੀ ਕਰਜ਼ੇ ਰਾਹੀਂ ਉੱਕਾ ਹੀ ਉਹਨਾਂ ਦੇ ਹੱਥਾਂ ਵਿੱਚ ਪੈ ਗਈ ਹੈ ਅਤੇ ਜਿਸਦੀ ਹੋਂਦ ਉਸ ਵਪਾਰਕ ਕਰਜ਼ੇ ਉੱਤੇ ਨਿਰਭਰ ਹੈ ਜਿਹੜਾ ਜਾਇਦਾਦ ਦੇ ਮਾਲਕ, ਬੁਰਜੂਆ, ਇਹਨੂੰ ਦੇਂਦੇ ਹਨ, ਜਿਹੜਾ ਸੱਟਾ ਮੰਡੀ ਵਿੱਚ ਹਕੂਮਤੀ ਹੁੰਡੀਆਂ ਦਾ ਮੁੱਲ ਘਟਣ ਵਧਣ ਵਿੱਚ ਪ੍ਰਗਟ ਹੁੰਦਾ ਹੈ। ਕੇਵਲ ਇਸ ਤੱਥ ਕਾਰਨ ਕਿ ਹੁਣ ਉਹ **ਵਰਗ** ਨਹੀਂ ਸਗੋਂ ਇੱਕ **ਜਮਾਤ** ਹੈ ਬੁਰਜੂਆਜ਼ੀ ਇਸ ਗੱਲ 'ਤੇ ਮਜਬੂਰ ਹੈ ਕਿ ਉਹ ਹੁਣ ਤੋਂ ਆਪਣੇ ਆਪ ਨੂੰ ਸਥਾਨਕ ਨਹੀਂ ਸਗੋਂ ਕੌਮੀ ਪੱਧਰ 'ਤੇ ਜਥੇਬੰਦ ਕਰੇ ਤਾਂ ਜੋ ਉਹ ਆਪਣੇ ਹਿਤਾਂ ਨੂੰ ਆਮ ਰੂਪ ਦੇ ਸਕੇ। ਨਿੱਜੀ ਜਾਇਦਾਦ ਦੇ ਭਾਈਚਾਰੇ ਤੋਂ ਮੁਕਤ ਹੋਣ ਨਾਲ਼, ਰਾਜ ਸ਼ਹਿਰੀ ਸਮਾਜ ਦੇ ਨਾਲ਼ ਨਾਲ਼ ਅਤੇ ਇਸ ਤੋਂ ਬਾਹਰ ਇੱਕ ਵੱਖਰੀ ਹੋਂਦ ਬਣ ਗਿਆ ਹੈ; ਪਰ ਇਹ ਜਥੇਬੰਦੀ ਦੇ ਉਸ ਰੂਪ ਤੋਂ ਵੱਧ ਕੁੱਝ ਨਹੀਂ ਜਿਹੜਾ ਬੁਰਜੂਆਜ਼ੀ, ਘਰੋਗੀ ਅਤੇ ਬਾਹਰਲੇ ਦੁਹਾਂ ਮੰਤਵਾਂ ਲਈ ਆਪਣੀ ਜਾਦਿਦਾਦ ਅਤੇ ਹਿਤਾਂ ਦੀ ਪ੍ਰਸਪਰ ਜ਼ਮਾਨਤ ਦੇਣ ਲਈ ਅਖਤਿਆਰ ਕਰਨ ਲਈ ਮਜਬੂਰ ਹੈ। ਅਜ ਕੱਲ ਰਾਜ ਦੀ ਸੁਤੰਤਰ ਹੋਂਦ ਕੇਵਲ ਉਹਨਾਂ ਦੇਸ਼ਾਂ ਵਿੱਚ ਦਿਸਦੀ ਹੈ ਜਿੱਥੇ ਜਗੀਰੂ ਤਬਕੇ ਅਜੇ ਪੂਰੀ ਤਰ੍ਹਾਂ ਜਮਾਤਾਂ

* ਪੂਰੇ ਹੱਕਾਂ ਵਾਲ਼ੇ ਰੋਮ ਦੇ ਸ਼ਹਿਰੀਆਂ ਉੱਤੇ ਲਾਗੂ ਹੁੰਦੇ ਕਨੂੰਨ ਅਨੁਸਾਰ ਮਾਲਕੀ। **—ਸੰਪਾ.**

ਵਿੱਚ ਵਿਕਸਤ ਨਹੀਂ ਹੋਏ, ਜਿੱਥੇ ਜਗੀਰਦਾਰੀ, ਜਿਸ ਦਾ ਵਧੇਰੇ ਉੱਨਤ ਦੇਸ਼ਾਂ ਵਿੱਚ ਅੰਤ ਕਰ ਦਿੱਤਾ ਗਿਆ ਹੈ, ਅਜੇ ਵੀ ਕੁੱਝ ਹਿੱਸਾ ਪਾਉਂਦੀ ਹੈ ਅਤੇ ਜਿੱਥੇ ਅਜੇ ਮਿਸ਼ਰਣ ਹੈ, ਜਿਸ ਦੇ ਸਿੱਟੇ ਵਜੋਂ ਜਿੱਥੇ ਵਸੋਂ ਦਾ ਕੋਈ ਹਿੱਸਾ ਹੋਰਨਾਂ ਉੱਤੇ ਪ੍ਰਬਲਤਾ ਪ੍ਰਾਪਤ ਨਹੀਂ ਕਰ ਸਕਦਾ। ਜਰਮਨੀ ਵਿੱਚ ਵਿਸ਼ੇਸ਼ ਤੌਰ 'ਤੇ ਇਹ ਹਾਲਤ ਹੈ। ਨਵਾਂ ਰਾਜ ਦੀ ਅਤਿਅੰਤ ਨਿਪੁੰਨ ਮਿਸਾਲ ਉੱਤਰੀ [70] ਅਮਰੀਕਾ ਹੈ। ਨਵੇਂ ਫਰਾਂਸੀਸੀ, ਅੰਗ੍ਰੇਜ਼ ਅਤੇ ਅਮਰੀਕਨ ਲੇਖਕ ਇਹ ਵਿਚਾਰ ਪ੍ਰਗਟ ਕਰਦੇ ਹਨ ਕਿ ਰਾਜ ਕੇਵਲ ਨਿੱਜੀ ਜਾਇਦਾਦ ਲਈ ਹੋਂਦ ਵਿੱਚ ਹੈ, ਇੱਥੋਂ ਤੱਕ ਕਿ ਆਮ ਆਦਮੀ ਨੇ ਵੀ ਇਹ ਵਿਚਾਰ ਆਮ ਤੌਰ 'ਤੇ ਕਬੂਲ ਕਰ ਲਿਆ ਹੈ।

ਕਿਉਂਕਿ ਰਾਜ ਉਹ ਰੂਪ ਹੈ ਜਿਸ ਵਿੱਚ ਹਾਕਮ ਜਮਾਤ ਦੇ ਵਿਅਕਤੀ ਆਪਣੇ ਸਾਂਝੇ ਹਿਤਾਂ ਦਾ ਦਾਬਾ ਪ੍ਰਗਟ ਕਰਦੇ ਹਨ, ਅਤੇ ਜਿਸ ਵਿੱਚ ਯੁਗ ਦੇ ਸਮੁੱਚੇ ਸ਼ਹਿਰੀ ਸਮਾਜ ਦਾ ਸਾਰ ਪੇਸ਼ ਕੀਤਾ ਜਾਂਦਾ ਹੈ, ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਭੇ ਸਾਂਝੀਆਂ ਸੰਸਥਾਵਾਂ ਰਾਜ ਦੀ ਸਹਾਇਤਾ ਨਾਲ਼ ਸਥਾਪਤ ਹੁੰਦੀਆਂ ਹਨ ਅਤੇ ਉਹਨਾਂ ਨੂੰ ਸਿਆਸੀ ਰੂਪ ਦਿੱਤਾ ਜਾਂਦਾ ਹੈ। ਇਸ ਤੋਂ ਇਹ ਭਰਮ ਪੈਦਾ ਹੁੰਦਾ ਹੈ ਕਿ ਕਨੂੰਨ ਇੱਛਾ ਉੱਤੇ, ਅਤੇ ਨਿਸ਼ਚੇ ਹੀ ਇਹਦੇ ਅਸਲੀ ਆਧਾਰ ਤੋਂ ਕੱਟੀ ਇੱਛਾ—**ਆਜ਼ਾਦ** ਇੱਛਾ ਉੱਤੇ ਆਧਾਰਤ ਹੈ। ਇਸੇ ਤਰ੍ਹਾਂ ਆਪਣੀ ਵਾਰੀ ਇਨਸਾਫ਼ ਨੂੰ ਪਾਰਲੀਮੈਂਟ ਵਲੋਂ ਪ੍ਰਵਾਨੇ ਕਨੂੰਨ ਤੱਕ ਘਟਾ ਦਿੱਤਾ ਜਾਂਦਾ ਹੈ।

ਦੀਵਾਨੀ ਕਨੂੰਨ ਨਿੱਜੀ ਜਾਇਦਾਦ ਦੇ ਨਾਲ਼ ਹੀ ਨਾਲ਼ ਕੁਦਰਤੀ ਭਾਈਚਾਰੇ ਦੇ ਖਿੰਡ-ਪੁੰਡ ਜਾਣ ਵਿਚੋਂ ਵਿਕਸਤ ਹੁੰਦਾ ਹੈ। ਰੋਮ ਵਾਸੀਆਂ ਲਈ ਨਿੱਜੀ ਜਾਇਦਾਦ ਅਤੇ ਦੀਵਾਨੀ ਕਨੂੰਨ ਦੇ ਵਿਕਾਸ ਦੇ ਕੋਈ ਹੋਰ ਸਨਅਤੀ ਅਤੇ ਵਪਾਰਕ ਸਿੱਟੇ ਨਾ ਨਿਕਲੇ ਕਿਉਂਕਿ ਉਹਨਾਂ ਦੇ ਉਤਪਾਦਨ ਦਾ ਸਮੁੱਚਾ ਰੂਪ ਤਬਦੀਲ ਨਾ ਹੋਇਆ।* ਨਵੀਆਂ ਕੌਮਾਂ ਵਿੱਚ, ਜਿੱਥੇ ਜਗੀਰੂ ਭਾਈਚਾਰੇ ਨੂੰ ਸਨਅਤ ਅਤੇ ਵਪਾਰ ਨੇ ਤਬਾਹ ਕਰ ਦਿੱਤਾ ਸੀ, ਨਿੱਜੀ ਜਾਇਦਾਦ ਅਤੇ ਦੀਵਾਨੀ ਕਨੂੰਨ ਦੇ ਉਭਰਨ ਨਾਲ਼ ਇੱਕ ਨਵਾਂ ਪੜਾਅ ਸ਼ੁਰੂ ਹੋਇਆ, ਜਿਹੜਾ ਹੋਰ ਵਿਕਾਸ ਕਰਨ ਯੋਗ ਸੀ। ਮੱਧ ਕਾਲ ਵਿੱਚ ਵਿਸ਼ਾਲ ਸਮੁੰਦਰੀ ਕਾਰੋਬਾਰ ਕਰਨ ਵਾਲ਼ੇ ਪਹਿਲੇ ਸ਼ਹਿਰ, ਅਮਾਲਫ਼ੀ ਨੇ ਸਮੁੰਦਰੀ ਕਨੂੰਨ[19] ਵੀ ਵਿਕਸਤ ਕੀਤੇ। ਜਿਉਂ ਹੀ ਸਨਅਤ ਅਤੇ ਵਪਾਰ ਨੇ ਪਹਿਲਾਂ ਇਟਲੀ ਵਿੱਚ ਅਤੇ ਪਿੱਛੋਂ ਹੋਰਨਾਂ ਦੇਸ਼ਾਂ ਵਿੱਚ ਨਿੱਜੀ ਜਾਇਦਾਦ ਨੂੰ ਹੋਰ ਵਿਕਸਤ ਕੀਤਾ, ਅਤਿ ਵਿਕਸਤ ਰੋਮ ਦਾ ਦੀਵਾਨੀ ਕਨੂੰਨ ਇੱਕ ਦਮ ਪ੍ਰਵਾਨ ਕਰ ਲਿਆ ਗਿਆ ਅਤੇ ਇਹਨੂੰ ਇੱਕ ਅਧਿਕਾਰੀ ਪਦਵੀ ਤਕ ਚੁੱਕ ਦਿੱਤਾ ਗਿਆ। ਪਿੱਛੋਂ ਜਾਕੇ ਜਦੋਂ ਬੁਰਜੂਆਜ਼ੀ ਨੇ ਇੰਨੀ ਸ਼ਕਤੀ ਪ੍ਰਾਪਤ ਕਰ ਲਈ ਕਿ ਬਾਦਸ਼ਾਹਾਂ ਨੇ ਬੁਰਜੂਆਜ਼ੀ ਰਾਹੀਂ ਜਗੀਰੂ ਰਾਠਸ਼ਾਹੀ ਦਾ ਤਖ਼ਤਾ ਉਲਟਣ ਲਈ ਇਹਦੇ ਹਿਤਾਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ, ਤਾਂ ਸਭਨਾਂ ਦੇਸ਼ਾਂ ਵਿੱਚ —ਫ਼ਰਾਂਸ ਵਿੱਚ ਸੋਲ੍ਹਵੀਂ ਸਦੀ ਵਿੱਚ— ਕਨੂੰਨ ਦਾ ਅਸਲੀ ਵਿਕਾਸ ਸ਼ੁਰੂ ਹੋਇਆ, ਜਿਹੜਾ ਇੰਗਲੈਂਡ ਤੋਂ ਬਿਨਾਂ, ਸਭਨਾਂ [71] ਦੇਸ਼ਾਂ ਵਿੱਚ ਰੋਮ ਦੀ ਕਨੂੰਨੀ ਸੰਘਤਾ ਦੇ ਆਧਾਰ ਉੱਤੇ ਹੋਇਆ। ਇੰਗਲੈਂਡ ਵਿੱਚ ਵੀ

* [ਹਾਸ਼ੀਏ ਉੱਤੇ ਏਂਗਲਜ਼ ਵੱਲੋਂ ਨੋਟ:] (ਸੂਦਖ਼ੋਰੀ)! **—ਸੰਪਾ.**

(ਵਿਸ਼ੇਸ਼ ਤੌਰ ’ਤੇ ਚਲ ਜਾਇਦਾਦ ਦੇ ਸਬੰਧ ਵਿੱਚ) ਦੀਵਾਨੀ ਕਨੂੰਨ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਰੋਮ ਦੇ ਕਨੂੰਨੀ ਨਿਯਮ ਲਾਗੂ ਕਰਨੇ ਪਏ। (ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਕਨੂੰਨ ਦਾ ਅਜ਼ਾਦ ਇਤਿਹਾਸ ਵੀ ਉੱਨਾ ਹੀ ਸੰਖੇਪ ਹੈ ਜਿੰਨਾਂ ਕਿ ਧਰਮ ਦਾ)।

ਦੀਵਾਨੀ ਕਨੂੰਨ ਵਿੱਚ ਵਿਦਮਾਨ ਜਾਇਦਾਦੀ ਹੱਕਾਂ ਨੂੰ ਆਮ ਜਨਤਾ ਦੀ ਇੱਛਾ ਦਾ ਸਿੱਟਾ ਹੋਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। jus utendi et abutendi* ਖ਼ੁਦ ਆਪਣੇ ਆਪ ਵਿੱਚ ਗੱਲ ਉੱਤੇ ਜ਼ੋਰ ਦੇਂਦਾ ਹੈ ਕਿ ਨਿੱਜੀ ਜਾਇਦਾਦ ਉੱਕਾ ਹੀ ਭਾਈਚਾਰੇ ਤੋਂ ਆਜ਼ਾਦ ਹੋ ਗਈ ਹੈ। ਅਤੇ ਦੂਜੇ ਹੱਥ ਇਹ ਭਰਮ ਕਿ ਨਿੱਜੀ ਜਾਇਦਾਦ ਉੱਕਾ ਹੀ ਨਿੱਜੀ ਇੱਛਾ ਉੱਤੇ ਅਧਾਰਤ ਹੈ, ਕਿਸੇ ਸ਼ੈਅ ਦੇ ਆਪਹੁਦਰੇ ਢੰਗ ਨਾਲ਼ ਵੇਚੇ ਜਾ ਸਕਣ ਉਤੇ। ਜੇ ਉਹ ਆਪਣੀ ਜਾਇਦਾਦ ਅਤੇ ਇਹਦੇ ਨਾਲ਼ ਹੀ jus abutendi (ਕੁਵਰਤੋਂ ਦੇ ਹਕ) ਨੂੰ ਦੂਜਿਆਂ ਦੇ ਹੱਥਾਂ ਵਿੱਚ ਜਾਂਦਾ ਨਹੀਂ ਵੇਖਣਾ ਚਾਹੁੰਦਾ ਤਾਂ ਅਮਲ ਵਿੱਚ ਨਿੱਜੀ ਜਾਇਦਾਦ ਦੇ ਮਾਲਕ ਲਈ abuti (ਕੁਵਰਤੋ) ਦੀਆਂ ਬੜੀਆਂ ਨਿਸ਼ਚਿਤ ਆਰਥਕ ਹੱਦਾਂ ਹਨ, ਕਿਉਂਕਿ ਅਸਲ ਵਿੱਚ ਵਸਤ, ਜੇ ਉਹਨੂੰ ਮਾਲਕ ਦੀ ਇੱਛਾ ਦੇ ਪ੍ਰਸੰਗ ਵਿੱਚ ਮੁੱਖ ਰੱਖਿਆ ਜਾਵੇ ਤਾਂ ਉਹ ਵਸਤ ਉੱਕਾ ਹੀ ਨਹੀਂ, ਸਗੋਂ ਕੇਵਲ ਵਰਤੋਂ-ਵਿਹਾਰ ਵਿੱਚ ਹੀ, ਅਤੇ ਕਨੂੰਨ ਤੋਂ ਆਜ਼ਾਦ ਤੌਰ ’ਤੇ ਵਸਤ, ਅਸਲ ਜਾਇਦਾਦ ਬਣਦੀ ਹੈ (ਇਕ **ਰਿਸ਼ਤਾ**, ਜਿਸਨੂੰ ਦਾਰਸ਼ਨਿਕ ਵਿਚਾਰ ਕਹਿੰਦੇ ਹਨ।**)। ਇਹ ਕਨੂੰਨੀ ਭਰਮ, ਜਿਹੜਾ ਕਨੂੰਨ ਨੂੰ ਕੇਵਲ ਇੱਛਾ ਤੱਕ ਘਟਾ ਦੇਂਦਾ ਹੈ, ਜਾਇਦਾਦ ਦੇ ਰਿਸ਼ਤਿਆਂ ਦੇ ਹੋਰ ਵਿਕਾਸ ਵਿੱਚ ਲਾਜ਼ਮੀ ਤੌਰ ’ਤੇ ਇਸ ਹਾਲਤ ਉੱਤੇ ਅਪੜਦਾ ਹੈ, ਜਿਥੇ ਕਿਸੇ ਬੰਦੇ ਦਾ ਕੋਈ ਸ਼ੈਅ ਉਹਦੇ ਕੋਲ ਹੋਏ ਬਗ਼ੈਰ ਉਸ ਉੱਤੇ ਕਨੂੰਨੀ ਹੱਕ ਹੋ ਸਕਦਾ ਹੈ। ਜੇ, ਮਿਸਾਲ ਲਈ, ਮੁਕਾਬਲੇ ਕਾਰਨ ਭੋਂ ਦੇ ਕਿਸੇ ਟੋਟੇ ਦੀ ਆਮਦਨ ਲੋਪ ਹੋ ਜਾਵੇ ਤਾਂ ਨਿਸ਼ਚੇ ਹੀ ਉਹਦੇ jus utendi et abutendi ਦੇ ਨਾਲ਼ ਹੀ ਨਾਲ਼ ਮਾਲਕ ਦਾ ਉਹਦੇ ਉੱਤੇ ਕਨੂੰਨੀ ਹੱਕ ਰਹਿੰਦਾ ਹੈ। ਪਰ ਉਹ ਇਹਦੇ ਨਾਲ਼ ਕੁੱਝ ਨਹੀਂ ਕਰ ਸਕਦਾ: ਜੇ ਉਹਦੇ ਕੋਲ ਇਹਦੇ ਉਤੇ ਵਾਹੀ ਕਰਨ ਲਈ ਹੋਰ ਥਾਂ ਸਰਮਾਇਆ ਨਾ ਹੋਵੇ ਤਾਂ ਜ਼ਮੀਨ ਦੇ ਮਾਲਕ ਦੇ ਤੌਰ ’ਤੇ ਉਹ ਕਿਸੇ ਵੀ ਸ਼ੈਅ ਦਾ ਮਾਲਕ ਨਹੀਂ। ਕਨੂੰਨਦਾਨਾਂ ਦਾ ਇਹ ਭਰਮ ਇਸ ਤੱਥ ਦੀ ਵੀ ਵਿਆਖਿਆ ਕਰਦਾ ਹੈ ਕਿ ਉਹਨਾਂ ਲਈ, ਜਿਹਾ ਕਿ ਹਰ ਸੰਘਤਾ ਲਈ, ਇਹ ਗੱਲ ਉੱਕਾ ਹੀ ਸਬੱਬੀ ਹੈ ਕਿ ਵਿਅਕਤੀ ਆਪੋ ਵਿੱਚ ਰਿਸ਼ਤੇ ਸਥਾਪਤ ਕਰਦੇ ਹਨ। (ਮਿਸਾਲ ਵਜੋਂ ਕਰਾਰ); ਇਹ ਇਸ ਗਲ ਦੀ ਵੀ ਵਿਆਖਿਆ ਕਰਦਾ ਹੈ ਕਿ ਉਹ ਇਹ ਕਿਉਂ ਖ਼ਿਆਲ ਕਰਦੇ ਹਨ ਕਿ ਰਿਸ਼ਤੇ ਮਰਜ਼ੀ ਨਾਲ਼ ਸਥਾਪਤ ਕੀਤੇ ਜਾ ਸਕਦੇ [ਹਨ] ਜਾਂ ਨਹੀਂ [72] ਅਤੇ ਉਹਨਾਂ ਦਾ ਤੱਤ ਕਰਾਰ ਕਰਨ ਵਾਲੀਆਂ ਧਿਰਾਂ ਦੀ ਵਿਅਕਤੀਗਤ ਆਜ਼ਾਦ ਇੱਛਾ ਉੱਤੇ ਆਧਾਰਤ ਹੈ।

---

* ਕੁਵਰਤੋਂ ਅਤੇ ਕੁਵਰਤੋਂ ਦਾ ਹੱਕ। **—ਸੰਪਾ.**

** [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] **ਦਾਰਸ਼ਨਿਕ ਲਈ ਰਿਸ਼ਤਾ ਵਿਚਾਰ।** ਉਹ ਕੇਵਲ “ਮਨੁੱਖ” ਦੇ ਆਪਣੇ ਆਪ ਨਾਲ਼ ਸਬੰਧਾਂ ਨੂੰ ਜਾਣਦੇ ਹਨ ਅਤੇ ਇਸੇ ਲਈ ਉਹਨਾਂ ਲਈ ਸਭ ਅਸਲੀ ਰਿਸ਼ਤੇ ਵਿਚਾਰ ਬਣ ਜਾਂਦੇ ਹਨ। **—ਸੰਪਾ.**

ਜਦੋਂ ਕਦੀ ਸਨਅਤ ਅਤੇ ਵਪਾਰਕ ਦੇ ਵਿਕਾਸ ਰਾਹੀਂ ਵਰਤੋਂ-ਵਿਹਾਰ ਦੇ ਨਵੇਂ ਰੂਪ ਪ੍ਰਗਟ ਹੋਏ ਹਨ (ਮਿਸਾਲ ਵਜੋਂ ਬੀਮਾ ਕੰਪਨੀਆਂ ਆਦਿ), ਕਨੂੰਨ ਸਦਾ ਹੀ ਉਹਨਾਂ ਨੂੰ ਜਾਇਦਾਦ ਪ੍ਰਾਪਤ ਕਰਨ ਦੇ ਢੰਗਾਂ ਵਿੱਚ ਸ਼ਾਮਲ ਕਰਨ 'ਤੇ ਮਜਬੂਰ ਹੋਇਆ ਹੈ।*

## [12. ਸਮਾਜੀ ਚੇਤਨਤਾ ਦੇ ਰੂਪ]

ਕਿਰਤ ਦੀ ਵੰਡ ਦਾ ਵਿਗਿਆਨ ਉੱਤੇ ਪ੍ਰਭਾਵ।

ਰਾਜ, ਕਨੂੰਨ, ਸਦਾਚਾਰ ਆਦਿ ਲਈ **ਜਬਰ** ਦਾ ਰੋਲ।

ਐਨ ਇਸੇ ਲਈ ਕਿਉਂਕਿ ਬੁਰਜੂਆਜ਼ੀ ਇੱਕ ਜਮਾਤ ਵਜੋਂ ਹਕੂਮਤ ਕਰਦੀ ਹੈ, ਇਹ ਲਾਜ਼ਮੀ ਹੈ ਕਿ ਉਹ ਕਨੂੰਨ ਵਿੱਚ ਆਪਣੇ ਆਪ ਨੂੰ ਆਮ ਲੋਕਾਈ ਦੇ ਤੌਰ 'ਤੇ ਪ੍ਰਗਟ ਕਰੇ।

ਪ੍ਰਕਿਰਤਕ ਵਿਗਿਆਨ ਅਤੇ ਇਤਿਹਾਸ।

ਰਾਜ-ਨੀਤੀ, ਕਨੂੰਨ, ਵਿਗਿਆਨ ਆਦਿ ਦਾ, ਕਲਾ, ਧਰਮ ਆਦਿ ਦਾ ਕੋਈ ਇਤਿਹਾਸ ਨਹੀਂ।**

————

**ਵਿਚਾਰਧਾਰਕ ਹਰ ਸ਼ੈ ਨੂੰ ਸਿਰ ਭਾਰ ਕਿਉਂ ਕਰਦੇ ਹਨ।**

ਪਾਦਰੀ, ਕਨੂੰਨਦਾਨ, ਸਿਆਸੀ ਨੇਤਾ।

ਕਨੂੰਨਦਾਨ, ਸਿਆਸੀ ਨੇਤਾ (ਆਮ ਤੌਰ 'ਤੇ ਰਾਜਨੇਤਾ), ਸਦਾਚਾਰਵਾਦੀ, ਪਾਦਰੀ।

ਕਿਸੇ ਸ਼੍ਰੇਣੀ ਦੇ ਅੰਦਰ ਇਸ ਵਿਚਾਰਧਾਰਕ ਉਪ-ਵੰਡ ਲਈ: 1) **ਕਿਰਤ ਦੀ ਵੰਡ ਕਾਰਨ ਕਿੱਤਾ ਇਕ ਅਜ਼ਾਦ ਹੋਂਦ ਪ੍ਰਾਪਤ ਕਰ ਲੈਂਦਾ ਹੈ।** ਹਰ ਕੋਈ ਆਪਣੇ ਸ਼ਿਲਪ ਨੂੰ ਸੱਚਾ ਸ਼ਿਲਪ ਮੰਨਦਾ ਹੈ। ਉਹਨਾਂ ਦੇ ਸ਼ਿਲਪ ਅਤੇ ਯਥਾਰਥ ਵਿਚਕਾਰ ਸਬੰਧ ਸਬੰਧੀ ਭਰਮ ਐਨ ਸ਼ਿਲਪ ਦੇ ਖ਼ਾਸੇ ਕਾਰਨ ਹੀ ਉਹਨਾਂ ਵਲੋਂ ਪਾਲ਼ੇ ਜਾ ਸਕਦੇ ਹਨ। ਚੇਤਨਤਾ ਵਿੱਚ—ਕਨੂੰਨਦਾਨੀ, ਸਿਆਸਤ, ਆਦਿ ਵਿੱਚ—ਸਬੰਧ ਸੰਕਲਪ ਬਣ ਜਾਂਦੇ ਹਨ; ਕਿਉਂਕਿ ਉਹ ਇਹਨਾਂ ਸੰਬੰਧਾਂ ਤੋਂ ਅੱਗੇ ਨਹੀਂ ਜਾਂਦੇ, ਸਬੰਧਾਂ ਦੇ ਸੰਕਲਪ ਵੀ ਉਹਨਾਂ ਦੇ ਮਨਾਂ ਵਿੱਚ ਪੱਕੇ ਸੰਕਲਪ ਬਣ ਜਾਂਦੇ ਹਨ। ਮਿਸਾਲ ਵਜੋਂ ਜੱਜ ਸੰਘਤਾ ਲਾਗੂ ਕਰਦਾ ਹੈ, ਇਸ ਲਈ ਉਹ ਕਨੂੰਨ ਘੜਨ ਨੂੰ ਯਥਾਰਥਕ, ਸਰਗਰਮ, ਚਾਲਕ ਸ਼ਕਤੀ ਸਮਝਦਾ ਹੈ। ਆਪਣੀ ਚੀਜ਼ ਲਈ ਸਤਿਕਾਰ ਕਿਉਂਕਿ ਉਹਨਾਂ ਦਾ ਸਿਲਪ ਆਮ ਮਾਮਲਿਆਂ ਨਾਲ਼ ਸਬੰਧਤ ਹੈ।

* ਇਸ ਤੋਂ ਅੱਗੇ ਦੋ ਨੋਟ, ਜਿਹੜੇ ਮਾਰਕਸ ਨੇ ਲਿਖੇ ਹਨ, ਵਧੇਰੇ ਵਿਸਥਾਰਨ ਲਈ ਤਿਆਰ ਕੀਤੇ ਗਏ ਸਨ।—**ਸੰਪਾ.**

** [ਹਾਸ਼ੀਏ ਉੱਤੇ ਮਾਰਕਸ ਵੱਲੋਂ ਨੋਟ:] "ਭਾਈਚਾਰਾ" ਪ੍ਰਾਚੀਨ ਰਾਜ, ਸਾਮੰਤਸ਼ਾਹੀ, ਅਤੇ ਨਿਰੰਕੁਸ਼ ਬਾਦਸ਼ਾਹੀ ਵਿੱਚ ਜਿਸ ਰੂਪ ਵਿੱਚ ਪ੍ਰਗਟ ਹੁੰਦਾ ਹੈ। ਧਾਰਮਕ ਸੰਕਲਪ ਖ਼ਾਸ ਤੌਰ 'ਤੇ ਉਸ ਬੰਧਨ ਦੇ ਅਨੁਸਾਰੀ ਹੁੰਦੇ ਹਨ।—**ਸੰਪਾ.**

ਕਨੂੰਨ ਸਬੰਧੀ ਵਿਚਾਰ। ਰਾਜ ਬਾਰੇ ਵਿਚਾਰ। **ਸਾਧਾਰਨ** ਚੇਤਨਤਾ ਵਿੱਚ ਮਾਮਲਾ ਸਿਰ ਭਾਰ ਹੋ ਜਾਂਦਾ ਹੈ।

—————

ਧਰਮ ਮੁੱਢ ਤੋਂ ਹੀ **ਵਾਸਤਵਿਕ ਵਿਦਮਾਨ** ਸ਼ਕਤੀਆਂ ਤੋਂ ਪੈਦਾ ਹੁੰਦੀ **ਗਿਆਨ ਤੋਂ ਬਾਹਰੇ ਦੀ ਚੇਤਨਤਾ** ਹੈ। ਇਹ ਵਧੇਰੇ ਆਮ ਸਮਝ ਆਉਣ ਵਾਲ਼ੇ ਰੂਪ ਵਿੱਚ।

—————

ਕਨੂੰਨ, ਧਰਮ, ਆਦਿ ਸੰਬੰਧੀ ਪ੍ਰੰਪਰਾ

* * *

[73]* ਵਿਅਕਤੀਆਂ ਨੇ ਸਦਾ ਆਪਣੇ ਆਪ ਤੋਂ ਮੁੱਢ ਬੰਨ੍ਹਿਆ ਹੈ ਅਤੇ ਬੰਨ੍ਹਦੇ ਹਨ। ਉਹਨਾਂ ਦੇ ਸਬੰਧ ਉਹਨਾਂ ਦੇ ਅਸਲੀ ਜੀਵਨ-ਅਮਲ ਦੇ ਸਬੰਧ ਹਨ। ਇਹ ਕਿਵੇਂ ਹੁੰਦਾ ਹੈ ਕਿ ਉਹਨਾਂ ਦੇ ਸਬੰਧ ਉਹਨਾਂ ਵਿਰੁੱਧ ਅਜ਼ਾਦ ਹੋਂਦ ਅਖਤਿਆਰ ਕਰ ਲੈਂਦੇ ਹਨ ? ਅਤੇ ਇਹ ਕਿ ਉਹਨਾਂ ਦੇ ਆਪਣੇ ਜੀਵਨ ਦੀਆਂ ਸ਼ਕਤੀਆਂ ਉਹਨਾਂ ਤੋਂ ਉੱਤਮ ਬਣ ਜਾਂਦੀਆਂ ਹਨ ?

ਸੰਖੇਪ ਵਿੱਚ: **ਕਿਰਤ ਦੀ ਵੰਡ**, ਜਿਸ ਦੀ ਪੱਧਰ ਕਿਸੇ ਖ਼ਾਸ ਸਮੇਂ ਉਤਪਾਦਕ ਸ਼ਕਤੀ ਦੇ ਵਿਕਾਸ ਦੀ ਪੱਧਰ ਉੱਤੇ ਨਿਰਭਰ ਹੈ।

————

ਜ਼ਮੀਨੀ ਜਾਇਦਾਦ। ਭਾਈਚਾਰਕ ਜਾਇਦਾਦ। ਸਾਮੰਤੀ। ਆਧੁਨਿਕ।
ਜਗੀਰੂ ਜਾਇਦਾਦ। ਕਾਰਖਾਨੇਦਾਰ ਜਾਇਦਾਦ। ਸਨਅਤੀ ਸਰਮਾਇਆ।

ਬਰਸਲਜ਼ ਵਿੱਚ ਨਵੰਬਰ 1845 ਅਤੇ ਅਗਸਤ 1846 ਵਿਚਕਾਰ ਲਿਖਿਆ ਗਿਆ।
ਪਹਿਲਾਂ ਪਹਿਲ "ਮਾਰਕਸ ਏਂਗਲਜ਼ ਮੁਹਾਫ਼ਜ਼ਖਾਨਾ", ਸੈਂਚੀ 1, 1924 ਵਿੱਚ ਛਾਪਿਆ।
ਪਹਿਲਾਂ ਪਹਿਲ ਪੂਰੇ ਖਰੜੇ ਅਨੁਸਾਰ "ਵੋਪਰੋਸੀ ਫ਼ਿਲੋਸੋਫ਼ੀ" ("ਦਰਸ਼ਨ ਦੇ ਮਸਲੇ") ਨੰ. 10 ਅਤੇ 11, 1965 ਵਿੱਚ ਛਾਪਿਆ।

ਮੂਲ ਪਾਠ ਅਨੁਸਾਰ ਛਾਪਿਆ ਗਿਆ।
ਜਰਮਨ ਭਾਸ਼ਾ ਤੋਂ ਅਨੁਵਾਦ।

* ਖਰੜੇ ਵਿੱਚ ਇਸ ਅਖ਼ੀਰੀ ਪੰਨੇ ਉੱਤੇ ਨੰਬਰ ਨਹੀਂ ਪਾਇਆ ਹੋਇਆ। ਇਸ ਵਿੱਚ ਲੇਖਕਾਂ ਦੇ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੀ ਵਿਆਖਿਆ ਦਾ ਮੁਢ ਦਿੱਤਾ ਗਿਆ ਸੀ। ਇੱਥੇ ਜਿਨ੍ਹਾਂ ਵਿਚਾਰਾਂ ਦੀ ਰੂਪ-ਰੇਖਾ ਦਿੱਤੀ ਗਈ ਹੈ ਉਹ ਸਾਫ਼ ਨਕਲ, ਭਾਗ ਤਿੰਨ ਵਿੱਚ ਪੇਸ਼ ਕੀਤੇ ਗਏ ਹਨ। **—ਸੰਪਾ.**

# ਜ਼ਮੀਮੇ

**ਕਾ. ਮਾਰਕਸ**

## ਲੁਡਵਿਗ ਫ਼ਿਉਰਬਾਖ਼ ਸਬੰਧੀ ਥੀਸਿਸ[20]

(1888 ਦਾ ਏਂਗਲਜ਼ ਵੱਲੋਂ ਛਾਪਿਆ ਪਾਠ)

## ਫ਼ਿਉਰਬਾਖ਼ ਬਾਰੇ ਮਾਰਕਸ

(ਬਰਸਲਜ਼ ਵਿੱਚ 1845 ਦੀ ਬਸੰਤ ਵਿੱਚ ਲਿਖਿਆ ਗਿਆ)

**I**

ਹੁਣ ਤੱਕ ਹੋਂਦ ਵਿਚਲੇ ਪਦਾਰਥਵਾਦ ਦਾ — ਫ਼ਿਉਰਬਾਖ਼ ਦੇ ਪਦਾਰਥਵਾਦ ਸਮੇਤ — ਮੁੱਖ ਨੁਕਸ ਇਹ ਹੈ ਕਿ ਵਸਤ (Gegenstand), ਯਥਾਰਥ, ਸਰੀਰਕਤਾ ਨੂੰ ਕੇਵਲ ਪਦਾਰਥ (objekt) ਜਾਂ **ਧਿਆਨ** (Anschauung) ਦੇ ਰੂਪ ਵਿੱਚ ਹੀ ਲਿਆ ਜਾਂਦਾ ਹੈ ਅਤੇ **ਮਨੁੱਖੀ ਸਰੀਰਕ ਸਰਗਰਮੀ**, ਅਮਲ ਵਜੋਂ, ਅੰਤਰਮੁਖੀ ਤੌਰ 'ਤੇ ਨਹੀਂ ਲਿਆ ਜਾਂਦਾ। ਇਸੇ ਲਈ ਇਹ ਗੱਲ ਵਾਪਰੀ ਕਿ ਪਦਾਰਥਵਾਦ ਦੇ ਉਲਟ ਆਦਰਸ਼ਵਾਦ ਨੇ ਇੱਕ ਸਰਗਰਮ ਪੱਖ ਵਿਕਸਤ ਕੀਤਾ — ਪਰ ਕੇਵਲ ਸੂਖਮ-ਭਾਵੀ ਤੌਰ 'ਤੇ ਹੀ ਕਿਉਂਕਿ ਆਦਰਸ਼ਵਾਦ ਨੂੰ ਅਸਲੀ, ਸਰੀਰਕ ਸਰਗਰਮੀ ਦਾ ਇਹਦੇ ਆਪਣੇ ਰੂਪ ਵਿੱਚ ਕੋਈ ਗਿਆਨ ਨਹੀਂ। ਫ਼ਿਉਰਬਾਖ਼ ਸਰੀਰਕ ਪਦਾਰਥਾਂ ਨੂੰ ਸੱਚ ਮੁਚ ਵਿਚਾਰ ਦੇ ਪਦਾਰਥਾਂ ਨਾਲ਼ੋਂ ਵਖਰਿਆਉਣਾ ਚਾਹੁੰਦਾ ਹੈ ਪਰ ਉਹਨੇ ਖ਼ੁਦ ਮਨੁੱਖੀ ਸਰਗਰਮੀ ਦੀ **ਯਥਾਰਥਕ** (gegenständliche) ਸਰਗਰਮੀ ਵਜੋਂ ਕਲਪਨਾ ਨਹੀਂ ਕੀਤੀ। ਇਸੇ ਲਈ **ਈਸਾਈਅਤ ਦਾ ਤੱਤ** ਵਿੱਚ ਉਹ ਸਿਧਾਂਤਕ ਵਤੀਰੇ ਨੂੰ ਇੱਕੋ ਇੱਕ ਸੱਚਾ ਮਨੁੱਖੀ ਵਤੀਰਾ ਸਮਝਦਾ ਹੈ ਅਤੇ ਅਮਲ ਨੂੰ ਪ੍ਰਗਟ ਹੋਣ ਦੇ ਗੰਦੇ-ਯਹੂਦੀ ਰੂਪ ਵਿੱਚ ਕਲਪਿਆ ਅਤੇ ਮਿਥਿਆ ਜਾਂਦਾ ਹੈ। ਇਸੇ ਲਈ ਉਹ "ਇਨਕਲਾਬੀ", "ਅਮਲੀ-ਪੜਚੋਲੀ" ਸਰਗਰਮੀ ਦੀ ਮਹੱਤਤਾ ਨੂੰ ਨਹੀਂ ਸਮਝਦਾ।

**II**

ਇਹ ਸਵਾਲ ਕਿ ਬਾਹਰਮੁਖੀ (gegenständliche) ਸੱਚ ਨੂੰ ਮਨੁੱਖੀ ਸੋਚ ਦਾ

ਅੰਗ ਸਮਝਿਆ ਜਾ ਸਕਦਾ ਹੈ ਜਾਂ ਨਹੀਂ, ਸਿਧਾਂਤ ਦਾ ਨਹੀਂ ਸਗੋਂ **ਅਮਲ ਦਾ** ਮਸਲਾ ਹੈ। ਅਮਲ ਵਿੱਚ ਮਨੁੱਖ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੇ ਵਿਚਾਰ ਦਾ ਸੱਚ, ਅਰਥਾਤ, ਯਥਾਰਥ ਅਤੇ ਸ਼ਕਤੀ, ਇਸ-ਪਾਸੇ-ਹੋਣਾ (Diesseitigkeit) ਸਾਬਤ ਕਰੇ। ਸੋਚਣ ਦੇ ਯਥਾਰਥਕ ਜਾਂ ਅਣਯਥਾਰਥਕ ਹੋਣ ਸਬੰਧੀ ਅਮਲ ਨਾਲੋਂ ਟੁੱਟੀ ਬਹਿਸ ਇੱਕ ਨਿਰੋਲ **ਪੰਡਤਾਊ** ਸਵਾਲ ਹੈ।

## III

ਇਹ ਪਦਾਰਥਵਾਦੀ ਸਿਧਾਂਤ ਕਿ ਮਨੁੱਖ ਹਾਲਤਾਂ ਅਤੇ ਪਾਲਣ-ਪੋਸਣ ਦੀ ਉਪਜ ਹਨ ਅਤੇ ਇਹ ਕਿ, ਇਸ ਲਈ ਤਬਦੀਲ ਹੋਏ ਮਨੁੱਖ ਹੋਰਨਾਂ ਹਾਲਤਾਂ ਅਤੇ ਤਬਦੀਲ ਹੋਏ ਪਾਲਣ-ਪੋਸਣ ਦੀ ਉਪਜ ਹਨ, ਇਹ ਭੁੱਲ ਜਾਂਦਾ ਹੈ ਕਿ ਹਾਲਤਾਂ ਨੂੰ ਮਨੁੱਖ ਤਬਦੀਲ ਕਰਦੇ ਹਨ ਅਤੇ ਇਹ ਕਿ ਸਿੱਖਿਅਕ ਨੂੰ ਖੁਦ ਸਿਖਿਆ ਦੀ ਲੋੜ ਹੁੰਦੀ ਹੈ। ਇਸੇ ਲਈ ਇਹ ਸਿਧਾਂਤ ਲਾਜ਼ਮੀ ਤੌਰ 'ਤੇ ਸਮਾਜ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ, ਜਿਨ੍ਹਾਂ ਵਿੱਚੋਂ ਇੱਕ ਸਮਾਜ ਤੋਂ ਉੱਤਮ ਹੈ (ਮਿਸਾਲ ਵਜੋਂ ਰਾਬਰਟ ਓਵਨ ਦੀਆਂ ਲਿਖਤਾਂ ਵਿੱਚ)।

ਹਾਲਤਾਂ ਅਤੇ ਮਨੁੱਖੀ ਸਰਗਰਮੀ ਦੀ ਤਬਦੀਲੀ ਦੇ ਮੌਕਾ-ਮੇਲ ਦੀ ਕੇਵਲ **ਇਨਕਲਾਬੀ ਬਣਾਉਣ ਵਾਲ਼ੇ ਅਮਲ** ਵਜੋਂ ਹੀ ਕਲਪਨਾ ਕੀਤੀ ਜਾ ਸਕਦੀ ਹੈ ਅਤੇ ਇਹਨੂੰ ਤਰਕਵਾਦੀ ਤੌਰ 'ਤੇ ਸਮਝਿਆ ਜਾ ਸਕਦਾ ਹੈ।

## IV

ਫ਼ਿਉਰਬਾਖ਼ ਧਾਰਮਿਕ ਆਤਮ-ਵਿਰਕੱਤਤਾ ਤੋਂ ਮੁੱਢ ਬੰਨ੍ਹਦਾ ਹੈ, ਸੰਸਾਰ ਦਾ ਇੱਕ ਧਾਰਮਿਕ, ਖ਼ਿਆਲੀ ਦੁਨੀਆਂ ਅਤੇ ਇੱਕ ਯਥਾਰਥਕ ਦੁਨੀਆਂ ਵਿੱਚ ਜੋੜਾ ਬਣਾਉਣ ਤੋਂ ਸ਼ੁਰੂ ਕਰਦਾ ਹੈ। ਉਹਦੇ ਕੰਮ ਦਾ ਤੱਤ ਧਾਰਮਕ ਦੁਨੀਆਂ ਨੂੰ ਇਹਦੇ ਗ਼ੈਰ-ਧਾਰਮਕ ਆਧਾਰ ਵਿੱਚ ਘੋਲ਼ਣਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਇਹ ਕੰਮ ਮੁਕੰਮਲ ਕਰਨ ਪਿੱਛੋਂ ਮੁੱਖ ਕੰਮ ਕਰਨਾ ਅਜੇ ਬਾਕੀ ਹੈ ਕਿਉਂਕਿ ਇਸ ਤੱਥ ਦੀ ਕਿ ਗ਼ੈਰ-ਧਾਰਮਕ ਆਧਾਰ ਆਪਣੇ ਆਪ ਨੂੰ ਆਪਣੇ ਆਪ ਤੋਂ ਵੱਖ ਕਰ ਲੈਂਦਾ ਹੈ ਅਤੇ ਆਪਣੇ ਆਪ ਨੂੰ ਬੱਦਲਾ ਇੱਕ ਅਜ਼ਾਦ ਦੁਨੀਆਂ ਵਜੋਂ ਸਥਾਪਤ ਕਰ ਲੈਂਦਾ ਹੈ ਜਿਸ ਦੀ ਵਿਆਖਿਆ ਕੇਵਲ ਗ਼ੈਰ-ਧਾਰਮਕ ਆਧਾਰ ਦੇ ਸਵੈ-ਪਾਟਣ ਅਤੇ ਸਵੈ-ਵਿਰੋਧਤਾਈ ਰਾਹੀਂ ਹੀ ਕੀਤੀ ਜਾ ਸਕਦੀ ਹੈ। ਇਸ ਲਈ ਪਿਛਲੇਰੇ ਲਈ ਇਹ ਲਾਜ਼ਮੀ ਹੈ ਕਿ ਉਹ ਖੁਦ ਆਪਣੇ ਵਿਰੋਧ ਵਿੱਚ ਜਾਣਿਆ ਜਾਵੇ ਅਤੇ ਫਿਰ, ਇਸ ਵਿਰੋਧ ਦੇ ਦੂਰ ਕੀਤੇ ਜਾਣ ਰਾਹੀਂ, ਅਮਲ ਵਿੱਚ ਇਨਕਲਾਬੀ ਬਣਾਇਆ ਜਾਵੇ। ਜਿਵੇਂ, ਮਿਸਾਲ ਵਜੋਂ, ਜਦੋਂ ਇੱਕ ਵਾਰ ਦੁਨਿਆਵੀ ਪਰਿਵਾਰ ਪਵਿੱਤਰ ਪਰਿਵਾਰ ਦੇ ਭੇਤ ਵਜੋਂ ਲੱਭ ਲਿਆ ਜਾਂਦਾ ਹੈ ਤਾਂ ਇਹ ਲਾਜ਼ਮੀ ਹੈ ਕਿ ਪਹਿਲੇ ਦੀ ਸਿਧਾਂਤਕ ਪੜਚੋਲ ਕੀਤੀ ਜਾਵੇ ਅਤੇ ਇਹਨੂੰ ਅਮਲ ਵਿੱਚ ਇਨਕਲਾਬੀ ਬਣਾਇਆ ਜਾਵੇ।

## V

ਫ਼ਿਉਰਬਾਖ਼ **ਅਮੂਰਤ** ਸੋਚ ’ਤੇ ਸੰਤੁਸ਼ਟ ਨਹੀਂ ਅਤੇ ਉਹ **ਇੰਦਰੀਆਵੀ ਚਿੰਤਨ** ਦਾ ਸੱਦਾ ਦੇਂਦਾ ਹੈ; ਪਰ ਉਹ ਇੰਦਰਿਆਵੀ ਅਨੁਭਵ ਦੀ ਅਮਲੀ, **ਮਨੁੱਖੀ**-ਸਰੀਰਕ ਸਰਗਰਮੀ ਵਜੋਂ ਕਲਪਨਾ ਨਹੀਂ ਕਰਦਾ।

## VI

ਫ਼ਿਉਰਬਾਖ਼ ਧਾਰਮਕ ਤੱਤ ਦਾ **ਮਨੁੱਖੀ** ਤੱਤ ਵਿੱਚ ਹੱਲ ਕਰਦਾ ਹੈ। ਪਰ ਮਨੁੱਖੀ ਤੱਤ ਹਰ ਇਕੱਲੇ ਵਿਅਕਤੀ ਵਿੱਚ ਲੁਪਤ ਕੋਈ ਅਮੂਰਤਤਾ ਨਹੀਂ। ਇਹ ਅਸਲ ਵਿੱਚ ਸਮਾਜੀ ਸਬੰਧਾਂ ਦਾ ਸਮੂਹ ਹੈ।

ਫ਼ਿਊਰਬਾਖ਼, ਜਿਹੜਾ ਇਸ ਅਸਲੀ ਤੱਤ ਦੀ ਪੜਚੋਲ ਨਹੀਂ ਕਰਦਾ, ਇਸੇ ਲਈ ਮਜਬੂਰ ਹੋ ਜਾਂਦਾ ਹੈ :

1. ਇਤਿਹਾਸ ਅਮਲ ਤੋਂ ਤੱਤ ਕੱਢਣ ਤੇ ਅਤੇ ਧਾਰਮਕ ਭਾਵਨਾ (Gemüt) ਨੂੰ ਆਪਣੇ ਆਪ ਵਿਚ ਕੁੱਝ ਹੋਣ ਵਜੋਂ ਮਿੱਥਣ ’ਤੇ ਅਤੇ ਇੱਕ ਖ਼ਿਆਲੀ — ਕੱਲਮ-ਕਾਰੇ — ਮਨੁੱਖ ਨੂੰ ਪਹਿਲਾਂ ਤੋਂ ਹੀ ਚਿਤਰਣ ’ਤੇ।

2. ਇਸ ਲਈ ਉਸ ਵਿੱਚ ਮਨੁੱਖੀ ਤੱਤ ਨੂੰ ਕੇਵਲ ਇੱਕ “ਪ੍ਰਜਾਤੀ” ਵਜੋਂ ਹੀ ਸਮਝਿਆ ਜਾ ਸਕਦਾ ਹੈ, ਇੱਕ ਅੰਤ੍ਰੀਵ, ਗੂੰਗੀ ਆਮਖਾਸੇ ਵਜੋਂ ਹੀ ਸਮਝਿਆ ਜਾ ਸਕਦਾ ਹੈ ਜਿਹੜਾ ਅਨੇਕ ਵਿਅਕਤੀਆਂ ਨੂੰ ਕੇਵਲ **ਸੁਭਾਵਕ ਤੌਰ ’ਤੇ** ਹੀ ਜੋੜਦਾ ਹੈ।

## VII

ਇਹਦੇ ਸਿੱਟੇ ਵਜੋਂ ਫ਼ਿਉਰਬਾਖ ਇਹ ਨਹੀਂ ਵੇਖਦਾ ਕਿ “ਧਾਰਮਿਕ ਭਾਵਨਾ” ਆਪਣੇ ਆਪ ਵਿੱਚ ਇੱਕ **ਸਮਾਜੀ ਉਪਜ** ਹੈ ਅਤੇ ਇਹ ਕਿ ਖ਼ਿਆਲੀ ਮਨੁੱਖ, ਜਿਸਦਾ ਉਹ ਵਿਸ਼ਲੇਸ਼ਣ ਕਰਦਾ ਹੈ, ਅਸਲ ਵਿੱਚ ਸਮਾਜ ਦੇ ਇੱਕ ਵਿਸ਼ੇਸ਼ ਰੂਪ ਦਾ ਹਿੱਸਾ ਹੈ।

## VIII

ਸਮਾਜੀ ਜੀਵਨ ਬੁਨਿਆਦੀ ਤੌਰ ’ਤੇ **ਅਮਲੀ** ਹੈ। ਸਭਨਾਂ ਭੇਤਾਂ ਦਾ, ਜਿਹੜੇ ਸਿਧਾਂਤ ਨੂੰ ਰਹੱਸਵਾਦ ਵੱਲ ਲਿਜਾਂਦੇ ਹਨ, ਤਰਕਸ਼ੀਲ ਹੱਲ ਮਨੁੱਖੀ ਅਮਲ ਵਿੱਚ ਅਤੇ ਇਸ ਅਮਲ ਨੂੰ ਸਮਝਣ ਵਿੱਚ ਹੈ।

## IX

**ਵਿਚਾਰਵਾਦੀ** ਪਦਾਰਥਵਾਦ ਨੇ, ਅਰਥਾਤ ਉਸ ਪਦਾਰਥਵਾਦ ਨੇ ਜਿਹੜਾ ਸਰੀਰਕ ਅਨੁਭਵ ਨੂੰ ਅਮਲੀ ਸਰਗਰਮੀ ਵਜੋਂ ਨਹੀਂ ਸਮਝਦਾ, ਜਿਹੜਾ ਉੱਚੇ ਤੋਂ ਉੱਚਾ ਨੁਕਤਾ

ਪ੍ਰਾਪਤ ਕੀਤਾ ਹੈ ਉਹ "ਸ਼ਹਿਰੀ ਸਮਾਜ" ਅੰਦਰ ਵਿਅਕਤੀਆਂ ਨੂੰ ਵਿਚਾਰਨਾ ਹੈ।

## X

ਪੁਰਾਣੇ ਪਦਾਰਥਾਵਦ ਦਾ ਦ੍ਰਿਸ਼ਟੀਕੋਣ "**ਸ਼ਹਿਰੀ**" ਸਮਾਜ ਹੈ; ਨਵੇਂ ਪਦਾਰਥਵਾਦ ਦਾ ਦ੍ਰਿਸ਼ਟੀਕੋਣ **ਮਨੁੱਖੀ** ਸਮਾਜ ਜਾਂ ਸਮਾਜੀਕ੍ਰਿਤ ਮਨੁੱਖਤਾ ਹੈ।

## XI

ਦਾਰਸ਼ਨਿਕਾਂ ਨੇ ਕੇਵਲ ਵੱਖ ਵੱਖ ਢੰਗਾਂ ਨਾਲ਼ ਦੁਨੀਆਂ ਦੀ **ਵਿਆਖਿਆ ਕੀਤੀ ਹੈ**, ਪਰ ਅਸਲ ਨੁਕਤਾ ਇਹਨੂੰ **ਬਦਲਣ ਦਾ ਹੈ।**

ਮਾਰਕਸ ਨੇ 1845 ਦੀ ਬਸੰਤ ਰੁੱਤੇ ਲਿਖਿਆ।
ਏਂਗਲਜ਼ ਨੇ ਆਪਣੀ ਪੁਸਤਕ 'ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ', ਸਟੁਟਗਾਰਡ, 1888 ਦੀ ਵਖਰੀ ਛਾਪ ਦੀ ਜ਼ਮੀਮੇ ਵਜੋਂ ਛਾਪਿਆ।

1888 ਦੀ ਛਾਪ ਦੇ ਪਾਠ ਅਨੁਸਾਰ ਛਾਪਿਆ ਗਿਆ।
ਜਰਮਨ ਭਾਸ਼ਾ ਤੋਂ ਅਨੁਵਾਦ।

ਫ਼. ਏਂਗਲਜ਼

# ਫ਼ਿਉਰਬਾਖ਼[21]

ੳ) ਫ਼ਿਉਰਬਾਖ਼ ਦਾ ਕੁਲ ਦਰਸ਼ਨ ਇਹ ਕੁੱਝ ਬਣ ਕੇ ਰਹਿ ਜਾਂਦਾ ਹੈ: 1) ਕੁਦਰਤ ਦਾ ਦਰਸ਼ਨ—ਕੁਦਰਤ ਦੀ ਬੇਹਰਕਤ ਸ਼ਲਾਘਾ ਅਤੇ ਇਹਦੀ ਸ਼ਾਨ ਤੇ ਸਰਬ-ਸ਼ਕਤੀਮਾਨਤਾ ਅੱਗੇ ਮੰਤਰ ਮੁਗਧ ਹੋ ਕੇ ਗੋਡੇ ਟੇਕਣਾ। 2) ਮਾਨਵ-ਵਿਗਿਆਨ, ਅਰਥਾਤ ੳ) ਸਰੀਰ-ਕਿਰਿਆ ਵਿਗਿਆਨ, ਜਿਸ ਵਿੱਚ ਉਸ ਤੋਂ ਨਵਾਂ ਕੁੱਝ ਨਹੀਂ ਕਿਹਾ ਗਿਆ, ਜੋ ਕੁੱਝ ਪਦਾਰਥਵਾਦੀ ਪਹਿਲਾਂ ਹੀ ਸਰੀਰ ਅਤੇ ਆਤਮਾ ਬਾਰੇ ਕਹਿ ਚੁੱਕੇ ਹਨ, ਪਰ ਇਹ ਘੱਟ ਮਕੈਨਕੀ ਢੰਗ ਨਾਲ਼ ਅਤੇ ਕੁੱਝ ਵਧੇਰੇ ਜੋਸ਼ ਨਾਲ਼ ਕਿਹਾ ਗਿਆ ਹੈ। ਅ) ਮਨੋ-ਵਿਗਿਆਨ, ਜਿਹੜਾ ਪਿਆਰ ਨੂੰ ਵਡਿਆਉਣ ਦੇ ਸੋਹਿਲੇ ਬਣ ਕੇ ਰਹਿ ਜਾਂਦਾ ਹੈ, ਜੋ ਕੁਦਰਤੀ ਸੰਪ੍ਰਦਾ ਮੱਤ ਨਾਲ਼ ਇਕ-ਸਮਾਨ ਹੈ। ਉਸ ਤੋਂ ਵੱਧ ਕੁੱਝ ਨਹੀਂ। 3) ਸਦਾਚਾਰ, "ਮਨੁੱਖ" ਦੇ ਸੰਕਲਪ ਅਨੁਸਾਰ ਜਿਊਣ ਦੀ ਮੰਗ, impuissance mise en action।* § 54, ਪੰਨਾ 81 ਨਾਲ਼ ਮੁਕਾਬਲਾ ਕਰੋ: "ਆਪਣੇ ਮਿਹਦੇ ਵਲ ਮਨੁੱਖ ਦਾ ਸਦਾਚਾਰਕ ਅਤੇ ਤਰਕਵਾਦੀ ਵਤੀਰਾ ਇਹਦੇ ਨਾਲ਼ ਕਿਸੇ ਪਸ਼ੂ-ਸਮਾਨ ਸ਼ੈਅ ਵਾਲਾ ਨਹੀਂ ਸਗੋਂ ਕਿਸੇ ਮਨੁੱਖੀ ਸ਼ੈ ਵਾਲ਼ਾ ਵਤੀਰਾ ਧਾਰਨ ਕਰਨਾ ਹੈ।" —§ 61: "ਮਨੁੱਖ...ਇਕ ਸਦਾਚਾਰਕ ਜੀਵ ਦੇ ਤੌਰ 'ਤੇ" ਅਤੇ ਸਦਾਚਾਰ ਬਾਰੇ «Das Wesen des Christenthums» ਵਿੱਚ ਇੰਨੀਆਂ ਗਲਾਂ।

——————

ਅ) ਇਹ ਤੱਥ ਕਿ ਵਿਕਾਸ ਦੇ ਅਜੋਕੇ ਪੜਾਅ ਉੱਤੇ ਮਨੁੱਖ ਆਪਣੀਆਂ ਲੋੜਾਂ ਕੇਵਲ ਸਮਾਜ ਦੇ ਅੰਦਰ ਹੀ ਪੂਰੀਆਂ ਕਰ ਸਕਦੇ ਸਨ, ਕਿ ਭਾਵੇਂ ਕੁੱਝ ਹੋਵੇ ਐਨ ਮੁੱਢ ਤੋਂ ਹੀ, ਜਿਉਂ ਹੀ ਉਹ ਹੋਂਦ ਵਿੱਚ ਆਏ, ਮਨੁੱਖਾਂ ਨੂੰ ਇੱਕ ਦੂਜੇ ਦੀ ਲੋੜ ਸੀ ਅਤੇ ਉਹ ਆਪਣੀਆਂ ਲੋੜਾਂ ਅਤੇ ਯੋਗਤਾਵਾਂ ਆਦਿ ਦਾ ਵਿਕਾਸ ਇੱਕ ਦੂਜੇ ਨਾਲ਼ ਜੁੜ ਕੇ ਹੀ ਕਰ ਸਕਦੇ ਸਨ। ਫ਼ਿਉਰਬਾਖ਼ ਨੇ ਇਹ ਤੱਥ ਹੇਠਲੇ ਢੰਗ ਨਾਲ਼ ਪੇਸ਼ ਕੀਤਾ ਹੈ:

"ਵੱਖਰੇ ਹੋਏ ਮਨੁੱਖ ਵਿੱਚ **ਆਪਣੇ ਆਪ ਵਿੱਚ ਆਪਣੇ ਅੰਦਰ** ਮਨੁੱਖ ਦਾ **ਤੱਤ ਨਹੀਂ**"; "ਮਨੁੱਖ ਦਾ **ਤੱਤ** ਭਾਈਚਾਰੇ ਵਿੱਚ ਹੈ, **ਮਨੁੱਖ ਅਤੇ ਮਨੁੱਖ ਦੀ ਏਕਤਾ** ਵਿੱਚ ਹੈ, ਪਰ, ਇਕ ਅਜਿਹੀ ਏਕਤਾ, ਜਿਹੜੀ ਮੈਂ ਅਤੇ ਤੂੰ ਵਿਚਕਾਰ **ਫ਼ਰਕ ਦੇ ਯਥਾਰਥ** ਉੱਤੇ ਹੀ ਆਧਾਰਤ ਹੈ। — ਮਨੁੱਖ **ਅਤੇ** ਮਨੁੱਖ, **ਮੈਂ ਅਤੇ ਤੂੰ ਦੀ** ਏਕਤਾ **ਰੱਬ ਹੈ** (ਅਰਥਾਤ, ਮਨੁੱਖ ਪਰਾ-ਸਾਧਾਰਨ ਅਰਥਾਂ ਵਿੱਚ) (§ 61, 62, ਪੰਨਾ 63)।

* ਅਮਲ ਵਿੱਚ ਲਿਆਈ ਨਿਪੁੰਸਕਤਾ। —**ਸੰਪਾ.**

ਦਰਸ਼ਨ ਇੱਕ ਅਜਿਹੇ ਬਿੰਦੂ ਉੱਤੇ ਅੱਪੜ ਗਿਆ ਹੈ, ਜਿੱਥੇ ਮਨੁੱਖਾਂ ਦੇ ਆਪਸੀ ਵਰਤੋਂ-ਵਿਹਾਰ ਦੀ ਅਟੱਲਤਾ ਜਿਹਾ ਤੁੱਛ ਤੱਥ—ਇੱਕ ਅਜਿਹਾ ਤੱਥ ਜਿਸਦੇ ਗਿਆਨ ਤੋਂ ਬਿਨਾਂ ਜਿਹੜੀ ਦੂਜੀ ਪੀੜ੍ਹੀ ਕਦੀ ਹੋਂਦ ਵਿੱਚ ਆਈ ਉਹ ਕਦੀ ਪੈਦਾ ਨਾ ਹੋ ਸਕਦੀ, ਇੱਕ ਅਜਿਹਾ ਤੱਥ ਜਿਹੜਾ ਲਿੰਗਾਂ ਦੇ ਫ਼ਰਕ ਵਿੱਚ ਪਹਿਲਾਂ ਹੀ ਸ਼ਾਮਲ ਹੈ—ਆਪਣੇ ਸਮੁੱਚੇ ਵਿਕਾਸ ਦੇ ਅੰਤ ਉੱਤੇ ਦਰਸ਼ਨ ਵੱਲੋਂ ਅਤਿਅੰਤ ਮਹਾਨ ਸਿੱਟੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਅਤੇ ਇਸ ਤੋਂ ਵੀ ਵੱਧ, "ਮੈਂ ਅਤੇ ਤੂੰ ਦੀ ਏਕਤਾ" ਦੇ ਭੇਤ-ਭਰੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਹ ਵਾਕੰਸ਼ ਉੱਕਾ ਹੀ ਅਸੰਭਵ ਹੁੰਦਾ ਜੇ ਫ਼ਿਉਰਬਾਖ਼ ਨੇ êáé′ Ýî÷Þí* ਸੰਭੋਗ ਕਿਰਿਆ ਬਾਰੇ, ਵਿਆਹੁਣ ਕਿਰਿਆ ਬਾਰੇ, ਮੈਂ ਅਤੇ ਤੂੰ ਦੇ ਭਾਈਚਾਰੇ ਬਾਰੇ ਨਾ ਸੋਚਿਆ ਹੁੰਦਾ।** ਜਿੱਥੋਂ ਤੱਕ ਉਹਦਾ ਭਾਈਚਾਰਾ **ਯਥਾਰਥ** ਬਣ ਜਾਂਦਾ ਹੈ, ਇਹ ਸੰਭੋਗ ਕਿਰਿਆ ਤੱਕ, ਅਤੇ ਦਾਰਸ਼ਨਿਕ ਵਿਚਾਰਾਂ ਤੇ ਸਮਸਿਆਵਾਂ ਦੀ, "ਸੱਚੇ ਤਰਕ", ਦੀ (§ 64), ਦੁਵੱਲੀ ਗੱਲ-ਬਾਤ ਦੀ; "ਮਨੁੱਖ, ਆਤਮਕ ਵੀ ਅਤੇ ਸਰੀਰਕ ਮਨੁੱਖ ਦੇ ਵੀ **ਪੈਦਾ ਹੋਣ**" ਦੀ ਸੂਝ ਪ੍ਰਾਪਤ ਕਰਨ ਤੱਕ ਸੀਮਤ ਹੈ। (ਪੰਨਾ 67।) ਇਹ "**ਪੈਦਾ ਹੋਇਆ**" ਮਨੁੱਖ ਅੱਗੋਂ ਜਾਕੇ ਕੀ ਕਰਦਾ ਹੈ, ਉਹਦਾ ਜ਼ਿਕਰ ਨਹੀਂ ਕੀਤਾ ਗਿਆ, ਇਸ ਗੱਲ ਤੋਂ ਛੁੱਟ ਕਿ ਉਹ ਇਕ ਵਾਰ ਫਿਰ "ਆਤਮਕ ਤੌਰ 'ਤੇ" ਅਤੇ "ਸਰੀਰਕ ਤੌਰ 'ਤੇ" "ਮਨੁੱਖ ਨੂੰ ਪੈਦਾ ਕਰਦਾ ਹੈ"। ਫ਼ਿਉਰਬਾਖ਼ ਨੂੰ ਕੇਵਲ **ਦੋ** ਜੀਵਾਂ ਵਿਚਕਾਰ ਮੇਲ-ਜੋਲ ਦਾ ਹੀ ਗਿਆਨ ਹੈ।

"ਇਹ ਸੱਚ ਕਿ ਕੋਈ ਵਿਅਕਤੀ ਆਪਣੇ ਆਪ ਵਿੱਚ ਸੱਚਾ, ਨਿਪੁੰਨ ਅਤੇ ਪੂਰਨ ਜੀਵ ਨਹੀਂ, ਕਿ ਸੱਚ ਅਤੇ ਨਿਪੁੰਨਤਾ ਕੇਵਲ ਵਰਤੋਂ-ਵਿਹਾਰ ਵਿੱਚ ਹੈ, **ਦੋ** ਜੀਵਾਂ ਦੀ ਏਕਤਾ ਵਿੱਚ ਹੈ ਜਿਹੜੇ ਲਾਜ਼ਮੀ ਤੌਰ 'ਤੇ ਸਾਵੇਂ ਹਨ।" (ਪੰਨੇ 83, 84।)

——————

ੲ) Philosophie der Zukunft ਦੀ ਸ਼ੁਰੂਆਤ ਇੱਕ ਦਮ ਸਾਡੇ ਅਤੇ ਉਹਦੇ ਵਿਚਕਾਰ ਫ਼ਰਕ ਸਪਸ਼ਟ ਕਰ ਦੇਂਦੀ ਹੈ:

§ 1: "ਆਧੁਨਿਕ ਸਮੇਂ ਦਾ ਕਾਰਜ ਰੱਬ ਦਾ ਬੋਧ ਪ੍ਰਾਪਤ ਕਰਨਾ ਅਤੇ ਉਹਨੂੰ ਮਨੁੱਖੀ ਬਣਾਉਣਾ ਸੀ, ਧਰਮ-ਵਿਦਿਆ ਦੀ ਕਾਇਆ-ਪਲਟ ਕਰਕੇ ਅਤੇ ਇਹਦਾ ਵਿਘਟਣ ਕਰਕੇ ਇਹਨੂੰ ਮਾਨਵ-ਵਿਗਿਆਨ ਵਿੱਚ ਬਦਲਣਾ ਸੀ।" ਮੁਕਾਬਲਾ ਕਰੋ। "ਧਰਮ-ਵਿਦਿਆ ਦਾ ਨਿਖੇਧ ਨਵੇਂ ਯੁਗ ਦਾ ਤੱਤ ਹੈ।" (Philosophie der Zukunft, ਪੰਨਾ 23)

ਸ) § 2 ਵਿੱਚ ਫ਼ਿਉਰਬਾਖ਼ ਕੈਥੋਲਿਕ ਮਤ ਅਤੇ ਪਰੋਟੈਸਟੈਂਟ ਮਤ ਵਿੱਚ ਜਿਹੜਾ

---

* ਮੁੱਖ ਤੌਰ 'ਤੇ। **—ਸੰਪਾ.**

** ਕਿਉਂਕਿ ਮਨੁੱਖ —ਦਿਮਾਗ਼+ਦਿਲ, ਅਤੇ ਮਨੁੱਖੀ ਨਸਲ ਦੀ ਪ੍ਰਤੀਨਿਧਤਾ ਲਈ ਦੋ ਦੀ ਲੋੜ ਹੈ। ਉਹਨਾਂ ਦੇ ਵਰਤੋਂ-ਵਿਹਾਰ ਦੇ ਸਮੇਂ ਵਿਚੋਂ ਇੱਕ **ਦਿਮਾਗ਼** ਦਾ ਕੰਮ ਕਰਦਾ ਹੈ ਅਤੇ ਦੂਜਾ **ਦਿਲ** ਦਾ — **ਮਰਦ** ਅਤੇ **ਇਸਤਰੀ**। ਨਹੀਂ ਤਾਂ ਇਹ ਸਮਝਣਾ ਅਸੰਭਵ ਹੋਵੇਗਾ ਕਿ **ਦੋ** ਵਿਅਕਤੀ, ਇੱਕ ਨਾਲ਼ੋਂ ਵਧੇਰੇ ਮਨੁੱਖੀ ਕਿਉਂ ਹਨ। ਸੇਂਟ-ਸਾਮੋਨ ਦਾ ਵਿਅਕਤੀ।

ਵਖੇਵਾਂ ਕਰਦਾ ਹੈ—ਕੈਥੋਲਿਕ ਮਤ: "ਧਰਮ-ਵਿਦਿਆ", "ਇਸ ਗੱਲ ਨਾਲ਼ ਸਬੰਧਤ ਹੈ ਕਿ ਰੱਬ ਆਪਣੇ ਆਪ ਵਿੱਚ ਕੀ ਹੈ", ਇਸ ਵਿੱਚ "ਕਿਆਸ ਅਤੇ ਅੰਤਰ-ਧਿਆਨ ਦੀ ਪ੍ਰਵਿਰਤੀ" ਹੈ; ਪ੍ਰੋਟੈਸਟੈਂਟ ਮਤ ਕੇਵਲ ਈਸਾ-ਗਾਥਾ ਹੀ ਹੈ, ਉਹ ਰੱਬ ਨੂੰ ਉਹਦੇ ਆਪਣੇ ਹਵਾਲੇ ਕਰ ਦੇਂਦਾ ਹੈ ਅਤੇ ਕਿਆਸ ਅਤੇ ਅੰਤਰ-ਧਿਆਨ ਨੂੰ ਦਰਸ਼ਨ ਦੇ—ਇਸ ਵਖੇਵੇਂ ਵਿੱਚ ਅਪੂਰਣ ਵਿਗਿਆਨ ਲਈ ਯੋਗ ਲੋੜਾਂ ਤੋਂ ਪੈਦਾ ਹੋਈ ਕਿਰਤ ਦੀ ਵੰਡ ਤੋਂ ਵੱਧ ਕੁੱਝ ਨਹੀਂ। ਫ਼ਿਉਰਬਾਖ਼ ਪ੍ਰੋਟੈਸਟੈਂਟ ਮਤ ਦੀ ਵਿਆਖਿਆ ਕੇਵਲ **ਧਰਮ-ਵਿਦਿਆ ਦੇ ਅੰਦਰ** ਇਸ ਦੀ ਲੋੜ ਤੋਂ ਕਰਦਾ ਹੈ, ਜਿਸ ਤੋਂ ਦਰਸ਼ਨ ਦਾ ਅਜ਼ਾਦ ਇਤਿਹਾਸ ਸੁਭਾਵਕ ਤੌਰ 'ਤੇ ਪੈਦਾ ਹੁੰਦਾ ਹੈ।

ਹ) "ਹੋਂਦ ਕੋਈ ਆਮ ਖਿਆਲ ਨਹੀਂ ਜਿਹੜਾ ਸ਼ੈਆਂ ਤੋਂ ਵੱਖ ਕੀਤਾ ਜਾ ਸਕਦਾ ਹੋਵੇ। ਇਹ ਉਹਨਾਂ ਸ਼ੈਆਂ ਨਾਲ਼ ਇਕ ਇਕਾਈ ਬਣਦਾ ਹੈ ਜਿਨ੍ਹਾਂ ਦੀ ਹੋਂਦ ਹੈ।... ਹੋਂਦ ਤੱਤ ਦੀ ਸਥਿਤੀ ਹੈ। **ਮੇਰੀ ਹੋਂਦ ਮੇਰਾ ਤੱਤ ਹੈ।** ਮੱਛੀ ਪਾਣੀ ਦੇ ਅੰਦਰ ਹੈ ਪਰ ਉਹਦੇ ਤੱਤ ਨੂੰ ਉਹਦੀ ਹੋਂਦ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਭਾਸ਼ਾ ਵੀ ਹੋਂਦ 'ਤੇ ਤੱਤ ਨੂੰ ਅਭੇਦ ਕਰਦੀ ਹੈ। ਕੇਵਲ ਮਨੁੱਖੀ ਜੀਵਨ ਵਿੱਚ ਹੀ ਹੋਂਦ ਤੱਤ ਤੋਂ ਵੱਖ ਹੁੰਦੀ ਹੈ **—ਪਰ ਕੇਵਲ ਅਸਾਧਾਰਨ, ਨਾਖ਼ੁਸ਼ ਹਾਲਤਾਂ ਵਿੱਚ ਹੀ**; ਹੁੰਦਾ ਇਉਂ ਹੈ ਕਿ ਕਿਸੇ ਮਨੁੱਖ ਦਾ ਤੱਤ ਉਸ ਥਾਂ ਨਹੀਂ ਜਿੱਥੇ ਉਹਦੀ ਹੋਂਦ ਹੈ, ਪਰ ਐਨ ਇਸੇ ਵੰਡ ਕਾਰਨ ਹੀ ਉਹਦੀ ਆਤਮਾ ਸੱਚ ਮੁਚ ਉਸ ਥਾਂ ਨਹੀਂ ਜਿੱਥੇ ਉਹਦਾ ਸਰੀਰ ਯਥਾਰਥ ਵਿੱਚ ਹੈ। ਕੇਵਲ ਜਿੱਥੇ ਤੁਹਾਡਾ ਦਿਲ ਹੈ, ਉਥੇ **ਤੁਸੀਂ ਹੋ।** ਪਰ ਸਭ ਸ਼ੈਆਂ **—ਅਸਾਧਾਰਨ ਹਾਲਤਾਂ ਨੂੰ ਛੱਡ ਕੇ—** ਉਸ ਥਾਂ ਹੋਣ ਵਿੱਚ ਖ਼ੁਸ਼ ਹਨ ਜਿੱਥੇ ਉਹ ਹਨ, ਅਤੇ ਉਹ ਕੁੱਝ ਹੋਣ ਵਿੱਚ ਖ਼ੁਸ਼ ਹਨ, ਜੋ ਉਹ ਹਨ।" (ਪੰਨਾ 47)

ਵਿਦਮਾਨ ਪ੍ਰਸਥਿਤੀਆਂ ਦਾ ਸੁਹਣਾ ਸੋਹਿਲਾ। ਅਸਾਧਾਰਨ, ਅਤੇ ਕੁੱਝ, ਅਜੂਬਿਆਂ ਨੂੰ ਛੱਡ ਕੇ, ਜਦੋਂ ਤੁਸੀਂ ਸੱਤਾਂ ਵਰ੍ਹਿਆਂ ਦੇ ਹੁੰਦੇ ਹੋ ਤਾਂ ਤੁਸੀਂ ਕੋਲ਼ੇ ਦੀ ਖਾਣ ਵਿੱਚ ਦਰਬਾਨ ਬਣਨ ਉੱਤੇ ਅਤੇ ਚੌਦਾਂ ਘੰਟੇ ਹਨੇਰੇ ਵਿੱਚ ਰਹਿਣ ਉੱਤੇ ਖ਼ੁਸ਼ ਹੁੰਦੇ ਹੋ, ਅਤੇ ਕਿਉਂਕਿ ਇਹ ਤੁਹਾਡੀ ਹੋਂਦ ਹੈ ਇਸ ਲਈ ਇਹ ਤੁਹਾਡਾ ਤੱਤ ਵੀ ਹੈ। ਇਹੋ ਕੁੱਝ ਸਵੈ-ਚਾਲੂ ਕਤਾਈ ਮਸ਼ੀਨ ਉੱਤੇ ਟੁੱਟੇ ਧਾਗੇ ਜੋੜਨ ਵਾਲ਼ੇ ਬਾਰੇ ਵੀ ਸੱਚ ਹੁੰਦਾ ਹੈ। ਕਿਰਤ ਦੀ ਇੱਕ ਸ਼ਾਖ਼ ਦਾ ਦਬੇਲ ਹੋਣਾ ਤੁਹਾਡਾ "ਤੱਤ" ਹੈ। ਇਹਦਾ Das Wesen des Glaubens,[22], ਪੰਨਾ 11 ਨਾਲ਼ ਮੁਕਾਬਲਾ ਕਰੋ, "ਅਤ੍ਰਿਪਤ ਭੁੱਖ", ਇਹ [ ...]

ਕ) § 48 ਪੰਨਾ 73। "**ਸਮਾਂ** ਇਕੋ ਇੱਕ **ਸਾਧਨ** ਹੈ ਜਿਹੜਾ ਵਿਰੋਧ ਤੋਂ ਬਿਨਾਂ ਇਹ ਸੰਭਵ ਬਣਾਉਂਦਾ ਹੈ ਕਿ ਇਕੋ ਹੀ ਜੀਵ ਵਿੱਚ ਵਿਰੋਧੀ ਜਾਂ ਉਲਟ ਨਿਸ਼ਚਿਆਂ ਨੂੰ ਇਕੱਠਾ ਕਰ ਦਿੱਤਾ ਜਾਵੇ। ਭਾਵੇਂ ਕੁੱਝ ਹੋਵੇ ਇਹ ਗੱਲ ਜਿਉਂਦੇ ਜੀਵਾਂ ਉੱਤੇ ਲਾਗੂ ਹੁੰਦੀ ਹੈ। ਕੇਵਲ ਇਉਂ ਹੀ **ਵਿਰੋਧ** ਪ੍ਰਗਟ ਹੁੰਦਾ ਹੈ —ਇੱਥੇ ਮਿਸਾਲ ਵਜੋਂ ਮਨੁੱਖ ਵਿੱਚ— ਕਿ ਇਸ ਸਮੇਂ **ਇਹ** ਨਿਸ਼ਚਾ, ਇਹ ਨਿਰਣਾ ਮੇਰੇ ਉੱਤੇ ਭਾਰੂ ਅਤੇ ਸਵਾਰ ਹੈ ਅਤੇ ਫਿਰ ਇੱਕ ਉੱਕਾ ਵੱਖਰਾ ਅਤੇ ਉਸ ਤੋਂ ਬਿਲਕੁਲ ਉਲਟ ਨਿਸ਼ਚਾ।"

ਫ਼ਿਉਰਬਾਖ਼ ਇਹਨੂੰ (1) ਇੱਕ ਵਿਰੋਧ ਵਜੋਂ, (2) ਵਿਰੋਧਾਂ ਦੇ ਇਕ ਮੇਲ ਵਜੋਂ,

ਬਿਆਨ ਕਰਦਾ ਹੈ ਅਤੇ (3) ਇਹ ਦਾਹਵਾ ਕਰਦਾ ਹੈ ਕਿ ਸਮਾਂ ਇਹ ਲਿਆਉਂਦਾ ਹੈ। ਨਿਰਸੰਦੇਹ ਘਟਨਾਵਾਂ ਨਾਲ਼ "ਭਰਿਆ" ਸਮਾਂ, ਪਰ ਤਾਂ ਵੀ ਸਮਾਂ, ਅਤੇ ਜੋ ਕੁੱਝ ਵਾਪਰਦਾ ਹੈ ਉਹ ਨਹੀਂ। ਇਸ ਪ੍ਰਸਤਾਵਾਂ ਦੇ ਅਰਥ ਇਹ ਹਨ ਕਿ ਤਬਦੀਲੀਆਂ ਕੇਵਲ ਸਮੇਂ ਨਾਲ਼ ਹੀ ਸੰਭਵ ਹਨ।

ਸ਼ਾਇਦ 1845 ਦੀ ਪਤ-ਝੜ
ਵਿੱਚ ਲਿਖਿਆ ਗਿਆ।
ਪਹਿਲੀ ਵਾਰ ਮੂਲ ਜਰਮਨ ਭਾਸ਼ਾ
ਵਿੱਚ ਸੋਵੀਅਤ ਯੂਨੀਅਨ ਦੀ ਕਮਿਊਨਿਸਟ
ਪਾਰਟੀ ਦੀ ਕੇਂਦਰੀ ਕਮੇਟੀ ਦੀ ਮਾਰਕਸਵਾਦ-
ਲੈਨਿਨਵਾਦ ਸੰਸਥਾ ਨੇ 1932 ਵਿੱਚ ਛਾਪਿਆ।

ਖਰੜੇ ਅਨੁਸਾਰ ਛਾਪਿਆ ਗਿਆ।
ਜਰਮਨ ਭਾਸ਼ਾ ਤੋਂ ਅਨੁਵਾਦ।

# ਏਂਗਲਜ਼ ਵੱਲੋਂ ਬਰਸਲਜ਼ ਵਿਖੇ ਮਾਰਕਸ ਨੂੰ ਇੱਕ ਖ਼ਤ ਵਿਚੋਂ

## ਪੈਰਿਸ, ਅਕਤੂਬਰ 18, 1846[23]

ਪਿਆਰੇ ਮਾ:,

ਅਖ਼ੀਰ ਮੈਂ ਆਪਣੇ ਆਪ ਨੂੰ ਫ਼ਿਉਰਬਾਖ਼ ਦਾ ਉਹ ਗੰਦ ਪੜ੍ਹਣ ਲਈ ਮਨਾ ਲਿਆ ਅਤੇ ਮੇਰਾ ਵਿਚਾਰ ਹੈ ਕਿ ਅਸੀਂ ਆਪਣੀ ਪੜਚੋਲ ਵਿੱਚ ਇਹਦੇ ਉੱਤੇ ਵਿਚਾਰ ਨਹੀਂ ਕਰ ਸਕਦੇ।* ਜਦੋਂ ਮੈਂ ਤੈਨੂੰ ਦੱਸ ਦਿੱਤਾ ਕਿ ਮੁੱਖ ਸਮੱਗਰੀ ਕੀ ਹੈ, ਤਾਂ ਤੂੰ ਵੇਖ ਲਵੇਂਗਾ ਕਿ ਅਜਿਹਾ ਕਿਉਂ ਹੈ।

Epigones, ਸੈਂਚੀ 1, ਪੰਨੇ 177–78 ਵਿੱਚ "ਧਰਮ ਦਾ ਤੱਤ"।

"ਮਨੁੱਖ ਦਾ **ਨਿਰਭਰਤਾ ਦਾ ਅਨੁਭਵ** ਧਰਮ ਦਾ ਆਧਾਰ ਬਣਦਾ ਹੈ", ਪੰਨਾ 117। ਕਿਉਂਕਿ ਪਹਿਲੀ ਥਾਵੇਂ ਮਨੁੱਖ ਕੁਦਰਤ ਉੱਤੇ ਨਿਰਭਰ ਹੈ, "ਕੁਦਰਤ ਧਰਮ ਦੀ ਪਹਿਲੀ ਅਤੇ ਮੂਲ ਵਸਤੂ ਹੈ", ਪੰਨਾ 118।

("ਕੁਦਰਤ ਇੱਕ ਆਮ ਸ਼ਬਦ ਹੈ ਜਿਹੜਾ ਉਹਨਾਂ ਜੀਵਾਂ, ਸ਼ੈਆਂ ਆਦਿ ਨੂੰ ਬਿਆਨ ਕਰਨ ਲਈ ਵਰਤਿਆ ਗਿਆ ਹੈ ਜਿਨ੍ਹਾਂ ਨੂੰ ਮਨੁੱਖ **ਆਪਣੇ ਆਪ ਤੋਂ ਅਤੇ ਜੋ ਕੁੱਝ ਉਹ ਪੈਦਾ ਕਰਦਾ ਹੈ** ਉਸਤੋਂ ਵਖਰਾਉਂਦਾ ਹੈ।

ਧਰਮ ਦੇ ਪਹਿਲੇ ਬਾਹਰਮੁਖੀ ਪ੍ਰਗਟਾਅ ਕੁਦਰਤ ਦੀਆਂ ਪ੍ਰਕਿਰਿਆਵਾਂ, ਜਿਹਾ ਕਿ ਰੁੱਤਾਂ ਦੀ ਤਬਦੀਲੀ, ਦੀ ਪ੍ਰਤੀਨਿਧਤਾ ਕਰਨ ਵਾਲ਼ੇ ਜਸ਼ਨ ਹਨ। ਉਹ ਵਿਸ਼ੇਸ਼ ਕੁਦਰਤੀ ਹਾਲਤਾਂ ਅਤੇ ਕੁਦਰਤ ਦੇ ਫਲ ਜਿਨ੍ਹਾਂ ਵਿੱਚ ਘਿਰਿਆ ਕੋਈ ਕਬੀਲਾ ਜਾਂ ਲੋਕ ਰਹਿੰਦੇ ਹਨ, ਉਹ ਇਸ ਦੇ ਧਰਮ ਵਿੱਚ ਪ੍ਰਤਿਬਿੰਬਤ ਹੁੰਦਾ ਹੈ।

ਉਹਦੇ ਵਿਕਾਸ ਦੇ ਦੌਰਾਨ ਹੋਰਨਾਂ ਜੀਵਾਂ ਨੇ ਮਨੁੱਖਾਂ ਨੂੰ ਆਹਾਰ ਪੁਚਾਇਆ, ਪਰ ਇਹ **ਉਚੇਰੇ** ਦਰਜੇ ਦੇ ਜੀਵ ਨਹੀਂ, ਫ਼ਰਿਸ਼ਤੇ ਨਹੀਂ, ਸਗੋਂ ਨੀਵੇਂ ਦਰਜੇ ਦੇ ਜੀਵ, **ਪਸ਼ੂ** ਹਨ। ਇਸੇ ਲਈ ਪਸ਼ੂਆਂ ਦੀ ਪੂਜਾ ਦਾ ਮਤ।

(ਇਸ ਤੋਂ ਪਿੱਛੋਂ ਯਹੂਦੀਆਂ ਅਤੇ ਇਸਾਈਆਂ ਵੱਲੋਂ ਹਮਲੇ ਦੇ ਸਨਮੁਖ ਕਾਫ਼ਰਾਂ ਨੂੰ ਹੱਕੀ ਠਹਿਰਾਉਣਾ ਆਉਂਦਾ ਹੈ, ਜਿਹੜਾ ਤੁਛ ਹੈ)।

ਇਸਾਈਆਂ ਲਈ ਵੀ ਕੁਦਰਤ ਧਰਮ ਦੀ ਗੁੱਝੀ ਪਿਛੋਕੜ ਬਣੀ ਰਹਿੰਦੀ ਹੈ। ਰੱਬ ਅਤੇ ਮਨੁੱਖ ਵਿਚਕਾਰ ਫ਼ਰਕ ਦਾ ਆਧਾਰ ਸਿਫ਼ਤਾਂ ਅਜਿਹੀਆਂ ਸਿਫ਼ਤਾਂ ਹਨ ਜਿਹੜੀਆਂ

---

* ਮਾਰਕਸ ਅਤੇ ਏਂਗਲਜ਼, "ਜਰਮਨ ਵਿਚਾਰਧਾਰਾ", ਸੈਂਚੀ 1, ਖੰਡ 1। **—ਸੰਪਾ.**

ਕੁਦਰਤ ਲਈ ਖ਼ਾਸ ਹਨ (ਮੁੱਢ ਵਿੱਚ ਜੇ ਉਹਨਾਂ ਨੂੰ ਆਧਾਰਾਂ ਤੱਕ ਘਟਾ ਦਿੱਤਾ ਜਾਵੇ ਤਾਂ), ਮਿਸਾਲ ਵਜੋਂ ਸਰਬ-ਸ਼ਕਤੀਮਾਨਤਾ, ਆਦ-ਅਨਾਦੀ ਹੋਂਦ, ਸਰਬ-ਵਿਆਪਕਤਾ, ਆਦਿ। ਰੱਬ ਦਾ ਸੱਚਾ ਤੱਤ ਕੁਦਰਤ ਤੋਂ ਕੁੱਝ ਘੱਟ ਜਾਂ ਵੱਧ ਨਹੀਂ; ਅਰਥਾਤ ਜਿੱਥੋਂ ਤੱਕ ਰੱਬ ਨੂੰ ਕੁਦਰਤ ਦੇ ਸਿਰਜਣਹਾਰ ਵਜੋਂ ਵੇਖਿਆ ਜਾਂਦਾ ਹੈ ਅਤੇ ਸਿਆਸੀ ਅਤੇ ਸਦਾਚਾਰਕ ਕਨੂੰਨਸ਼ਾਜ ਵਜੋਂ ਨਹੀਂ ਵੇਖਿਆ ਜਾਂਦਾ।

ਇੱਕ ਤਰਕਸ਼ੀਲ ਜੀਵ ਦੀ ਰਚਨਾ ਦੇ ਤੌਰ 'ਤੇ ਪ੍ਰਕਿਰਤੀ ਵਿਰੁੱਧ, ਇਹਦੇ ਅਣਹੋਂਦ ਵਿਚੋਂ ਸਾਜੇ ਜਾਣ ਵਿਰੁੱਧ, ਵਿਵਾਦੀ ਦਲੀਲਾਂ ਆਦਿ—ਵਧੇਰੇ ਕਰਕੇ ਮਨੁੱਖੀ ਕਿਸਮ ਦਾ materialismus vulgaris*; ਅਰਥਾਤ, ਸੁਖਦਾਇਕ ਜਰਮਨ ਭਾਸ਼ਾ ਵਿੱਚ ਪੇਸ਼ ਕੀਤਾ ਗਿਆ ਜਿਹੜਾ ਚੰਗੇ ਬੁਰਜੂਆ ਦਿਲਾਂ ਨੂੰ ਹਲੂਣ ਸਕੇ।

ਕੁਦਰਤ-ਪੂਜਾ ਵਿੱਚ ਕੁਦਰਤ ਕੋਈ ਵਸਤ ਨਹੀਂ ਸਗੋਂ "ਇਕ ਹੋਂਦ ਵਾਲ਼ੀ, ਜਿਊਂਦੀ, ਅਨੁਭਵ ਕਰਦੀ ਜੀਵ ਹੈ... ਇੱਕ ਅਜਿਹਾ ਜੀਵ ਜਿਸ ਵਿੱਚ ਆਤਮਾ ਹੈ, ਅਰਥਾਤ, ਇੱਕ ਆਤਮਾ ਵਾਲ਼ੀ ਮਨੁੱਖੀ ਹੋਂਦ" ਪੰਨਾ [138] ਇਸੇ ਲਈ ਮਨੁੱਖ ਕੁਦਰਤ ਦੀ ਪੂਜਾ ਕਰਦਾ ਹੈ ਅਤੇ ਉਹਨੂੰ ਮਨੁੱਖੀ ਆਸ਼ੇ ਆਦਿ ਦੇਣ ਦਾ ਯਤਨ ਕਰਦਾ ਹੈ। ਇਹਦਾ ਕਾਰਨ ਮੁੱਖ ਤੌਰ 'ਤੇ ਇਹ ਤੱਥ ਦੱਸਿਆ ਜਾ ਸਕਦਾ ਹੈ ਕਿ ਕੁਦਰਤ ਦੇ ਇੱਕ ਅਜਿਹਾ ਜਿਊਂਦੇ ਜੀਵ ਹੋਣ ਦੇ, ਜਿਹੜਾ ਆਪਣੇ ਅਮਲਾਂ ਵਿੱਚ ਆਪਹੁਦਰਾ ਹੈ, ਮਨੋਭਾਵ ਨਾਲ਼ ਰਲ ਕੇ, ਬਲੀ ਦਾ, ਜਿਹੜੀ ਕੁਦਰਤ-ਪੂਜਾ ਦਾ ਅਤਿਅੰਤ ਜ਼ਰੂਰੀ ਅਮਲ ਹੈ, ਆਧਾਰ ਹੈ, ਪੰਨਾ [140]। ਪਰ ਕਿਉਂਕਿ ਬਲੀ ਦਾ ਮੰਤਵ **ਖ਼ੁਦਗਰਜ਼** ਹੈ, ਮਨੁੱਖ ਅਜੇ ਵੀ ਧਰਮ ਦਾ **ਅੰਤਮ ਨਿਸ਼ਾਨਾ** ਰਹਿੰਦਾ ਹੈ ਅਤੇ ਮਨੁੱਖ ਦੀ ਈਸ਼ਤਾ ਉਹਦਾ ਅੰਤਮ ਕਾਰਜ ਰਹਿੰਦੀ ਹੈ।

ਇਸ ਤੋਂ ਪਿੱਛੋਂ ਇਸ ਬਾਰੇ ਤੁੱਛ ਟਿੱਪਣੀਆਂ ਅਤੇ ਲਫ਼ੌੜੀ ਬਹਿਸ ਆਉਂਦੀ ਹੈ ਕਿ ਆਦੀਵਾਸੀ ਲੋਕ ਅਜੇ ਤੱਕ ਕੁਦਰਤ-ਪੂਜਾ ਕਰਦੇ ਹਨ, ਉਹ ਉਹਨਾਂ ਸ਼ੈਆਂ ਨੂੰ ਦੇਵਤਾ ਰੂਪ ਦਿੰਦੇ ਹਨ ਜਿਹੜੀਆਂ ਉਹਨਾਂ ਨੂੰ ਤੰਗ ਕਰਦੀਆਂ ਹਨ, ਜਿਹਾ ਕਿ ਪਲੇਗ, ਬੁਖ਼ਾਰ ਆਦਿ।

"ਜਿਵੇਂ ਮਨੁੱਖ ਵਿਕਾਸ ਕਰਕੇ ਇੱਕ ਸਰੀਰਕ ਜੀਵ ਤੋਂ **ਸਿਆਸੀ** ਜੀਵ ਬਣ ਜਾਂਦਾ ਹੈ ਅਤੇ ਆਪਣੇ ਆਪ ਉੱਤੇ ਧਿਆਨ ਕੇਂਦਰਤ ਕਰਦਾ ਹੋਇਆ ਆਪਣੇ ਆਪ ਨੂੰ ਕੁਦਰਤ ਤੋਂ ਉਕਾ ਵੱਖ ਵੇਖਣ ਲਗ ਪੈਂਦਾ ਹੈ" (!!!) "ਉਸ ਤਰ੍ਹਾਂ ਰੱਬ ਵੀ ਕੁਦਰਤ ਤੋਂ ਵੱਖ ਸਿਆਸੀ ਜੀਵ ਬਣਨ ਲਈ ਵਿਕਾਸ ਕਰਦਾ ਹੈ।" "**ਇਉਂ** ਮਨੁੱਖ ਆਪਣੀ ਹੋਂਦ ਦੇ ਕੁਦਰਤ ਤੋਂ ਵੱਖ ਹੋਣ ਅਤੇ ਇਹਦੇ ਸਿੱਟੇ ਵਜੋਂ ਅਜਿਹੇ ਰੱਬ ਦੇ ਮਨੋਭਾਵ" ਤੱਕ ਅੱਪੜਦਾ ਹੈ", ਜਿਹੜਾ ਕੁਦਰਤ ਤੋਂ ਵੱਖ ਹੈ, ਮੁੱਢ ਵਿੱਚ ਕੇਵਲ **ਭਾਈਚਾਰੇ** ਵਿੱਚ ਹੋਰਨਾਂ ਮਨੁੱਖਾਂ ਨਾਲ਼ ਆਪਣੇ ਮਿਲਣ ਰਾਹੀਂ, ਜਿਸ ਵਿੱਚ ਉਹ **ਸ਼ਕਤੀਆਂ** ਹਨ ਜਿਹੜੀ ਕੁਦਰਤ ਤੋਂ ਵੱਖ ਹਨ ਅਤੇ ਜਿਨ੍ਹਾਂ ਦੀ **ਕੇਵਲ ਮਨੁੱਖ ਦੇ ਵਿਚਾਰਾਂ ਅਤੇ ਕਲਪਨਾ** ਵਿੱਚ ਹੋਂਦ ਹੈ (!!!) — "ਕਨੂੰਨ, ਲੋਕ ਰਾਏ, ਮਾਨ-ਸਨਮਾਨ ਅਤੇ ਨੇਕੀ ਦੀ ਸ਼ਕਤੀ—ਉਹਦੇ... ਨਿਰਭਰਤਾ ਦੇ ਅਨੁਭਵ ਦਾ ਮੰਤਵ ਬਣ ਜਾਂਦੇ ਹਨ।..."

* ਗੰਵਾਰੂ ਪਦਾਰਥਵਾਦ। -**ਸੰਪਾ.**

(ਇਹ ਡਰਾਉਣਾ ਪੇਚਦਾਰ ਵਾਕ ਪੰਨਾ 149 ਉੱਤੇ ਹੈ।)

ਕੁਦਰਤ ਦੀ ਸ਼ਕਤੀ, ਜ਼ਿੰਦਗੀ ਅਤੇ ਮੌਤ ਦੀ ਸ਼ਕਤੀ, ਕੇਵਲ ਸਿਆਸੀ ਅਤੇ ਸਦਾਚਾਰਕ ਸ਼ਕਤੀ ਦੇ ਇੱਕ ਗੁਣ ਅਤੇ ਸੰਦ ਤੱਕ ਘਟਾ ਦਿੱਤੀ ਜਾਂਦੀ ਹੈ।

ਪੰਨਾ 151 ਉੱਤੇ "ਪੁਰਾਤਨ-ਖ਼ਿਆਲੀ ਪੂਰਬਵਾਸੀਆਂ" ਅਤੇ "ਅੱਗੇ-ਵਧੂ ਪੱਛਮਵਾਸੀਆਂ" ਬਾਰੇ ਇੱਕ ਧੱਕੇ ਨਾਲ਼ ਘੁਸੇੜੀ ਲਿਖਤ ਆਉਂਦੀ ਹੈ।

"ਪੂਰਬ ਵਿੱਚ ਮਨੁੱਖ ਕੁਦਰਤ ਨੂੰ **ਕੱਢ ਕੇ** ਮਨੁੱਖ ਬਾਰੇ ਨਹੀਂ ਸੋਚਦਾ।... ਉਹਦੇ ਲਈ ਬਾਦਸ਼ਾਹ ਦੀ ਹੋਂਦ ਇੱਕ ਸੰਸਾਰੀ ਜੀਵ ਵਜੋਂ ਨਹੀਂ ਸਗੋਂ ਇਕ ਦੇਵ-ਲੋਕੀ, ਇੱਕ ਰੱਬੀ ਜੀਵ ਵਜੋਂ ਵਿਦਮਾਨ ਹੈ। ਰੱਬ ਸਾਹਮਣੇ ਮਨੁੱਖ ਅਣਹੋਂਦ ਤੱਕ ਘੱਟ ਜਾਂਦਾ ਹੈ, ਕੇਵਲ ਉਦੋਂ ਹੀ ਜਦੋਂ ਧਰਤੀ ਦੇਵਤਿਆਂ ਨੂੰ ਤਿਆਗ ਦੇਵੇਗੀ... ਮਨੁੱਖਾਂ ਕੋਲ਼ ਆਪਣੇ ਲਈ ਥਾਂ ਅਤੇ ਗੁੰਜਾਇਸ਼ ਹੋਵੇਗੀ।"

(ਪੂਰਬਵਾਸੀ ਲੋਕਾਂ ਦੀ ਲਖਣਾਇਕ ਸਥਿਰਤਾ ਦੀ ਇਕ ਸੁਹਣੀ ਮਿਸਾਲ— ਅਨੇਕਾਂ ਬੁੱਤਾਂ ਦਾ ਮਸਲਾ ਜਿਹੜੇ ਥਾਂ ਮਲ ਲੈਂਦੇ ਹਨ।)

ਪੂਰਬਵਾਸੀਆਂ ਅਤੇ ਪੱਛਮਵਾਸੀਆਂ ਵਿਚਕਾਰ ਰਿਸ਼ਤਾ ਪਿੰਡਵਾਸੀ ਅਤੇ ਸ਼ਹਿਰਵਾਸੀ ਵਿਚਕਾਰ ਰਿਸ਼ਤੇ ਜਿਹਾ ਹੈ, ਪਹਿਲੇਰਾ **ਪ੍ਰਕਿਰਤੀ** ਉੱਤੇ ਨਿਰਭਰ ਹੈ ਜਿੱਥੇ ਕਿ ਪਿਛਲੇਰਾ **ਮਨੁੱਖ** ਉੱਤੇ ਨਿਰਭਰ ਹੈ ਆਦਿ, "ਇਸੇ ਲਈ ਕੇਵਲ ਸ਼ਹਿਰਵਾਸੀ ਹੀ ਇਤਿਹਾਸ ਘੜਦੇ ਹਨ।"

(ਇਹ ਪਦਾਰਥਵਾਦ ਦੇ ਨਾ ਕੇਵਲ ਦੁਚਿੱਤੀ ਵਾਲ਼ੀ ਸਗੋਂ ਨਮੋਸ਼ੀ ਵਾਲ਼ੀ ਸੁਰ ਹੈ।)

"ਕੇਵਲ ਉਹੋ ਮਨੁੱਖ ਜਿਹੜਾ **ਕੁਦਰਤ** ਦੀ ਸ਼ਕਤੀ ਨੂੰ **ਲੋਕ ਰਾਏ** ਦੀ ਸ਼ਕਤੀ ਦੇ ਅਧੀਨ ਕਰਨ, ਆਪਣੇ **ਜੀਵਨ** ਨੂੰ ਆਪਣੀ **ਸ਼ੋਭਾ** ਦੇ ਅਧੀਨ ਕਰਨ, ਆਪਣੀ **ਸਰੀਰਕ** ਹੋਂਦ ਨੂੰ ਆਉਂਦੀਆਂ ਪੀੜ੍ਹੀਆਂ ਦੇ ਸ਼ਬਦਾਂ ਅਤੇ ਮਨਾਂ ਵਿੱਚ ਹੋਂਦ ਦੇ ਅਧੀਨ ਕਰਨ ਯੋਗ ਹੈ, ਕੇਵਲ ਉਹੋ ਇਤਿਹਾਸਕ ਕਾਰਨਾਮੇ ਕਰਨ ਯੋਗ ਹੈ।

ਬਹੁਤ ਖ਼ੂਬ! ਹਰ ਉਹ ਸ਼ੈਅ ਜਿਹੜੀ ਕੁਦਰਤ ਨਹੀਂ, ਕਲਪਨਾ ਹੈ, ਰਾਏ ਹੈ, ਬਹਾਨਾ ਹੈ। ਇਸੇ ਲਈ

"ਮਨੁੱਖੀ 'ਘਮੰਡ' ਇਕੱਲਾ ਹੀ ਇਤਿਹਾਸਕ ਨਿਯਮ ਹੈ"!

ਪੰਨਾ 152: "ਜਿਵੇਂ ਮਨੁੱਖ ਇਸ ਬਾਰੇ ਚੇਤੰਨ ਹੋ ਜਾਂਦਾ ਹੈ ਕਿ... ਵੈਲ ਅਤੇ ਮੂਰਖਤਾ ਦਾ ਸਿੱਟਾ ਮੁਸੀਬਤ ਹੁੰਦੀ ਹੈ ਆਦਿ, ਜਦੋਂ ਕਿ ਨੇਕੀ ਅਤੇ ਸਿਆਣਪ ਦਾ ਸਿੱਟਾ ਖ਼ੁਸ਼ੀ ਹੁੰਦੀ ਹੈ, ਅਤੇ ਇਹਦੇ ਸਿੱਟੇ ਵਜੋਂ ਇਸ ਬਾਰੇ ਕਿ ਤਰਕ ਅਤੇ ਦ੍ਰਿੜ੍ਹ ਨਿਸ਼ਚਾ ਉਹ **ਸ਼ਕਤੀਆਂ ਹਨ ਜਿਹੜੀਆਂ ਮਨੁੱਖ ਦੀ ਹੋਣੀ ਮਿਥਦੀਆਂ ਹਨ**... ਸੋ ਖ਼ੁਦ ਕੁਦਰਤ ਉਹਦੇ ਲਈ ਤਰਕ ਅਤੇ ਦ੍ਰਿੜ੍ਹ ਨਿਸ਼ਚੇ ਉੱਤੇ ਨਿਰਭਰ ਇਕ ਜੀਵ ਹੈ।"

(ਇਕ-ਈਸ਼ਵਾਦ ਵਲ ਤਬਦੀਲੀ —ਫ਼ਿ [ਉਰਬਾਖ਼] ਉਪਰੋਕਤ ਭਰਮਾਵੀ "ਚੇਤਨਤਾ" ਨੂੰ ਤਰਕ ਅਤੇ ਇੱਛਾ ਦੀ ਸ਼ਕਤੀ ਤੋਂ ਵੱਖ ਕਰਦਾ ਹੈ।) ਸੰਸਾਰ ਵਿੱਚ ਤਰਕ ਅਤੇ ਇੱਛਾ ਦੀ ਹਕੂਮਤ ਆਪਣੇ ਪਿੱਛੇ ਪਿੱਛੇ ਪਰਾ-ਕੁਦਰਤਵਾਦ, ਧੁੰਦੂਕਾਰ ਵਿੱਚੋਂ ਸਿਰਜਣਾ

ਅਤੇ ਇਕ-ਈਸ਼ਵਾਦ ਲਿਆਉਂਦੀ ਹੈ, ਜਿਸਦੀ ਅੱਗੇ ਜਾਕੇ "ਮਨੁੱਖੀ ਚੇਤਨਤਾ ਦੀ ਏਕਤਾ" ਦੇ ਸਿੱਟੇ ਵਜੋਂ ਵੱਖਰੀ ਵਿਆਖਿਆ ਕੀਤੀ ਗਈ ਹੈ। ਫ਼ਿ[ਉਰਬਾਖ਼] ਨੇ ਇਹ ਦੱਸਣਾ ਗ਼ੈਰ-ਜ਼ਰੂਰੀ ਸਮਝਿਆ ਕਿ **ਇੱਕ ਬਾਦਸ਼ਾਹ** ਤੋਂ ਬਿਨਾਂ ਇੱਕ ਰੱਬ ਕਦੀ ਹੋਂਦ ਵਿੱਚ ਨਾ ਆਉਂਦਾ, ਕਿ ਰੱਬ ਦੀ, ਜਿਹੜਾ ਕੁਦਰਤ ਦੇ ਬਹੁ-ਪੱਖੀ ਵਰਤਾਰਿਆਂ ਉੱਤੇ ਕੰਟਰੋਲ ਕਰਦਾ ਹੈ ਅਤੇ ਕੁਦਰਤ ਦੀਆਂ ਟਕਰਾਉਂਦੀਆਂ ਸ਼ਕਤੀਆਂ ਨੂੰ ਇਕੱਠਾ ਰੱਖਦਾ ਹੈ, ਇਕਤਾ "ਪੂਰਬੀ" ਸਚੇ ਦੇ ਇੱਕ ਜਾਬਰ ਤੋਂ ਬਿਨਾਂ, ਜਿਹੜਾ ਟਕਰਾਉਂਦੇ ਹਿਤਾਂ ਵਾਲ਼ੇ ਖਹਿਬੜੇ ਵਿਅਕਤੀਆਂ ਨੂੰ ਯਥਾਰਥ ਵਿੱਚ ਇਕੱਠਾ ਰੱਖਦਾ ਹੈ ਜਾਂ ਅਜਿਹਾ ਕਰਦਾ ਜਾਪਦਾ ਹੈ, ਕੋਈ ਹੋਂਦ ਨਾ ਹੁੰਦੀ।

ਉਦੇਸ਼ਵਾਦ ਅਨੁਸਾਰ ਵਿਆਖਿਆ ਬਾਰੇ ਇਕ ਲੰਮਾ ਊਲ-ਜਲੂਲ ਬਿਆਨ, ਪੁਰਾਣੇ ਪਦਾਰਥਵਾਦੀਆਂ ਨੂੰ ਦੁਹਰਾਉਣਾ ਹੈ। ਫ਼ਿ[ਉਰਬਾਖ਼] ਯਥਾਰਥਕ ਸੰਸਾਰ ਬਾਰੇ ਉਹੋ ਗ਼ਲਤੀ ਕਰਦਾ ਹੈ ਕੁਦਰਤ ਸਬੰਧੀ ਜਿਹੜੀ ਕਰਨ ਦਾ ਉਹ ਉਦੇਸ਼ਵਾਦੀਆਂ ਉੱਤੇ ਦੋਸ਼ ਲਾਉਂਦਾ ਹੈ। ਉਦੇਸ਼ਵਾਦੀ ਜਿਸ ਢੰਗ ਨਾਲ਼ ਇਹ ਕਹਿੰਦੇ ਹਨ ਕਿ ਜੇ ਰੱਬ ਨਾ ਹੁੰਦਾ ਤਾਂ ਕੁਦਰਤ ਦਾ ਆਰਾਜਕਤਾ ਵਿੱਚ ਵਿਘਟਣ ਹੋ ਗਿਆ ਹੁੰਦਾ, (ਅਰਥਾਤ ਰੱਬ ਵਿੱਚ ਨਿਸ਼ਚੇ ਤੋਂ ਬਿਨਾਂ ਕੁਦਰਤ ਟੋਟੇ ਹੋ ਗਈ ਹੁੰਦੀ), ਕਿ ਰੱਬ ਦੀ **ਇੱਛਾ**, **ਤਰਕ** ਅਤੇ **ਰਾਏ**, ਸੰਸਾਰ ਵਿੱਚ ਜੁੜਤ ਪੈਦਾ ਕਰਦੇ ਹਨ, ਉਹ ਉਹਦੇ ਬਾਰੇ ਕੋਝੇ ਮਜ਼ਾਕ ਕਰਦਾ ਹੈ; ਅਤੇ ਨਿਰਸੰਦੇਹ ਉਹਦਾ ਆਪਣਾ ਨਿਸ਼ਚਾ ਹੈ ਕਿ **ਰਾਏ**, ਲੋਕ **ਰਾਏ** ਦਾ, **ਕਨੂੰਨਾਂ** ਅਤੇ ਹੋਰ **ਵਿਚਾਰਾਂ** ਦਾ ਡਰ ਹੀ ਹੈ ਜਿਹੜਾ ਸੰਸਾਰ ਨੂੰ ਇਕੱਠਾ ਰੱਖਦਾ ਹੈ।

ਉਦੇਸ਼ਵਾਦ ਅਨਸਾਰ ਵਿਆਖਿਆ ਵਿਰੁੱਧ ਰੁਖ਼ ਰਖਦੀਆਂ ਦਲੀਲਾਂ ਵਿੱਚ ਫ਼ਿ[ਉਰਬਾਖ਼] laudator temporis praesantis* ਦਾ ਰੋਲ ਅਖ਼ਤਿਆਰ ਕਰ ਲੈਂਦਾ ਹੈ: ਜਨਮ ਤੋਂ ਪਿੱਛੋਂ ਦੇ ਪਹਿਲੇ ਕੁੱਝ ਵਰ੍ਹਿਆਂ ਵਿੱਚ ਬੱਚਿਆਂ ਦੀਆਂ ਮੌਤਾਂ ਦੀ ਭਿਆਨਕ ਦਰ ਇਸ ਤੱਥ ਕਾਰਨ ਹੁੰਦੀ ਹੈ ਕਿ

"ਆਪਣੀ ਮਹਾਨ ਦੌਲਤ ਦੀ ਮਾਲਕ ਹੋਣ ਕਾਰਨ **ਕੁਦਰਤ** ਆਪਣੇ ਹਜ਼ਾਰਾਂ ਵਿਅਕਤੀਆਂ ਨੂੰ ਅਝੱਕ ਤੌਰ 'ਤੇ ਕੁਰਬਾਨ ਕਰਦੀ ਹੈ।".... "ਇਹ ਤੱਥ ਕਿ... ਮਿਸਾਲ ਵਜੋਂ ਹਰ ਤਿੰਨ ਜਾਂ ਚਾਰ ਬੱਚਿਆਂ ਵਿਚੋਂ **ਇਕ** ਜਨਮ ਤੋਂ ਪਿੱਛੋਂ ਪਹਿਲੇ ਵਰ੍ਹੇ ਵਿੱਚ ਮਰ ਜਾਂਦਾ ਹੈ ਅਤੇ 25 ਵਿਚੋਂ **ਇਕ** ਜਨਮ ਤੋਂ ਪਿਛੋਂ ਪੰਜਵੇ ਵਰ੍ਹੇ ਵਿੱਚ ਮਰ ਜਾਂਦਾ ਹੈ ਆਦਿ।"

ਇਥੇ ਚੁਣ ਕੇ ਪੇਸ਼ ਕੀਤੀਆਂ ਕੁੱਝ ਪ੍ਰਸਤਾਵਨਾਵਾਂ ਤੋਂ ਬਿਨਾਂ ਇਹਦੇ ਵਿੱਚ ਹੋਰ ਕੋਈ ਖ਼ਾਸ ਧਿਆਨਯੋਗ ਗੱਲ ਨਹੀਂ। ਵੱਖ ਵੱਖ ਧਰਮਾਂ ਦੇ ਇਤਿਹਾਸਕ ਵਿਕਾਸ ਸਬੰਧੀ ਕੁੱਝ ਨਵਾਂ ਨਹੀਂ। ਵੱਧ ਤੋਂ ਵੱਧ ਉਪ੍ਰੋਕਤ ਤੁਛਤਾਈਆਂ ਨੂੰ ਸਿੱਧ ਕਰਨ ਲਈ ਉਹਨਾਂ ਵਿਚੋਂ ਮਿਸਾਲਾਂ ਲਈਆਂ ਗਈਆਂ ਹਨ। ਲੇਖ ਦਾ ਵੱਡਾ ਹਿਸਾ ਇੱਕ ਅਜਿਹੇ ਰੌਂ ਵਿੱਚ ਹੈ, ਜਿਹੜਾ ਫ਼ਿਉਰਬਾਖ਼ ਨੇ ਪਹਿਲਾਂ ਵੀ ਅਪਣਾਇਆ ਹੈ, ਰੱਬ ਅਤੇ ਈਸਾਈਆਂ ਵਿਰੁੱਧ ਵਿਵਾਦੀ ਦਲੀਲਾਂ ਹੀ ਹਨ, ਇਸ ਤੱਥ ਤੋਂ ਛੁਟ ਕਿ ਹੁਣ, ਜਦੋਂ ਉਹਨੇ ਪੁਰਾਣੇ ਕੂੜ-ਕਬਾੜ ਨੂੰ ਅਨੇਕ ਵਾਰ ਦੁਹਰਾਉਣ ਦੇ ਬਾਵਜੂਦ ਇਸ ਪਹੁੰਚ ਨੂੰ ਉਕਾ ਹੀ ਮੁਕਾ ਦਿੱਤਾ ਹੈ, ਪਦਾਰਥਵਾਦੀਆਂ

* ਵਰਤਮਾਨ ਕਾਲ ਦੀ ਸ਼ਲਾਘਾ ਕਰਨ ਵਾਲਾ। ਹੋਰਾਤਿਉਸ। **-ਸੰਪਾ.**

ਉੱਤੇ ਉਹਦੀ ਨਿਰਭਰਤਾ ਹੋਰ ਵਧੇਰੇ ਉੱਘੜ ਕੇ ਸਾਹਮਣੇ ਆਉਂਦੀ ਹੈ। ਜੇ ਕੁਦਰਤ-ਪੂਜਾ, ਬਹੁ-ਈਸ਼ਵਾਦ, ਇਕ-ਈਸ਼ਵਾਦ ਸਬੰਧੀ ਤੁਛਤਾਈਆਂ ਬਾਰੇ ਕੁੱਝ ਕਹਿਣ ਦਾ ਮਨ ਹੋਵੇ ਤਾਂ ਮਨੁੱਖ ਨੂੰ ਧਰਮ ਦੇ ਇਹਨਾਂ ਰੂਪਾਂ ਦੇ ਆਦਿ ਨੂੰ ਲੱਭਣਾ ਚਾਹੀਦਾ ਹੈ ਅਤੇ ਇਸ ਲਈ ਇਹਨਾਂ ਦੇ ਮੁੱਢਲੇ ਅਧਿਐਨ ਦੀ ਲੋੜ ਹੈ। ਪਰ ਇਹਦਾ ਸਾਡੀ ਕਿਰਤ ਨਾਲ਼ ਓਨਾ ਹੀ ਥੋੜ੍ਹਾ ਸੰਬੰਧ ਹੈ ਜਿੰਨਾ ਉਹਦੀ ਈਸਾਈਅਤ ਦੀ ਵਿਆਖਿਆ ਦਾ। ਇਹ ਨਿਬੰਧ ਫ਼ਿ[ਉਰਬਾਖ਼] ਦੇ ਹਾਂ-ਪੱਖੀ ਦਰਸ਼ਨ ਉੱਤੇ ਕੋਈ ਨਵੀਂ ਰੌਸ਼ਨੀ ਨਹੀਂ ਸੁਟਦਾ; ਪੜਚੋਲ ਕਰਨ ਯੋਗ ਕੁੱਝ ਥੋੜ੍ਹੀਆਂ ਜਿਹੀਆਂ ਪ੍ਰਸਤਾਵਨਾਵਾਂ, ਜਿਹੜੀਆਂ ਮੈਂ ਉੱਪਰ ਵੱਖ ਕਰਕੇ ਰੱਖੀਆਂ ਹਨ, ਕੇਵਲ ਉਹਨਾਂ ਸਿੱਟਿਆਂ ਨੂੰ ਪ੍ਰਗਟ ਕਰਨ ਦਾ ਹੀ ਕੰਮ ਕਰਦੀਆਂ ਹਨ, ਜਿਹੜੇ ਅਸਾਂ ਪਹਿਲਾਂ ਹੀ ਕੱਢੇ ਹਨ। ਪਰ ਜੇ ਤੈਨੂੰ ਇਸ ਬੰਦੇ ਬਾਰੇ ਹੋਰ ਵਿਸਥਾਰ ਨਾਲ਼ ਦਿਲਚਸਪੀ ਹੈ ਤਾਂ ਇਹ ਪਕ ਕਰ ਲਈਂ ਕਿ ਤੈਨੂੰ ਕੀਸਲਿੰਗ ਰਾਹੀਂ ਕਦੀ ਨਾ ਕਦੀ ਸਿੱਧੇ-ਅਸਿੱਧੇ ਢੰਗ ਨਾਲ਼ ਉਹਦੀਆਂ ਸੰਗ੍ਰਹਿਤ ਕਿਰਤਾਂ ਦੀ ਪਹਿਲੀ ਸੈਂਚੀ ਜ਼ਰੂਰ ਮਿਲ ਜਾਵੇ ਕਿਉਂਕਿ ਉਹਨਾਂ ਨਾਲ਼ ਹੀ ਨਾਲ਼ ਕਿਸੇ ਤਰ੍ਹਾਂ ਦਾ ਇੱਕ ਮੁਖਬੰਧ ਲਿਖਿਆ ਹੈ, ਜਿਸ ਵਿੱਚ ਕੁੱਝ ਹੋਰ ਦਿਲਚਸਪੀ ਵਾਲ਼ਾ ਹੋ ਸਕਦੈ ਹੈ। ਮੈਂ ਕੁੱਝ ਟੂਕਾਂ ਵੇਖੀਆਂ ਹਨ ਜਿਨ੍ਹਾਂ ਵਿੱਚ ਫ਼ਿ[ਉਰਬਾਖ਼] "ਸਿਰ ਦੀਆਂ ਬਿਮਾਰੀਆਂ" ਅਤੇ "ਮਿਹਦੇ ਦੀਆਂ ਬਿਮਾਰੀਆਂ" ਦੀ ਗੱਲ ਕਰਦਾ ਹੈ; ਇਹ ਇਸ ਤੱਤ ਲਈ ਇੱਕ ਮਾੜੀ ਜਿਹੀ ਸਫ਼ਾਈ ਹੈ ਕਿ ਉਹ ਆਪਣਾ ਧਿਆਨ ਕਿਸੇ ਅਸਲੀ ਦਿਲਚਸਪੀ ਵਾਲ਼ੀ ਗੱਲ ਉੱਤੇ ਕੇਂਦਰਿਤ ਨਹੀਂ ਕਰ ਰਿਹਾ।— ਐਨ ਉਹੋ ਜਿਹੀ ਗੱਲ ਜਿਹੜੀ ਉਹਨੇ ਅਠਾਰਾਂ ਮਹੀਨੇ ਪਹਿਲਾਂ ਮੈਨੂੰ ਲਿਖੀ ਸੀ।

ਮੈਨੂੰ ਤੇਰਾ ਖ਼ਤ ਮਿਲ ਗਿਐ, ਜਿਹੜਾ ਪਤਾ ਬਦਲਣ ਕਾਰਨ ਦੋ ਕੁ ਦਿਨ ਪੁਰਾਣੇ ਫ਼ਲੈਟ ਵਿੱਚ ਪਿਆ ਰਿਹਾ। ਮੈਂ ਸਵਿਟਜ਼ਰਲੈਂਡ ਦੇ ਪੁਸਤਕਾਂ ਵੇਚਣ ਵਾਲ਼ਿਆਂ ਨਾਲ਼ ਮਾਮਲਾ ਤੈਅ ਕਰਨ ਦਾ ਯਤਨ ਕਰਾਂਗਾ ਪਰ ਮੈਨੂੰ ਸ਼ੱਕ ਹੈ ਕਿ ਮੈਂ ਸਫ਼ਲ ਹੋਵਾਂਗਾ।* ਇਹਨਾਂ ਜਣਿਆਂ ਵਿਚੋਂ ਕਿਸੇ ਕੋਲ 50 ਫ਼ਰਮੇ ਛਾਪਣ ਲਈ ਨਕਦੀ ਨਹੀਂ। ਮੇਰਾ ਵਿਚਾਰ ਹੈ ਕਿ ਜੇ ਅਸੀਂ ਇਸ ਸ਼ੈਅ ਦੇ ਹਿੱਸੇ ਨਾ ਕਰ ਦਈਏ ਅਤੇ ਯਤਨ ਕਰੀਏ ਅਤੇ ਸੈਂਚੀਆਂ ਨਾਲ਼ ਵੱਖ ਵੱਖ ਨਾ ਨਿਬੜੀਏ, ਪਹਿਲਾਂ **ਦਰਸ਼ਨ** ਜਿਹੜਾ ਸਭ ਤੋਂ ਵੱਧ ਫੌਰੀ ਹੈ ਅਤੇ ਫਿਰ ਦੂਜਾ, ਤਾਂ ਅਸੀਂ ਕੁੱਝ ਵੀ ਛਪਵਾ ਨਹੀਂ ਸਕਾਂਗੇ। ਇਕੋ ਸਮੇਂ 50 ਫ਼ਰਮੇ ਇਕ ਅਜਿਹਾ ਖ਼ਤਰਾ ਹੈ ਜਿਹੜਾ ਬਹੁਤੇ ਪੁਸਤਕਾਂ ਵੇਚਣ ਵਾਲ਼ੇ ਸਹੇੜਨ ਲਈ ਤਿਆਰ ਨਹੀਂ, ਕੇਵਲ ਇਸ ਲਈ ਕਿ ਇਹ ਉਹਨਾਂ ਦੀ ਵਿਤੋਂ ਬਾਹਰਾ ਹੈ।

ਪਹਿਲੀ ਵਾਰ ਪੁਸਤਕ ਦੇ ਰੂਪ ਵਿੱਚ Der Briefwechsel zwischen F. Engels und K. Marx, Bd. I, Stuttgart, 1913 ਵਿੱਚ ਛਾਪਿਆ ਗਿਆ।

ਖਰੜੇ ਅਨੁਸਾਰ ਛਾਪਿਆ ਗਿਆ।
ਜਰਮਨ ਭਾਸ਼ਾ ਤੋਂ ਅਨੁਵਾਦ।

* ਇੱਥੇ ਇਸ਼ਾਰਾ "ਜਰਮਨ ਵਿਚਾਰਧਾਰਾ" ਦੇ ਛਾਪਣ ਵੱਲ ਹੈ। -**ਸੰਪਾ.**

# ਪ. ਵ. ਅਨੈਨਕੋਵ ਦੇ ਨਾਂ ਪੈਰਿਸ ਤੋਂ ਮਾਰਕਸ ਦੇ ਖ਼ਤ ਵਿਚੋਂ

ਬਰਸਲਜ਼, ਦਸੰਬਰ 28 [1846]

ਮੇਰਾ ਜੀਅ ਕਰਦਾ ਹੈ ਕਿ ਮੈਂ ਇਸ ਖ਼ਤ ਦੇ ਨਾਲ਼ ਤੈਨੂੰ ਰਾਜਨੀਤਕ ਆਰਥਕਤਾ[24] ਬਾਰੇ ਆਪਣੀ ਪੁਸਤਕ ਭੇਜ ਸਕਦਾ, ਪਰ ਮੇਰੇ ਲਈ ਅਜੇ ਤੱਕ ਇਹ ਕਿਰਤ, ਅਤੇ ਜਰਮਨ ਦਾਰਸ਼ਨਿਕਾਂ ਅਤੇ ਸੋਸ਼ਲਿਸਟਾਂ ਦੀ ਪੜਚੋਲ*, ਜਿਸ ਬਾਰੇ ਮੈਂ ਬਰਸਲਜ਼[25] ਵਿਖੇ ਤੇਰੇ ਨਾਲ਼ ਗੱਲ ਕੀਤੀ ਸੀ, ਛਪਵਾ ਸਕਣਾ ਅਸੰਭਵ ਰਿਹਾ ਹੈ। ਤੂੰ ਕਦੀ ਮੰਨਣਾ ਨਹੀਂ ਕਿ ਜਰਮਨੀ ਵਿੱਚ ਇਹੋ ਜਿਹੀ ਪ੍ਰਕਾਸ਼ਨਾਂ ਨੂੰ ਕਿੰਨੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਹੱਥ ਪੁਲੀਸ ਵੱਲੋਂ ਅਤੇ ਦੂਜੇ ਹੱਥ ਕਿਤਾਬਾਂ ਵੇਚਣ ਵਾਲਿਆਂ ਵੱਲੋਂ, ਜਿਹੜੇ ਆਪ ਉਹਨਾਂ ਵੱਖ ਵੱਖ ਮੁਹਾਣਾਂ ਦੇ ਗ਼ਰਜ਼ ਵਾਲ਼ੇ ਪ੍ਰਤਿਨਿਧ ਹਨ, ਜਿਨ੍ਹਾਂ ਉੱਤੇ ਮੈਂ ਹਮਲਾ ਕਰ ਰਿਹਾ ਹਾਂ। ਤੇ ਜਿਥੋਂ ਤੱਕ ਮੇਰੀ ਆਪਣੀ ਪਾਰਟੀ ਦਾ ਸਬੰਧ ਹੈ, ਕੇਵਲ ਇਹ ਗੱਲ ਨਹੀਂ ਕਿ ਉਹ ਗ਼ਰੀਬ ਹੈ, ਸਗੋਂ ਜਰਮਨ ਕਮਿਊਨਿਸਟ ਪਾਰਟੀ ਦਾ ਇੱਕ ਵੱਡਾ ਹਿੱਸਾ ਉਹਨਾਂ ਖ਼ਿਆਲੀ ਦੁਨੀਆਂ ਅਤੇ ਸੁਭਾਸ਼ਣਾਂ ਦਾ ਵਿਰੋਧ ਕਰਨ ਲਈ ਮੇਰੇ ਨਾਲ਼ ਨਾਰਾਜ਼ ਹੈ।

ਲਗਨ ਨਾਲ਼ ਤੇਰਾ,

**ਕਾਰਲ ਮਾਰਕਸ**

ਪਹਿਲਾਂ ਪਹਿਲ ਮੂਲ ਫ਼ਰਾਂਸੀਸੀ ਵਿੱਚ
"ਮ. ਮ. ਸਤਾਸਿਯੂਲੇਵਿਚ ਅਤੇ ਉਹਦੇ ਸਮਕਾਲੀ
ਆਪਣੇ ਚਿੱਠੀ-ਪੱਤਰ" ਨਾਂ ਦੀ ਪੁਸਤਕ
ਸੈਂਚੀ 3 ਵਿੱਚ ਸੇਂਟ ਪੀਟਰਜ਼ਬਰਗ
ਵਿੱਚ ਛਪਿਆ।

ਪੁਸਤਕ ਦੇ ਪਾਠ ਅਨੁਸਾਰ
ਛਾਪਿਆ ਗਿਆ।
ਫ਼ਰਾਂਸੀਸੀ ਭਾਸ਼ਾ ਤੋਂ ਅਨੁਵਾਦ

---

* ਮਾਰਕਸ ਏਂਗਲਜ਼, "ਜਰਮਨ ਵਿਚਾਰਧਾਰਾ"। **—ਸੰਪਾ.**

# "ਰਾਜਨੀਤਕ ਆਰਥਕਤਾ ਦੀ ਪੜਚੋਲ ਨੂੰ ਇੱਕ ਦੇਣ" ਦੀ ਪਹਿਲੀ ਛਾਪ ਲਈ ਮਾਰਕਸ ਦੇ ਮੁਖਬੰਧ ਵਿਚੋਂ

ਮੇਰੇ ਮਨ ਉੱਤੇ ਜਿਹੜੇ ਸ਼ੰਕੇ ਛਾਏ ਹੋਏ ਸਨ ਉਹਨਾਂ ਨੂੰ ਦੂਰ ਕਰਨ ਲਈ ਮੈਂ ਜਿਹੜਾ ਪਹਿਲਾ ਕੰਮ ਕੀਤਾ ਉਹ ਕਨੂੰਨ ਦੇ ਹੀਗਲਵਾਦੀ ਦਰਸ਼ਨ ਨੂੰ ਪੜਚੋਲੀ ਤੌਰ 'ਤੇ ਮੁੜ–ਪੜਤਾਲਨਾ ਸੀ; ਇਸ ਕਿਰਤ ਦੀ ਜਾਣ–ਪਛਾਣ 1844 ਵਿੱਚ ਪੈਰਿਸ ਵਿੱਚ ਜਾਰੀ ਕੀਤੇ «Deutsch-Frazösische Jahrbücher»[26]* ਵਿੱਚ ਛਾਪੀ ਗਈ ਸੀ। ਪਰ ਮੇਰੀ ਪੜਤਾਲ ਨੇ ਮੈਨੂੰ ਇਸ ਸਿੱਟੇ ਉੱਤੇ ਪਹੁੰਚਾਇਆ ਕਿ ਨਾ ਹੀ ਕਨੂੰਨਾਂ ਸਬੰਧਾਂ ਨੂੰ, ਨਾ ਹੀ ਸਿਆਸੀ ਰੂਪਾਂ ਨੂੰ ਆਪਣੇ ਆਪ ਵਿੱਚ ਜਾਂ ਮਨੁੱਖੀ ਮਨ ਦੇ ਆਮ ਵਿਕਾਸ ਦੇ ਆਧਾਰਾਂ ਵਜੋਂ ਜਾਣਿਆ ਜਾ ਸਕਦਾ ਹੈ ਸਗੋਂ ਇਹਦੇ ਉਲਟ ਉਹ ਜੀਵਨ ਦੀਆਂ ਪਦਾਰਥਕ ਹਾਲਤਾਂ ਵਿਚੋਂ ਉਗੰਮਦੇ ਹਨ, ਜਿਸਦੀ ਸਮੁੱਚਤਾ ਨੂੰ ਹੀਗਲ, ਅਠਾਰ੍ਹਵੀਂ ਸਦੀ ਦੇ ਅੰਗ੍ਰੇਜ਼ ਅਤੇ ਫ਼ਰਾਂਸੀਸੀ ਵਿਚਾਰਕਾਂ ਦੀ ਉਦਾਹਰਣ ਉੱਤੇ ਚਲਦਾ ਹੋਇਆ "ਸ਼ਹਿਰੀ ਸਮਾਜ" ਦੀ ਪ੍ਰੀਭਾਸ਼ਾ ਦੀ ਵਲਗਣ ਵਿੱਚ ਲੈ ਲੈਂਦਾ ਹੈ; ਪਰ ਇਹ ਕਿ ਇਸ ਸ਼ਹਿਰੀ ਸਮਾਜ ਦੀ ਸਰੀਰਕ ਬਣਤਰ ਰਾਜਨੀਤਕ ਆਰਥਕਤਾ ਵਿੱਚ ਢੂੰਡਣੀ ਪੈਂਦੀ ਹੈ। ਇਸ ਗੱਲ ਦਾ ਅਧਿਐਨ, ਜਿਹੜਾ ਮੈਂ ਪੈਰਿਸ ਵਿਖੇ ਸ਼ੁਰੂ ਕੀਤਾ, ਮੈਂ ਬਰਸਲਜ਼ ਵਿਖੇ[27] ਜਾਰੀ ਰਖਿਆ, ਜਿੱਥੇ ਜਾਣ ਲਈ ਮੈਂ ਸ਼੍ਰੀ ਗੀਜ਼ੋ ਵੱਲੋਂ ਜਾਰੀ ਕੀਤੇ ਹੁਕਮ ਕਾਰਨ ਮਜਬੂਰ ਹੋ ਗਿਆ ਸਾਂ। ਉਹਨਾਂ ਆਮ ਸਿੱਟਿਆਂ ਦੀ ਜਿਨ੍ਹਾਂ ਉੱਤੇ ਮੈਂ ਅਪੜਿਆ ਅਤੇ ਜਿਹੜੇ, ਇੱਕ ਵਾਰ ਅਪੜੇ ਜਾਣ ਪਿੱਛੋਂ, ਮੇਰੇ ਕੁੱਲ ਅਧਿਐਨਾਂ ਦੇ ਆਗੂ ਨਿਯਮ ਬਣ ਗਏ ਉਹਨਾਂ ਦਾ ਸਾਰ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ। ਆਪਣੀ ਹੋਂਦ ਦੇ ਸਮਾਜੀ ਉਤਪਾਦਨ ਵਿੱਚ ਮਨੁੱਖ ਅਟੱਲ ਤੌਰ 'ਤੇ ਨਿਸ਼ਚਿਤ ਸਬੰਧ ਸਥਾਪਤ ਕਰਦੇ ਹਨ, ਜਿਹੜੇ ਉਹਨਾਂ ਦੀ ਇੱਛਾ ਤੋਂ ਅਜ਼ਾਦ ਹਨ, ਅਰਥਾਤ ਉਤਪਾਦਨ ਦੀਆਂ ਉਹਨਾਂ ਪਦਾਰਥਕ ਸ਼ਕਤੀਆਂ ਦੇ ਵਿਕਾਸ ਵਿੱਚ ਕਿਸੇ ਖ਼ਾਸ ਪੜਾਅ ਲਈ ਯੋਗ ਉਤਪਾਦਨ ਦੇ ਸੰਬੰਧ। ਇਹ ਸਬੰਧ ਦੀ ਦੇ ਤੌਰ 'ਤੇ ਸਮਾਜ ਦੀ ਆਰਥਕ ਬਣਤਰ ਬਣਾਉਂਦੇ ਹਨ, ਅਸਲੀ ਬੁਨਿਆਦ, ਜਿਸ ਉੱਤੇ ਇਕ ਕਨੂੰਨੀ ਅਤੇ ਸਿਆਸੀ ਉੱਚ–ਉਸਾਰ ਉਸਰਦਾ ਹੈ ਅਤੇ ਸਮਾਜੀ ਚੇਤਨਤਾ ਦੇ ਨਿਸ਼ਚਿਤ ਰੂਪ ਜਿਸਦੇ ਅਨੁਸਾਰੀ ਹੁੰਦੇ ਹਨ। ਪਦਾਰਥਕ ਜੀਵਨ ਦੇ ਉਤਪਾਦਨ ਦਾ ਢੰਗ ਸਮਾਜੀ, ਸਿਆਸੀ ਅਤੇ ਬੌਧਕ ਜੀਵਨ ਦੇ ਆਮ ਅਮਲ ਨੂੰ ਤੈਅ ਕਰਦਾ ਹੈ। ਇਹ ਮਨੁੱਖਾਂ ਦੀ ਚੇਤਨਤਾ ਨਹੀਂ ਜਿਹੜੀ ਉਹਨਾਂ ਦੀ ਹੋਂਦ ਮਿਥਦੀ ਹੈ,

---

* ਜਰਮਨ–ਫ਼ਰਾਂਸੀਸੀ ਸਾਲਵਾਰ। **—ਸੰਪਾ.**

ਸਗੋਂ ਉਹਨਾਂ ਦੀ ਸਮਾਜੀ ਹੋਂਦ ਹੈ ਜਿਹੜੀ ਉਹਨਾਂ ਦੀ ਚੇਤਨਤਾ ਮਿਥਦੀ ਹੈ। ਵਿਕਾਸ ਦੇ ਇਕ ਖ਼ਾਸ ਪੜਾਅ ਉੱਤੇ ਸਮਾਜ ਦੀਆਂ ਪਦਾਰਥਕ ਉਤਪਾਦਕ ਸ਼ਕਤੀਆਂ ਦੀ ਉਤਪਾਦਨ ਦੇ ਵਿਦਮਾਨ ਸਬੰਧਾਂ ਨਾਲ਼ ਟੱਕਰ ਹੁੰਦੀ ਹੈ ਜਾਂ—ਇਹ ਉਸੇ ਗੱਲ ਨੂੰ ਕੇਵਲ ਕਨੂੰਨੀ ਰੂਪ ਵਿੱਚ ਪੇਸ਼ ਕਰਦਾ ਹੈ—ਜਾਇਦਾਦ ਦੇ ਉਹਨਾਂ ਸਬੰਧਾਂ ਨਾਲ਼ ਟੱਕਰ ਹੁੰਦੀ ਹੈ, ਜਿਨ੍ਹਾਂ ਦੇ ਘੇਰੇ ਅੰਦਰ ਉਹ ਹੁਣ ਤੱਕ ਅਮਲ ਕਰਦੇ ਰਹੇ ਹਨ। ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਰੂਪਾਂ ਤੋਂ ਇਹ ਉਹਨਾਂ ਦੇ ਸੰਗਲ ਬਣ ਜਾਂਦੇ ਹਨ। ਫਿਰ ਸਮਾਜੀ ਇਨਕਲਾਬ ਦਾ ਇੱਕ ਯੁਗ ਸ਼ੁਰੂ ਹੁੰਦਾ ਹੈ। ਆਰਥਕ ਬੁਨਿਆਦਾਂ ਵਿੱਚ ਤਬਦੀਲੀ ਦਾ ਸਿੱਟਾ ਦੇਰ ਸਵੇਰ ਸਾਰੇ ਧੜਵੈਲ ਉੱਚ-ਉਸਾਰ ਦੀ ਕਾਇਆ-ਪਲਟ ਵਿੱਚ ਨਿਕਲਦਾ ਹੈ। ਅਜਿਹੀਆਂ ਕਾਇਆ-ਪਲਟਾਂ ਦਾ ਅਧਿਐਨ ਕਰਦੇ ਹੋਏ ਇਹ ਸਾਦਾ ਲਾਜ਼ਮੀ ਹੁੰਦਾ ਹੈ ਕਿ ਉਤਪਦਾਨ ਦੀਆਂ ਆਰਥਕ ਪ੍ਰਸਥਿਤੀਆਂ ਵਿੱਚ, ਜਿਹੜੀਆਂ ਕੁਦਰਤੀ ਵਿਗਿਆਨ ਦੀ ਸ਼ੁੱਧਤਾ ਨਾਲ਼ ਮਿਥੀਆਂ ਜਾ ਸਕਦੀਆਂ ਹਨ ਅਤੇ ਕਨੂੰਨੀ, ਸਿਆਸੀ, ਧਾਰਮਿਕ, ਕਲਾਤਮਿਕ ਜਾਂ ਦਾਰਸ਼ਨਿਕ—ਮੁੱਕਦੀ ਗੱਲ, ਵਿਚਾਰਧਾਰਕ ਰੂਪਾਂ ਵਿੱਚ, ਜਿਨ੍ਹਾਂ ਵਿੱਚ ਮਨੁੱਖ ਇਸ ਟੱਕਰ ਬਾਰੇ ਚੇਤੰਨ ਹੁੰਦੇ ਹਨ ਅਤੇ ਨਿਰਣਾਇਕ ਲੜਾਈ ਲੜਦੇ ਹਨ, ਫ਼ਰਕ ਕੀਤਾ ਜਾਵੇ। ਜਿਵੇਂ ਮਨੁੱਖ ਕਿਸੇ ਵਿਅਕਤੀ ਬਾਰੇ ਉਸ ਤੋਂ ਨਿਰਣਾ ਨਹੀਂ ਕਰ ਸਕਦਾ ਜੋ ਉਹ ਆਪਣੇ ਬਾਰੇ ਸੋਚਦਾ ਹੈ, ਉਸੇ ਤਰ੍ਹਾਂ ਮਨੁੱਖ ਕਿਸੇ ਅਜਿਹੇ ਸਮੇਂ ਬਾਰੇ ਉਹਦੀ ਚੇਤਨਤਾ ਦੀ ਕਾਇਆ-ਪਲਟ ਤੋਂ ਨਿਰਣਾ ਨਹੀਂ ਕਰ ਸਕਦਾ, ਸਗੋਂ, ਇਹਦੇ ਉਲਟ, ਪਦਾਰਥਕ ਜੀਵਨ ਦੇ ਵਿਰੋਧਾਂ ਰਾਹੀਂ, ਉਤਪਾਦਨ ਦੀਆਂ ਸਮਾਜੀ ਸ਼ਕਤੀਆਂ ਅਤੇ ਉਤਪਾਦਨ ਦੇ ਸਬੰਧਾਂ ਵਿੱਚਕਾਰ ਟੱਕਰ ਰਾਹੀਂ ਚੇਤਨਤਾ ਦੀ ਵਿਆਖਿਆ ਕਰਨੀ ਲਾਜ਼ਮੀ ਹੈ। ਜਿੰਨਾਂ ਚਿਰ ਉਹ ਸਭੇ ਉਤਪਾਦਕ ਸ਼ਕਤੀਆਂ, ਜਿਨ੍ਹਾਂ ਲਈ ਇਹ ਕਾਫ਼ੀ ਹੈ ਵਿਕਸਤ ਨਹੀਂ ਕਰ ਲਈਆਂ ਜਾਂਦੀਆਂ, ਕੋਈ ਸਮਾਜੀ ਪ੍ਰਬੰਧ ਕਦੀ ਤਬਾਹ ਨਹੀਂ ਹੁੰਦਾ ਅਤੇ ਉਤਪਾਦਨ ਦੇ ਨਵੇਂ ਉਚੇਰੇ ਸਬੰਧ ਉਦੋਂ ਤੱਕ ਪੁਰਾਣਿਆਂ ਦੀ ਥਾਂ ਨਹੀਂ ਲੈਂਦੇ ਜਦੋਂ ਤੱਕ ਉਹਨਾਂ ਦੀ ਹੋਂਦ ਲਈ ਪਦਾਰਥਕ ਹਾਲਤਾਂ ਪੁਰਾਣੇ ਸਮਾਜ ਦੇ ਢਾਂਚੇ ਅੰਦਰ ਪੱਕ ਨਾ ਗਈਆਂ ਹੋਣ। ਇਉਂ ਮਨੁੱਖਜਾਤੀ ਅਟੱਲ ਤੌਰ ’ਤੇ ਆਪਣੇ ਸਾਹਮਣੇ ਕੇਵਲ ਅਜਿਹੇ ਕਾਰਜ ਰੱਖਦੀ ਹੈ, ਜਿਹੜੇ ਉਹ ਹਲ ਕਰ ਸਕਦੀ ਹੈ, ਕਿਉਂਕਿ ਨੇੜਵੀਂ ਪੜਤਾਲ ਸਦਾ ਵਿਖਾਵੇਗੀ ਕਿ ਖ਼ੁਦ ਮਸਲਾ ਉਦੋਂ ਉਠਦਾ ਹੈ ਜਦੋਂ ਇਹਦੇ ਹਲ ਲਈ ਪਦਾਰਥਕ ਹਾਲਤਾਂ ਪਹਿਲਾਂ ਹੀ ਮੌਜੂਦ ਹਨ ਜਾਂ ਘੱਟੋ ਘੱਟ ਰੂਪ ਧਾਰਨ ਦੇ ਅਮਲ ਵਿੱਚ ਹਨ। ਮੋਟੇ ਤੌਰ ’ਤੇ ਏਸ਼ਿਆਈ, ਪ੍ਰਾਚੀਨ, ਜਗੀਰੂ ਅਤੇ ਨਵੀਨ ਬੁਰਜੂਆ ਉਤਪਾਦਨ ਦੇ ਢੰਗਾਂ ਨੂੰ ਸਮਾਜ ਦੇ ਆਰਥਕ ਵਿਕਾਸ ਵਿੱਚ ਪ੍ਰਗਤੀ ਵਿਖਾਉਣ ਵਾਲ਼ੇ ਯੁਗ ਕਿਹਾ ਜਾ ਸਕਦਾ ਹੈ। ਉਤਪਾਦਨ ਦਾ ਬੁਰਜੂਆ ਢੰਗ ਉਤਪਾਦਨ ਦੇ ਸਮਾਜੀ ਅਮਲ ਦਾ ਅਖ਼ੀਰੀ ਵਿਰੋਧ ਵਾਲ਼ਾ ਰੂਪ ਹੈ—ਵਿਰੋਧ ਵਾਲ਼ਾ ਵਿਅਕਤੀਗਤ ਵਿਰੋਧਾਂ ਦੇ ਅਰਥਾਂ ਵਿੱਚ ਨਹੀਂ ਸਗੋਂ ਇੱਕ ਅਜਿਹੇ ਵਿਰੋਧ ਵਾਲ਼ਾ ਜਿਹੜਾ ਵਿਅਕਤੀਆਂ ਦੀ ਹੋਂਦ ਦੀਆਂ ਸਮਾਜੀ ਹਾਲਤਾਂ ਤੋਂ ਉਗੰਮਦਾ ਹੈ—ਪਰ ਬੁਰਜੂਆ ਸਮਾਜ ਵਿੱਚ ਵਿਕਸਤ ਹੋ ਰਹੀਆਂ ਉਤਪਾਦਕ ਸ਼ਕਤੀਆਂ ਇਸ ਵਿਰੋਧ ਦੇ ਹਲ ਲਈ ਪਦਾਰਥਕ ਹਾਲਤਾਂ ਵੀ ਸਿਰਜਦੀਆਂ ਹਨ। ਇਸ ਅਨੁਸਾਰ

ਮਨੁੱਖੀ ਸਮਾਜ ਦਾ ਪੂਰਵ-ਇਤਿਹਾਸ ਇਸ ਸਮਾਜੀ ਬਣਤਰ ਨਾਲ਼ ਖ਼ਤਮ ਹੋ ਜਾਂਦਾ ਹੈ।

ਫ਼ਰੈਡਰਿਕ ਏਂਗਲਜ਼, ਜਿਸ ਨਾਲ਼ ਮੈਂ ਉਹਦੇ ਆਰਥਕ ਪਟੀਆਂ ਦੀ ਉਹਦੀ ਸ਼ਾਨਦਾਰ ਪੜਚੋਲ ਦੇ ਛਪਣ ਪਿੱਛੋਂ (ਜਿਹੜੀ «Deutsch-Französiche Jahrbücher»[28] ਵਿੱਚ ਛਪੀ) ਚਿੱਠੀ-ਪੱਤਰ ਰਾਹੀਂ ਲਗਾਤਾਰ ਵਿਚਾਰਾਂ ਦਾ ਵਟਾਂਦਰਾ ਕਰਦਾ ਰਿਹਾ, ਇਕ ਹੋਰ ਰਾਹ ਰਾਹੀਂ (ਉਹਦੀ Lage der arbeitenden Klasse in England* ਨਾਲ਼ ਮੁਕਾਬਲਾ ਕਰੋ) ਉਸੇ ਸਿੱਟੇ ਉੱਤੇ ਅਪੜਿਆ ਜਿਸ ਉਤੇ ਮੈਂ, ਅਤੇ ਜਦੋਂ 1845 ਦੀ ਬਸੰਤ ਰੁੱਤੇ ਉਹ ਬਰਸਲਜ਼ ਵਿਖੇ[29] ਆਕੇ ਰਹਿਣ ਲੱਗ ਪਿਆ ਤਾਂ ਅਸਾਂ ਜਰਮਨ ਦਰਸ਼ਨ ਦੇ ਆਦਰਸ਼ਵਾਦੀ ਸੰਕਲਪ ਦੇ ਵਿਰੁੱਧ ਆਪਣਾ ਸੰਕਲਪ ਲਿਖਣ ਦਾ, ਅਸਲ ਵਿੱਚ ਆਪਣੇ ਪਹਿਲੀਆਂ ਦਾ ਦਾਰਸ਼ਨਿਕ ਅੰਤਹਕਰਣ ਨਾਲ਼ ਲੇਖਾ ਚੁਕਾਉਣ ਦਾ ਨਿਰਣਾ ਕੀਤਾ। ਇਹ ਇਰਾਦਾ ਹੀਗਲ-ਉਪ੍ਰੰਤ ਦਰਸ਼ਨ ਦੀ ਪੜਚੋਲ ਦੇ ਰੂਪ ਵਿੱਚ ਪੂਰਾ ਕੀਤਾ ਗਿਆ। ਇਹ ਖਰੜਾ, ਦੋ ਵੱਡੇ ਅੱਠ ਵਰਗੀ ਸੈਂਚੀਆਂ,** ਬੜੇ ਸਮੇਂ ਤੋਂ ਵੈਸਟਫ਼ਾਲੀਆ ਵਿਖੇ ਪ੍ਰਕਾਸ਼ਕਾਂ ਕੋਲ ਪਹੁੰਚ ਚੁੱਕਾ ਸੀ, ਜਦੋਂ ਸਾਨੂੰ ਦੱਸਿਆ ਗਿਆ ਕਿ ਬਦਲੀਆਂ ਹਾਲਤਾਂ ਕਾਰਨ ਇਹ ਛਾਪਿਆ ਨਹੀਂ ਜਾ ਸਕਦਾ। ਅਸਾਂ ਖਰੜੇ ਨੂੰ ਚੂਹਿਆਂ ਦੀ ਕੁਤਰਵੀਂ ਪੜਚੋਲ ਦੇ ਹਵਾਲੇ ਇਸ ਲਈ ਵੀ ਵਧੇਰੇ ਰਜ਼ਾਮੰਦੀ ਨਾਲ਼ ਕਰ ਦਿੱਤਾ ਕਿ ਅਸੀਂ ਆਪਣਾ ਮੁੱਖ ਮੰਤਵ—ਸਵੈ-ਸਪਸ਼ਟਤਾ—ਪ੍ਰਾਪਤ ਕਰ ਲਿਆ ਸੀ।

ਲੰਦਨ ਵਿੱਚ ਜਨਵਰੀ 1859 ਵਿੱਚ
ਲਿਖਿਆ ਗਿਆ।
K. Marx, «Zur Kritik der Politischen
Oekonomie», Erstes Heft, Berlin
1859 ਵਿੱਚ ਪੁਸਤਕ ਵਿੱਚ
ਛਾਪਿਆ ਗਿਆ।

1859 ਦੀ ਛਾਪ ਦੇ ਪਾਠ
ਅਨੁਸਾਰ ਛਾਪਿਆ ਗਿਆ।

ਜਰਮਨ ਭਾਸ਼ਾ ਤੋਂ ਅਨੁਵਾਦ।

---

* ਇੰਗਲੈਂਡ ਵਿੱਚ ਕਿਰਤੀ ਜਮਾਤ ਦੀ ਉਤਪਤੀ। **—ਅਨੁ.**

** ਮਾਰਕਸ ਅਤੇ ਏਂਗਲਜ਼, "ਜਰਮਨ ਵਿਚਾਰਧਾਰਾ"। **—ਸੰਪਾ.**

# “ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ” ਲਈ ਏਂਗਲਜ਼ ਦੇ ਮੁਖ-ਬੰਧ ਵਿੱਚੋਂ

ਇਹ ਸਤਰਾਂ ਛਪਣ ਲਈ ਭੇਜਣ ਤੋਂ ਪਹਿਲਾਂ ਮੈਂ ਇੱਕ ਵਾਰ ਫੇਰ 1845–1846 ਦਾ ਖਰੜਾ ਖੋਜ ਕੱਢਿਆ ਅਤੇ ਉਸ ਉੱਤੇ ਨਿਗਾਹ ਮਾਰੀ।* ਫ਼ਿਉਰਬਾਖ਼ ਸਬੰਧੀ ਭਾਗ ਮੁਕੰਮਲ ਨਹੀਂ ਕੀਤਾ ਗਿਆ। ਮੁਕੰਮਲ ਕੀਤਾ ਹਿੱਸਾ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੀ ਵਿਆਖਿਆ ਹੈ, ਜਿਹੜਾ ਕੇਵਲ ਇਹ ਸਾਬਤ ਕਰਦਾ ਹੈ ਕਿ ਉਸ ਸਮੇਂ ਤੱਕ ਸਾਡਾ ਆਰਥਕ ਇਤਿਹਾਸ ਦਾ ਗਿਆਨ ਕਿੰਨਾਂ ਗ਼ੈਰ–ਮੁਕੰਮਲ ਸੀ। ਇਸ ਵਿੱਚ ਫ਼ਿਉਰਬਾਖ਼ ਦੀ ਵਿਚਾਰਧਾਰਾ ਦੀ ਉੱਕਾ ਹੀ ਕੋਈ ਪੜਚੋਲ ਨਹੀਂ; ਸੋ ਹੱਥਲੇ ਮੰਤਵ ਲਈ ਉਹ ਵਰਤਣ–ਯੋਗ ਨਹੀਂ। ਦੂਜੇ ਹੱਥ, ਮੈਨੂੰ ਮਾਰਕਸ ਦੀ ਇੱਕ ਪੁਰਾਣੀ ਨੋਟਬੁਕ ਵਿੱਚ ਫ਼ਿਉਰਬਾਖ਼ ਸਬੰਧੀ ਗਿਆਰਾਂ ਥੀਸਿਸ ਲੱਭੇ ਜਿਹੜੇ ਇਥੇ ਜ਼ਮੀਮੇ ਵਜੋਂ ਛਾਪੇ ਜਾ ਰਹੇ ਹਨ। ਇੱਕ ਕਾਹਲੀ ਕਾਹਲੀ ਲਿਖੇ ਪਿੱਛੋਂ ਜਾ ਕੇ ਵਿਸਥਾਰਨ ਲਈ ਨੋਟ ਹਨ, ਜਿਹੜੇ ਛਾਪਣ ਲਈ ਉੱਕਾ ਹੀ ਨਹੀਂ ਸਨ ਲਿਖੇ ਗਏ ਪਰ ਉਹ ਇੱਕ ਅਜਿਹੀ ਪਹਿਲੀ ਦਸਤਾਵੇਜ਼ ਵਜੋਂ ਜਿਸ ਵਿੱਚ ਨਵੇਂ ਸੰਸਾਰ ਦ੍ਰਿਸ਼ਟੀਕੋਣ ਦੇ ਸ਼ਾਨਦਾਰ ਬੀਜ ਹਨ, ਅਣਮੋਲ ਹਨ।

**ਫ਼ਰੈਡਰਿਕ ਏਂਗਲਜ਼**

ਲੰਦਨ, 21 ਫ਼ਰਵਰੀ 1888

ਏਂਗਲਜ਼ ਵੱਲੋਂ ਆਪਣੀ ਪੁਸਤਕ «Ludwig Feuerbach und der Ausgang der klassischen deutschen Philosophie» ਦੀ, ਵੱਖਰੀ ਛਾਪ ਲਈ ਲਿਖਿਆ ਗਿਆ, ਜਿਹੜੀ 1888 ਵਿੱਚ ਸਟੁਟਗਾਰਟ ਵਿਖੇ ਛਪੀ।

1888 ਦੀ ਛਾਪ ਦੇ ਪਾਠ ਅਨੁਸਾਰ ਛਾਪਿਆ ਗਿਆ। ਜਰਮਨ ਭਾਸ਼ਾ ਤੋਂ ਅਨੁਵਾਦ

* ਮਾਰਕਸ ਅਤੇ ਏਂਗਲਜ਼, “ਜਰਮਨ ਵਿਚਾਰਧਾਰਾ”।—ਸੰਪਾ.

# ਨੋਟ

1. ਇਸ ਛਾਪ ਵਿੱਚ ਫ਼ਿਉਰਬਾਖ਼ ਬਾਰੇ ਕਾਂਡ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲਾ ਹਿੱਸਾ ਖਰੜੇ ਦੀ ਸਾਫ਼ ਨਕਲ ਦਾ ਦੂਜਾ ਪਾਠ ਅਤੇ ਪਹਿਲੇ ਪਾਠ ਦੇ ਉਹ ਹਿੱਸੇ ਹੈ ਜਿਹੜੇ ਦੂਜੇ ਵਿੱਚ ਸ਼ਾਮਲ ਨਹੀਂ ਕੀਤੇ ਗਏ। ਦੂਜਾ ਹਿੱਸਾ ਸਾਰੇ ਕਾਂਡ ਦੀ ਆਦਿ ਗੁਲੀ ਹੈ। ਤੀਜਾ ਅਤੇ ਚੌਥਾ ਹਿੱਸਾ ਸ਼ਟਿਰਨਰ ਸਬੰਧੀ ਕਾਂਡ ਤੋਂ ਅੱਗੇ ਲਿਆਂਦੇ ਸਿਧਾਂਤਕ ਵਿਚਲਣ ਹੀ ਹਨ। ਹਰ ਹਿੱਸਾ ਆਪਣੇ ਆਪ ਵਿੱਚ ਸਿਲਸਿਲੇਵਾਰ ਲਿਖਿਆ ਤਰਕਵਾਦੀ ਸਮੂਹ ਹੈ। ਹਿੱਸੇ ਪ੍ਰਸਪਰ ਪੂਰਨ ਹਨ ਅਤੇ ਰਲ ਕੇ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੀ ਵਿਆਪਕ ਵਿਆਖਿਆ ਬਣਦੇ ਹਨ। ਉਹਨਾਂ ਦੇ ਆਮ ਤੱਤ ਨੂੰ ਇਉਂ ਸੂਤਰਿਆ ਜਾ ਸਕਦਾ ਹੈ: ਪਹਿਲਾ ਭਾਗ: ਜਾਣ-ਪਛਾਣ, ਹੀਗਲ-ਉਪ੍ਰੰਤ ਜਰਮਨ ਦਰਸ਼ਨ ਦੇ ਵਿਚਾਰਵਾਦ ਦਾ ਆਮ ਬਿਆਨ, ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੇ ਆਧਾਰ, ਤੱਤ ਅਤੇ ਆਮ ਰੂਪ-ਰੇਖਾ; ਦੂਜਾ ਭਾਗ: ਇਤਿਹਾਸਕ ਅਮਲ ਦਾ ਪਦਾਰਥਵਾਦੀ ਸੰਕਲਪ ਅਤੇ ਇਤਿਹਾਸਕ ਦੇ ਪਦਾਰਥਵਾਦੀ ਕੰਸਲਪ ਤੋਂ ਸਿੱਟੇ। ਆਮ ਤੌਰ 'ਤੇ ਇਤਿਹਾਸ ਦੇ ਵਿਚਾਰਵਾਦੀ ਸੰਕਲਪ ਦੀ ਪੜਚੋਲ, ਜਵਾਨ ਹੀਗਲਵਾਦੀਆਂ ਅਤੇ ਫ਼ਿਉਰਬਾਖ਼ ਦੀ ਵਿਸ਼ੇਸ਼ ਤੌਰ 'ਤੇ ਪੜਚੋਲ; ਤੀਜਾ ਭਾਗ: ਇਤਿਹਾਸ ਦੇ ਵਿਚਾਰਵਾਦੀ ਸੰਕਲਪ ਦਾ ਆਦਿ; ਚੌਥਾ ਭਾਗ: ਉਤਪਾਦਕ ਸ਼ਕਤੀਆਂ ਦਾ ਵਿਕਾਸ, ਕਿਰਤ ਦੀ ਵੰਡ ਅਤੇ ਜਾਇਦਾਦ ਦੇ ਰੂਪ। ਸਮਾਜ ਦੀ ਸ਼੍ਰੇਣੀ ਬਣਤਰ। ਰਾਜਸੀ ਪਰਾ-ਬਣਤਾਰ। ਚੇਤਨਤਾ ਦੇ ਰੂਪ।

ਖਰੜੇ ਵਿੱਚ ਸਾਰੇ ਪਾਠ ਦਾ ਸਿਰਲੇਖ ਹੈ: "1. ਫ਼ਿਉਰਬਾਖ਼।" 1883 ਵਿੱਚ ਮਾਰਕਸ ਦੀ ਮੌਤ ਤੋਂ ਪਿੱਛੋਂ ਉਹਦੇ ਕਾਗ਼ਜ਼ਾਂ ਦੀ ਨਿਰਖ-ਪਰਖ ਕਰਦੇ ਹੋਏ ਏਂਗਲਜ਼ ਨੇ "ਜਰਮਨ ਵਿਚਾਰਧਾਰਾ" ਦਾ ਖਰੜਾ ਲੱਭਿਆ ਅਤੇ ਮੁੜ ਪੜ੍ਹਿਆ। ਪਹਿਲੇ ਕਾਂਡ ਦੇ ਅੰਤ ਉੱਤੇ ਉਹਨੇ ਨੋਟ ਦਿੱਤਾ: "1. ਫ਼ਿਉਰਬਾਖ਼। ਪਦਾਰਥਵਾਦੀ ਅਤੇ ਵਿਚਾਰਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ"।

ਕਾਂਡ ਦੇ ਚਾਰ ਭਾਗਾਂ ਨੂੰ ਸਿਰਲੇਖਾਂ ਰਾਹੀਂ ਹਿੱਸਿਆਂ ਵਿੱਚ ਵੰਡਿਆ ਗਿਆ ਹੈ ( ਤੀਜੇ ਭਾਗ ਦਾ ਇਕੋ ਹਿੱਸਾ ਹੈ)। ਪਾਠ ਦੀ ਵੰਡ ਅਤੇ ਲਗਭਗ ਸਾਰੇ ਸਿਰਲੇਖ ਅਤੇ ਜ਼ਰੂਰੀ ਸੰਪਾਦਕੀ ਵਾਧੇ ਚੁਕੋਰ ਬ੍ਰੈਕਟਾਂ ਵਿੱਚ ਦਿੱਤੇ ਗਏ ਹਨ ਅੇਤ ਖਰੜੇ ਦੇ ਪੰਨਿਆਂ ਦੇ ਨੰਬਰ ਵੀ। ਖਰੜੇ ਦੀ ਮੁੱਖ, ਦੂਜੀ, ਸਾਫ਼ ਨਕਲ, ਜਿਸ ਉੱਤੇ ਮਾਰਕਸ ਅਤੇ ਏਂਗਲਜ਼ ਨੇ ਨੰਬਰ ਦਿੱਤੇ, ਨੂੰ ਅੱਖਰ "ਸ" ਅਤੇ ਇੱਕ ਅੰਕ ਨਾਲ਼ ਅੰਗਿਆ ਗਿਆ ਹੈ: [ਸ. 1], ਆਦਿ। ਪਹਿਲੀ ਸਾਫ਼ ਨਕਲ ਦੇ ਜਿਨ੍ਹਾਂ ਪੰਨਿਆਂ ਉੱਤੇ ਲੇਖਕਾਂ ਨੇ ਨੰਬਰ ਨਹੀਂ ਦਿੱਤੇ

ਉਹ ਅੱਖਰ "ਪ" ਅਤੇ ਇੱਕ ਅੰਕ ਨਾਲ਼ ਅੰਕੇ ਗਏ ਹਨ: [ਪ. 1], ਆਦਿ। ਖਰੜੇ ਦੇ ਤਿੰਨ ਗ਼ੈਰ-ਸਾਫ਼ ਭਾਗਾਂ ਦੇ ਪੰਨਿਆਂ ਨੂੰ, ਜਿਨ੍ਹਾਂ ਉੱਤੇ ਮਾਰਕਸ ਨੇ ਨੰਬਰ ਲਾਏ ਕੇਵਲ ਇੱਕ ਅੰਕ ਰਾਹੀਂ ਅੰਗਿਆ ਗਿਆ ਹੈ: [1], ਆਦਿ।

ਪੰਨਾ —20

2. ਇਥੇ ਇਸ਼ਾਰਾ «Das Leben Jesu» (**ਈਸਾ ਦਾ ਜੀਵਨ**) ਵਲ ਹੈ, ਜਿਹੜੀ ਡੇਵਿਡ ਸ਼ਟਰਾਊਸ ਦੀ ਮੁੱਖ ਕਿਰਤੀ ਸੀ, ਜਿਸਨੇ ਧਰਮ ਦੀ ਦਾਰਸ਼ਨਿਕ ਪੜਚੋਲ ਸ਼ੁਰੂ ਕੀਤੀ ਅਤੇ ਹੀਗਲਵਾਦੀ ਪਰਪਾਟੀ ਦੇ ਦੋ ਟੋਲੀਆਂ ਵਿੱਚ ਦੁਫੇੜ ਲਿਆਂਦੀ: ਪੁਰਾਣੇ ਹੀਗਲਵਾਦੀ ਅਤੇ ਨਵੇਂ ਹੀਗਲਵਾਦੀ D. F. Strauß. «Das Leben Jesu», Bd.1-2, Tübingen, 1835-1836)

ਪੰਨਾ — 20

3. **ਦਿਆਦੋਚੀ—** ਮਹਾਨ ਸਿਕੰਦਰ ਦੇ ਜਰਨੈਲ ਜਿਨ੍ਹਾਂ ਉਹਦੀ ਮੌਤ ਤੋਂ ਪਿੱਛੋਂ ਸੱਤਾ ਲਈ ਘੋਲ ਵਿੱਚ ਇੱਕ ਦੂਜੇ ਵਿਰੁੱਧ ਬਹੁਤ ਸਖ਼ਤ ਲੜਾਈ ਕੀਤੀ। ਉਸ ਦੇ ਇਸ ਘੋਲ਼ ਦੌਰਾਨ (ਚੌਥੀ ਸਦੀ ਪੂਰਬ ਈਸਾ ਦਾ ਅਖ਼ੀਰੀ ਹਿੱਸਾ ਅਤੇ ਤੀਜੀ ਸਦੀ ਪੂਰਬ ਈਸਾ ਦਾ ਮੁੱਢ)। ਸਿਕੰਦਰ ਦੀ ਸਲਤਨਤ, ਜਿਹੜੀ ਇੱਕ ਅਸਥਿਰ ਫ਼ੌਜੀ ਅਤੇ ਪ੍ਰਬੰਧਕ ਏਕਾ ਸੀ ਟੁੱਟ ਕੇ ਅਨੇਕ ਵੱਖ ਵੱਖ ਰਾਜ ਬਣ ਗਈ।

ਪੰਨਾ —20

4. **"ਯੁਗ-ਪਲਟਾਊ ਵਾਕੰਸ਼"—** «Wigand's Vierteljahrsschrift», Bd. IV, 1845, ਪੰਨਾ 327 ਵਿਚੋਂ ਛਪੇ ਇੱਕ ਗੁਮਨਾਮ ਲੇਖ ਵਿਚੋਂ ਵਾਕੰਸ਼। «Wigand's Vierteljahrsschrift» (ਵਿਗਾਂਡ ਦਾ ਤ੍ਰੈ-ਮਾਸਕ)—ਜਵਾਨ ਹੀਗਲਵਾਦੀਆਂ ਦਾ ਇੱਕ ਦਾਰਸ਼ਨਿਕ ਰਿਸਾਲਾ, ਜਿਹੜਾ ਓਟੋ ਵਿਗਾਂਡ ਲਾਈਪਜ਼ਿਗ ਤੋਂ 1844-45 ਵਿੱਚ ਛਾਪਦਾ ਸੀ। ਇਸ ਵਿੱਚ ਲਿਖਣ ਵਾਲਿਆਂ ਵਿੱਚ ਬਰੂਨੋ ਬਾਵੇਰ, ਮੈਕਸ ਸ਼ਟਿਰਨਰ ਅਤੇ ਲੁਡਵਿਗ ਫ਼ਿਉਰਬਾਖ਼ ਸ਼ਾਮਲ ਸਨ।

ਪੰਨਾ — 24

5. ਲਿਸੀਨੀਆਈ ਜ਼ਰਈ ਕਨੂੰਨ—ਨਿਮਨ-ਵਰਗ ਵੱਲੋਂ ਰਾਠਾਂ ਵਿਰੁੱਧ ਕੀਤੇ ਘੋਲ਼ ਦੇ ਸਿੱਟੇ ਵਜੋਂ ਜਨਤਾ ਦੇ ਟ੍ਰਿਬਿਊਨਾਂ (ਰੋਮ ਦੀ ਨਿਮਨ-ਵਰਗ ਵੱਲੋਂ ਆਪਣੇ ਹੱਕਾਂ ਦੀ ਰੱਖਿਆ ਕਰਨ ਲਈ ਚੁਣੇ ਪ੍ਰਬੰਧਕ ਪ੍ਰਤੀਨਿਧ **—ਅਨੁ.**) ਲਿਸੀਨੀਅਸ ਅਤੇ ਸੈਕਟੀਅਸ ਵਲੋਂ ਤਿਆਰ ਕੀਤਾ ਅਤੇ 367 ਪੂਰਬ ਈਸਾ ਵਿੱਚ ਪ੍ਰਵਾਨ ਕੀਤਾ ਕਨੂੰਨ। ਇਸ ਕਨੂੰਨ ਨੇ ਕਿਸੇ ਰੋਮਨ ਸ਼ਹਿਰ ਵਲੋਂ 500 ਯੂਗੇਰਾ (ਲਗ ਭਗ 301 ਏਕੜ) ਤੋਂ ਵੱਧ ਸ਼ਾਮਲਾਤੀ ਭੋਂ (ager publicus) ਆਪਣੇ ਕਬਜ਼ੇ ਹੇਠ ਰੱਖਣ ਉੱਤੇ ਰੋਕ ਨਾ ਦਿੱਤੀ।

ਪੰਨਾ — 38

6. ਵੇਖੋ ਵ. ਫ. ਹੀਗਲ «Vorlesungen über die Philosophie der Geschichte» (ਇਤਿਹਾਸ ਦੇ ਦਰਸ਼ਨ ਬਾਰੇ ਲੈਕਚਰ), ਮੁਖਬੰਧ। ਸੰਸਾਰ ਇਤਿਹਾਸ ਦਾ ਭੂਗੋਲਕ

ਆਧਾਰ। ਪੰਨਾ — 38

7. «Deutsch-Französische Jahrbücher» (ਜਰਮਨ-ਫ਼ਰਾਂਸੀਸੀ ਸਾਲਵਾਰ) ਪੈਰਿਸ ਵਿੱਚ ਕਾਰਲ ਮਾਰਕਸ ਅਤੇ ਆਰਨਲਡ ਰੁਗੇ ਦੇ ਸੰਪਾਦਨ ਹੇਠ ਛਪਦਾ ਇੱਕ ਜਰਮਨ-ਭਾਸ਼ਾਈ ਰਿਸਾਲਾ। ਕੇਵਲ ਇੱਕ ਅੰਕ, ਦੂਹਰੇ ਆਕਾਰ (ਫਰਵਰੀ 1844 ਵਿੱਚ) ਨਿਕਲਿਆ। ਇਹਦੇ ਵਿੱਚ ਮਾਰਕਸ ਦੀਆਂ ਦੋ ਕਿਰਤਾਂ ਸਨ —«Zur Judenfrage» (ਯਹੂਦੀਆਂ ਦੇ ਮਸਲੇ ਬਾਰੇ) ਅਤੇ «Zur Kritik der Hegelschen Rechtsphilosophie. Einleitung» (ਕਨੂੰਨ ਦੇ ਹੀਗਲਵਾਦੀ ਦਰਸ਼ਨ ਦੀ ਪੜਚੋਲ ਵਿੱਚ ਪਾਇਆ ਹਿੱਸਾ।ਮੁਖਬੰਧ) —ਅਤੇ ਦੋ ਫ਼ਰੈਡਰਿਕ ਏਂਗਲਜ਼ ਦੀਆਂ— «Umrisse zu einer Kritik der Nationalökonomie» (ਰਾਜਨੀਤਕ ਆਰਥਕਤਾ ਦੀ ਪੜਚੋਲ ਦੀ ਰੂਪ-ਰੇਖਾ) ਅਤੇ «Die Lage Englands | Past and Present» by Thomas Carlyle», London, 1843, (ਇੰਗਲੈਂਡ ਦੀ ਹਾਲਤ "ਭੂਤ ਅਤੇ ਵਰਤਮਾਨ", ਲੇਖਕ ਟਾਮਸ ਕਾਰਲਾਇਲ, ਲੰਦਨ, 1843)। ਇਹ ਕਿਰਤਾਂ ਮਾਰਕਸ ਅਤੇ ਏਂਗਲਜ਼ ਦੀ ਪਦਾਰਥਵਾਦ ਅਤੇ ਕਮਿਊਨਿਜ਼ਮ ਵਲ ਅਖ਼ੀਰੀ ਤਬਦੀਲੀਆਂ ਦੀਆਂ ਪ੍ਰਤੀਕ ਹਨ। ਰਸਾਲੇ ਦਾ ਛਾਪਿਆ ਜਾਣ ਮੁੱਖ ਤੌਰ 'ਤੇ ਮਾਰਕਸ ਅਤੇ ਰੁਗੇ ਵਿੱਚਕਾਰ, ਜਿਹੜਾ ਇੱਕ ਬੁਰਜੂਆ ਗਰਮ-ਖ਼ਿਆਲੀਆ ਸੀ, ਮਤ-ਭੇਦਾਂ ਕਾਰਨ ਬੰਦ ਕਰ ਦਿੱਤਾ ਗਿਆ।

Friedrick Engels und Karl Marx, "Die heillige Familie, oder Kritik der kritischen Kritik. Gegen Bruno Bauer und Consorten", Frankfurt a. M., 1845 (ਫ਼ਰੈਡਰਿਕ ਏਂਗਲਜ਼ ਅਤੇ ਕਾਰਲ ਮਾਰਕਸ, "ਪਵਿੱਤਰ ਪਰਿਵਾਰ, ਜਾਂ ਪੜਚੋਲੀਆ ਪੜਚੋਲ ਦੀ ਪੜਚੋਲ। ਬਰੂਨੋ ਬਾਵੇਰ ਅਤੇ ਉਹਦੇ ਸਾਥੀਆਂ ਵਿਰੁੱਧ।")

ਪੰਨਾ — 44

8. ਇਹ ਸਿੱਟਾ ਕਿ ਪ੍ਰੋਲੇਤਾਰੀ ਇਨਕਲਾਬ ਕੇਵਲ ਸਭਨਾਂ ਉੱਨਤ ਦੇਸ਼ਾਂ ਵਿੱਚ ਇਕੋ ਸਮੇਂ ਹੀ ਜੇਤੂ ਹੋ ਸਕਦਾ ਹੈ, ਅਤੇ ਸੋ, ਇਹ ਕਿ ਕਿਸੇ ਇੱਕ ਦੇਸ਼ ਵਿੱਚ ਇਨਕਲਾਬ ਦੀ ਜਿੱਤ ਅਸੰਭਵ ਹੈ, ਜਿਹੜਾ ਸਭ ਤੋਂ ਵੱਧ ਸਪਸ਼ਟਤਾ ਨਾਲ਼ ਏਂਗਲਜ਼ ਦੇ ਲੇਖ "Grundsätze des Kommunismus" (ਕਮਿਊਨਿਜ਼ਮ ਦੇ ਅਸੂਲ) (1847) ਵਿੱਚ ਪੇਸ਼ ਕੀਤਾ ਗਿਆ; ਅਜਾਰੇਦਾਰੀ ਤੋਂ ਪਹਿਲਾਂ ਦੀ ਸਰਮਾਏਦਾਰੀ ਦੇ ਪ੍ਰਸੰਗ ਵਿੱਚ ਠੀਕ ਸੀ। ਲੈਨਿਨ— ਜਿਸ ਨੇ ਆਪਣਾ ਆਦਿ-ਬਿੰਦੂ ਆਪਣੇ ਵੱਲੋਂ ਲੱਭੇ ਸਾਮਰਾਜ ਦੇ ਯੁਗ ਵਿੱਚ ਸਰਮਾਏਦਾਰੀ ਦੇ ਅਸਾਵੇਂ ਆਰਥਕ ਅਤੇ ਰਾਜਸੀ ਵਿਕਾਸ ਨੂੰ ਬਣਾਇਆ—ਇਸ ਸਿੱਟੇ ਉੱਤੇ ਅਪੜਿਆ ਕਿ ਨਵੀਆਂ ਹਾਲਤਾਂ ਅਧੀਨ, ਅਜਾਰੇਦਾਰ ਸਰਮਾਏਦਾਰੀ ਦੇ ਯੁਗ ਵਿੱਚ, ਸਮਾਜਵਾਦੀ ਇਨਕਲਾਬ ਪਹਿਲਾਂ ਪਹਿਲ ਕੁੱਝ ਇੱਕ ਦੇਸ਼ਾਂ ਜਾਂ ਇੱਥੋਂ ਤੱਕ ਕਿ ਇਕ ਦੇਸ਼ ਵਿੱਚ ਵੀ ਜੇਤੂ ਹੋ ਸਕਦਾ ਹੈ। ਇਹ ਥੀਸਿਸ ਪਹਿਲਾਂ ਪਹਿਲ "ਯੂਰਪ ਦੇ

ਸੰਯੁਕਤ ਰਾਜਾਂ ਬਾਰੇ ਨਾਹਰੇ ਸੰਬੰਧ", ਲੇਖ (1915) ਵਿੱਚ ਪੇਸ਼ ਕੀਤਾ ਗਿਆ।(ਲੈਨਿਨ, ਸੰਗ੍ਰਹਿਤ ਕਿਰਤਾਂ, ਮਾਸਕੋ, ਸੈਂਚੀ 21)

ਪੰਨਾ — 47

9. **ਮਹਾਂ-ਦੀਪੀ ਪ੍ਰਣਾਲੀ**, ਜਿਸਦਾ ਐਲਾਨ ਨੇਪੋਲੀਅਨ ਪਹਿਲੇ ਨੇ 1806 ਵਿੱਚ ਕੀਤਾ, ਯੂਰਪੀ ਮਹਾਂ-ਦੀਪ ਦੇ ਦੇਸ਼ਾਂ ਨੂੰ ਬਰਤਾਨੀਆ ਨਾਲ਼ ਵਪਾਰ ਕਰਨ ਦੀ ਮਨਾਹੀ ਕਰਦੇ ਸਨ। ਰੂਸ ਵਿੱਚ ਨੈਪੋਲੀਅਨ ਹੀ ਹਾਰ ਨਾਲ਼ ਇਹ ਪਾਬੰਦੀ ਖ਼ਤਮ ਹੋ ਗਈ।

ਪੰਨਾ — 47

10. Marseillaise, Carmagnole, Ça ira—ਅਠਾਰ੍ਹਵੀਂ ਸਦੇ ਦੇ ਅੰਤ ਦੇ ਨੇੜੇ ਦੇ ਫ਼ਰਾਂਸੀਸੀ ਬੁਰਜੂਆ ਇਨਕਲਾਬ ਦੇ ਇਨਕਲਾਬੀ ਗੀਤ। ਅਖ਼ੀਰੀ ਗੀਤ ਦੀ ਟੇਕ ਸੀ: "Ah! ça ira, ça ira, ça ira. Les aristocrates à lalanterne!" ("ਆਹ! ਇਹ ਸਫ਼ਲ ਰਹੇਗਾ, ਇਹ ਸਫ਼ਲ ਰਹੇਗਾ, ਇਹ ਸਫ਼ਲ ਰਹੇਗਾ। ਰਾਠਾਂ ਨੂੰ — ਲਟਕਾਓ ਲਾਲਟੈਨ ਦੇ ਖੰਭੇ ਤੋਂ!") ਪੰਨਾ — 52

11. "Hallische Jahrbücher und Deutsche Jahrbücher", ਜਵਾਨ-ਹੀਗਲਵਾਦੀਆਂ ਵੱਲੋਂ ਰੋਜ਼ਾਨਾ ਇਸ਼ਤਿਹਾਰਾਂ ਦੇ ਰੂਪ ਵਿੱਚ "Hallische Jahrbücher für deutsche Wissenschaft und Kunst" (ਜਰਮਨ ਵਿਗਿਆਨ ਅਤੇ ਕਲਾ ਸਬੰਧੀ ਹਾਲੇ ਦੇ ਸਾਲਵਾਰ) ਦੇ ਨਾਂ ਹੇਠ ਜਨਵਰੀ 1838 ਤੋਂ ਜੂਨ 1841 ਤੱਕ ਅਤੇ ਜੁਲਾਈ 1841 ਤੋਂ ਜਨਵਰੀ 1843 ਤੱਕ "Deutsche Jahrbücher für Wissenschaft und Kunst" (ਵਿਗਿਆਨ ਅਤੇ ਕਲਾ ਸਬੰਧੀ ਜਰਮਨ ਸਾਲਵਾਰ) ਹੇਠ ਛਾਪੇ ਜਾਂਦੇ ਸਾਹਿਤਕ ਅਤੇ ਦਾਰਸ਼ਨਿਕ ਰਸਾਲੇ ਦਾ ਸੰਖੇਪਿਆ ਨਾਂ। ਜੂਨ 1841 ਤੱਕ ਆਰਨਲਡ ਰੂਗੇ ਅਤੇ ਥਿਉਡੋਰ ਅਖਟਰਮੇਅਰ ਹਾਲੇ ਵਿਖੇ ਅਤੇ ਜੁਲਾਈ 1841 ਤੋਂ ਆਰਨਲਡ ਰੂਗੇ ਡਰੈਸਡਨ ਵਿਖੇ ਇਹਦੇ ਸੰਪਾਦਕ ਸਨ।

ਪੰਨਾ — 56

12. **ਰ੍ਹਾਈਨ ਗੀਤ** — "Der deutsche Rhein" (ਜਰਮਨ ਰ੍ਹਾਈਨ) ਨਾਂ ਦੀ ਨਿਕ-ਬੁਰਜੂਆ ਕਵੀ ਨਿਕੋਲਸ ਬੇਕਰ ਦੀ ਕਵਿਤਾ; ਕੌਮ-ਪ੍ਰਸਤਾਂ ਨੇ ਇਹਦੀ ਵਿਸ਼ਾਲ ਵਰਤੋਂ ਕੀਤੀ। ਇਹ 1840 ਵਿੱਚ ਲਿਖੀ ਗਈ ਅਤੇ ਉਸ ਤੋਂ ਪਿੱਛੋਂ ਦੇ ਵਰ੍ਹਿਆਂ ਵਿੱਚ ਵੱਖ ਵੱਖ ਗਾਇਕਾਂ ਨੇ ਇਹਦੀ ਸੁਰ ਬਣਾਈ।

ਪੰਨਾ — 57

13. ਇੱਥੇ ਇਸ਼ਾਰਾ ਹੈ ਲੁਡਵਿਗ ਫ਼ਿਉਰਬਾਖ਼ ਦੇ ਲੇਖ "Ueber da 'Wesen des Christenthums' in Beziehung auf den 'Einzigen und sein Eigenthum' ("ਅਦੁੱਤੀ ਅਤੇ ਉਹਦੀ ਖ਼ਾਸੀਅਤ" ਸਬੰਧ ਵਿੱਚ "ਇਸਾਈਅਤ ਦਾ ਤੱਤ" ਵੱਲ), ਜਿਹੜਾ "Wigand's Vierteljahrsschrift", Bd. II, 1845, ਪੰਨੇ 193-205 ਵਿੱਚ ਛਪਿਆ। ਲੇਖ ਦਾ ਅੰਤ ਇਉਂ ਹੁੰਦਾ ਹੈ: "ਇਉਂ ਫ਼ਿ(ਉਰਬਾਖ਼)

ਨੂੰ ਨਾ ਤਾਂ ਪਦਾਰਥਵਾਦੀ ਕਿਹਾ ਜਾ ਸਕਦਾ ਹੈ, ਨਾ ਹੀ ਆਦਰਸ਼ਵਾਦੀ ਅਤੇ ਨਾ ਹੀ ਪਛਾਣ ਦਾ ਦਾਰਸ਼ਨਿਕ। ਤਾਂ ਉਹ ਕੀ ਹੈ ? ਉਹ ਆਪਣੇ ਵਿਚਾਰ ਵਿੱਚ ਉਹੋ ਕੁੱਝ ਹੈ ਜੋ ਕੁੱਝ ਆਪਣੇ ਯਥਾਰਥ ਵਿੱਚ, ਆਤਮਾ ਵਿੱਚ ਵੀ ਉਹੋ ਕੁੱਝ ਹੈ, ਜਾਂ ਵਧੇਰੇ ਸ਼ੁੱਧ ਤਰ੍ਹਾਂ ਗਲ ਕਰਦਿਆਂ—ਕਿਉਂਕਿ ਫ਼ਿ. ਮਨੁੱਖ ਦਾ ਤੱਤ ਕੇਵਲ ਉਹਦੀ ਸਮਾਜੀ ਹੋਂਦ ਵਿੱਚ ਵੇਖਦਾ ਹੈ—ਉਹ ਸਮਾਜੀ ਮਨੁੱਖ, **ਕਮਿਊਨਿਸਟ** ਹੈ।"

ਪੰਨਾ —57

14. ਲੁਡਵਿਗ ਫ਼ਿਉਰਬਾਖ਼ "Grundsätze der Philosophie der Zukunft" (ਭਵਿੱਖ ਦੇ ਦਰਸ਼ਨ ਦੇ ਨਿਯਮ), ਜ਼ਿਊਰਖ ਅਤੇ ਵਿੰਟਰਥੁਰ, 1843, ਪੰਨਾ 47।

ਏਂਗਲਜ਼ "ਫ਼ਿਉਰਬਾਖ਼" ਦੇ ਸਿਰਲੇਖ ਹੇਠ, ਜਿਹੜੇ ਸਪਸ਼ਟ ਤੌਰ 'ਤੇ "ਜਰਮਨ ਵਿਚਾਰਧਾਰਾ" ਦੀ ਪਹਿਲੀ ਸੈਂਚੀ ਦੇ ਪਹਿਲੇ ਕਾਂਡ ਲਈ ਸਨ, ਫ਼ਿਉਰਬਾਖ਼ ਦੀ ਪੁਸਤਕ ਦੇ ਇਸ ਹਿੱਸੇ ਵਿਚੋਂ ਟੂਕ ਦੇਂਦਾ ਅਤੇ ਇਸ ਉੱਤੇ ਟਿੱਪਣੀ ਕਰਦਾ ਹੈ (ਵੇਖੋ ਹਥਲੀ ਪੁਸਤਕ ਦਾ ਪੰਨਾ 128)

ਪੰਨਾ — 58

15. ਇੱਥੇ "ਜਰਮਨ ਵਿਚਾਰਧਾਰਾ" ਦੀ ਸੈਂਚੀ ਪਹਿਲੀ ਦੇ ਤੀਜੇ ਕਾਂਡ ਵੱਲ ਇਸ਼ਾਰਾ ਹੈ। ਫ਼ਿਉਰਬਾਖ਼ ਬਾਰੇ ਕਾਂਡ ਦਾ ਇਹ ਹਿੱਸਾ ਮੁੱਢ ਵਿੱਚ ਤੀਜੇ ਕਾਂਡ ਦਾ ਹਿੱਸਾ ਸੀ ਅਤੇ ਸਬੰਧਤ ਹਿੱਸੇ ਤੋਂ ਐਨ ਪਿੱਛੋਂ ਆਉਂਦਾ ਸੀ। ਇਸ ਹਿੱਸੇ ਵਿੱਚ ਲੇਖਕ "Die Philosophie der Geschichte" ਅਤੇ ਹੀਗਲ ਦੀਆਂ ਹੋਰ ਕਿਰਤਾਂ ਵਿਚੋਂ ਟੂਕ ਦੇਂਦੇ ਹਨ।

ਪੰਨਾ — 63

16. ਐਂਟੀ ਕਾਰਨ ਲਾਅ ਲੀਗ (ਅਨਾਜ ਦੀ ਦਰਾਮਦ ਉੱਤੇ ਟੈਕਸ ਵਿਰੋਧੀ ਲੀਗ) 1838 ਵਿੱਚ ਮਾਨਚੈਸਟਰ ਦੇ ਕਾਰਖ਼ਾਨਾ ਮਾਲਕਾਂ ਰਿਚਰਡ ਕਾਬਡਨ ਅਤੇ ਜਾਨ ਬਰਾਈਟ ਨੇ ਸਥਾਪਤ ਕੀਤੀ। ਕਾਰਨ ਲਾ (ਅਨਾਜ ਦੀ ਦਰਾਮਦ ਸਬੰਧੀ ਕਨੂੰਨ) ਬਰਤਾਨੀਆ ਵਿੱਚ ਅਨਾਜ ਦੀ ਦਰਾਮਦ ਸੀਮਤ ਕਰਨ ਜਾਂ ਉਹਦੀ ਮਨਾਹੀ ਕਰਨ ਲਈ ਵੱਡੇ ਜ਼ਮੀਨ-ਮਾਲਕਾਂ ਦੇ ਹਿਤ ਵਿੱਚ ਲਾਗੂ ਕੀਤੇ ਗਏ ਸਨ। ਲੀਗ ਇਹ ਕਨੂੰਨ ਖ਼ਤਮ ਕਰਨ ਅਤੇ ਵਪਾਰ ਦੀ ਮੁਕੰਮਲ ਆਜ਼ਾਦੀ ਦੀ ਮੰਗ ਕਰਦੀ ਸੀ, ਉਹਨੂੰ ਆਸ ਸੀ ਕਿ ਅਜਿਹਾ ਹੋਣ ਨਾਲ਼ ਕਿਰਤੀਆਂ ਦੀਆਂ ਉਜਰਤਾਂ ਘਟ ਕਰਨਾ ਅਤੇ ਜ਼ਮੀਨ ਦੀ ਮਾਲਕ ਅਮੀਰਸ਼ਾਹੀ ਦੀ ਆਰਥਕ ਅਤੇ ਸਿਆਸੀ ਸ਼ਕਤੀ ਘੱਟ ਕਰਨਾ ਸੰਭਵ ਹੋ ਜਾਵੇਗਾ। ਜਗੀਰਦਾਰਾਂ ਵਿਰੁੱਧ ਆਪਣੇ ਘੋਲ਼ ਵਿੱਚ ਲੀਗ ਨੇ ਕਿਰਤੀ ਜਨਤਾ ਨੂੰ ਵਰਤਣ ਦਾ ਯਤਨ ਕੀਤਾ।

ਕਾਰਨ ਲਾ ਸਬੰਧੀ ਸਨਅਤੀ ਬੁਰਜੂਆਜ਼ੀ ਅਤੇ ਜ਼ਮੀਨ-ਮਾਲਕ ਅਮੀਰਸ਼ਾਹੀ ਵਿੱਚਕਾਰ ਘੋਲ਼ 1846 ਵਿੱਚ ਕਨੂੰਨਾਂ ਦੇ ਖ਼ਤਮ ਕੀਤੇ ਜਾਣ ਨਾਲ਼ ਹੋਇਆ।

ਪੰਨਾ — 66

17. ਸ਼ਟਿਰਨਰ ਦੀ ਵਿਆਖਿਆ ਅਨੁਸਾਰ "ਏਕਾ" ("Verein")। —ਹਉਂ-ਵਾਦੀਆਂ ਦਾ ਸਵੈ-ਇੱਛਕ ਏਕਾ।

ਪੰਨਾ — 68

18. Smith, Adam. "An Inquiry into the Nature and Causes of the Wealth of Nations" (ਐਡਮ ਸਮਿੱਥ, "ਕੌਮਾਂ ਦੀ ਦੌਲਤ ਦੇ ਖ਼ਾਸੇ ਅਤੇ ਕਾਰਨਾਂ ਬਾਰੇ ਇਕ ਖੋਜ), ਲੰਦਨ, 1776।

ਪੰਨਾ — 76

19. ਦਸਵੀਂ ਅਤੇ ਗਿਆਰਵੀਂ ਸਦੀ ਵਿੱਚ ਅਮਾਲਫ਼ੀ ਦਾ ਇਤਾਲਵੀ ਸ਼ਹਿਰ ਇੱਕ ਖ਼ੁਸ਼ਹਾਲ ਵਪਾਰਕ ਕੇਂਦਰ ਸੀ। ਅਮਾਲਫ਼ੀ ਦਾ ਸਮੁੰਦਰੀ ਕਨੂੰਨ (Tabula Amalphitana) ਸਾਰੇ ਇਟਲੀ ਵਿੱਚ ਚਲਦਾ ਸੀ ਅਤੇ ਰੋਮ ਸਾਗਰ ਦੇ ਦੇਸ਼ਾਂ ਵਿੱਚ ਇਹਨੂੰ ਵਿਸ਼ਾਲ ਪ੍ਰਵਾਨਗੀ ਪ੍ਰਾਪਤ ਸੀ। ਪੰਨਾ — 97

20. "ਫ਼ਿਉਰਬਾਖ਼ ਸਬੰਧੀ ਥੀਸਿਸ", ਨੂੰ ਏਂਗਲਜ਼ ਨੇ "ਉਹ ਪਹਿਲੀ ਦਸਤਾਵੇਜ਼ ਕਿਹਾ, ਜਿਸ ਵਿੱਚ ਨਵੇਂ ਸੰਸਾਰ ਦ੍ਰਿਸ਼ਟੀਕੋਮ ਦਾ ਸ਼ਾਨਦਾਰ ਮਾਣਕ ਰੱਖਿਆ ਗਿਆ ਸੀ" (ਵੇਖੋ ਹਥਲੀ ਪੁਸਤਕ ਦਾ ਪੰਨਾ 144)। ਇਹ ਮਾਰਕਸ ਨੇ ਬਰਸਲਜ਼ ਵਿਖੇ ਲਿਖੇ, ਵਧੇਰੇ ਸੰਭਵ ਹੈ ਅਪ੍ਰੈਲ 1845 ਵਿੱਚ, ਅਤੇ ਉਹਦੀ 1844-47 ਲਈ ਨੋਟਬੁਕ ਵਿੱਚ ਸ਼ਾਮਲ ਸਨ। "ਫ਼ਿਉਰਬਾਖ਼ ਸਬੰਧੀ ਥੀਸਿਸ" ਨਾਂ ਦਾ ਸਿਰਲੇਖ ਆਪਣੀ ਕਿਰਤ "Ludwig Feuerbach und der Ausgang der klassischen deutschen Philosophie" (ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ) ਦੀ ਵਖਰੀ ਛਾਪ ਦੇ ਮੁੱਖ-ਬੰਧ ਅਨੁਸਾਰ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੀ ਮਾਰਕਸਵਾਦ-ਲੈਨਿਨਵਾਦ ਦੀ ਸੰਸਥਾ ਨੇ ਦਿੱਤਾ। ਸੰਖੇਪ ਨੋਟਾਂ ਨੂੰ ਜਿਹੜੇ ਮਾਰਕਸ ਨੇ ਛਾਪਣ ਲਈ ਤਿਆਰ ਨਹੀਂ ਸਨ ਕੀਤੇ, ਪਾਠਕ ਦੇ ਵਧੇਰੇ ਸਮਝ ਯੋਗ ਹੋਣ ਬਣਾਉਣ ਲਈ ਏਂਗਲਜ਼ ਨੇ ਜਦੋਂ ਉਹਨਾਂ ਨੂੰ1888 ਵਿੱਚ ਆਪਣੀ ਕਿਰਤ "ਫ਼ਿਉਰਬਾਖ਼ ਸਬੰਧੀ ਥੀਸਸ" (ਲੁਡਵਿਗ ਫ਼ਿਉਰਬਾਖ਼) ਦੇ ਜ਼ਮੀਮੇ ਵਜੋਂ ਛਾਪਿਆ, ਤਾਂ ਉਹਨਾਂ ਵਿੱਚ ਕੁੱਝ ਸੰਪਾਦਕੀ ਤਬਦੀਲੀਆਂ ਕੀਤੀਆਂ।

ਪੰਨਾ — 101

21. ਸਪਸ਼ਟ ਹੈ ਕਿ ਏਂਗਲਜ਼ "ਜਰਮਨ ਵਿਚਾਰਧਾਰਾ" ਦੀ ਪਹਿਲੀ ਸੈਂਚੀ ਦੇ ਪਹਿਲੇ ਕਾਂਡ ਉੱਤੇ ਕੰਮ ਕਰਦੇ ਸਮੇਂ ਇਹਨਾਂ ਨੋਟਾਂ ਦੀ ਵਰਤੋਂ ਕਰਨਾ ਚਾਹੁੰਦਾ ਸੀ। ਉਹ ਉਹਨਾਂ ਵਿੱਚ ਫ਼ਿਉਰਬਾਖ਼ ਦੀ "Grundsätze der Philosophie der Zukunft" (ਭਵਿੱਖ ਦੇ ਦਰਸ਼ਨ ਦੇ ਨਿਯਮ), ਜ਼ਿਊਰਖ ਅਤੇ ਵਿੰਟਰਥੁਰ, 1843, ਵਿਚੋਂ ਟੂਕ ਦੇਂਦਾ ਹੈ।

ਪੰਨਾ — 105

22. ਲ. ਫ਼ਿਉਰਬਾਖ਼ "Das Wesen des Glaubens im Sinne Luthers. Ein Beitrag zum 'Wesen des Christenthums'" (ਲੂਥਰ ਦੀ ਵਿਆਖਿਆ ਅਨੁਸਾਰ

ਨਿਸ਼ਚੇ ਦਾ ਤੱਤ।"ਇਸਾਈਅਤ ਦੇ ਤੱਤ ਵਿੱਚ ਪਾਇਆ ਇੱਕ ਹਿੱਸਾ"), ਲਾਈਪਜ਼ਿਗ, 1844।

ਪੰਨਾ — 107

23. ਇਹ ਖ਼ਤ ਜਿਹੜਾ ਏਂਗਲਜ਼ ਨੇ ਪੈਰਿਸ ਤੋਂ ਮਾਰਕਸ ਨੂੰ ਬਰਸਲਜ਼ ਵਿਖੇ ਲਿਖਿਆ, ਫ਼ਿਉਰਬਾਖ਼ ਦੀ ਨਵੀਂ ਕਿਰਤ "Das Wesen der Religion" (ਧਰਮ ਦਾ ਤੱਤ) ਦੀ ਸਮੱਗਰੀ ਦਾ, ਜਿਹੜਾ "Die Epigonen" ਨਾਂ ਦੇ ਰਸਾਲੇ, ਸੈਂਚੀ ਪਹਿਲੀ 1846 ਵਿੱਚ ਛਪਿਆ, ਤੱਤ ਪੇਸ਼ ਕਰਦਾ ਹੈ।

"Die Epigonen" (ਮਹਾਨ ਲੋਕਾਂ ਦੇ ਨਕਾਰਾਤਮ ਵਾਰਿਸ) —ਜਵਾਨ-ਹੀਗਲਵਾਦੀਆਂ ਦਾ ਰਸਾਲਾ, ਜਿਹੜਾ ਓਟੋ ਵੀਗਾਂਡ ਨੇ ਲਾਈਪਜ਼ਿਗ ਤੋਂ 1846-48 ਵਿੱਚ ਕੱਢਿਆ, ਇਹਨੇ "Wigand's Vierteljahrsschrift" ਦੀ ਥਾਂ ਲਈ।

ਪੰਨਾ — 109

24. ਇਥੇ ਇਸ਼ਾਰਾ ਦੋ ਸੈਂਚੀਆਂ ਦੀ ਕਿਰਤ "Ktitik der Politik und Nationalökonomie" (ਰਾਜਨੀਤੀ ਅਤੇ ਰਾਜਨੀਤਕ ਆਰਥਕਤਾ ਦੀ ਪੜਚੋਲ) ਵੱਲ ਹੈ, ਜਿਹੜਾ ਮਾਰਕਸ ਲਿਖਣਾ ਚਾਹੁੰਦਾ ਸੀ।

ਪੰਨਾ — 114

25. ਮਾਰਕਸ ਪ. ਵ. ਅਨੈਨਕੋਵ ਨੂੰ 1846 ਦੇ ਮਾਰਚ ਦੇ ਅੰਤ-ਅਪ੍ਰੈਲ ਦੇ ਸ਼ੁਰੂ ਵਿੱਚ ਬਰਸੇਲਜ਼ ਵਿਖੇ ਮਿਲਿਆ।

ਪੰਨਾ — 114

26. ਕਾਰਲ ਮਾਰਕਸ, "Zur Kritik der Hegelschen Rechtsphilosophie. Einleitung" (ਕਨੂੰਨ ਦੇ ਹੀਗਲਵਾਦੀ ਦਰਸ਼ਨ ਦੀ ਪੜਚੋਲ ਵਿੱਚ ਪਾਇਆ ਹਿੱਸਾ। ਮੁੱਖ-ਬੰਧ)।

ਪੰਨਾ —115

27. ਮਾਰਕਸ ਨੂੰ 3 ਫ਼ਰਵਰੀ 1845 ਨੂੰ ਪੈਰਿਸ ਛਡ ਕੇ ਬਰਸਲਜ਼ ਜਾਣ 'ਤੇ ਮਜਬੂਰ ਹੋਣਾ ਪਿਆ।

ਪੰਨਾ — 115

28. ਫ਼ਰੈਡਰਿਕ ਏਂਗਲਜ਼, "Umrisse zu einer Kritik der Nationalökonomie" (ਰਾਜਨੀਤਕ ਆਰਥਕਤਾ ਦੀ ਪੜਚੋਲ ਦੀ ਰੂਪ-ਰੇਖਾ)। ਪੰਨਾ — 117

29. ਮਾਰਕਸ ਦੇ ਨਾਲ਼ ਰਹਿਣ ਲਈ ਏਂਗਲਜ਼ 5 ਅਪ੍ਰੈਲ 1845 ਤੋਂ ਪਿਛੋਂ ਬਰਸਲਜ਼ ਚਲਾ ਗਿਆ।

ਪੰਨਾ — 117

# ਨਾਮਾਵਲੀ


**ੳ**

**ਓਵਨ** (Owen), ਰਾਬਰਟ (1771-1858) — ਮਹਾਨ ਅੰਗ੍ਰੇਜ਼ ਯੂਟੋਪਿਆਈ (ਖ਼ਿਆਲੀ) ਸਮਾਜਵਾਦੀ। ਪੰਨਾ —102

**ਅ**

**ਅਨੈਨਕੋਵ**, ਪਾਵੇਲ ਵਾਸੀਲੀਏਵਿਚ (1812-87) — ਰੂਸੀ ਉਦਾਰਪੰਥੀ ਜਾਗੀਰਦਾਰ ਅਤੇ ਲੇਖਕ। ਪੰਨਾ —114

**ਆਗਸਟਸ**, ਗੇਅਸ ਜੂਲੀਅਸ ਸੀਜ਼ਰ ਓਕਟੇਵੀਆਨਸ (63 ਪੂਰਬ ਈਸਾ-14 ਈਸਵੀ) — ਰੋਮ ਦਾ ਸ਼ਹਿਨਸ਼ਾਹ (27 ਪੂਰਬ ਈਸਾ-14 ਇਸਵੀ)। ਪੰਨਾ —37

**ੲ**

**ਏਕਿਨ** (Aikin), ਜਾਨ (1747-1822) — ਅੰਗ੍ਰੇਜ਼ ਡਾਕਟਰ, ਇਤਿਹਾਸਕਾਰ, ਗਰਮ-ਖ਼ਿਆਲ ਪ੍ਰਚਾਰਕ। ਪੰਨਾ — 75

**ਏਂਗਲਜ਼** (Engels), ਫ਼ਰੈਡਰਿਕ (1820-95)। ਪੰਨੇ — 4, 5, 109, 113, 118-119

**ਸ**

**ਸ਼ਾਰਲੀਮੇਜਨ** (Charlemagne ਚਾਰਲਸ ਮਹਾਨ) (ਲਗ ਭਗ 742-814) —ਫ਼ਰੈਂਕਾਂ ਦਾ ਬਾਦਸ਼ਾਹ (768-800) ਅਤੇ ਸ਼ਹਿਨਸ਼ਾਹ (800-814)। ਪੰਨਾ — 91

**ਸਿਸਮੋਂਦੀ** (Sismondi), ਜਾਨ ਚਾਰਲਸ ਲਿਓਨਾਰ ਸਿਮੋਂਦ ਦੇ (1773-1842) — ਸਵਿਟਜ਼ਰਲੈਂਡ ਦਾ ਅਰਥ-ਵਿਗਿਆਨੀ ਅਤੇ ਇਤਿਹਾਸਕਾਰ, ਸਰਮਾਏਦਾਰੀ ਦਾ ਨਿਕ-ਬੁਰਜੂਆ ਪੜਚੋਲੀਆ। ਪੰਨੇ — 92

**ਸ਼ਟਰਾਊਸ** (Strauß), ਡੇਵਿਡ ਫ਼ਰੀਡਰਿਖ (1808-74) — ਜਰਮਨ ਦਾਰਸ਼ਨਿਕ ਅਤੇ ਪ੍ਰਚਾਰਕ, ਇੱਕ ਉੱਘਾ ਨੌਜਵਾਨ ਹੀਗਲਵਾਦੀ। ਪੰਨਾ — 20, 22

**ਸ਼ਟਿਰਨਰ** (Stirner), ਮੈਕਸ (ਜੋਹਾਨ ਕਾਸਪਰ ਸ਼ਮਿਡਟ ਦਾ ਕਲਮੀ ਨਾਂ) (1806-56)—ਜਰਮਨ ਦਾਰਸ਼ਨਿਕ, ਨੌਜਵਾਨ ਹੀਗਲਵਾਦੀ, ਬੁਰਜੂਆ ਵਿਅਕਤੀਵਾਦ ਅਤੇ ਅਰਾਜਕਤਾਵਾਦ ਦੇ ਸਿਧਾਂਤਕਾਰਾਂ ਵਿਚੋਂ ਇੱਕ। ਪੰਨੇ — 18, 22-

24, 53, 55, 56, 59, 63, 97, 81

**ਸਮਿਥ** (Smith), ਐਡਮ (1723-90) —ਬਰਤਾਨਵੀ ਅਰਥ-ਵਿਗਿਆਨੀ, ਕਲਾਸੀਕੀ ਬੁਰਜੂਆ ਰਾਜਨੀਤਕ ਆਰਥਕਤਾ ਦੇ ਸਭ ਤੋਂ ਵੱਡੇ ਪ੍ਰਤੀਨਿਧਾਂ ਵਿੱਚੋਂ ਇੱਕ। ਪੰਨਾ — 76

## ਹ

**ਹੀਗਲ** (Hegel), ਗਿਓਰਗ ਵਿਲਹਲਮ ਫ਼ਰੀਡਰਿਖ਼ (1770-1831) — ਕਲਾਸੀਕੀ ਜਰਮਨ ਦਰਸ਼ਨ ਦਾ ਉੱਘਾ ਪ੍ਰਤਿਨਿਧ, ਯਥਾਰਥਕ ਆਦਰਸ਼ਵਾਦੀ; ਆਦਰਸ਼ਵਾਦੀ ਦਵੰਦਵਾਦ ਦੀ ਵਿਆਪਕ ਵਿਆਖਿਆ ਕੀਤੀ। ਪੰਨੇ — 19-20, 22-24, 38, 54, 55, 60, 63, 80, 115

**ਹੈਨਰੀ ਅਠਵਾਂ** (1491-1547) —ਇੰਗਲੈਂਡ ਦਾ ਬਾਦਸ਼ਾਹ (1509-1547)। ਪੰਨਾ — 72

## ਗ

**ਗੀਜ਼ੋ** (Guisot), ਫ਼ਰਾਂਸੂਆ ਪੀਏਰ ਗਿਓਮ (1787-1874) — ਫ਼ਰਾਂਸੀਸੀ ਰਾਜਨੇਤਾ ਅਤੇ ਇਤਿਹਾਸਕਾਰ; 1840 ਤੋਂ 1848 ਤੱਕ ਅਮਲੀ ਤੌਰ ’ਤੇ ਫ਼ਰਾਂਸ ਦੀ ਘਰੋਗੀ ਅਤੇ ਵਿਦੇਸ਼ ਨੀਤੀ ਦੀ ਅਗਵਾਈ ਕੀਤੀ; ਵੱਡੀ ਵਿਤ ਬੁਰਜੂਆਜ਼ੀ ਦੇ ਹਿਤਾਂ ਦੀ ਪ੍ਰਤੀਨਿੱਧਤਾ ਕੀਤੀ। ਪੰਨਾ — 115

**ਗੇਇਟੇ** (Goethe), ਜੋਹਾਨ ਵੋਲਫ਼ਗਾਂਗ ਫ਼ਾਨ (1749-1832) — ਮਹਾਨ ਜਰਮਨ ਲੇਖਕ ਅਤੇ ਚਿੰਤਕ। ਪੰਨਾ — 36

## ਚ

**ਚੇਰਬੂਲੀਜ਼** (Cherbuliez), ਅਨਤੁਆਨ ਐਲੀਜ਼ੇ (1797-1869)— ਸਵਿਟਜ਼ਰਲੈਂਡ ਦਾ ਅਰਥ-ਵਿਗਿਆਨੀ, ਸਿਸਮੋਂਦੀ ਦਾ ਪੈਰੋਕਾਰ, ਜਿਸਦੇ ਸਿਧਾਂਤ ਨੂੰ ਉਹਨੇ ਰਿਕਾਰਡੋ ਦੇ ਸਿਧਾਂਤ ਦੇ ਅੰਸ਼ਾਂ ਨਾਲ਼ ਮਿਲਾਇਆ। ਪੰਨਾ —92

## ਨ

**ਨਿਊਟਨ** (Newton), ਸਰ ਆਈਜ਼ਕ (1642-1727) —ਅੰਗ੍ਰੇਜ਼ ਭੌਤਿਕ-ਵਿਗਿਆਨੀ, ਖਗੋਲ-ਵਿਗਿਆਨੀ ਅਤੇ ਗਣਿਤ-ਵਿਗਿਆਨੀ; ਕਲਾਸਿਕੀ ਯਾਂਤ੍ਰਿਕੀ ਦਾ ਮੋਢੀ। ਪੰਨਾ — 77

**ਨੈਪੋਲੀਅਨ ਪਹਿਲਾ** (ਬੋਨਾਪਾਰਟ) (1769-1821) — ਫ਼ਰਾਂਸ ਦਾ ਸ਼ਹਿਨਸ਼ਾਹ (1804-14 ਅਤੇ 1815)। ਪੰਨਾ — 49

ਪ

**ਪਿੰਟੋ** (Pinto), ਆਈਜ਼ਕ (1715–87) —ਵਲੰਦੇਜ਼ੀ ਅਰਥ-ਵਿਗਿਆਨੀ ਅਤੇ ਸੱਟਾ ਬਾਜ਼ਾਰ ਦੀ ਉੱਘੀ ਸ਼ਖ਼ਸੀਅਤ। ਪੰਨਾ — 75

ਫ

**ਫ਼ਿਉਰਬਾਖ਼** (Feuerbach), ਲੁਡਵਿਗ ਆਂਦਰੀਆਜ਼ (1804–1872) — ਪੂਰਵ-ਮਾਰਕਸੀ ਯੁਗ ਦਾ ਉੱਘਾ ਪਦਾਰਥਵਾਦੀ ਜਰਮਨ ਦਾਰਸ਼ਨਿਕ। ਪੰਨੇ — 18, 20-22, 24, 35–38, 55–59, 83, 101–113, 118–119

ਬ

**ਬਾਵੇਰ** (Bauer), ਬਰੂਨੋ (1809–82) —ਜਰਮਨ ਆਦਰਸ਼ਵਾਦੀ ਦਾਰਸ਼ਨਿਕ, ਉੱਘਾ ਨੌਜਵਾਨ ਹੀਗਲਵਾਦੀ, ਇਸਾਈਅਤ ਦੇ ਇਤਿਹਾਸ ਬਾਰੇ ਕਿਰਤਾਂ ਦੀ ਇੱਕ ਲੜੀ ਦਾ ਲੇਖਕ। ਪੰਨੇ —18 22, 24, 38, 37, 36, 50–53, 55–59

ਮ

**ਮਾਰਕਸ** (Marx), ਕਾਰਲ (1818–83)। ਪੰਨੇ—42, 43, 101, 109, 111–119

ਰ

**ਰੂਸੋ** (Rousseau), ਜਾਨ ਜੈਕੂਅਸ (1712–78) —ਫ਼ਰਾਂਸੀਸੀ ਲੇਖਕ ਅਤੇ ਪ੍ਰਬੁੱਧਤਾ ਦਾ ਦਾਰਸ਼ਨਿਕ, ਜਮਹੂਰੀਅਤਪਸੰਦ, ਨਿੱਕੀ ਬੁਰਜੂਆਜ਼ੀ ਦਾ ਵਿਚਾਰਧਾਰਕ। ਪੰਨੇ — 86

ਲ

**ਲਿਸੀਨੀਅਸ** (ਗੇਅਸ ਲਿਸੀਨੀਅਸ ਸਤੋਲੋਂ) —ਚੌਥੀ ਸਦੀ ਈਸਾ ਪੂਰਬ ਦੇ ਪਹਿਲੇ ਅੱਧ ’ਚ ਰੋਮ ਦਾ ਰਾਜਨੇਤਾ; ਜਨਤਾ ਦੇ ਟ੍ਰਿਬਿਊਨ ਦੇ ਤੌਰ ’ਤੇ, ਸੈਕਸਟੀਅਸ ਨਾਲ਼ ਰਲ ਕੇ ਨਿਮਨ ਵਰਗ ਦੇ ਹਿਤਾਂ ਦੀ ਰੱਖਿਆ ਕਰਨ ਵਾਲ਼ੇ ਕਨੂੰਨ ਦੀ ਮਨਜ਼ੂਰੀ ਪ੍ਰਾਪਤ ਕੀਤੀ। ਪੰਨਾ — 28

ਵ

**ਵੇਨੇਦੀ** (Venedey), ਜੈਕਬ (1805–71) —ਜਰਮਨ ਗਰਮ-ਖ਼ਿਆਲ ਲੇਖਕ ਅਤੇ ਰਾਜਸੀ ਨੇਤਾ; 1848–49 ਦੇ ਇਨਕਲਾਬ ਪਿੱਛੋਂ ਉਦਾਰਪੰਥੀ ਬਣ ਗਿਆ। ਪੰਨਾ — 57

* * *



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 60. ਰੁਪਏ